

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

ਬੌਬੀ ਸਿੰਘ

(ਸੈਲ): 718-757-7809

ਫੋਨ (ਦਫਤਰ): 718-262-9700

(ਫੈਕਸ): 516-439-5418

ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

120-20 101 Avenue S. Richmond Hill, NY 11419

WorldWide Travel, Inc




ਦਿੱਲੀ $895

ਟੈਕਸ ਸਮੇਤ

734 838 9998

Fare shown above is for departure from Jan 15th, 2020 and subject to availability, other conditions apply. Please call for more details

Income Tax & Accounting Services

Business/Personal Taxes

Corporate Accounts Welcome

ਬਹੁਤ ਹੀ ਘੱਟ ਰੇਟ 'ਤੇ ਵਧੀਆ ਸਰਵਿਸ



Karuna Sharma
CPA

IRS e-file

Insurance Services

*Home *Auto *Business

Ph: 718-301-9083

114-11 101 Ave., Richmond Hill, NY 11419



Twenty First Year of Publication

ਨਿਊ ਯਾਰਕ ਐਡੀਸ਼ਨ Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 21, Issue 23, June 6, 2020 20451 N. Plum Grove Rd., Palatine, IL 60074 Ph:847-359-0746, Fax:847-705-9388


## -ਸਿਆਹਫਾਮ ਰੋਹ-

# ਟਰੰਪ ਦਾ ਸਿੰਘਾਸਣ ਹਿੱਲਿਆ


**ਵਾਸ਼ਿੰਗਟਨ:** ਅਮਰੀਕਾ ਵਿਚ ਸਿਆਹਫਾਮ ਜੌਰਜ ਫਲਾਇਡ ਦੀ ਹੱਤਿਆ ਪਿੱਛੋਂ ਪੈਦਾ ਹੋਏ ਰੋਹ ਨੇ ਟਰੰਪ ਸਿੰਘਾਸਣ ਦੀਆਂ ਜੜ੍ਹਾਂ ਹਿਲਾ ਦਿੱਤੀਆਂ ਹਨ। ਰਾਸ਼ਟਰਪਤੀ ਡੋਨਲਡ ਟਰੰਪ ਲਈ ਸਭ ਤੋਂ ਵੱਡੀ ਸਮੱਸਿਆ ਇਹ ਖੜ੍ਹੀ ਹੋ ਗਈ ਹੈ ਕਿ ਮੁਜ਼ਾਹਰਿਆਂ ਵਿਚ ਗੋਰੇ ਅਤੇ ਕੁਝ ਹੋਰ ਨਸਲਾਂ ਦੇ ਲੋਕ ਵੀ ਸਿਆਹਫਾਮ ਲੋਕਾਂ ਦੇ ਹੱਕ ਵਿਚ ਨਿੱਤਰ ਆਏ ਹਨ।

ਇਸ ਹਿੰਸਾ ਨੂੰ ਪਿਛਲੇ ਕੁਝ ਦਹਾਕਿਆਂ ਅੰਦਰ ਅਮਰੀਕਾ 'ਚ ਸਭ ਤੋਂ ਭਿਅੰਕਰ ਖਾਨਾਜੰਗੀ ਦੱਸਿਆ ਜਾ ਰਿਹਾ ਹੈ ਜਿਸ ਨੇ ਤਕਰੀਬਨ 140 ਤੋਂ ਵੱਧ ਸ਼ਹਿਰਾਂ ਨੂੰ ਆਪਣੀ ਲਪੇਟ 'ਚ ਲੈ ਲਿਆ ਹੈ। ਅਮਰੀਕੀ ਇਤਿਹਾਸ ਵਿਚ ਸ਼ਾਇਦ ਪਹਿਲੀ ਵਾਰ ਹੋਇਆ ਹੈ ਕਿ ਪ੍ਰਦਰਸ਼ਨਕਾਰੀ ਵ੍ਹਾਈਟ ਹਾਊਸ ਦੀ ਗੈਲਰੀ ਤੱਕ ਪਹੁੰਚ ਗਏ ਅਤੇ ਟਰੰਪ ਨੂੰ ਵ੍ਹਾਈਟ ਹਾਊਸ ਅੰਦਰ ਬਣੇ ਸੁਰੱਖਿਆ ਬੰਕਰ ਵਿਚ ਸ਼ਰਨ ਲੈਣੀ ਪਈ।

ਇਹ ਪ੍ਰਦਰਸ਼ਨ ਕਾਫੀ ਥਾਂਵਾਂ 'ਤੇ ਹਿੰਸਕ ਰੂਪ ਧਾਰ ਗਏ ਅਤੇ ਹੁਣ ਤੱਕ ਹੋਏ ਟਕਰਾਓ ਵਿਚ 11 ਮੌਤਾਂ ਹੋ ਗਈਆਂ ਹਨ। ਉਧਰ, ਟਰੰਪ ਨੂੰ ਲੋਕ ਰੋਹ ਡੱਕਣ ਲਈ ਫੌਜੀ ਕਾਰਵਾਈ ਦੀਆਂ ਧਮਕੀਆਂ ਤੋਂ ਇਲਾਵਾ ਹੋਰ ਕੋਈ ਰਾਹ ਨਹੀਂ ਲੱਭ ਰਿਹਾ। ਇਹ ਪਹਿਲਾ ਮੌਕਾ ਹੈ, ਜਦੋਂ ਅਮਰੀਕਾ 'ਚ ਗੋਰਿਆਂ ਅਤੇ ਕਾਲਿਆਂ ਦਰਮਿਆਨ ਸੰਘਰਸ਼ ਦਾ ਲੰਮਾ ਇਤਿਹਾਸ ਹੋਣ ਦੇ ਬਾਵਜੂਦ ਕਿਸੇ ਕਾਲੇ ਵਿਅਕਤੀ ਦੀ ਪੁਲਿਸ ਦੇ ਹੱਥੋਂ ਮੌਤ 'ਤੇ ਰੋਸ ਪ੍ਰਗਟ ਕਰਨ ਲਈ ਗੋਰੇ ਵੀ ਸੜਕਾਂ 'ਤੇ ਉਤਰ ਆਏ ਹਨ। ਇਹ ਲੋਕ ਰੋਹ ਉਸ ਸਮੇਂ ਉਠਿਆ ਹੈ ਜਦੋਂ ਟਰੰਪ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਲਈ ਮਾਹੌਲ ਬਣਾ ਰਹੇ ਹਨ।

ਅਸਲ ਵਿਚ ਟਰੰਪ ਸਰਕਾਰ ਦੇ ਆਖਰੀ ਵਰ੍ਹੇ ਨੂੰ ਵੱਡੀਆਂ ਨਕਾਮੀਆਂ ਵਜੋਂ ਦੇਖਿਆ ਜਾ ਰਿਹਾ ਹੈ। ਯੂਰਪੀ ਦੇਸ਼ਾਂ ਨਾਲ ਵਧਦੀ ਦੂਰੀ, ਕਰੋਨਾ ਦੇ ਟਾਕਰੇ ਵਿਚ ਨਾਕਾਮੀ, ਵਿਸ਼ਵ ਸਿਹਤ ਸੰਗਠਨ ਨਾਲ ਤੋੜ-ਵਿਛੋੜਾ, ਅਮਰੀਕਾ 'ਚ ਪੜ੍ਹਨ ਵਾਲੇ ਚੀਨੀ ਵਿਦਿਆਰਥੀਆਂ 'ਤੇ ਪਾਬੰਦੀ, ਚੀਨੀਆਂ ਦੀ ਅਮਰੀਕਾ ਤੋਂ ਹਿਜਰਤ ਅਤੇ ਅਮਰੀਕਾ 'ਚ ਰਹਿਣ ਤੇ ਕੰਮ ਕਰਨ ਵਾਲੇ ਵਧੇਰੇ ਭਾਰਤੀਆਂ ਦੀ ਟਰੰਪ ਸਰਕਾਰ ਨਾਲ ਨਾਰਾਜ਼ਗੀ ਵੱਡੀ ਚੁਣੌਤੀ ਬਣ ਗਈ ਹੈ। ਹੁਣ ਸਿਆਹਫਾਮ ਰੋਹ ਨੇ ਰਹਿੰਦੀ ਕਸਰ ਕੱਢ ਦਿੱਤੀ ਹੈ।

ਯਾਦ ਰਹੇ ਕਿ 25 ਮਈ ਨੂੰ ਅਮਰੀਕਾ ਦੇ ਮਿਨੇਸੋਟਾ ਸੂਬੇ ਦੇ ਸਭ ਤੋਂ ਵੱਡੇ ਸ਼ਹਿਰ ਮਿਨਿਆਪੋਲਿਸ ਦੇ ਪੁਲਿਸ ਅਫਸਰਾਂ ਨੇ ਜੌਰਜ ਫਲਾਇਡ ਨੂੰ ਇਸ ਲਈ ਗ੍ਰਿਫਤਾਰ ਕੀਤਾ ਸੀ। ਉਸ 'ਤੇ 20 ਡਾਲਰਾਂ ਦੇ ਨਕਲੀ ਨੋਟ ਨਾਲ ਸਿਗਰਟ ਖਰੀਦਣ ਦਾ ਦੋਸ਼ ਲਗਾਇਆ ਗਿਆ ਸੀ। ਪੁਲਿਸ ਅਧਿਕਾਰੀ ਡੈਰਿਕ ਚੌਵਿਨ ਨੇ ਜਾਰਜ ਫਲਾਇਡ ਨੂੰ ਜ਼ਮੀਨ 'ਤੇ ਸੁੱਟ ਕੇ ਲਗਭਗ 8.46 ਮਿੰਟ ਗੋਡੇ ਨਾਲ ਉਸ ਦੀ ਧੌਣ ਦਬਾਈ ਰੱਖੀ।



ਜਾਰਜ ਫਲਾਇਡ ਨੇ ਵਿਰੋਧ ਕਰਦਿਆਂ ਕਿਹਾ ਕਿ ਉਸ ਨੂੰ ਸਾਹ ਨਹੀਂ ਆ ਰਿਹਾ ਪਰ ਡੈਰਿਕ ਚੌਵਿਨ ਨੇ ਇਸ ਦੀ ਕੋਈ ਪਰਵਾਹ ਨਾ ਕੀਤੀ ਅਤੇ ਫਲਾਇਡ ਦੀ ਮੌਕੇ ਉਤੇ ਹੀ ਮੌਤ ਹੋ ਗਈ। ਘਟਨਾ ਤੋਂ ਬਾਅਦ ਪੁਲਿਸ ਵਿਭਾਗ ਨੇ ਉਥੇ ਮੌਜੂਦ 4 ਪੁਲਿਸ ਕਰਮਚਾਰੀਆਂ ਨੂੰ ਨੌਕਰੀ ਤੋਂ ਕੱਢ ਦਿੱਤਾ ਅਤੇ ਡੈਰਿਕ ਚੌਵਿਨ ਦੇ ਵਿਰੁੱਧ ਮੁਕੱਦਮਾ ਦਰਜ

*(ਬਾਕੀ ਸਫਾ 6 ਉਤੇ)*

# ਸੰਘੀ ਢਾਂਚੇ ਦੇ ਮੁੱਦੇ 'ਤੇ ਉਲਝੀਆਂ ਪੰਜਾਬ ਦੀਆਂ ਸਿਆਸੀ ਧਿਰਾਂ

**ਚੰਡੀਗੜ੍ਹ:** ਕੇਂਦਰ ਸਰਕਾਰ ਵੱਲੋਂ ਸੂਬਿਆਂ ਦੇ ਹੱਕਾਂ ਨੂੰ ਖੋਰਾ ਲਾਉਣ ਦੇ ਮੁੱਦੇ ਉਤੇ ਪੰਜਾਬ ਦੀਆਂ ਸਿਆਸੀ ਧਿਰਾਂ ਆਪਸ ਵਿਚ ਹੀ ਉਲਝ ਗਈਆਂ ਹਨ। ਕੈਪਟਨ ਸਰਕਾਰ ਨੇ ਜਿਥੇ ਸੰਘਵਾਦ ਦੇ ਮੁੱਦੇ 'ਤੇ ਬਾਦਲਾਂ ਦੀ ਸਿਆਸੀ ਘੇਰਾਬੰਦੀ ਸ਼ੁਰੂ ਕਰ ਦਿੱਤੀ ਹੈ, ਉਤੇ ਬਾਦਲਾਂ ਵੱਲੋਂ ਕੇਂਦਰ ਦਾ ਬਚਾਅ ਕਰਦੇ ਹੋਏ ਸਾਰੇ ਪੁਆੜੇ ਦੀ ਜੜ੍ਹ ਕਾਂਗਰਸ ਸਰਕਾਰ ਨੂੰ ਦੱਸਿਆ ਜਾ ਰਿਹਾ ਹੈ। ਕਾਂਗਰਸੀ ਮੰਤਰੀਆਂ ਨੇ ਵੱਡੇ ਬਾਦਲ ਨੂੰ ਇਸ ਮਾਮਲੇ 'ਤੇ ਚੁੱਪ ਤੋੜਨ ਦੀ ਸਲਾਹ ਦਿੰਦਿਆਂ ਸ੍ਰੀ ਆਨੰਦਪੁਰ ਸਾਹਿਬ ਦਾ ਮਤਾ ਚੇਤੇ ਕਰਵਾਇਆ ਹੈ। ਮੰਤਰੀਆਂ ਦਾ ਦੋਸ਼ ਹੈ ਕਿ ਵੱਧ ਅਧਿਕਾਰਾਂ ਦੀ ਵਕਾਲਤ ਕਰਨ ਵਾਲਾ ਸ਼੍ਰੋਮਣੀ ਅਕਾਲੀ ਦਲ ਅੱਜ ਕੁਰਸੀ ਮੋਹ ਖਾਤਰ ਕੇਂਦਰੀ ਪਾਲੇ 'ਚ ਬੈਠ ਗਿਆ ਹੈ।

ਦਰਅਸਲ, ਕੇਂਦਰ ਸਰਕਾਰ ਨੇ ਕੋਵਿਡ-19 ਆਫਤ ਦੌਰਾਨ ਕਰਜ਼ੇ ਸਬੰਧੀ ਰਾਜਾਂ ਦੇ ਅਧਿਕਾਰਾਂ ਵਿਚ ਦਖਲ ਦੇਣਾ ਸ਼ੁਰੂ ਕਰ ਦਿੱਤਾ ਹੈ। ਕੇਂਦਰ ਸਰਕਾਰ ਵੱਲੋਂ ਕਿਸਾਨਾਂ ਨੂੰ ਮੁਫਤ ਬਿਜਲੀ ਦੀ ਸਿੱਧੀ ਸਬਸਿਡੀ ਦੇਣ ਦੀ ਸ਼ਰਤ ਲਗਾਉਣਾ ਇਸੇ ਸਾਜ਼ਿਸ਼ ਦਾ ਹਿੱਸਾ ਹੈ। ਵਜ਼ੀਰਾਂ ਨੇ ਸੁਆਲ ਕੀਤਾ ਕਿ ਤਾਉਮਰ ਸੰਘੀ ਢਾਂਚੇ ਦਾ ਰਾਗ ਅਲਾਪਣ ਵਾਲੇ ਪ੍ਰਕਾਸ਼ ਸਿੰਘ ਬਾਦਲ ਅੱਜ ਆਪਣੇ ਪੁੱਤਰ ਤੇ ਨੂੰਹ ਵੱਲੋਂ ਸੂਬਿਆਂ ਦੇ ਅਧਿਕਾਰਾਂ ਨੂੰ ਖੋਰਾ ਲਾਉਣ ਵਾਲਿਆਂ ਨਾਲ ਹੱਥ ਮਿਲਾਉਣ 'ਤੇ ਚੁੱਪ ਕਿਉਂ ਹਨ? ਦੂਜੇ ਪਾਸੇ ਕੇਂਦਰ ਅੱਗੇ ਸੂਬੇ ਦੇ ਹੱਕ ਵੇਚਣ ਲਈ ਕੈਪਟਨ ਸਰਕਾਰ ਵੀ ਸਵਾਲਾਂ ਦੇ ਘੇਰੇ ਵਿਚ ਹੈ। ਪੰਜਾਬ ਸਰਕਾਰ ਨੇ ਮੁਫਤ ਬਿਜਲੀ ਦੇ ਮਾਮਲੇ ਉਤੇ ਉਦੋਂ ਯੂ-ਟਰਨ ਲਿਆ ਜਦੋਂ ਸ਼੍ਰੋਮਣੀ ਅਕਾਲੀ ਦਲ ਨੇ ਇਸ ਮੁੱਦੇ ਨੂੰ ਉਭਾਰਿਆ। ਸਿਆਸੀ ਜ਼ਮੀਨ ਖਿਸਕਦੀ ਦੇਖ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਫੌਰੀ ਮੋਰਚਾ ਸੰਭਾਲਿਆ ਤੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਮੁਫਤ ਬਿਜਲੀ ਸਹੂਲਤ ਜਾਰੀ ਰਹੇਗੀ। ਇਸ ਗੱਲ 'ਤੇ ਵੀ ਸਵਾਲ ਉਠ ਰਹੇ ਹਨ ਕਿ ਜੇ ਪੰਜਾਬ ਸਰਕਾਰ ਨੂੰ ਕੇਂਦਰੀ ਸ਼ਰਤ ਪ੍ਰਵਾਨ ਨਹੀਂ ਸੀ ਤਾਂ ਮੰਤਰੀ ਮੰਡਲ 'ਚ ਸਿਧਾਂਤਿਕ ਪ੍ਰਵਾਨਗੀ ਕਿਉਂ ਦਿੱਤੀ ਗਈ।

ਕੇਂਦਰ ਸਰਕਾਰ ਨੇ ਬਿਜਲੀ ਸੁਧਾਰਾਂ ਲਈ ਪੰਜਾਬ ਸਰਕਾਰ ਨੂੰ ਪਾਬੰਦ ਕੀਤਾ ਹੈ ਕਿ ਕਿਸਾਨਾਂ ਨੂੰ ਖੇਤੀ ਲਈ ਮੁਫਤ ਬਿਜਲੀ ਦੇਣ ਦੀ ਥਾਂ ਸਬਸਿਡੀ ਦੇ ਰੂਪ ਵਿਚ ਸਿੱਧਾ ਲਾਭ ਕਿਸਾਨਾਂ ਦੇ ਖਾਤਿਆਂ ਵਿਚ ਪਾਇਆ ਜਾਵੇ। 31 ਦਸੰਬਰ 2020 ਤੱਕ ਇਸ ਪ੍ਰਣਾਲੀ ਨੂੰ ਪੰਜਾਬ ਦੇ ਘੱਟੋ-ਘੱਟ ਇਕ ਜ਼ਿਲ੍ਹੇ ਵਿਚ ਲਾਗੂ ਕਰਨਾ ਪਵੇਗਾ। ਬਾਕੀ ਜ਼ਿਲ੍ਹੇ 2022 ਤੱਕ ਇਸ ਅਧੀਨ ਲਿਆਂਦੇ ਜਾਣਗੇ, ਜਿਸ ਤੋਂ ਸਾਫ ਹੈ ਕਿ ਖੇਤੀ ਟਿਊਬਵੈੱਲਾਂ 'ਤੇ ਬਿਜਲੀ ਮੀਟਰ ਵੀ ਲੱਗਣਗੇ। ਕਿਸਾਨਾਂ ਨੂੰ ਬਿੱਲ ਮੁਤਾਬਕ ਅਦਾਇਗੀ ਕਰਨੀ ਪਵੇਗੀ ਜਦੋਂ ਕਿ ਸਬਸਿਡੀ ਕਿਸਾਨ ਦੇ ਖਾਤਿਆਂ ਵਿਚ ਜਾਏਗੀ। ਅਸਲ ਵਿਚ ਇਸ ਔਖੀ ਘੜੀ ਵਿਚ ਪੰਜਾਬ ਸਰਕਾਰ ਵਾਧੂ ਕਰਜ਼ਾ ਲੈਣ ਖਾਤਰ ਕੇਂਦਰੀ ਸ਼ਰਤਾਂ ਮੰਨਣ ਨੂੰ ਦੋਵੇਂ ਹੱਥੀਂ ਤਿਆਰ ਬੈਠੀ ਹੈ। ਮੰਤਰੀ ਮੰਡਲ ਨੇ ਇਨ੍ਹਾਂ ਸ਼ਰਤਾਂ ਤਹਿਤ ਚਾਰ ਤਰ੍ਹਾਂ ਦੇ ਸੁਧਾਰਾਂ ਨੂੰ ਸਿਧਾਂਤਕ ਪ੍ਰਵਾਨਗੀ ਵੀ ਦੇ ਦਿੱਤੀ ਹੈ। ਵੱਡਾ ਰੌਲਾ ਹੁਣ ਕਿਸਾਨਾਂ ਨੂੰ ਖੇਤੀ ਲਈ ਮਿਲਦੀ ਮੁਫਤ ਬਿਜਲੀ ਬਦਲੇ ਸਿੱਧੀ ਸਬਸਿਡੀ ਖਾਤੇ ਵਿਚ ਪਾਉਣ ਤੋਂ ਪੈਣ ਲੱਗਾ ਹੈ। ਵਿਰੋਧੀ ਧਿਰਾਂ ਨੇ ਇਸ ਮਾਮਲੇ ਨੂੰ ਲੈ ਕੇ ਮੈਦਾਨ 'ਚ ਗੱਜਣ ਦਾ ਐਲਾਨ ਕਰ ਦਿੱਤਾ ਹੈ। ਸਵਾਲ ਇਹ ਹੈ ਕਿ ਕੇਂਦਰ ਦੇ ਇਸ ਧੱਕੇ ਖਿਲਾਫ ਮਿਲ ਕੇ ਆਵਾਜ਼ ਬੁਲੰਦ ਕਰਨ ਦੀ ਥਾਂ ਅਕਾਲੀ ਦਲ ਕੇਂਦਰ ਵਿਚ ਆਪਣੀ ਕੁਰਸੀ ਬਚਾਉਣ ਲਈ ਵਾਹ ਲਾ ਰਿਹਾ ਹੈ ਤੇ ਪੰਜਾਬ ਸਰਕਾਰ ਹੋਰ ਕੋਈ ਚਾਰਾ ਨਾ ਵੇਖ ਕੇਂਦਰ ਅੱਗੇ ਗੋਡੇ ਟੇਕਣ ਦੇ ਰਾਹ ਤੁਰ ਪਈ ਹੈ।


Wanted Workers

Need workers for Restaurant and Gas stations In Eureka, CA.

*Housing and food provide.*

ਯੂਰੇਕਾ, ਕੈਲੀਫੋਰਨੀਆ ਵਿਚ ਰੈਸਟੋਰੈਂਟ ਅਤੇ ਗੈਸ ਸਟੇਸ਼ਨ ਲਈ ਵਰਕਰਾਂ ਦੀ ਲੋੜ ਹੈ

ਰਿਹਾਇਸ਼ ਅਤੇ ਖਾਣਾ ਮੁਫਤ

Call, Gurpreet Singh Sohal

Ph: 707-498-9325

redwoodpetroleum@gmail.com

20-23

Grocery Store For Sale!

Bombay Market Indian Grocery Store

2801 Fairview Place Set C, Greenwood, Indiana 46142

Big Indian population in the area. Lots of room to grow. The store currently has room in the back to turn into a kitchen as well.

Asking price: $25,000.

Includes: All Inventory, 7 New 3-Door Coolers, 2 Freezers, POS System as well as all the shelving.

*Please contact*

Sunny, Ph: 317-987-5602

Aman, Ph: 317-656-7051


# ਸਿਆਹਫਾਮ ਨੌਜਵਾਨ ਦੀ ਮੌਤ ਪਿੱਛੋਂ ਫੈਲੀ ਰੋਹ ਦੀ ਅੱਗ


**ਵਾਸ਼ਿੰਗਟਨ/ਹਿਊਸਟਨ:** ਅਮਰੀਕਾ ਵਿਚ ਸਿਆਹਫਾਮ ਜੌਰਜ ਫਲਾਇਡ ਦੀ ਮੌਤ ਮਗਰੋਂ ਭੜਕੀ ਹਿੰਸਾ ਰੁਕਣ ਦਾ ਨਾਮ ਨਹੀਂ ਲੈ ਰਹੀ। ਫਲਾਇਡ ਦੀ ਮੌਤ ਪਿੱਛੋਂ ਰੋਹ ਪੂਰੇ ਮੁਲਕ ਵਿਚ ਫੈਲਦਾ ਜਾ ਰਿਹਾ ਹੈ। ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ 'ਚ ਹਜ਼ਾਰਾਂ ਲੋਕਾਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ ਅਤੇ 40 ਸ਼ਹਿਰਾਂ 'ਚ ਕਰਫਿਊ ਲਾਇਆ ਗਿਆ ਹੈ। ਹਜ਼ਾਰਾਂ ਮੁਜ਼ਾਹਰਾਕਾਰੀ ਵ੍ਹਾਈਟ ਹਾਊਸ ਦੇ ਬਾਹਰ ਇਕੱਠੇ ਹੋ ਗਏ ਤੇ ਉਨ੍ਹਾਂ ਰਾਸ਼ਟਰਪਤੀ ਟਰੰਪ ਖਿਲਾਫ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ।

ਰਾਸ਼ਟਰਪਤੀ ਨੇ ਮੀਡੀਆ ਸੰਮੇਲਨ ਨਹੀਂ ਕੀਤਾ ਪਰ ਟਵਿੱਟਰ 'ਤੇ ਇਸ ਹਿੰਸਾ ਨੂੰ ਭੜਕਾਉਣ ਲਈ ਮੀਡੀਆ ਨੂੰ ਜ਼ਿੰਮੇਵਾਰ ਦੱਸਿਆ। ਇਸ ਹਿੰਸਾ ਨੇ ਤਕਰੀਬਨ 140 ਸ਼ਹਿਰਾਂ ਨੂੰ ਆਪਣੀ ਲਪੇਟ 'ਚ ਲਿਆ ਹੋਇਆ ਹੈ। ਮੀਡੀਆ ਰਿਪੋਰਟਾਂ ਅਨੁਸਾਰ ਲਾਸ ਏਂਜਲਸ, ਸ਼ਿਕਾਗੋ, ਨਿਊ ਯਾਰਕ, ਹਿਊਸਟਨ, ਫਿਲਾਡੈਲਫੀਆ, ਬਰਮਿੰਘਮ, ਬੋਸਟਨ ਤੇ ਵਾਸ਼ਿੰਗਟਨ ਡੀ.ਸੀ. 'ਚ ਵੱਡੇ ਪੱਧਰ ਉਤੇ ਹਿੰਸਾ ਤੇ ਅਗਜ਼ਨੀ ਦੀਆਂ ਘਟਨਾਵਾਂ ਵਾਪਰੀਆਂ ਹਨ। ਮੁਜ਼ਾਹਰਾਕਾਰੀਆਂ ਨੇ ਕਈ ਥਾਂਵਾਂ ਉਤੇ ਪੁਲਿਸ ਦੇ ਵਾਹਨਾਂ ਸਮੇਤ ਹੋਰ ਕਈ ਗੱਡੀਆਂ ਵੀ ਸਾੜ ਦਿੱਤੀਆਂ। ਵਾਸ਼ਿੰਗਟਨ ਪੋਸਟ ਦੀ ਰਿਪੋਰਟ ਅਨੁਸਾਰ ਹੁਣ ਤੱਕ ਵੱਖ-ਵੱਖ ਥਾਵਾਂ ਉਤੇ ਘੱਟੋ-ਘੱਟ ਪੰਜ ਜਣਿਆਂ ਦੀ ਮੌਤ ਹੋ ਚੁੱਕੀ ਹੈ। ਪੁਲਿਸ ਨੇ ਦੋ ਦਰਜਨ ਸ਼ਹਿਰਾਂ 'ਚ 2564 ਦੇ ਕਰੀਬ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਸਾਬਕਾ ਉਪ ਰਾਸ਼ਟਰਪਤੀ ਜੋਅ ਬਿਡੇਨ ਨੇ ਡੈਲਾਵੇਅਰ 'ਚ ਮੁਜ਼ਾਹਰੇ ਵਾਲੀ ਥਾਂ ਦਾ ਦੌਰਾ ਵੀ ਕੀਤਾ ਹੈ।

ਜੌਰਜ ਫਲਾਇਡ ਦੀ ਮੌਤ ਲਈ ਜ਼ਿੰਮੇਵਾਰ 3 ਹੋਰ ਪੁਲਿਸ ਅਧਿਕਾਰੀਆਂ ਦੀ ਗ੍ਰਿਫਤਾਰੀ ਅਤੇ ਪੁਲਿਸ ਵਿਭਾਗ 'ਚ ਸੁਧਾਰਾਂ ਨੂੰ ਲੈ ਕੇ ਤਕਰੀਬਨ ਪੂਰੇ ਦੇਸ਼ ਵਿਚ ਪ੍ਰਦਰਸ਼ਨਾਂ ਦਾ ਸਿਲਸਿਲਾ ਜਾਰੀ ਰਿਹਾ। ਲਗਭਗ 15 ਸੂਬਿਆਂ ਵਿਚ 5000 ਨੈਸ਼ਨਲ ਗਾਰਡ ਤਾਇਨਾਤ ਕਰ ਦਿੱਤੇ ਗਏ ਹਨ ਅਤੇ 2 ਹਜ਼ਾਰ ਹੋਰ ਨੈਸ਼ਨਲ ਗਾਰਡਾਂ ਨੂੰ ਤਿਆਰ ਰੱਖਿਆ ਗਿਆ ਹੈ। ਪ੍ਰਦਰਸ਼ਨਕਾਰੀਆਂ ਉਤੇ ਕਾਬੂ ਪਾਉਣ ਲਈ ਅੱਥਰੂ ਗੈਸ ਦੇ ਗੋਲੇ ਸੁੱਟਣੇ ਪਏ ਅਤੇ ਪਲਾਸਟਿਕ ਦੀਆਂ ਗੋਲੀਆਂ ਦੀ ਵਰਤੋਂ ਕਰਨੀ ਪਈ। ਸਿਆਟਲ ਦੇ ਨਾਲ ਲੱਗਦੇ ਮਹਿੰਗੇ ਸ਼ਹਿਰ ਬੈਲਵਿਊ ਵਿਚ ਵੀ ਪ੍ਰਦਰਸ਼ਨ ਹੋਇਆ, ਜਿਥੇ ਪ੍ਰਦਰਸ਼ਨਕਾਰੀਆਂ ਨੇ ਕਈ ਸਟੋਰਾਂ ਦੇ ਸ਼ੀਸ਼ੇ ਤੋੜ ਦਿੱਤੇ ਪਰ ਪੁਲਿਸ ਪ੍ਰਦਰਸ਼ਨਕਾਰੀਆਂ ਨੂੰ ਤਿਤਰ-ਬਿਤਰ ਕਰਨ 'ਚ ਕਾਮਯਾਬ ਰਹੀ। ਬੈਲਵਿਊ ਸ਼ਹਿਰ ਵਿਚ ਕਰਫਿਊ ਲਗਾ ਦਿੱਤਾ ਗਿਆ। ਸ਼ਿਕਾਗੋ ਦੇ ਹੇਠਲੇ ਖੇਤਰ 'ਚ ਹਜ਼ਾਰਾਂ ਲੋਕਾਂ ਨੇ ਪ੍ਰਦਰਸ਼ਨ ਵਿਚ ਹਿੱਸਾ ਲਿਆ। ਹਾਲਾਂਕਿ ਪ੍ਰਦਰਸ਼ਨ ਸ਼ਾਂਤਮਈ ਸ਼ੁਰੂ ਹੋਇਆ ਸੀ ਪਰ ਰਾਤ ਭਰ ਸ਼ਿਕਾਗੋ ਤੇ ਨਾਲ ਲੱਗਦੇ ਖੇਤਰਾਂ ਵਿਚ ਹਿੰਸਾ ਤੇ ਭੰਨਤੋੜ ਦਾ ਸਿਲਸਿਲਾ ਚੱਲਦਾ ਰਿਹਾ। ਸੈਂਟਾ ਮੋਨਿਕਾ (ਕੈਲੀਫੋਰਨੀਆ), ਲਾਸ ਏਂਜਲਸ, ਸਾਵਾਨਾਹ (ਜੌਰਜੀਆ), ਫਿਲਾਡੈਲਫੀਆ ਤੇ ਹੋਰ ਥਾਂਵਾਂ 'ਤੇ ਹਿੰਸਾ ਤੇ ਲੁੱਟਖੋਹ ਦੀਆਂ ਘਟਨਾਵਾਂ ਹੋਈਆਂ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਟਵੀਟ ਕਰਕੇ ਐਲਾਨ ਕੀਤਾ ਹੈ ਕਿ ਮਿਨੀਆਪੋਲਿਸ ਵਿਖੇ ਪੁਲਿਸ ਹਿਰਾਸਤ ਵਿਚ ਕਾਲੇ ਵਿਅਕਤੀ ਜੌਰਜ ਫਲਾਇਡ ਦੀ ਹੋਈ ਮੌਤ ਤੋਂ ਬਾਅਦ ਹੋ ਰਹੀ ਹਿੰਸਾ ਪਿੱਛੇ ਖੱਬੇ ਪੱਖੀ ਗਰੁੱਪ ਐਂਟਿਫਾ ਦਾ ਹੱਥ ਹੈ। ਉਹ ਐਂਟਿਫਾ ਨੂੰ ਅਤਿਵਾਦੀ ਜਥੇਬੰਦੀ ਕਰਾਰ ਦੇ ਦੇਣਗੇ। ਐਂਟਿਫਾ ਜਿਸ ਨੂੰ 'ਐਂਟੀ ਫਾਸਿਸਟ' ਗਰੁੱਪ ਵਜੋਂ ਜਾਣਿਆ ਜਾਂਦਾ ਹੈ, ਪਿਛਲੇ ਸਾਲਾਂ ਦੌਰਾਨ ਕੁਝ ਹਿੰਸਕ ਝੜਪਾਂ ਵਿਚ ਸ਼ਾਮਲ ਰਿਹਾ ਹੈ। ਇਸ ਤੋਂ ਪਹਿਲਾਂ ਕੈਨੇਡੀ ਸਪੇਸ ਸੈਂਟਰ ਵਿਚ ਰਾਸ਼ਟਰਪਤੀ ਨੇ ਕਿਹਾ ਸੀ ਕਿ ਹਿੰਸਾ ਫੈਲਾਉਣ ਦੀ ਅਗਵਾਈ ਐਂਟਿਫਾ ਤੇ ਹੋਰ ਖੱਬੇ ਪੱਖੀ ਗਰੁੱਪ ਕਰ ਰਹੇ ਹਨ।





## ਸਾਬਕਾ ਮੁੱਕੇਬਾਜ਼ ਮੇਅਵੈਦਰ ਚੁੱਕੇਗਾ ਫਲਾਇਡ ਦੇ ਅੰਤਿਮ ਸੰਸਕਾਰ ਦਾ ਖਰਚ

**ਨਿਊ ਯਾਰਕ:** ਸਾਬਕਾ ਮੁੱਕੇਬਾਜ਼ੀ ਚੈਂਪੀਅਨ ਫਲਾਇਡ ਮੇਅਵੈਦਰ ਨੇ ਜੌਰਜ ਫਲਾਇਡ ਦੇ ਅੰਤਿਮ ਸੰਸਕਾਰ ਅਤੇ ਸੋਗ ਸਭਾ ਦਾ ਖਰਚਾ ਚੁੱਕਣ ਦੀ ਪੇਸ਼ਕਸ਼ ਕੀਤੀ ਜਿਸ ਨੂੰ ਉਸ ਦੇ ਪਰਿਵਾਰ ਨੇ ਸਵੀਕਾਰ ਕਰ ਲਿਆ। ਮੇਅਵੈਦਰ ਪਰਮੋਸ਼ਨਜ਼ ਦੇ ਸੀ.ਈ.ਓ. ਲਿਓਨਾਰਡ ਐਲਰਬੇ ਨੇ ਦੱਸਿਆ ਕਿ ਉਹ ਖੁਦ ਪਰਿਵਾਰ ਨਾਲ ਸੰਪਰਕ ਵਿਚ ਹਨ।

## ਕੀ ਹੈ ਮਾਮਲਾ?

ਜੌਰਜ ਫਲਾਇਡ 'ਕੋਗਾਂ ਲਾਟੀਨ ਬਿਸਤਰੋ' ਵਿਖੇ ਬਾਊਂਸਰ ਦੀ ਨੌਕਰੀ ਕਰਦਾ ਸੀ। ਜਿਸ ਦਿਨ ਇਹ ਘਟਨਾ ਵਾਪਰੀ, ਉਸ ਦਿਨ ਉਹ ਉਥੇ ਇਕ ਸਟੋਰ 'ਤੇ ਕੁਝ ਸਾਮਾਨ ਲੈਣ ਗਿਆ। ਦੱਸਣ ਮੁਤਾਬਕ ਉਸ ਕੋਲ 20 ਡਾਲਰ ਦਾ ਨੋਟ ਨਕਲੀ ਸੀ। ਸਟੋਰ ਵਾਲੇ ਨੇ ਪੁਲਿਸ ਨੂੰ ਕਾਲ ਕੀਤੀ ਤਾਂ ਪੁਲਿਸ ਨੇ ਆਉਂਦੇ ਹੀ ਸਟੋਰ ਦੇ ਬਾਹਰ ਜੌਰਜ ਫਲਾਇਡ ਨੂੰ ਫੜ ਕੇ ਥੱਲੇ ਸੁੱਟ ਕੇ ਉਸ ਦੀ ਧੌਣ 'ਤੇ ਗੋਡਾ ਰੱਖ ਕੇ ਸਾਹ ਘੁੱਟ ਦਿੱਤਾ। ਉਸ ਨੇ ਬਹੁਤ ਕਿਹਾ ਕਿ ਉਸ ਨੂੰ ਸਾਹ ਨਹੀਂ ਆ ਰਿਹਾ ਪਰ ਪੁਲਿਸ ਮੁਲਾਜ਼ਮ ਡੈਰੇਕ ਚੌਵੀਨ ਨੇ ਉਸ ਦੀ ਇਕ ਨਾ ਸੁਣੀ। ਮੌਕੇ ਉਤੇ ਮੌਜੂਦ ਲੋਕਾਂ ਨੇ ਕਿਹਾ ਕਿ ਜੌਰਜ ਨੇ ਆਪਣੀ ਮਾਂ ਦੀ ਸਹੁੰ ਖਾ ਕੇ ਵੀ ਕਿਹਾ ਕਿ ਉਸ ਨੂੰ ਸਾਹ ਨਹੀਂ ਆ ਰਿਹਾ। ਉਸ ਤੋਂ ਬਾਅਦ ਉਹ ਦਮ ਤੋੜ ਗਿਆ। ਬਿਸਤਰੋ ਦੇ ਸਟਾਫ ਅਤੇ ਉਸ ਦੇ ਹੋਰ ਜਾਣਨ ਵਾਲੇ ਦੱਸਦੇ ਹਨ ਕਿ ਜੌਰਜ ਫਲਾਇਡ ਬਹੁਤ ਚੰਗਾ ਇਨਸਾਨ ਸੀ। ਉਸ ਦੇ ਪਰਿਵਾਰ ਵਿਚ 2 ਲੜਕੀਆਂ ਹਨ। ਇਨ੍ਹਾਂ ਦੀ ਉਮਰ 22 ਅਤੇ 6 ਸਾਲ ਹੈ। ਇਹ ਵੀ ਪਤਾ ਲੱਗਾ ਹੈ ਕਿ ਜਿਸ ਪੁਲਿਸ ਵਾਲੇ ਨੇ ਜੌਰਜ ਨੂੰ ਮਾਰਿਆ, ਉਹ ਕੁਝ ਚਿਰ ਪਹਿਲਾਂ ਜੌਰਜ ਨਾਲ ਹੀ ਮਿਨੀਆਪੋਲਿਸ ਦੀ ਇਕ ਨਾਈਟ ਕਲੱਬ 'ਚ ਬਾਊਂਸਰ ਦੀ ਨੌਕਰੀ ਕਰਦਾ ਸੀ ਪਰ ਬਾਅਦ 'ਚ ਚੌਵੀਨ ਪੁਲਿਸ 'ਚ ਭਰਤੀ ਹੋ ਗਿਆ। ਉਹ ਪਹਿਲਾਂ ਤੋਂ ਹੀ ਫਿਰਕੂ ਸੁਭਾਅ ਦਾ ਰਿਹਾ ਹੈ ਅਤੇ ਉਹ ਕਾਲਿਆਂ ਨਾਲ ਨਫਰਤ ਕਰਦਾ ਸੀ।

## ਟਰੰਪ ਵੱਲੋਂ ਐਂਟਿਫਾ 'ਤੇ ਪਾਬੰਦੀ ਦੀ ਧਮਕੀ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਉਹ ਸਾਰੇ ਮੁਲਕ ਅੰਦਰ ਹਿੰਸਾ ਭੜਕਾਉਣ 'ਚ ਭੂਮਿਕਾ ਨਿਭਾਉਣ ਵਾਲੀ ਕੱਟੜ ਖੱਬੇਪੱਖੀ ਜਥੇਬੰਦੀ ਐਂਟਿਫਾ ਨੂੰ ਦਹਿਸ਼ਤੀ ਜਥੇਬੰਦੀ ਐਲਾਨ ਦੇਣਗੇ। ਐਂਟਿਫਾ ਨੂੰ ਅਮਰੀਕਾ 'ਚ ਗਰਮਖਿਆਲੀ, ਖੱਬੇ-ਪੱਖੀ ਤੇ ਨਸਲਵਾਦ ਵਿਰੋਧੀ ਸਿਆਸੀ ਮੁਹਿੰਮ ਮੰਨਿਆ ਜਾਂਦਾ ਹੈ ਅਤੇ ਇਸ ਦੇ ਮੈਂਬਰਾਂ ਦਾ ਟੀਚਾ ਨੀਤੀਆਂ



'ਚ ਸੁਧਾਰ ਦੀ ਥਾਂ ਸਿੱਧੇ ਐਕਸ਼ਨ ਰਾਹੀਂ ਆਪਣੇ ਸਿਆਸੀ ਹਿੱਤ ਹਾਸਲ ਕਰਨਾ ਹੈ। ਟਰੰਪ ਨੇ ਟਵੀਟ ਕੀਤਾ, 'ਅਮਰੀਕਾ ਐਂਟਿਫਾ ਨੂੰ ਇਕ ਅਤਿਵਾਦੀ ਜਥੇਬੰਦੀ ਐਲਾਨ ਦੇਵੇਗਾ।' ਟਰੰਪ ਪ੍ਰਸ਼ਾਸਨ ਵੱਲੋਂ ਅਮਰੀਕਾ 'ਚ ਭੜਕੀ ਹਿੰਸਾ ਲਈ ਐਂਟਿਫਾ ਨੂੰ ਜ਼ਿੰਮੇਵਾਰ ਠਹਿਰਾ ਰਿਹਾ ਹੈ। ਅਟਾਰਨੀ ਜਨਰਲ ਵਿਲੀਅਮ ਪੀ. ਬਾਰ ਨੇ ਕਿਹਾ ਕਿ ਐਂਟਿਫਾ ਤੇ ਘਰੇਲੂ ਅਤਿਵਾਦ ਫੈਲਾਉਣ ਵਾਲੀਆਂ ਹੋਰ ਅਜਿਹੀਆਂ ਜਥੇਬੰਦੀਆਂ ਵੱਲੋਂ ਸਾਰੇ ਅਮਰੀਕਾ 'ਚ ਹਿੰਸਾ ਫੈਲਾਈ ਜਾ ਰਹੀ ਤੇ ਇਨ੍ਹਾਂ ਨਾਲ ਇਸੇ ਢੰਗ ਨਾਲ ਨਜਿੱਠਿਆ ਜਾਵੇਗਾ।

# ਵ੍ਹਾਈਟ ਹਾਊਸ ਦੇ ਬੰਕਰ 'ਚ ਲੁਕੇ ਰਾਸ਼ਟਰਪਤੀ ਟਰੰਪ

**ਵਾਸ਼ਿੰਗਟਨ:** ਇਹ ਪ੍ਰਦਰਸ਼ਨ ਕਾਫੀ ਥਾਵਾਂ 'ਤੇ ਹਿੰਸਕ ਰੂਪ ਧਾਰ ਗਏ। ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀ.ਸੀ. ਵਿਚ ਵੀ ਵ੍ਹਾਈਟ ਹਾਊਸ ਅੱਗੇ ਵੱਡੀ ਗਿਣਤੀ ਵਿਚ ਪ੍ਰਦਰਸ਼ਨਕਾਰੀ ਇਕੱਠੇ ਹੋ ਗਏ। ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਵ੍ਹਾਈਟ ਹਾਊਸ ਵਿਚ ਹਨ। ਪ੍ਰਦਰਸ਼ਨਕਾਰੀਆਂ ਦੇ ਵ੍ਹਾਈਟ ਹਾਊਸ ਵੱਲ ਵਧਦੇ ਦੇਖ ਵ੍ਹਾਈਟ ਹਾਊਸ ਦੇ ਸੁਰੱਖਿਆ ਅਧਿਕਾਰੀ ਰਾਸ਼ਟਰਪਤੀ ਟਰੰਪ ਨੂੰ ਵ੍ਹਾਈਟ ਹਾਊਸ ਅੰਦਰ ਬਣੇ ਸੁਰੱਖਿਆ ਬੰਕਰ ਵਿਚ ਲੈ ਗਏ, ਜਿਥੇ ਉਨ੍ਹਾਂ ਨੂੰ ਇਕ ਘੰਟੇ ਤੋਂ ਥੋੜ੍ਹਾ ਘੱਟ ਸਮਾਂ ਗੁਜ਼ਾਰਨਾ ਪਿਆ। ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਰਾਸ਼ਟਰਪਤੀ ਦੀ ਸਰਕਾਰੀ ਰਿਹਾਇਸ਼ ਦੇ ਬਾਹਰ ਪ੍ਰਦਰਸ਼ਨਕਾਰੀਆਂ ਵੱਲੋਂ ਬੋਤਲਾਂ ਅਤੇ ਬੋਤਲ ਬੰਬ ਸੁੱਟਣ ਨਾਲ ਸੀਕ੍ਰੇਟ ਸਰਵਿਸ ਏਜੰਟ ਜ਼ਖਮੀ ਹੋ ਗਏ।

ਵਿਰੋਧ ਪ੍ਰਦਰਸ਼ਨਾਂ ਦੌਰਾਨ ਮੁਜ਼ਾਹਰਾਕਾਰੀਆਂ ਨੇ ਵ੍ਹਾਈਟ ਹਾਊਸ ਦੇ ਆਲੇ ਦੁਆਲੇ ਕਈ ਥਾਂਵਾਂ ਉਤੇ ਅੱਗ ਲਾ ਦਿੱਤੀ। ਪੁਲਿਸ ਨੇ ਹਜ਼ਾਰਾਂ ਦੀ ਭੀੜ ਨੂੰ ਖਿੰਡਾਉਣ ਲਈ ਅੱਥਰੂ ਗੈਸ ਦੇ ਗੋਲ ਦਾਗੇ। ਪੁਲਿਸ ਨੇ ਕਿਹਾ ਕਿ ਕਈ ਲੋਕਾਂ ਨੂੰ ਹਿਰਾਸਤ ਵਿਚ ਲਿਆ ਗਿਆ ਹੈ। ਮਿਨੇਸੋਟਾ ਦੇ ਗਵਰਨਰ ਨੇ ਹਿੰਸਾ ਨੂੰ ਰੋਕਣ ਲਈ ਨੈਸ਼ਨਲ ਗਾਰਡ ਨੂੰ ਸੱਦਿਆ ਹੈ। ਇਸ ਹਿੰਸਾ ਵਿਚ ਮਿਨੇਸੋਟਾ ਵਿਚ ਹਜ਼ਾਰਾਂ ਇਮਾਰਤਾਂ ਨੂੰ ਨੁਕਸਾਨ ਪੁੱਜਿਆ ਹੈ। ਹਿੰਸਾ ਵਧਣ ਦੇ ਬਾਅਦ ਅਟਲਾਂਟਾ, ਸ਼ਿਕਾਗੋ, ਡੈਨੇਵਰ, ਲਾਸ ਏਂਜਲਸ, ਸਾਨ ਫਰਾਂਸਿਸਕੋ ਅਤੇ ਸਿਆਟਲ ਸਮੇਤ ਅਮਰੀਕਾ ਦੇ ਕਈ ਵੱਡੇ ਸ਼ਹਿਰਾਂ ਵਿਚ ਕਰਫਿਊ ਲਗਾਇਆ ਗਿਆ ਹੈ।

# ਟਰੰਪ ਨੇ ਦੇਸ਼ ਵਿਚ ਫੌਜ ਲਾਉਣ ਦੀ ਚਿਤਾਵਨੀ ਦਿੱਤੀ

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਅਫਰੀਕੀ ਮੂਲ ਦੇ ਅਮਰੀਕੀ ਜੌਰਜ ਫਲਾਇਡ ਦੀ ਮੌਤ ਮਗਰੋਂ ਭੜਕੀ ਹਿੰਸਾ ਨੂੰ ਰੋਕਣ ਲਈ ਸ਼ਹਿਰਾਂ ਅਤੇ ਰਾਜਾਂ ਵੱਲੋਂ ਢੁਕਵੇਂ ਕਦਮ ਨਾ ਚੁੱਕਣ ਦੇ ਮੱਦੇਨਜ਼ਰ ਫੌਜ ਤਾਇਨਾਤ ਕਰਨ ਦੀ ਧਮਕੀ ਦਿੱਤੀ ਹੈ। ਵ੍ਹਾਈਟ ਹਾਊਸ ਦੇ ਰੋਜ਼ ਗਾਰਡਨ ਤੋਂ ਰਾਸ਼ਟਰ ਨੂੰ ਸੰਬੋਧਨ ਕਰਦੇ ਹੋਏ ਟਰੰਪ ਨੇ ਇਹ ਵੀ ਕਿਹਾ ਕਿ ਸਾਰੇ ਅਮਰੀਕੀ ਫਲਾਇਡ ਦੀ ਬੇਰਹਿਮੀ ਮੌਤ ਕਾਰਨ ਦੁਖੀ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਸ ਕੇਸ ਵਿਚ ਨਿਆਂ ਮਿਲੇਗਾ। ਫਲਾਇਡ ਦੀ ਮੌਤ 'ਤੇ ਹਿੰਸਕ ਪ੍ਰਦਰਸ਼ਨਾਂ ਦੀ ਅੱਗ ਅਮਰੀਕਾ ਦੇ 140 ਸ਼ਹਿਰਾਂ ਤੱਕ ਪਹੁੰਚ ਗਈ ਹੈ। ਇਹ ਪਿਛਲੇ ਕਈ ਦਹਾਕਿਆਂ ਵਿਚ ਦੇਸ਼ ਦੀ ਸਭ ਤੋਂ ਭਿਆਨਕ ਅਸ਼ਾਂਤੀ ਮੰਨੀ ਜਾ ਰਹੀ ਹੈ। ਟਰੰਪ ਨੇ ਰਾਸ਼ਟਰ ਨੂੰ ਭਰੋਸਾ ਦਿੱਤਾ ਕਿ ਉਹ ਹਿੰਸਾ ਨੂੰ ਰੋਕਣ ਅਤੇ ਅਮਰੀਕਾ ਵਿਚ ਸੁਰੱਖਿਆ ਬਹਾਲ ਕਰਨ ਲਈ ਕਦਮ ਚੁੱਕ ਰਹੇ ਹਨ।

# ਕਿਸਾਨਾਂ ਵਲੋਂ ਸਰਕਾਰੀ ਨਾਲਾਇਕੀਆਂ ਖਿਲਾਫ ਮੋਰਚਾ

**ਚੰਡੀਗੜ੍ਹ:** ਲੌਕਡਾਊਨ ਵਿਚ ਢਿੱਲ ਦੇ ਨਾਲ ਹੀ ਕਿਸਾਨ ਜਥੇਬੰਦੀਆਂ ਨੇ ਸਰਕਾਰੀ ਨਾਲਾਇਕੀਆਂ ਖਿਲਾਫ ਮੋਰਚੇ ਸੰਭਾਲ ਲਏ ਹਨ। ਕਿਸਾਨਾਂ ਦੀਆਂ ਮੰਗਾਂ ਦੇ ਹੱਕ 'ਚ ਪੰਜਾਬ ਦੀਆਂ ਦਸ ਕਿਸਾਨ ਜਥੇਬੰਦੀਆਂ ਵੱਲੋਂ ਪੰਜਾਬ ਦੇ 21 ਜ਼ਿਲ੍ਹਿਆਂ ਅਤੇ ਸੌ ਤੋਂ ਵੱਧ ਤਹਿਸੀਲਾਂ 'ਚ ਧਰਨੇ ਦਿੱਤੇ ਗਏ।



ਦੇਸ਼ ਭਰ ਦੀਆਂ 234 ਕਿਸਾਨ ਜਥੇਬੰਦੀਆਂ ਉਤੇ ਆਧਾਰਿਤ ਕੌਮੀ ਕਿਸਾਨ ਸੰਘਰਸ਼ ਤਾਲਮੇਲ ਕਮੇਟੀ ਦੇ ਸੱਦੇ 'ਤੇ 'ਕਿਸਾਨ ਬਚਾਓ ਦੇਸ਼ ਬਚਾਓ' ਦੇ ਬੈਨਰ ਹੇਠਾਂ ਦਿੱਤੇ ਗਏ ਧਰਨਿਆਂ ਦੌਰਾਨ ਕੇਂਦਰੀ ਹਕੂਮਤ ਦੀਆਂ ਕਿਸਾਨ ਤੇ ਮਜ਼ਦੂਰ ਵਿਰੋਧੀ ਨੀਤੀਆਂ ਦੀ ਨਿੰਦਾ ਕੀਤੀ ਗਈ। ਇਸ ਦੌਰਾਨ ਲਾਲ ਕਾਲੇ ਝੰਡੇ ਲੈ ਕੇ ਪੁੱਜੇ ਕਿਸਾਨਾਂ ਨੇ ਰੋਸ ਮਾਰਚ ਕਰਨ ਮਗਰੋਂ ਜ਼ਿਲ੍ਹਾ ਤੇ ਤਹਿਸੀਲ ਦਫਤਰਾਂ ਅੱਗੇ ਪ੍ਰਦਰਸ਼ਨ ਕਰਦਿਆਂ, ਪ੍ਰਧਾਨ ਮੰਤਰੀ ਦੇ ਨਾਂ ਮੰਗ ਪੱਤਰ ਭੇਜ ਕੇ ਕਿਸਾਨੀ ਮੰਗਾਂ ਦੀ ਪੂਰਤੀ ਉਤੇ ਜ਼ੋਰ ਦਿੱਤਾ। ਜਿਸ ਦੀ ਕਾਪੀ ਮੁੱਖ ਮੰਤਰੀ ਨੂੰ ਵੀ ਭੇਜੀ ਗਈ।

ਕਿਸਾਨ ਯੂਨੀਅਨ ਡਕੌਂਦਾ ਦੇ ਜਗਮੋਹਨ ਸਿੰਘ ਪਟਿਆਲਾ ਅਨੁਸਾਰ ਧਰਨਿਆਂ ਦੌਰਾਨ ਆਗੂਆਂ ਨੇ ਕਿਹਾ ਕਿ ਕੇਂਦਰ ਵੱਲੋਂ ਕਿਸਾਨਾਂ ਵਾਸਤੇ ਦਿੱਤੇ 20 ਲੱਖ ਕਰੋੜ ਦੇ ਅਖੌਤੀ ਪੈਕੇਜ 'ਚੋਂ ਕਿਸਾਨਾਂ ਦੇ ਪੱਲੇ ਕਾਣੀ ਕੌਡੀ ਵੀ ਨਹੀਂ ਪਈ ਜਦਕਿ ਦੂਜੇ ਪਾਸੇ ਕਾਰਪੋਰੇਟ ਘਰਾਣਿਆਂ ਦਾ 68 ਹਜ਼ਾਰ ਕਰੋੜ ਮੁਆਫ ਕਰ ਦਿੱਤਾ ਗਿਆ ਹੈ। ਪਾਵਰ ਕਾਰਪੋਰੇਸ਼ਨਾਂ ਦਾ ਵੀ ਨਿੱਜੀਕਰਨ ਕੀਤਾ ਜਾ ਰਿਹਾ ਹੈ।

ਉਨ੍ਹਾਂ ਮੁਤਾਬਕ ਆਗੂਆਂ ਵੱਲੋਂ ਮੰਗ ਕੀਤੀ ਗਈ ਕਿ ਕਾਰਪੋਰੇਟ ਪੱਖੀ, ਕਿਸਾਨ ਅਤੇ ਦੇਸ਼ ਵਿਰੋਧੀ ਨਿੱਜੀਕਰਨ ਅਤੇ ਨਿਗਮੀਕਰਨ ਦੀਆਂ ਨੀਤੀਆਂ ਅਤੇ ਫੈਸਲੇ ਰੱਦ ਕੀਤੇ ਜਾਣ। ਕੋਵਿਡ-19 ਦੀ ਮਾਰ ਝੱਲ ਰਹੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਨੂੰ ਦਸ ਹਜ਼ਾਰ ਮਹੀਨਾ, ਪੀ.ਐਮ. ਯੋਜਨਾ ਤਹਿਤ ਮਿਲਦੇ ਛੇ ਹਜ਼ਾਰ ਰੁਪਏ ਵਧਾ ਕੇ 18 ਹਜ਼ਾਰ ਕਰਨ, ਘਟੇ ਝਾੜ ਲਈ ਛੇ ਹਜ਼ਾਰ ਰੁਪਏ ਪ੍ਰਤੀ ਏਕੜ ਤੇ ਤਬਾਹ ਹੋਈਆਂ ਫਸਲਾਂ 'ਤੇ 20 ਹਜ਼ਾਰ ਅਤੇ ਫਲ, ਸਬਜ਼ੀਆਂ, ਸਰੋਂ, ਦਾਲਾਂ ਅਤੇ ਸੂਰਜਮੁਖੀ ਸਬੰਧੀ 25 ਹਜ਼ਾਰ ਪ੍ਰਤੀ ਏਕੜ ਮੁਆਵਜ਼ਾ, ਕਰੋਨਾ ਦੌਰਾਨ ਫੌਤ ਹੋਏ ਕਿਸਾਨਾਂ ਤੇ ਪਰਵਾਸੀ ਮਜ਼ਦੂਰਾਂ ਲਈ 20 ਲੱਖ ਮੁਆਵਜ਼ਾ ਤੇ ਫਸਲਾਂ ਦੇ ਭਾਅ ਸਵਾਮੀਨਾਥਨ ਕਮਿਸ਼ਨ ਮੁਤਾਬਕ ਕਰਨ 'ਤੇ ਵੀ ਜ਼ੋਰ ਦਿੱਤਾ ਗਿਆ।

# ਛੱਤੀਸਗੜ੍ਹ ਦੇ ਪਹਿਲੇ ਮੁੱਖ ਮੰਤਰੀ ਅਜੀਤ ਜੋਗੀ ਦਾ ਦੇਹਾਂਤ

**ਰਾਇਪੁਰ:** ਛੱਤੀਸਗੜ੍ਹ ਦੇ ਪਹਿਲੇ ਮੁੱਖ ਮੰਤਰੀ ਤੇ ਹਰਮਨਪਿਆਰੇ ਆਗੂ ਅਜੀਤ ਜੋਗੀ ਦਾ ਇਥੇ ਪ੍ਰਾਈਵੇਟ ਹਸਪਤਾਲ ਵਿਚ ਦੇਹਾਂਤ ਹੋ ਗਿਆ। ਜੋਗੀ (74) ਕਾਫੀ ਲੰਮਾ ਸਮਾਂ ਸੂਬੇ ਦੀ ਸਿਆਸਤ 'ਤੇ ਛਾਏ ਰਹੇ। ਉਹ ਪਿਛਲੇ 20 ਦਿਨਾਂ ਤੋਂ ਹਸਪਤਾਲ ਦਾਖਲ ਸਨ। ਆਗੂ ਦੀ ਪਤਨੀ ਰੇਨੂੰ ਜੋਗੀ ਕੋਟਾ ਹਲਕੇ ਤੋਂ ਵਿਧਾਇਕ ਹੈ ਤੇ ਪੁੱਤਰ ਅਮਿਤ ਜੋਗੀ ਸਾਬਕਾ ਵਿਧਾਇਕ ਹੈ।



ਉਨ੍ਹਾਂ ਨੂੰ 9 ਮਈ ਨੂੰ ਸਾਹ ਲੈਣ ਵਿਚ ਤਕਲੀਫ ਤੇ ਦਿਲ ਦਾ ਦੌਰਾ ਪੈਣ ਮਗਰੋਂ ਹਸਪਤਾਲ ਲਿਆਂਦਾ ਗਿਆ ਸੀ ਤੇ ਉਦੋਂ ਤੋਂ ਹੀ ਉਹ ਕੋਮਾ ਵਿਚ ਸਨ। ਜੋਗੀ ਮੌਜੂਦਾ ਸਮੇਂ ਆਪਣੀ ਰਵਾਇਤੀ ਮਰਵਾਹੀ ਸੀਟ ਤੋਂ ਵਿਧਾਇਕ ਸਨ। ਨੌਕਰਸ਼ਾਹ ਤੋਂ ਸਿਆਸਤਦਾਨ ਬਣੇ ਅਜੀਤ ਜੋਗੀ ਜਦ ਛੱਤੀਸਗੜ੍ਹ ਦੇ ਪਹਿਲੇ ਮੁੱਖ ਮੰਤਰੀ ਬਣੇ ਤਾਂ ਉਹ ਕਾਂਗਰਸ ਪਾਰਟੀ ਨਾਲ ਜੁੜੇ ਹੋਏ ਸਨ। ਸੂਬਾ ਸੰਨ 2000 ਵਿਚ ਹੋਂਦ 'ਚ ਆਇਆ ਸੀ ਤੇ ਉਹ ਨਵੰਬਰ 2000 ਤੋਂ ਨਵੰਬਰ 2003 ਤੱਕ ਮੁੱਖ ਮੰਤਰੀ ਰਹੇ। 2016 ਵਿਚ ਜੋਗੀ ਕਾਂਗਰਸ ਤੋਂ ਉਸ ਵੇਲੇ ਵੱਖ ਹੋ ਗਏ ਜਦ ਉਹ ਤੇ ਉਨ੍ਹਾਂ ਦਾ ਪੁੱਤਰ ਅੰਤਾਗੜ੍ਹ ਹਲਕੇ ਦੀ ਜ਼ਿਮਨੀ ਚੋਣ ਨਾਲ ਜੁੜੇ ਇਕ ਵਿਵਾਦ ਵਿਚ ਘਿਰ ਗਏ। ਇਸ ਪਿਛੋਂ ਉਨ੍ਹਾਂ ਆਪਣੀ ਵੱਖਰੀ ਪਾਰਟੀ ਜਨਤਾ ਕਾਂਗਰਸ ਛੱਤੀਸਗੜ੍ਹ (ਜੇ) ਖੜ੍ਹੀ ਕਰ ਲਈ। ਤਤਕਾਲੀ ਬਿਲਾਸਪੁਰ ਜ਼ਿਲ੍ਹੇ ਦੇ ਸਾਧਾਰਨ ਪਰਿਵਾਰ ਵਿਚ ਜੰਮੇ ਅਜੀਤ ਪ੍ਰਮੋਦ ਕੁਮਾਰ ਜੋਗੀ ਨੂੰ ਅਨੁਸੂਚਿਤ ਜਾਤਾਂ ਤੇ ਕਬੀਲਿਆਂ ਦੀ ਤਕੜੀ ਹਮਾਇਤ ਹਾਸਲ ਸੀ ਕਿਉਂਕਿ ਆਗੂ ਤੱਕ ਪਹੁੰਚ ਕਰਨੀ ਕਾਫੀ ਸੌਖੀ ਸੀ। 12 ਸਾਲ ਵੱਖ-ਵੱਖ ਜ਼ਿਲ੍ਹਿਆਂ 'ਚ ਕੁਲੈਕਟਰ ਰਹਿਣ ਪਿਛੋਂ ਜੋਗੀ 1986 ਵਿਚ ਅਸਤੀਫਾ ਦੇ ਕੇ ਕਾਂਗਰਸ 'ਚ ਸ਼ਾਮਲ ਹੋ ਗਏ। ਪਾਰਟੀ ਨੇ ਉਨ੍ਹਾਂ ਨੂੰ ਦੋ ਵਾਰ ਰਾਜ ਸਭਾ ਲਈ ਵੀ ਨਾਮਜ਼ਦ ਕੀਤਾ।

# ਸੰਗੀਤਕਾਰ ਵਾਜਿਦ ਖਾਨ ਦੀ ਕਰੋਨਾ ਨਾਲ ਮੌਤ

**ਮੁੰਬਈ:** ਉਘੇ ਬੌਲੀਵੁੱਡ ਸੰਗੀਤਕਾਰ ਅਤੇ ਗਾਇਕ ਵਾਜਿਦ ਖਾਨ (42) ਦੀ ਇਕ ਨਿੱਜੀ ਹਸਪਤਾਲ ਵਿਚ ਮੌਤ ਹੋ ਗਈ। ਉਨ੍ਹਾਂ ਦੀ ਕਰੋਨਾ ਰਿਪੋਰਟ ਪਾਜੀਟਿਵ ਸੀ। ਸੰਗੀਤਕਾਰ ਨੇ ਸਾਰੇ ਕੰਮ ਆਪਣੇ ਭਰਾ ਸਾਜਿਦ ਨਾਲ ਮਿਲ ਕੇ ਕੀਤੇ



ਸਨ। ਇਨ੍ਹਾਂ ਦੀ ਜੋੜੀ ਸਾਜਿਦ-ਵਾਜਿਦ ਦੇ ਨਾਂ ਨਾਲ ਬੌਲੀਵੁੱਡ ਵਿਚ ਮਸ਼ਹੂਰ ਸੀ।

ਵਾਜਿਦ ਦੇ ਭਰਾ ਸਾਜਿਦ ਨੇ ਕਿਹਾ, 'ਉਨ੍ਹਾਂ ਦੀ ਮੌਤ ਦਿਲ ਦਾ ਦੌਰਾ ਪੈਣ ਕਾਰਨ ਹੋਈ ਹੈ।' ਕੁਝ ਦਿਨ ਪਹਿਲਾਂ ਹੀ ਵਾਜਿਦ ਨੂੰ ਕਰੋਨਾ ਹੋਣ ਦੀ ਪੁਸ਼ਟੀ ਹੋਈ ਸੀ। ਇਨ੍ਹਾਂ ਨੇ 'ਵਾਂਟੇਡ, ਦਬੰਗ ਅਤੇ ਏਕ ਥਾ ਟਾਈਗਰ' ਵਰਗੀਆਂ ਸਲਮਾਨ ਖਾਨ ਦੀਆਂ ਹਿੱਟ ਫਿਲਮਾਂ ਵਿਚ ਸੰਗੀਤ ਦਿੱਤਾ ਸੀ। ਸੰਗੀਤਕਾਰ ਸਲੀਮ ਮਰਚੇਂਟ ਨੇ ਵਾਜਿਦ ਦੇ ਦੇਹਾਂਤ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਉਹ ਕਈ ਦਿਨਾਂ ਤੋਂ ਚੇਂਬੂਰ ਸਥਿਤ ਸੁਰਾਣਾ ਹਸਪਤਾਲ ਵਿਚ ਭਰਤੀ ਸਨ। ਸੰਗੀਤਕਾਰ ਵਾਜਿਦ ਖਾਨ ਨੂੰ ਪਰਿਵਾਰਕ ਅਤੇ ਨੇੜਲੇ ਦੋਸਤਾਂ ਦੀ ਹਾਜ਼ਰੀ ਵਿਚ ਵਰਸੋਵਾ ਦੇ ਕਬਰਿਸਤਾਨ ਵਿਚ ਸਪੁਰਦ ਏ ਖਾਕ ਕਰ ਦਿੱਤਾ ਗਿਆ।

## ਕੈਂਸਰ ਮਰੀਜ਼ਾਂ ਨੂੰ ਪੈਨਸ਼ਨ ਮਿਲੂ

**ਚੰਡੀਗੜ੍ਹ:** ਹਰਿਆਣਾ ਸਰਕਾਰ ਸੂਬੇ ਨਾਲ ਸਬੰਧਤ ਕੈਂਸਰ ਦੇ ਮਰੀਜ਼ਾਂ ਨੂੰ ਰਾਜ ਦੇ ਸਮਾਜਿਕ ਸੁਰੱਖਿਆ ਪੈਨਸ਼ਨ ਸਕੀਮ ਦੇ ਘੇਰੇ ਵਿਚ ਲਿਆਉਣ ਦੀ ਤਿਆਰੀ ਕਰ ਰਹੀ ਹੈ। ਸਮਾਜਿਕ ਨਿਆਂ ਤੇ ਸਸ਼ਕਤੀਕਰਨ ਬਾਰੇ ਰਾਜ ਮੰਤਰੀ ਓ.ਪੀ. ਯਾਦਵ ਨੇ ਕਿਹਾ ਕਿ ਇਹ ਪੈਨਸ਼ਨ ਬੁਢਾਪਾ ਪੈਨਸ਼ਨ ਦੀ ਤਰਜ਼ ਉਤੇ ਦਿੱਤੀ ਜਾ ਸਕਦੀ ਹੈ।

# ਪਰਮਿੰਦਰ ਸਿੰਘ ਘੋਤੜਾ ਸੁਰਗਵਾਸ

**ਸ਼ਿਕਾਗੋ (ਬਿਊਰੋ):** ਪੰਜਾਬੀ ਕਲਚਰਲ ਸੁਸਾਇਟੀ (ਪੀ. ਸੀ. ਐਸ.) ਸ਼ਿਕਾਗੋ ਦੇ ਮੌਜੂਦਾ ਅਡਵਾਈਜ਼ਰੀ ਬੋਰਡ ਦੇ ਮੈਂਬਰ ਪਰਮਿੰਦਰ ਸਿੰਘ ਘੋਤੜਾ ਲੰਘੀ 28 ਮਈ ਨੂੰ ਅਕਾਲ ਚਲਾਣਾ ਕਰ ਗਏ। ਉਹ ਕਰੀਬ 61 ਸਾਲਾਂ ਦੇ ਸਨ। ਪਿਤਾ ਦਰਸ਼ਨ ਸਿੰਘ ਘੋਤੜਾ ਤੇ ਮਾਤਾ ਮਹਿੰਦਰ ਕੌਰ ਦੇ ਘਰ ਜਨਮੇ ਪਰਮਿੰਦਰ ਸਿੰਘ ਘੋਤੜਾ ਪਿਛੋਂ ਪੰਜਾਬ ਦੇ ਪਿੰਡ ਮਿਆਣੀ ਤੋਂ ਸਨ।

ਸਵਰਗੀ ਪਰਮਿੰਦਰ ਸਿੰਘ ਘੋਤੜਾ ਆਪਣੇ ਪਿਛੇ ਪਤਨੀ ਹਰਵਰਿੰਦਰ ਕੌਰ, ਪੁੱਤਰ ਰਾਏਬਰਿੰਦਰ ਸਿੰਘ ਘੋਤੜਾ, ਧੀ ਰਣਧੀਰ ਕੌਰ, ਜਵਾਈ ਐਡਰੀਆਨ ਸੈਨਟੀਆਗੋ ਤੇ ਦੋਹਤੀ ਮਾਹੀ; ਭਰਾ ਸਤਵਿੰਦਰ ਸਿੰਘ ਤੇ ਹਰਵਿੰਦਰ ਸਿੰਘ (ਬਿੱਲਾ) ਅਤੇ ਭੈਣਾਂ-ਜਸਵੰਤ ਕੌਰ, ਇਕਬਾਲ ਕੌਰ ਅਟੱਲ, ਜੋਗਵਿੰਦਰ ਕੌਰ ਤੇ ਪਿੰਕੀ ਪਾਲੀਆ; ਭਣੋਈਏ-ਕੁਲਵੰਤ ਸਿੰਘ, ਸਤਵੰਤ ਸਿੰਘ ਅਟੱਲ, ਸੁਰਿੰਦਰ ਸਿੰਘ ਮੁਲਤਾਨੀ ਅਤੇ ਜਸਬੀਰ ਸਿੰਘ ਪਾਲੀਆ ਤੇ ਭਰਿਆ ਪਰਿਵਾਰ



ਛੱਡ ਗਏ ਹਨ।

ਲੰਘੀ 31 ਮਈ ਨੂੰ ਉਨ੍ਹਾਂ ਦਾ ਸਸਕਾਰ ਕਰ ਦਿਤਾ ਗਿਆ। ਸਵਰਗੀ ਘੋਤੜਾ ਨਮਿਤ ਸਹਿਜ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਸਨਿਚਰਵਾਰ, 6 ਜੂਨ ਨੂੰ ਬਾਅਦ ਦੁਪਹਿਰ 3:30 ਤੋਂ 5 ਵਜੇ ਤੱਕ ਗੁਰਦੁਆਰਾ ਪੈਲਾਟਾਈਨ ਵਿਖੇ ਹੋਣਗੇ। ਪੀ. ਸੀ. ਐਸ. ਨੇ ਘੋਤੜਾ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕਰਦਿਆਂ ਵਾਹਿਗੁਰੂ ਅੱਗੇ ਵਿਛੜੀ ਰੂਹ ਦੀ ਆਤਮਿਕ ਸ਼ਾਂਤੀ ਅਤੇ ਪਿਛੇ ਰਹਿ ਗਏ ਪਰਿਵਾਰ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਹੈ।


ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ

'ਦੇਸੀ ਬਾਜ਼ਾਰ' ਗਰੀਨਵੁੱਡ, ਇੰਡੀਆਨਾ ਲਈ ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ

ਚੰਗੀ ਤਨਖਾਹ ਤੇ ਹੋਰ ਸਹੂਲਤਾਂ

ਸੰਪਰਕ ਕਰੋ: 317-888-2040


# Matrimonials

## ਲੜਕੀ ਦੀ ਲੋੜ ਹੈ

Looking for a beautiful citizen/green card holder girl in USA for handsome Nandha Sikh Boy (clean shaven), 26 yrs, 5'-8", living in San Francisco and working as a Software Engineer in top IT firm. MS in computer science. Cast no bar. Pl. Contact, Ph: 925-378-8025 21-24

Looking for a suitable girl for Sehajdhari Sikh boy, 32 yrs, tee-totter, born in New York, US MD. Doctor preferred. Family is vegetarian. Contact, Ph: 321-888-5109 or E-mail: billsinghtech@gmail.com 21-24

Wanted a beautiful, educated and cultured girl for a Lubana Sikh boy, 29 yrs, 5'-10", B.Tech. (Mech), MBA (Finance) working as lead analyst in a MNC in Gurgaon, handsome salary, Father retired PCS officer, mother advocate, sister elder and married. Cast no bar. Simple marriage. Interested may contact, Ph: +91-98144-02444 18-

## ਲੜਕੇ ਦੀ ਲੋੜ ਹੈ

Wanted suitable match in USA Born or raised and we consider student visa also for good looking Punjabi Brahmin girl, 28 yrs, 5'-4", well educated BBA, working as a HR Manager in multinational company. Please contact Hindu family only. Please email: pk-1960@hotmail.com, Ph: 216-288-1676 21-24

Wanted a suitable match in USA/CANADA for Jatt Sikh Grewal Canadian citizen girl, 34, 5'9", slim & fair. Convent educated, was Nurse in India & will do refresher course for RN license. Innocent divorcee. Ph. 1-587-438-1662, 91-9915881881, 775-813-0586 8-11

Moderate Babbar-Koshal family seeks US citizen or green card holder girl for their non veg, manglik son, 31 yrs, 5'-8", B. A., Business man, living in Jalandhar (PB); father business man, One brother settled in USA & two sisters locally married. Call, Ph: 718-709-1908 17-20

## ਲੜਕੀ ਦੀ ਲੋੜ ਹੈ

ਸੈਣੀ ਸਿੱਖ ਉਮਰ 34 ਸਾਲ, ਕੱਦ 5'-9", ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892


Midway Business Broker




For All Your Commercial Real Estate Needs

MIDWAY Business Broker
We Build Your Dreams

We Help You To
*Gas Station
*Commercial
*Liquor Store
*Hotel/Motel
*Miscellaneous Store

We will assist you to provide funding from $25K to $500K in 48 hrs.

List your business at: WWW.MBBBIZ.COM

Ajeet Singh: 847-529-9778

Nick Verma: 630-664-1435



ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

Gurdip Singh Sandhu

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**Live on Jas TV**
Saturday 9:30AM and Sunday 4PM (Pacific Time)

7021 Village Park Way, Dublin, CA 94568

Email: Homeomedicine@yahoo.com



Michigan Truck Driving School

6405 Middlebelt Road, Romulus, MI 48174

ਖੁਸ਼ਖਬਰੀ ! ਖੁਸ਼ਖਬਰੀ ! !
ਖੁਸ਼ਖਬਰੀ ! ! !
ਹੁਣ 48 ਸਟੇਟਾਂ ਵਿਚ
ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇਸੈਂਸ ਲਓ

*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Raj Jamarai Cell:734-644-1010 Office:734-747-4298

# ਦੂਜੀ ਪਾਰੀ ਦਾ ਪਹਿਲਾ ਸਾਲ: ਮੋਦੀ ਨੇ ਪ੍ਰਾਪਤੀਆਂ ਗਿਣਵਾਈਆਂ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੀ ਸਰਕਾਰ ਦੇ ਦੂਜੇ ਕਾਰਜਕਾਲ ਦਾ ਪਹਿਲਾ ਸਾਲ ਪੂਰਾ ਹੋਣ 'ਤੇ ਦੇਸ਼ ਵਾਸੀਆਂ ਨੂੰ ਚਿੱਠੀ ਲਿਖੀ ਹੈ। ਪ੍ਰਧਾਨ ਮੰਤਰੀ ਨੇ 3 ਸਫਿਆਂ ਦੀ ਤਵਸੀਲੀ ਚਿੱਠੀ 'ਚ ਪਿਛਲੇ ਇਕ ਸਾਲ ਵਿਚ ਸਰਕਾਰ ਵੱਲੋਂ ਕੀਤੇ ਕੰਮਕਾਜ ਦਾ ਤਵਸੀਲੀ ਬਿਊਰਾ ਦਿੱਤਾ। ਉਨ੍ਹਾਂ ਕਿਹਾ ਕਿ ਜੇਕਰ ਹਾਲਾਤ ਸਹੀ ਹੁੰਦੇ ਤਾਂ ਉਹ ਆਪ ਲੋਕਾਂ ਦਰਮਿਆਨ ਆ ਕੇ ਉਨ੍ਹਾਂ ਦਾ ਆਸ਼ੀਰਵਾਦ ਲੈਂਦੇ।



ਜ਼ਿਕਰਯੋਗ ਹੈ ਕਿ ਲੋਕ ਸਭਾ ਚੋਣਾਂ 2019 ਵਿਚ 303 ਸੀਟਾਂ ਜਿੱਤ ਕੇ ਲਗਾਤਾਰ ਦੂਜੀ ਵਾਰ ਬਹੁਮਤ ਵਾਲੀ ਸਰਕਾਰ ਕਾਇਮ ਕਰਨ ਵਾਲੀ ਮੋਦੀ ਸਰਕਾਰ ਦਾ ਪਹਿਲਾ ਸਾਲ 30 ਮਈ ਨੂੰ ਪੂਰਾ ਹੋ ਗਿਆ ਹੈ, ਜਿਥੇ ਸਰਕਾਰ ਦੇ ਕਾਰਜਕਾਲ ਦੇ 100 ਦਿਨ ਪੂਰੇ ਹੋਣ ਉਤੇ ਕੇਂਦਰ ਵਲੋਂ ਕੀਤੇ ਕੰਮਾਂ ਦਾ ਲੇਖਾ-ਜੋਖਾ ਦਿੰਦਿਆਂ ਇਕ ਕਿਤਾਬ ਛਪਵਾਈ ਗਈ ਸੀ। ਇਸ ਵਾਰ ਕਰੋਨਾ ਵਾਇਰਸ ਕਾਰਨ ਪੈਦਾ ਹੋਈ ਸਥਿਤੀ ਕਾਰਨ ਮੋਦੀ ਸਰਕਾਰ ਨੇ ਇਕ ਸਾਲਾ ਵਰ੍ਹੇਗੰਢ ਦੇ ਜਸ਼ਨ ਵਰਚੂਅਲ ਹੀ ਮਨਾਉਣ ਦਾ ਫੈਸਲਾ ਕੀਤਾ ਹੈ। ਇਸ ਕਵਾਇਦ ਤਹਿਤ ਭਾਜਪਾ ਆਗੂ 750 ਵਰਚੂਅਲ ਰੈਲੀਆਂ ਅਤੇ 1000 ਈ-ਕਾਨਫਰੰਸਾਂ ਕਰਨਗੇ। ਇਸ ਤੋਂ ਇਲਾਵਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ 10 ਕਰੋੜ ਪਰਿਵਾਰਾਂ ਨੂੰ ਉਕਤ ਚਿੱਠੀ ਭੇਜਣਗੇ। ਪ੍ਰਧਾਨ ਮੰਤਰੀ ਨੇ ਜਿਥੇ 2014 ਵਿਚ ਮਿਲੀ ਜਿੱਤ ਨੂੰ 'ਬਦਲਾਅ ਲਈ ਕੀਤਾ ਵੋਟ' ਕਰਾਰ ਦਿੱਤਾ, ਉਥੇ ਉਨ੍ਹਾਂ ਪਹਿਲੇ ਕਾਰਜਕਾਲ ਨੂੰ 'ਜ਼ਰੂਰਤਾਂ ਦੀ ਪੂਰਤੀ' ਲਈ ਸਮਰਪਿਤ ਕਾਰਜਕਾਲ ਕਰਾਰ ਦਿੱਤਾ, ਜਿਸ ਦੌਰਾਨ ਸਰਕਾਰ ਦੀਆਂ ਗਰੀਬ ਪੱਖੀ ਨੀਤੀਆਂ, ਬੈਂਕ ਖਾਤੇ, ਮੁਫਤ ਗੈਸ ਕੁਨੈਕਸ਼ਨ, ਜੀ.ਐਸ.ਟੀ. ਲਾਗੂ ਕਰਨਾ, ਵਨ ਰੈਂਕ ਵਨ ਪੈਨਸ਼ਨ, ਕਿਸਾਨਾਂ ਦੀ ਐਮ.ਐਸ.ਪੀ. ਮੰਗ ਪੂਰੀ ਕਰਨਾ ਆਦਿ ਦਾ ਵਿਸ਼ੇਸ਼ ਜ਼ਿਕਰ ਕੀਤਾ।

ਮੋਦੀ ਨੇ 2019 ਵਿਚ ਮਿਲੀ ਜਿੱਤ ਨੂੰ ਦੇਸ਼ ਦੇ ਵੱਡੇ ਸੁਪਨਿਆਂ ਲਈ ਮਿਲਿਆ ਫਤਵਾ ਕਰਾਰ ਦਿੱਤਾ। ਉਨ੍ਹਾਂ ਧਾਰਾ 370, ਤੀਹਰਾ ਤਲਾਕ, ਨਾਗਰਿਕਤਾ ਸੋਧ ਕਾਨੂੰਨ ਅਤੇ ਰਾਮ ਮੰਦਰ ਦੀ ਉਸਾਰੀ ਨੂੰ ਸਰਕਾਰ ਦੀਆਂ ਉਪਲਬਧੀਆਂ ਵਜੋਂ ਪੇਸ਼ ਕਰਨ ਦੇ ਨਾਲ-ਨਾਲ ਕਿਸਾਨ ਸਨਮਾਨ ਨਿਧੀ, ਸਾਫ ਪਾਣੀ, ਛੋਟੇ ਦੁਕਾਨਦਾਰਾਂ ਲਈ ਪੈਨਸ਼ਨ, ਮਛੇਰਿਆਂ, ਵਪਾਰੀਆਂ ਆਦਿ ਦੇ ਹਿਤਾਂ ਲਈ ਚੁੱਕੇ ਗਏ ਅਤੇ ਐਲਾਨੇ ਗਏ ਕੰਮਾਂ ਦਾ ਵੀ ਜ਼ਿਕਰ ਕੀਤਾ। ਕਰੋਨਾ ਮਹਾਮਾਰੀ ਕਾਰਨ ਵਿਕਾਸ ਕਾਰਜਾਂ ਵਿਚ ਆਏ ਠਹਿਰਾਅ 'ਤੇ ਪ੍ਰਧਾਨ ਮੰਤਰੀ ਨੇ ਕਿਹਾ ਕਿ ਕਈਆਂ ਵਲੋਂ ਇਹ ਖਦਸ਼ਾ ਪ੍ਰਗਟਾਇਆ ਗਿਆ ਸੀ ਕਿ ਭਾਰਤ ਪੂਰੀ ਦੁਨੀਆਂ ਲਈ ਸੰਕਟ ਬਣ ਜਾਏਗਾ ਪਰ ਦੇਸ਼ਵਾਸੀਆਂ ਦੀ ਸਮੂਹਿਕ ਸਮਰੱਥਾ ਨੂੰ ਦੇਸ਼ ਦੀ ਤਾਕਤ ਦੱਸਦਿਆਂ ਉਨ੍ਹਾਂ ਕਿਹਾ ਕਿ ਅਸੀਂ ਇਕੱਠੇ ਕੋਈ ਵੀ ਸੰਕਟ ਪਾਰ ਕਰ ਸਕਦੇ ਹਾਂ। ਪ੍ਰਧਾਨ ਮੰਤਰੀ ਨੇ ਕਰੋਨਾ ਸੰਕਟ ਵਿਚ ਦੇਸ਼ਵਾਸੀਆਂ ਦੀ ਸ਼ਲਾਘਾ ਕਰਨ ਦੇ ਨਾਲ ਤਾਲੀ-ਥਾਲੀ ਵਜਾਉਣ ਅਤੇ ਦੀਵਾ ਜਲਾਉਣ ਦਾ ਵੀ ਉਚੇਚਾ ਜ਼ਿਕਰ ਕਰਦਿਆਂ ਇਸ ਨੂੰ ਸਮੂਹਿਕ ਜਜ਼ਬਾ ਕਰਾਰ ਦਿੱਤਾ।

ਪ੍ਰਧਾਨ ਮੰਤਰੀ ਨੇ ਪਰਵਾਸੀ ਮਜ਼ਦੂਰਾਂ ਅਤੇ ਹੋਰ ਹੇਠਲੇ ਤਬਕੇ ਨੂੰ ਤਾਲਾਬੰਦੀ ਕਾਰਨ ਦਰਪੇਸ਼ ਆਈਆਂ ਮੁਸ਼ਕਲਾਂ ਨੂੰ ਚਿੱਠੀ ਵਿਚ ਸ਼ਾਮਲ ਕਰਦਿਆਂ ਕਿਹਾ ਕਿ ਏਨੇ ਵੱਡੇ ਸੰਕਟ ਵਿਚ ਕੋਈ ਇਹ ਦਾਅਵਾ ਨਹੀਂ ਕਰ ਸਕਦਾ ਕਿ ਕਿਸੇ ਨੂੰ ਕੋਈ ਤਕਲੀਫ ਨਾ ਹੋਵੇ। ਉਨ੍ਹਾਂ ਕਿਹਾ ਕਿ ਇਨ੍ਹਾਂ ਤਬਕਿਆਂ ਦੀਆਂ ਪਰੇਸ਼ਾਨੀਆਂ ਦੂਰ ਕਰਨ ਲਈ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਚਿੱਠੀ ਦੇ ਆਖਰ ਵਿਚ ਭਾਵੁਕ ਸੰਦੇਸ਼ ਦਿੰਦਿਆਂ ਕਿਹਾ ਕਿ ਦੇਸ਼ ਦੇ ਸਾਹਮਣੇ ਅਜੇ ਕਈ ਚੁਣੌਤੀਆਂ ਹਨ, ਜਿਨ੍ਹਾਂ ਲਈ ਬਹੁਤ ਕੁਝ ਕਰਨਾ ਹੈ। ਮੋਦੀ ਨੇ ਕਿਹਾ ਕਿ ਉਹ ਕੋਸ਼ਿਸ਼ ਕਰ ਰਹੇ ਹਨ, ਉਨ੍ਹਾਂ ਵਿਚ ਕਮੀ ਹੋ ਸਕਦੀ ਹੈ ਪਰ ਦੇਸ਼ ਵਿਚ ਕੋਈ ਕਮੀ ਨਹੀਂ ਹੈ। ਮੋਦੀ ਨੇ ਸੰਕਟ ਦੀ ਘੜੀ ਨੂੰ ਸੰਕਲਪ ਦੀ ਘੜੀ ਬਣਾਉਣ ਦੀ ਅਪੀਲ ਕਰਦਿਆਂ ਦੇਸ਼ਵਾਸੀਆਂ ਨੂੰ ਉਨ੍ਹਾਂ 'ਤੇ ਭਰੋਸਾ ਬਣਾਏ ਰੱਖਣ ਲਈ ਧੰਨਵਾਦ ਕੀਤਾ।

## ਲੋਕਾਂ ਦੇ ਸੁਪਨਿਆਂ ਦੀ ਪੂਰਤੀ?

**ਨਵੀਂ ਦਿੱਲੀ :** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਜਪਾ ਸਰਕਾਰ ਦੇ ਦੂਜੇ ਕਾਰਜਕਾਲ ਦਾ ਪਹਿਲਾ ਸਾਲ ਪੂਰਾ ਹੋਣ 'ਤੇ ਧਾਰਾ 370 ਹਟਾਉਣ, ਰਾਮ ਮੰਦਰ ਮਸਲੇ ਦਾ ਹੱਲ ਕਰਾਉਣ, ਤੀਹਰੇ ਤਲਾਕ ਦੇ ਅਪਰਾਧੀਕਰਨ ਅਤੇ ਨਾਗਰਿਕਤਾ ਐਕਟ ਵਿਚ ਸੋਧ ਨੂੰ ਆਪਣੀਆਂ ਮੁੱਖ ਪ੍ਰਾਪਤੀਆਂ ਦੱਸਿਆ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਵਲੋਂ ਪਿਛਲੇ ਇਕ ਸਾਲ ਦੌਰਾਨ ਭਾਰਤ ਨੂੰ ਆਲਮੀ ਆਗੂ ਬਣਾਉਣ ਦਾ ਸੁਪਨਾ ਪੂਰਾ ਕਰਨ ਦੇ ਮਕਸਦ ਨਾਲ ਫੈਸਲੇ ਲਏ ਗਏ ਸਨ। ਦੇਸ਼ ਵਾਸੀਆਂ ਦੇ ਨਾਂ ਲਿਖੇ ਖੁੱਲ੍ਹੇ ਪੱਤਰ ਵਿਚ ਮੋਦੀ ਨੇ ਕਿਹਾ ਕਿ 2019 ਵਿਚ ਲੋਕਾਂ ਨੇ ਕੇਵਲ ਲਗਾਤਾਰਤਾ ਲਈ ਵੋਟ ਨਹੀਂ ਪਾਈ ਸੀ, ਬਲਕਿ ਭਾਰਤ ਨੂੰ ਨਵੀਆਂ ਬੁਲੰਦੀਆਂ ਉਤੇ ਲਿਜਾਣ ਅਤੇ ਆਲਮੀ ਆਗੂ ਬਣਾਉਣ ਦੇ ਸੁਪਨੇ ਨਾਲ ਵੀ ਵੋਟ ਪਾਈ ਸੀ। ਇਨ੍ਹਾਂ ਸੁਪਨਿਆਂ ਦੀ ਪੂਰਤੀ ਦੇ ਮਕਸਦ ਨਾਲ ਪਿਛਲੇ ਇਕ ਸਾਲ ਦੌਰਾਨ ਫੈਸਲੇ ਲਏ ਗਏ।

## ਸਰਕਾਰ ਨੇ ਬੇੜਾ ਗਰਕ ਕਰ ਦਿੱਤਾ: ਕਾਂਗਰਸ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਆਪਣੀ ਸਰਕਾਰ ਦੇ ਦੂਜੇ ਕਾਰਜਕਾਲ ਦਾ ਪਹਿਲਾ ਸਾਲ ਮੁਕੰਮਲ ਹੋਣ 'ਤੇ ਕੀਤੇ ਗਏ ਦਾਅਵਿਆਂ ਦਾ ਮਖੌਲ ਉਡਾਉਂਦਿਆਂ ਵਿਰੋਧੀ ਪਾਰਟੀ ਕਾਂਗਰਸ ਨੇ ਕਿਹਾ ਹੈ ਕਿ ਸਰਕਾਰ ਦਾ ਸਾਲ 2019-20 ਕਾਲ ਨਿਰਾਸ਼ਾ, ਤਬਾਹਕੁਨ ਪ੍ਰਬੰਧ ਤੇ ਬੇਤਹਾਸ਼ਾ ਦਰਦ ਦਾ ਰਿਹਾ ਹੈ। ਪਾਰਟੀ ਨੇ ਕਿਹਾ ਕਿ ਮੋਦੀ ਸਰਕਾਰ ਦੇ ਹੁਣ ਤੱਕ ਦੇ ਕੁੱਲ ਛੇ ਸਾਲਾਂ ਦੌਰਾਨ ਫਿਰਕਾਪ੍ਰਸਤੀ, ਜਾਤੀ ਹਿੰਸਾ ਵਿਚ ਵਾਧਾ ਹੋਣ ਦੇ ਨਾਲ ਨਾਲ ਸੰਵੇਦਨਸ਼ੀਲਤਾ ਤੇ ਭਾਈਚਾਰਕ ਸਾਂਝ ਦਾ ਬੇੜਾ ਗਰਕ ਗਿਆ ਹੈ। ਕਾਂਗਰਸ ਨੇ ਮੋਦੀ ਸਰਕਾਰ ਦੇ ਦੂਜੇ ਕਾਰਜਕਾਲ ਦੀ ਪਹਿਲੀ ਵਰ੍ਹੇਗੰਢ ਮੌਕੇ 'ਬੇਵੱਸ ਲੋਕ, ਬੇਰਹਿਮ ਸਰਕਾਰ' ਦਾ ਨਾਅਰਾ ਦਿੱਤਾ ਹੈ ਤੇ ਸਰਕਾਰ ਦੀ ਅਸਫਲਤਾ ਦੀ 16 ਸੂਤਰੀ ਸੂਚੀ ਜਾਰੀ ਕੀਤੀ ਹੈ।

## ਕਰੋਨਾ ਦੇ ਖਾਤਮੇ ਲਈ ਉੜੀਸਾ ਦੇ ਮੰਦਰ 'ਚ ਦਿੱਤੀ ਮਨੁੱਖ ਦੀ ਬਲੀ

**ਭੁਵਨੇਸ਼ਵਰ:** ਪੁਲਿਸ ਨੇ ਦੱਸਿਆ ਹੈ ਕਿ ਕਰੋਨਾ ਮਹਾਮਾਰੀ ਨੂੰ ਖਤਮ ਕਰਨ ਲਈ ਉੜੀਸਾ ਦੇ ਕਟਕ ਜ਼ਿਲ੍ਹੇ ਦੇ ਮੰਦਰ ਦੇ ਅਹਾਤੇ ਵਿਚ ਪੁਜਾਰੀ ਨੇ 52 ਸਾਲਾ ਵਿਅਕਤੀ ਦੀ ਬਲੀ ਦੇ ਦਿੱਤੀ। ਮੁਲਜ਼ਮ ਸੰਸਾਰੀ ਓਝਾ (70) ਨੇ ਪੁਲਿਸ ਅੱਗੇ ਆਤਮ ਸਮਰਪਣ ਕਰ ਦਿੱਤਾ ਹੈ ਅਤੇ ਉਸ ਨੇ ਜੁਰਮ ਦਾ ਇਕਬਾਲ ਕਰ ਲਿਆ ਹੈ।

ਅਠਗੜ੍ਹ ਦੇ ਸਬ-ਡਵੀਜ਼ਨਲ ਪੁਲਿਸ ਅਧਿਕਾਰੀ ਅਲੋਕ ਰੰਜਨ ਰੇਅ ਨੇ ਦੱਸਿਆ ਕਿ ਓਝਾ ਨੇ ਦਾਅਵਾ ਕੀਤਾ ਕਿ ਉਸ ਦੇ ਸੁਪਨੇ ਵਿਚ ਦੇਵੀ ਆਈ ਸੀ ਤੇ ਉਸ ਨੇ ਕਿਹਾ ਸੀ ਕਿ ਕਰੋਨਾ ਮਹਾਮਾਰੀ ਖਤਮ ਹੋ ਜਾਵੇਗੀ, ਬਸ਼ਰਤੇ ਉਹ ਇਸ ਲਈ ਮਨੁੱਖੀ ਬਲੀ ਦੇਵੇ। ਇਹ ਘਟਨਾ ਨਰਸਿੰਘਪੁਰ ਥਾਣਾ ਖੇਤਰ ਦੇ ਬਨਧੌਦਾ ਪਿੰਡ ਦੇ ਬ੍ਰਾਹਮਣੀ ਦੇਵੀ ਮੰਦਰ ਦੀ ਹੈ। ਮ੍ਰਿਤਕ ਦੀ ਪਛਾਣ 52 ਸਾਲਾ ਸਰੋਜ ਕੁਮਾਰ ਪ੍ਰਧਾਨ ਵਜੋਂ ਹੋਈ ਹੈ। ਇਕ ਪੁਲਿਸ ਅਧਿਕਾਰੀ ਆਰਬੀ ਪਾਨੀਗੜ੍ਹੀ ਨੇ ਦੱਸਿਆ ਕਿ ਸਥਾਨਕ ਲੋਕਾਂ ਨੇ ਦਾਅਵਾ ਕੀਤਾ ਕਿ ਓਝਾ ਦਾ ਪ੍ਰਧਾਨ ਨਾਲ ਪਿੰਡ 'ਚ ਅੰਬ ਦੇ ਬਾਗ ਬਾਰੇ ਵਿਵਾਦ ਚੱਲ ਰਿਹਾ ਸੀ। ਬਲੀ ਲਈ ਵਰਤੀ ਕੁਹਾੜੀ ਬਰਾਮਦ ਕਰ ਲਈ ਹੈ।

# ਹੁਣ ਲੌਕਡਾਊਨ ਵਿਚੋਂ ਬਾਹਰ ਨਿਕਲਣ ਦੀ ਰਣਨੀਤੀ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ 67 ਦਿਨਾਂ ਦੇ 'ਲੌਕਡਾਊਨ' ਵਿਚੋਂ ਬਾਹਰ ਨਿਕਲਣ ਵੱਲ ਕਦਮ ਪੁੱਟਦਿਆਂ ਸਖਤ ਪਾਬੰਦੀਆਂ ਨੂੰ 30 ਜੂਨ ਤੱਕ 'ਕੰਟੇਨਮੈਂਟ ਜ਼ੋਨਾਂ' (ਕਰੋਨਾ ਵਾਇਰਸ ਨਾਲ ਜ਼ਿਆਦਾ ਪ੍ਰਭਾਵਿਤ ਖੇਤਰਾਂ) ਤੱਕ ਸੀਮਤ ਕਰ ਦਿੱਤਾ ਹੈ। ਜ਼ੋਨ ਨਿਰਧਾਰਿਤ ਕਰਨ ਦਾ ਅਧਿਕਾਰ ਜ਼ਿਲ੍ਹਾ ਅਥਾਰਿਟੀ ਨੂੰ ਹੋਵੇਗਾ ਤੇ ਸਿਹਤ ਮੰਤਰਾਲੇ ਦੀਆਂ ਹਦਾਇਤਾਂ ਮੁਤਾਬਕ ਕੰਟੇਨਮੈਂਟ ਜ਼ੋਨ ਤੈਅ ਕੀਤੇ ਜਾ ਸਕਣਗੇ। ਇਨ੍ਹਾਂ ਜ਼ੋਨਾਂ ਵਿਚ ਸਿਰਫ ਜ਼ਰੂਰੀ ਸੇਵਾਵਾਂ ਨੂੰ ਹੀ ਇਜਾਜ਼ਤ ਹੋਵੇਗੀ, ਪਰ ਲੋਕਾਂ ਨੂੰ ਅੰਦਰ-ਬਾਹਰ ਆਉਣ ਦੀ ਪ੍ਰਵਾਨਗੀ ਬਿਲਕੁਲ ਨਹੀਂ ਦਿੱਤੀ ਜਾਵੇਗੀ। ਕੇਂਦਰੀ ਗ੍ਰਿਹ ਮੰਤਰਾਲੇ ਨੇ ਇਸ ਨੂੰ 'ਅਨਲੌਕ 1' ਦਾ ਨਾਂ ਦਿੰਦਿਆਂ ਤਾਜ਼ਾ ਹਦਾਇਤਾਂ ਜਾਰੀ ਕੀਤੀਆਂ ਹਨ। ਕੋਵਿਡ-19 ਕਾਰਨ ਕੀਤੇ ਗਏ 'ਲੌਕਡਾਊਨ' ਦਾ ਚੌਥਾ ਗੇੜ 31 ਮਈ ਨੂੰ ਮੁੱਕ ਗਿਆ ਹੈ।



ਇਸ ਤੋਂ ਇਲਾਵਾ ਤੇਜ਼ ਰਫਤਾਰ ਨਾਲ ਕੋਵਿਡ ਪੀੜਤ ਦੇ ਵੱਧ ਤੋਂ ਵੱਧ ਸੰਪਰਕਾਂ ਦੀ ਸ਼ਨਾਖਤ ਕੀਤੀ ਜਾਵੇਗੀ, ਘਰ-ਘਰ ਨਿਗਰਾਨੀ ਰੱਖੀ ਜਾਵੇਗੀ। ਸੂਬੇ ਤੇ ਕੇਂਦਰ ਸ਼ਾਸਿਤ ਪ੍ਰਦੇਸ਼ 'ਬਫਰ ਜ਼ੋਨ' ਵੀ ਮਿੱਥ ਸਕਦੇ ਹਨ, ਜਿਥੇ ਨਵੇਂ ਮਾਮਲੇ ਆਉਣ ਦੀ ਸੰਭਾਵਨਾ ਹੋਵੇ। ਇਥੇ ਜ਼ਿਲ੍ਹਾ ਪ੍ਰਸ਼ਾਸਨ ਲਾਜ਼ਮੀ ਤੌਰ ਉਤੇ ਪਾਬੰਦੀਆਂ ਲਾ ਸਕਦਾ ਹੈ। ਜਿਥੇ ਕੰਟੇਨਮੈਂਟ ਜ਼ੋਨਾਂ ਵਿਚ ਦੇਸ਼ ਵਿਆਪੀ ਲੌਕਡਾਊਨ 30 ਜੂਨ ਤੱਕ ਵਧਾ ਦਿੱਤਾ ਗਿਆ ਹੈ, ਉਥੇ ਮਹਿਮਾਨਦਾਰੀ ਨਾਲ ਜੁੜੀਆਂ ਸੇਵਾਵਾਂ, ਹੋਟਲ ਤੇ ਸ਼ਾਪਿੰਗ ਮਾਲਜ਼ ਨੂੰ 8 ਜੂਨ ਤੋਂ ਖੋਲ੍ਹਣ ਦੀ ਇਜਾਜ਼ਤ ਦੇ ਦਿੱਤੀ ਗਈ ਹੈ। ਕੇਂਦਰੀ ਗ੍ਰਿਹ ਮੰਤਰਾਲੇ ਨੇ ਇਸ ਨੂੰ 'ਅਨਲੌਕ 1' ਦਾ ਨਾਂ ਦਿੰਦਿਆਂ ਤਾਜ਼ਾ ਹਦਾਇਤਾਂ ਜਾਰੀ ਕੀਤੀਆਂ ਹਨ। ਕੋਵਿਡ-19 ਕਾਰਨ ਕੀਤੇ ਗਏ 'ਲੌਕਡਾਊਨ' ਦਾ ਚੌਥਾ ਗੇੜ 31 ਮਈ ਨੂੰ ਮੁੱਕ ਗਿਆ ਹੈ।

ਨਵੀਆਂ ਹਦਾਇਤਾਂ ਵਿਚ ਗ੍ਰਿਹ ਮੰਤਰਾਲੇ ਨੇ ਕਿਹਾ ਹੈ ਕਿ 'ਕੰਟੇਨਮੈਂਟ ਜ਼ੋਨਾਂ' ਤੋਂ ਬਾਹਰ ਪਾਬੰਦੀ ਅਧੀਨ ਗਤੀਵਿਧੀਆਂ ਨੂੰ ਪੜਾਅਵਾਰ ਪਹਿਲੀ ਜੂਨ ਤੋਂ ਮੁੜ ਚਾਲੂ ਕੀਤਾ ਜਾਵੇਗਾ। ਧਾਰਮਿਕ ਅਸਥਾਨ, ਹੋਟਲ-ਰੈਸਤਰਾਂ, ਮਾੱਲਜ਼ ਤੇ ਮਹਿਮਾਨ ਨਿਵਾਜ਼ੀ ਖੇਤਰ ਨਾਲ ਜੁੜੀਆਂ ਹੋਰ ਸੇਵਾਵਾਂ 8 ਜੂਨ ਤੋਂ ਖੋਲ੍ਹ ਦਿੱਤੀਆਂ ਜਾਣਗੀਆਂ। ਕੌਮਾਂਤਰੀ ਉਡਾਣਾਂ, ਵੱਖ-ਵੱਖ ਸ਼ਹਿਰਾਂ ਵਿਚ ਮੈਟਰੋ, ਸਿਨੇਮਾ ਹਾਲ, ਜਿਮ ਤੇ ਸਿਆਸੀ ਰੈਲੀਆਂ ਅਰੰਭਣ ਬਾਰੇ ਹਾਲੇ ਕੋਈ ਫੈਸਲਾ ਨਹੀਂ ਲਿਆ ਗਿਆ ਤੇ ਸਥਿਤੀ ਦੀ ਸਮੀਖਿਆ ਕਰ ਕੇ ਹੀ ਕੋਈ ਫੈਸਲਾ ਲਿਆ ਜਾਵੇਗਾ।

## ਕਰਫਿਊ ਹੁਣ ਰਾਤ 9 ਤੋਂ ਸਵੇਰੇ ਪੰਜ ਵਜੇ ਤੱਕ

**ਨਵੀਂ ਦਿੱਲੀ:** ਨਵੀਆਂ ਹਦਾਇਤਾਂ ਵਿਚ ਰਾਤ ਨੂੰ ਕਰਫਿਊ ਦਾ ਸਮਾਂ ਵੀ ਬਦਲਿਆ ਗਿਆ ਹੈ। ਕਰਫਿਊ ਹੁਣ ਰਾਤ 9 ਵਜੇ ਤੋਂ ਸਵੇਰੇ 5 ਵਜੇ ਤੱਕ ਲੱਗੇਗਾ ਜਦਕਿ ਪਹਿਲਾਂ ਇਹ ਰਾਤ 7 ਤੋਂ ਸਵੇਰੇ ਸੱਤ ਵਜੇ ਤੱਕ ਸੀ। ਸਕੂਲ, ਕਾਲਜ, ਵਿਦਿਅਕ, ਸਿਖਲਾਈ ਤੇ ਕੋਚਿੰਗ ਸੰਸਥਾਵਾਂ ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨਾਲ ਤਾਲਮੇਲ ਕਰ ਕੇ ਖੋਲ੍ਹੇ ਜਾਣਗੇ। ਹਦਾਇਤਾਂ ਵਿਚ ਕਿਹਾ ਗਿਆ ਹੈ ਕਿ ਸੂਬੇ ਤੇ ਕੇਂਦਰ ਸ਼ਾਸਿਤ ਪ੍ਰਦੇਸ਼ ਮਾਪਿਆਂ ਤੇ ਹੋਰਨਾਂ ਹਿੱਤਧਾਰਕਾਂ ਨਾਲ ਤਾਲਮੇਲ ਕਰ ਕੇ ਜੁਲਾਈ ਤੋਂ ਵਿਦਿਅਕ ਸੰਸਥਾਵਾਂ ਖੋਲ੍ਹਣ ਬਾਰੇ ਵਿਚਾਰ ਕਰ ਸਕਦੇ ਹਨ।

# ਫੋਰਬਸ: ਵਿਰਾਟ ਕੋਹਲੀ 'ਤੇ ਡਾਲਰਾਂ ਦਾ ਮੀਂਹ ਵਰ੍ਹਿਆ

**ਨਿਊ ਯਾਰਕ:** ਭਾਰਤੀ ਕ੍ਰਿਕਟ ਟੀਮ ਦਾ ਕਪਤਾਨ ਵਿਰਾਟ ਕੋਹਲੀ ਫੋਰਬਸ ਦੀ ਸੂਚੀ ਵਿਚ ਵਿਸ਼ਵ ਦੇ ਸਭ ਤੋਂ ਵੱਧ ਕਮਾਈ ਵਾਲੇ ਖਿਡਾਰੀਆਂ ਦੀ ਸੂਚੀ ਵਿਚ ਇਕੋ ਇਕ ਭਾਰਤੀ ਹੈ।

ਉਸ ਦੀ ਸਾਲਾਨਾ ਕਮਾਈ 2.6 ਕਰੋੜ ਡਾਲਰ ਹੈ ਅਤੇ ਉਹ 2020 ਵਿਚ 100ਵੇਂ ਤੋਂ 66 ਵੇਂ ਸਥਾਨ ਉਤੇ ਪਹੁੰਚ ਗਿਆ। ਇਸ਼ਤਿਹਾਰਬਾਜ਼ੀ ਤੋਂ ਕੋਹਲੀ ਦੀ ਕਮਾਈ 2.4 ਕਰੋੜ ਡਾਲਰ ਹੈ ਅਤੇ ਤਨਖਾਹ/ਜਿੱਤ ਦੀ ਰਾਸ਼ੀ 20 ਲੱਖ ਡਾਲਰ ਹੈ। 31 ਸਾਲਾ ਇਹ ਖਿਡਾਰੀ 100 ਖਿਡਾਰੀਆਂ ਦੀ ਸੂਚੀ ਵਿਚ ਇਕਲੌਤਾ ਕ੍ਰਿਕਟਰ ਵੀ ਹੈ। 2.5 ਕਰੋੜ ਡਾਲਰ ਦੀ ਕਮਾਈ ਨਾਲ ਕੋਹਲੀ ਸਾਲ 2019 ਵਿਚ 100ਵੇਂ ਅਤੇ 2018 ਵਿਚ 83ਵੇਂ ਨੰਬਰ ਉਤੇ ਸੀ। ਟੈਨਿਸ ਸਵਾਰ ਰੋਜ਼ਰ ਫੈਡਰਰ 10.63 ਕਰੋੜ ਡਾਲਰ ਦੀ ਕਮਾਈ ਨਾਲ ਪਹਿਲੇ, ਕ੍ਰਿਸਟੀਆਨੋ ਰੋਨਾਲਡੋ ਅਤੇ ਲਿਓਨੇਲ ਮੇਸੀ ਫੁੱਟਬਾਲ ਕ੍ਰਮਵਾਰ 10.5 ਅਤੇ 10.4 ਕਰੋੜ ਡਾਲਰ ਦੀ ਕਮਾਈ ਨਾਲ ਦੂਜੇ ਅਤੇ ਤੀਜੇ ਸਥਾਨ ਉਤੇ ਹਨ। ਪਹਿਲੇ ਦਸ ਵਿਚ ਨੇਮਾਰ (ਫੁੱਟਬਾਲ), ਲੇਬਰਨ ਜੇਮਜ਼ (ਬਾਸਕਟਬਾਲ), ਸਟੀਫਨ ਕਰੀ (ਬਾਸਕਟਬਾਲ), ਕੇਵਿਨ ਡੁਰੰਟ (ਬਾਸਕਟਬਾਲ), ਟਾਈਗਰਜ਼ ਵੁਡਜ਼ (ਗੋਲਫ) ਸ਼ਾਮਲ ਹਨ।



ਯਾਦ ਰਹੇ ਕਿ ਵਿਰਾਟ ਕੋਹਲੀ ਪਿਛਲੇ ਕਾਫੀ ਸਮੇਂ ਤੋਂ ਵੱਖ-ਵੱਖ ਕਾਰਨਾਂ ਕਰਕੇ ਲਗਾਤਾਰ ਚਰਚਾ ਵਿਚ ਰਹੇ ਹਨ। ਉਹ ਕਾਮਯਾਬ ਖਿਡਾਰੀ ਤਾਂ ਹਨ ਹੀ, ਪਰ ਉਸ ਦਾ ਸਬੰਧ ਕੁਝ ਵਿਵਾਦਾਂ ਨਾਲ ਵੀ ਜੁੜਦਾ ਰਿਹਾ ਹੈ। ਉਂਜ, ਇਹ ਵੱਖਰੀ ਗੱਲ ਹੈ ਕਿ ਉਹ ਆਪਣੀ ਵਧੀਆਂ ਖੇਡ ਅਤੇ ਕਪਤਾਨੀ ਸਦਕਾ ਇਨ੍ਹਾਂ ਵਿਵਾਦਾਂ ਨੂੰਪਛਾੜਨ ਵਿਚ ਕਾਮਯਾਬ ਰਿਹਾ ਹੈ।

## ਰੋਹਿਤ ਸ਼ਰਮਾ ਖੇਡ ਰਤਨ ਲਈ ਨਾਮਜ਼ਦ

**ਨਵੀਂ ਦਿੱਲੀ:** ਕ੍ਰਿਕਟਰ ਰੋਹਿਤ ਸ਼ਰਮਾ ਨੂੰ ਬੀ.ਸੀ.ਸੀ.ਆਈ. ਨੇ 'ਖੇਡ ਰਤਨ' ਲਈ ਨਾਮਜ਼ਦ ਕੀਤਾ ਹੈ। ਬੀ.ਸੀ.ਸੀ.ਆਈ. ਵਲੋਂ ਬੱਲੇਬਾਜ਼ ਸ਼ਿਖਰ ਧਵਨ ਤੇ ਗੇਂਦਬਾਜ਼ ਇਸ਼ਾਂਤ ਸ਼ਰਮਾ ਅਤੇ ਮਹਿਲਾਵਾਂ ਸ਼੍ਰੇਣੀ ਵਿਚ ਆਲ ਰਾਊਂਡਰ ਦੀਪਤੀ ਸ਼ਰਮਾ ਨੂੰ ਅਰਜੁਨ ਐਵਾਰਡ ਲਈ ਨਾਮਜ਼ਦ ਕੀਤਾ ਹੈ।

# ਭਾਰਤੀ ਅਰਥਚਾਰੇ ਵਿਚ 5% ਨਿਘਾਰ ਦਾ ਖਦਸ਼ਾ

**ਨਵੀਂ ਦਿੱਲੀ:** ਐਸ. ਐਂਡ ਪੀ. ਗਲੋਬਲ ਰੇਟਿੰਗ ਨੇ ਕਿਹਾ ਕਿ ਕੋਵਿਡ-19 ਮਹਾਮਾਰੀ ਦੀ ਰੋਕਥਾਮ ਲਈ ਕੀਤੇ ਗਏ ਲੌਕਡਾਊਨ ਕਾਰਨ ਆਰਥਿਕ ਗਤੀਵਿਧੀਆਂ ਬੁਰੀ ਤਰ੍ਹਾਂ ਪ੍ਰਭਾਵਿਤ ਹੋਈਆਂ ਹਨ ਜਿਸ ਨਾਲ ਭਾਰਤੀ ਅਰਥਚਾਰਾ ਚਾਲੂ ਵਿੱਤੀ ਵਰ੍ਹੇ 'ਚ ਪੰਜ ਫੀਸਦ ਘਟ ਸਕਦਾ ਹੈ। ਐਸ. ਐਂਡ ਪੀ. ਨੇ ਕਿਹਾ ਹੈ, "ਅਸੀਂ ਮਾਰਚ 2021 'ਚ ਮੁਕੰਮਲ ਹੋ ਰਹੇ ਵਿੱਤੀ ਵਰ੍ਹੇ ਲਈ ਪਹਿਲਾਂ ਕੀਤੇ ਵਿਕਾਸ ਦੇ ਅਨੁਮਾਨ ਨੂੰ ਘਟਾ ਕੇ ਨਕਾਰਾਤਮਿਕ ਪੰਜ ਫੀਸਦ ਕਰ ਦਿੱਤਾ ਹੈ। ਇਸ ਸਮੇਂ ਸਾਡਾ ਮੰਨਣਾ ਹੈ ਕਿ ਕਰੋਨਾ ਦਾ ਕਹਿਰ ਤੀਜੀ ਤਿਮਾਹੀ 'ਚ ਸਿਖਰ ਉਤੇ ਹੋਵੇਗਾ।"

ਇਸ ਤਰ੍ਹਾਂ ਐਸ ਐਂਡ ਪੀ ਨੇ ਐਨ ਸਪਸ਼ਟ ਕਿਹਾ ਹੈ ਕਿ ਭਾਰਤ ਅੰਦਰ ਕੋਵਿਡ-19 ਅਤੇ ਲੌਕਡਾਊਨ ਕਾਰਨ ਅਰਥਚਾਰੇ 'ਚ ਬਹੁਤ ਵੱਡੀ ਰੁਕਾਵਟ ਪੈਦਾ ਹੋਈ ਹੈ। ਇਸ ਦਾ ਮਤਲਬ ਇਹ ਹੈ ਕਿ ਇਸ ਵਿੱਤੀ ਵਰ੍ਹੇ ਵਿਚ ਵਿਕਾਸ ਓਨੀ ਹੀ ਤੇਜ਼ੀ ਨਾਲ ਘਟੇਗਾ। ਆਰਥਿਕ ਗਤੀਵਿਧੀਆਂ ਅਗਲੇ ਸਾਲ ਤੱਕ ਅੜਿੱਕੇ ਝੱਲਣਗੀਆਂ।

**ਭਾਰਤ 'ਚ ਸਿੱਧਾ ਵਿਦੇਸ਼ੀ ਨਿਵੇਸ਼ ਵਧਿਆ:** ਦੇਸ਼ ਵਿਚ ਵਿੱਤੀ ਵਰ੍ਹੇ 2019-20 ਦੌਰਾਨ ਸਿੱਧਾ ਵਿਦੇਸ਼ੀ ਨਿਵੇਸ਼ (ਐਫ.ਡੀ.ਆਈ.) 13 ਫੀਸਦ ਵਧ ਕੇ 49.98 ਅਰਬ ਡਾਲਰ ਤੱਕ ਪਹੁੰਚ ਗਿਆ ਹੈ। ਸਰਕਾਰ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਪਿਛਲੇ ਵਿੱਤੀ ਵਰ੍ਹੇ 2018-19 'ਚ ਇਸੇ ਸਮੇਂ ਦੌਰਾਨ ਇਹ ਵਿੱਤੀ ਨਿਵੇਸ਼ 44.36 ਅਰਬ ਡਾਲਰ ਸੀ। ਅੰਕੜਿਆਂ ਅਨੁਸਾਰ ਭਾਰਤ ਵਿਚ ਸਿੰਗਾਪੁਰ ਨੇ ਸਭ ਤੋਂ ਵੱਧ 14.67 ਅਰਬ ਡਾਲਰ ਦਾ ਨਿਵੇਸ਼ ਕੀਤਾ ਹੈ।

## ਕ੍ਰਿਕਟ ਟੀਮ ਅਕਤੂਬਰ 'ਚ ਆਸਟਰੇਲੀਆ ਜਾਵੇਗੀ

**ਮੈਲਬਰਨ:** ਕ੍ਰਿਕਟ ਆਸਟਰੇਲੀਆ (ਸੀ.ਏ.) ਨੇ ਅਟਕਲਾਂ ਖਤਮ ਕਰਦਿਆਂ ਪੁਸ਼ਟੀ ਕੀਤੀ ਹੈ ਕਿ ਭਾਰਤੀ ਟੀਮ ਚਾਰ ਟੈਸਟ, ਇਕ ਦਿਨਾਂ ਅਤੇ ਟੀ-20 ਮੈਚਾਂ ਦੀ ਲੜੀ ਲਈ ਅਕਤੂਬਰ 'ਚ ਉਨ੍ਹਾਂ ਦੇ ਦੇਸ਼ ਦਾ ਦੌਰਾ ਕਰੇਗੀ। ਸੀ.ਏ. ਨੇ ਆਪਣਾ ਗਰਮੀਆਂ ਦੇ ਪ੍ਰੋਗਰਾਮ ਦਾ ਐਲਾਨ ਕਰ ਦਿੱਤਾ ਹੈ ਜੋ 9 ਅਗਸਤ ਤੋਂ ਜ਼ਿੰਮਬਾਵੇ ਦੇ ਦੌਰੇ ਦੇ ਨਾਲ ਹੀ ਸ਼ੁਰੂ ਹੋਵੇਗਾ।

ਭਾਰਤ ਟੀ-20 ਲੜੀ ਲਈ ਆਸਟਰੇਲੀਆ ਦਾ ਦੌਰਾ ਕਰੇਗਾ, ਜਿਸ ਦੀ ਸ਼ੁਰੂਆਤ 11 ਅਕਤੂਬਰ ਤੋਂ ਬ੍ਰਿਸਬੇਨ ਤੋਂ ਹੋਵੇਗੀ, ਜਿਸ ਤੋਂ ਬਾਅਦ 14 ਅਤੇ 17 ਅਕਤੂਬਰ ਨੂੰ ਮੈਚ ਖੇਡੇ ਜਾਣਗੇ। ਵਿਰਾਟ ਕੋਹਲੀ ਦੀ ਟੀਮ ਮੁੜ ਚਾਰ ਟੈਸਟ ਮੈਚਾਂ ਦੀ ਲੜੀ ਲਈ ਉਥੇ ਜਾਵੇਗੀ ਅਤੇ ਜਿਸ ਦੀ ਸ਼ੁਰੂਆਤ 3 ਦਸੰਬਰ ਤੋਂ ਬ੍ਰਿਸਬੇਨ 'ਚ ਹੋਵੇਗੀ। ਇਸ ਤੋਂ ਬਾਅਦ 3 ਮੈਚਾਂ ਦੀ ਇਕ ਦਿਨਾਂ ਲੜੀ ਖੇਡੀ ਜਾਵੇਗੀ।

# ਪੰਜਾਬ: ਤਾਲਾਬੰਦੀ 'ਚ ਢਿੱਲ, ਰਿਹਾਇਸ਼ੀ ਖੇਤਰਾਂ ਵਾਲੇ ਉਦਯੋਗ ਖੁੱਲ੍ਹਣਗੇ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਰਾਜ 'ਚ ਹੁਣ ਦੁਕਾਨਾਂ ਖੋਲ੍ਹਣ ਅਤੇ ਕਰਫਿਊ ਦੇ ਸਮੇਂ ਵਿਚ ਤਬਦੀਲੀ ਕਰ ਦਿੱਤੀ ਹੈ। ਦੁਕਾਨਾਂ ਖੁੱਲ੍ਹਣ ਦਾ ਸਮਾਂ ਵਧਾ ਦਿੱਤਾ ਗਿਆ ਹੈ ਅਤੇ ਕੇਂਦਰੀ ਨੇਮਾਂ ਅਨੁਸਾਰ ਕਰਫਿਊ ਦਾ ਸਮਾਂ ਵੀ ਤਬਦੀਲ ਕਰ ਦਿੱਤਾ ਗਿਆ ਹੈ। ਪੰਜਾਬ ਵਿਚ ਹਰ ਤਰ੍ਹਾਂ ਦੀਆਂ ਸਨਅਤਾਂ ਨੂੰ ਚਲਾਉਣ ਦੀ ਪਹਿਲਾਂ ਦੀ ਤਰ੍ਹਾਂ ਛੋਟ ਜਾਰੀ ਰਹੇਗੀ ਅਤੇ ਹੁਣ ਰਿਹਾਇਸ਼ੀ ਖੇਤਰ ਵਾਲੇ ਉਦਯੋਗ ਵੀ ਖੁੱਲ੍ਹ ਜਾਣਗੇ।

ਕੇਂਦਰੀ ਦਿਸ਼ਾ ਨਿਰਦੇਸ਼ਾਂ ਮਗਰੋਂ ਇਸ ਬਾਰੇ ਫੈਸਲਾ ਲਿਆ ਜਾਣਾ ਹੈ। ਪੰਜਾਬ ਸਰਕਾਰ ਨੇ ਸਰਕਾਰੀ ਅਤੇ ਪ੍ਰਾਈਵੇਟ ਹਸਪਤਾਲਾਂ ਵਿਚ ਓ.ਪੀ.ਡੀ ਸੇਵਾਵਾਂ ਵੀ ਜਾਰੀ ਰੱਖੀਆਂ ਹਨ। ਪੰਜਾਬ ਸਰਕਾਰ ਨੇ ਕੇਂਦਰੀ ਨੇਮਾਂ ਦੀ ਲੀਹ 'ਤੇ ਲੌਕਡਾਊਨ 5.0 ਤਹਿਤ 30 ਜੂਨ ਤੱਕ ਨਵੇਂ ਦਿਸ਼ਾ ਨਿਰਦੇਸ਼ ਜਾਰੀ ਕਰ ਦਿੱਤੇ ਹਨ ਜਿਸ ਤਹਿਤ ਤਾਲਾਬੰਦੀ ਦੌਰਾਨ ਕੁਝ ਢਿੱਲਾਂ ਦਿੱਤੀਆਂ ਗਈਆਂ ਹਨ। ਦੁਕਾਨਾਂ ਖੁੱਲ੍ਹਣ ਦਾ ਸਮਾਂ ਹੁਣ ਸਵੇਰ 7 ਵਜੇ ਤੋਂ ਸ਼ਾਮ 7 ਵਜੇ ਤੱਕ ਕਰ ਦਿੱਤਾ ਗਿਆ ਹੈ ਜਦਕਿ ਸ਼ਰਾਬ ਦੇ ਠੇਕੇ ਹੁਣ ਸਵੇਰੇ 8 ਵਜੇ ਤੋਂ ਸ਼ਾਮੀ 8 ਵਜੇ ਤੱਕ ਖੁੱਲ੍ਹਣਗੇ। ਇਸੇ ਤਰ੍ਹਾਂ ਹੁਣ ਕਰਫਿਊ ਰਾਤ ਨੂੰ 9 ਵਜੇ ਤੋਂ ਸਵੇਰ 5 ਵਜੇ ਤੱਕ



ਜਾਰੀ ਰਹੇਗਾ।

ਜਨਤਕ ਪਾਰਕ ਖੋਲ੍ਹਣ ਦਾ ਫੈਸਲਾ ਕੀਤਾ ਗਿਆ ਹੈ ਪਰ ਇਕੱਠੇ ਹੋਣ ਦੀ ਮਨਾਹੀ ਹੋਵੇਗੀ। ਰੈਸਤਰਾਂ 'ਚੋਂ ਖਾਣਾ ਲਿਜਾਣ ਦੀ ਛੋਟ ਦਿੱਤੀ ਗਈ ਹੈ ਪਰ ਇਨ੍ਹਾਂ ਨੂੰ ਖੋਲ੍ਹਣ ਦਾ ਫੈਸਲਾ 7 ਜੂਨ ਮਗਰੋਂ ਹੋਵੇਗਾ। ਕੇਂਦਰੀ ਨਿਰਦੇਸ਼ਾਂ ਅਨੁਸਾਰ ਹੀ ਪੰਜਾਬ ਸਰਕਾਰ ਨੇ ਵਿਆਹ ਸਮਾਰੋਹਾਂ ਵਿਚ ਵੱਧ ਤੋਂ ਵੱਧ 50 ਵਿਅਕਤੀ ਹੀ ਇਕੱਠੇ ਹੋ ਸਕਨ ਦੀ ਪ੍ਰਵਾਨਗੀ ਦਿੱਤੀ ਹੈ। ਇਸੇ ਤਰ੍ਹਾਂ ਸਸਕਾਰ ਦੇ ਮੌਕੇ 'ਤੇ ਵੱਧ ਤੋਂ ਵੱਧ 20 ਵਿਅਕਤੀ ਇਕੱਤਰ ਹੋ ਸਕਣਗੇ। ਸਕੂਲਾਂ ਤੇ ਕਾਲਜਾਂ ਤੋਂ ਇਲਾਵਾ ਕੋਚਿੰਗ ਸੈਂਟਰ ਬੰਦ ਰਹਿਣਗੇ। ਸਰਕਾਰੀ ਅਤੇ ਪ੍ਰਾਈਵੇਟ ਦਫਤਰ ਖੁੱਲ੍ਹ ਸਕਣਗੇ ਪਰ ਮੁਲਾਜ਼ਮਾਂ ਦੀ ਗਿਣਤੀ ਲੋੜ ਮੁਤਾਬਕ ਹੀ ਹੋਵੇਗੀ। ਪੰਜਾਬ ਸਰਕਾਰ ਨੇ ਕੌਮਾਂਤਰੀ ਹਵਾਈ ਯਾਤਰਾ, ਸਿਨੇਮਾ ਹਾਲ, ਜਿਮ, ਸਵਿਮਿੰਗ ਪੂਲਜ਼, ਮਨੋਰੰਜਨ ਪਾਰਕ, ਸਿਨੇਮਾ ਹਾਲ, ਬਾਰ, ਆਡੀਟੋਰੀਅਮ ਹਾਲੇ ਬੰਦ ਰੱਖਣ ਦਾ ਫੈਸਲਾ ਹੀ ਕੀਤਾ ਹੈ। ਇਸੇ ਤਰ੍ਹਾਂ ਸਮਾਜਿਕ, ਸਿਆਸੀ, ਸਪੋਰਟਸ, ਮਨੋਰੰਜਕ, ਅਕਾਦਮਿਕ, ਕਲਚਰਲ ਅਤੇ ਧਾਰਮਿਕ ਸਮਾਗਮ ਕਰਨ ਦੀ ਵੀ ਮਨਾਹੀ ਹੋਵੇਗੀ। ਬਿਊਟੀ ਪਾਰਲਰ, ਸਪਾ, ਬਾਰਬਰ ਸ਼ਾਪ ਨੂੰ ਵੀ ਸਵੇਰ 7 ਤੋਂ ਸ਼ਾਮੀ 7 ਵਜੇ ਤੱਕ ਖੋਲ੍ਹਣ ਦੀ ਛੋਟ ਦੇ ਦਿੱਤੀ ਗਈ ਹੈ।

## ਸੰਕਟ ਹੱਲ ਕਰਨ ਵਿਚ ਕੈਪਟਨ ਅਸਫਲ: ਬ੍ਰਹਮਪੁਰਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਦੇ ਪ੍ਰਧਾਨ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਨੇ ਆਖਿਆ ਹੈ ਕਿ ਸੂਬੇ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕਰੋਨਾ ਮਹਾਮਾਰੀ ਨਾਲ ਨਜਿੱਠਣ ਵਿਚ ਫੇਲ੍ਹ ਸਾਬਤ ਹੋ ਰਹੇ ਹਨ। ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਬਾਰੇ ਵੀ ਤਿੱਖੀਆਂ ਟਿੱਪਣੀਆਂ ਕੀਤੀਆਂ। ਉਨ੍ਹਾਂ ਕਿਹਾ ਕਿ ਕੋਵਿਡ-19 ਮਹਾਮਾਰੀ ਕਾਰਨ ਆਲਮੀ ਸੰਕਟ ਨੇ ਮਨੁੱਖੀ ਜੀਵਨ 'ਤੇ ਡੂੰਘਾ ਪ੍ਰਭਾਵ ਪਾਇਆ ਹੈ। ਅਜਿਹੇ ਵਿਚ ਵੀ ਮੌਕਾਪ੍ਰਸਤ ਸਿਆਸਤਦਾਨ ਆਪਣੀਆਂ ਰੋਟੀਆਂ ਹੀ ਸੇਕ ਰਹੇ ਹਨ।

## ਅੰਤਰ-ਰਾਜੀ ਯਾਤਰਾ ਲਈ 'ਕੋਵਾ' ਤੋਂ ਬਣੇਗਾ ਪਾਸ

**ਚੰਡੀਗੜ੍ਹ:** ਅੰਤਰ-ਰਾਜੀ ਯਾਤਰਾ ਲਈ ਵਾਹਨ ਚਾਲਕਾਂ ਨੂੰ ਹੁਣ 'ਕੋਵਾ' ਐਪ ਡਾਊਨ ਲੋਡ ਕਰਨੀ ਪਵੇਗੀ ਅਤੇ ਅੰਤਰਰਾਜੀ ਸੀਮਾ ਉਤੇ ਸੈਲਫ ਜਨਰੇਟਿਡ ਈ ਪਾਸ ਦਿਖਾਉਣਾ ਹੋਵੇਗਾ। ਅੰਤਰਰਾਜੀ ਬੱਸਾਂ ਦਾ ਮਾਮਲਾ ਰਾਜਾਂ ਦੀ ਆਪਸੀ ਸਹਿਮਤੀ ਤੇ ਛੱਡਿਆ ਗਿਆ ਹੈ ਜਦੋਂ ਕਿ ਜ਼ਿਲ੍ਹੇ ਅੰਦਰ ਆਵਾਜਾਈ ਮੌਕੇ ਕਿਸੇ ਪਾਸ ਦੀ ਲੋੜ ਨਹੀਂ ਹੋਵੇਗੀ। ਕੰਨਟੇਨਮੈਂਟ ਜ਼ੋਨਾਂ ਵਿਚ ਪਾਬੰਦੀਆਂ ਲਾਗੂ ਰਹਿਣਗੀਆਂ ਜਿਨ੍ਹਾਂ ਵਿਚ ਸਿਰਫ ਜ਼ਰੂਰੀ ਸੇਵਾਵਾਂ ਦੀ ਹੀ ਸਹੂਲਤ ਮਿਲੇਗੀ।

# ਮਹਾਮਾਰੀ ਪਿੱਛੋਂ ਹੁਣ ਟਿੱਡੀ ਦਲ ਨੇ ਡਰਾਏ ਕਿਸਾਨ

**ਲੰਬੀ:** ਕਰੋਨਾ ਵਾਇਰਸ ਮਹਾਮਾਰੀ ਨਾਲ ਅਜੇ ਜੰਗ ਜਾਰੀ ਹੈ, ਉਧਰ ਪਾਕਿਸਤਾਨ ਤੋਂ ਆਏ ਟਿੱਡੀ ਦਲ ਨੇ ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਨੂੰ ਵਖਤ ਪਾ ਦਿੱਤਾ ਹੈ। ਦੋਵੇਂ ਸੂਬਿਆਂ 'ਚ ਸਰਕਾਰਾਂ ਨੇ ਹਾਈ ਅਲਰਟ ਐਲਾਨ ਦਿੱਤਾ ਹੈ। ਹਰਿਆਣਾ ਅਤੇ ਪੰਜਾਬ ਦੀਆਂ ਹੱਦਾਂ ਤੋਂ ਕਰੀਬ 50 ਕਿਲੋਮੀਟਰ ਪਿਛਾਂਹ ਹਨੂੰਮਾਨਗੜ੍ਹ ਜ਼ਿਲ੍ਹੇ ਦੇ ਗੋਲੂਵਾਲਾ, ਡਬਲੀ ਰਾਠਾਨ, ਜੋਤਕੀਆਂ, ਚੰਦਰਾਂ ਸਮੇਤ ਹੋਰਨਾਂ ਪਿੰਡਾਂ ਵਿਚ ਟਿੱਡੀ ਦਲਾਂ ਦੇ ਦੋ ਝੁੰਡਾਂ ਨੇ ਨਰਮੇ ਸਮੇਤ ਹੋਰ ਫਸਲਾਂ ਨੂੰ ਵੱਡਾ ਨੁਕਸਾਨ ਪਹੁੰਚਾਇਆ ਹੈ।

ਖੇਤੀਬਾੜੀ ਵਿਭਾਗ ਦੇ ਅਫਸਰਾਂ ਅਨੁਸਾਰ ਰਾਜਸਥਾਨ ਤੋਂ ਹਵਾਵਾਂ ਦਾ ਰੁਖ ਉੱਤਰ-ਪੱਛਮ ਵੱਲ ਹੈ ਜੋ ਪੰਜਾਬ ਲਈ ਵਧੇਰੇ ਖਤਰੇ ਦਾ ਸੰਕੇਤ ਹੈ। ਟਿੱਡੀ ਦਲ ਦੇ ਸੂਬੇ ਅੰਦਰ ਦਾਖਲ ਹੋਣ ਦੇ ਸੰਭਾਵੀ ਖਤਰੇ ਨੂੰ ਦੇਖਦਿਆਂ ਪ੍ਰਸ਼ਾਸਨਿਕ ਤੰਤਰ ਨੇ ਮੋਰਚਾਬੰਦੀ ਕਰ ਲਈ ਹੈ। ਮਲੋਟ ਦੇ ਐਸ.ਡੀ.ਐਮ. ਗੋਪਾਲ ਸਿੰਘ ਅਤੇ ਜ਼ਿਲ੍ਹਾ ਖੇਤੀਬਾੜੀ ਅਫਸਰ ਜਲੌਰ ਸਿੰਘ ਦੀ ਅਗਵਾਈ ਹੇਠ ਟੀਮਾਂ ਰਾਜਸਥਾਨ ਦੀ ਹੱਦ 'ਤੇ ਸਥਿਤ ਪਿੰਡ ਕੰਦੂਖੇੜਾ, ਭੁੱਲਰਵਾਲਾ, ਤਰਮਾਲਾ, ਫੱਤਾਕੇਰਾ, ਅਤੇ ਵੜਿੰਗਖੇੜਾ 'ਚ



ਲਗਾਤਾਰ ਵਿਚਰ ਰਹੀਆਂ ਹਨ। ਟਿੱਡੀ ਦਲ ਨਾਲ ਟਾਕਰੇ ਲਈ ਪ੍ਰਸ਼ਾਸਨ ਕੋਲ ਜ਼ਿਲ੍ਹੇ 'ਚ 9 ਫਾਇਰ ਬ੍ਰਿਗੇਡਾਂ ਤੋਂ ਇਲਾਵਾ ਕਿਸਾਨਾਂ ਕੋਲ 908 ਅਤੇ ਯੂ.ਪੀ.ਐਲ. ਕੰਪਨੀ ਦੇ ਟਰੈਕਟਰ ਮਾਊਂਟਡ ਸਪਰੇਅ ਪੰਪ ਹਨ ਜਿਨ੍ਹਾਂ 'ਚ 14 ਗੰਨ ਸਪਰੇਅ ਲੰਬੀ ਅਤੇ 8 ਮਲੋਟ ਬਲਾਕ ਕੋਲ ਹਨ। ਟਿੱਡੀ ਦਲ ਦਾ ਹਮਲਾ ਰੋਕਣ ਲਈ ਮੌਕ ਡਰਿੱਲ ਜਿਹੇ ਤਜਰਬੇ ਸ਼ੁਰੂ ਕਰ ਦਿੱਤੇ ਗਏ ਹਨ। ਸੂਬੇ ਦੇ ਖੇਤੀਬਾੜੀ ਸਕੱਤਰ ਕਾਹਨ ਸਿੰਘ ਪੰਨੂ ਨੇ ਬਾਗਬਾਨੀ ਵਿਭਾਗ ਦੇ ਡਾਇਰੈਕਟਰ ਨੂੰ ਐਡਵਾਈਜ਼ਰੀ ਜਾਰੀ ਕਰਦਿਆਂ ਸਪਰੇਅ ਪੰਪਾਂ ਨੂੰ ਚਾਲੂ ਹਾਲਤ 'ਚ ਤਿਆਰ ਕਰ ਕੇ ਉਸ ਦੀ ਸੂਚਨਾ ਜ਼ਿਲ੍ਹਾ ਪੱਧਰ ਉਤੇ ਖੇਤੀਬਾੜੀ ਵਿਭਾਗ ਨੂੰ ਦੇਣ ਲਈ ਆਖਿਆ ਹੈ। ਉਨ੍ਹਾਂ ਕਿਹਾ ਕਿ ਪ੍ਰਬੰਧਾਂ 'ਚ ਕੁਤਾਹੀ ਲਈ ਜ਼ਿੰਮੇਵਾਰ ਅਫਸਰਾਂ ਨੂੰ ਸਖਤ ਕਾਰਵਾਈ ਦਾ ਸਾਹਮਣਾ ਵੀ ਕਰਨਾ ਪੈ ਸਕਦਾ ਹੈ।

# ਮੈਡੀਕਲ ਸਿੱਖਿਆ ਮਹਿੰਗੀ ਹੋਈ

**ਚੰਡੀਗੜ੍ਹ:** ਪੰਜਾਬ ਮੰਤਰੀ ਮੰਡਲ ਨੇ ਕੋਵਿਡ-19 ਦੇ ਸੰਕਟ ਦੌਰਾਨ ਸਰਕਾਰੀ ਤੇ ਪ੍ਰਾਈਵੇਟ ਮੈਡੀਕਲ ਕਾਲਜਾਂ ਦੀਆਂ ਫੀਸਾਂ ਵਧਾਉਣ ਦਾ ਫੈਸਲਾ ਲਿਆ ਹੈ। ਮੰਤਰੀ ਮੰਡਲ ਨੇ ਪੰਜਾਬ ਦੇ ਸਰਕਾਰੀ ਮੈਡੀਕਲ ਕਾਲਜਾਂ 'ਚ ਐਮ.ਬੀ.ਬੀ.ਐਸ. ਦੀ ਫੀਸ ਵਿਚ 77 ਫੀਸਦੀ ਵਾਧਾ ਕੀਤਾ ਹੈ ਅਤੇ ਪ੍ਰਾਈਵੇਟ ਮੈਡੀਕਲ ਕਾਲਜਾਂ 'ਚ ਐਮ.ਬੀ.ਬੀ.ਐਸ. ਕੋਰਸ ਦੀ ਫੀਸ 33 ਫੀਸਦੀ ਵਧਾ ਦਿੱਤੀ ਹੈ।

ਪ੍ਰਾਈਵੇਟ ਮੈਡੀਕਲ ਕਾਲਜਾਂ 'ਚ ਮੈਨੇਜਮੈਂਟ ਕੋਟੇ ਦੀ ਫੀਸ 16.5 ਫੀਸਦੀ ਵਧਾ ਦਿੱਤੀ ਗਈ ਹੈ। ਵੇਰਵਿਆਂ ਅਨੁਸਾਰ ਮੰਤਰੀ ਮੰਡਲ ਦੇ ਫੈਸਲੇ ਮਗਰੋਂ ਹੁਣ ਅਗਲੇ ਵਿਦਿਅਕ ਸੈਸ਼ਨ ਤੋਂ ਪੰਜਾਬ ਦੇ ਤਿੰਨ ਸਰਕਾਰੀ ਮੈਡੀਕਲ ਕਾਲਜਾਂ ਵਿਚ ਵਿਦਿਆਰਥੀਆਂ ਨੂੰ ਐਮ.ਬੀ.ਬੀ.ਐਸ. ਦੀ ਪੰਜ ਸਾਲਾਂ ਦੀ ਫੀਸ 7.80 ਲੱਖ ਰੁਪਏ ਤਾਰਨੀ ਪਵੇਗੀ, ਜੋ ਪਹਿਲਾਂ 4.40 ਲੱਖ ਰੁਪਏ ਸੀ। ਪੰਜਾਬ ਦੇ ਪ੍ਰਾਈਵੇਟ ਮੈਡੀਕਲ ਕਾਲਜਾਂ ਵਿਚ ਹੁਣ ਵਿਦਿਆਰਥੀਆਂ ਨੂੰ ਪੰਜ ਸਾਲਾਂ ਦੀ ਫੀਸ 18 ਲੱਖ ਰੁਪਏ (ਸਰਕਾਰੀ ਸੀਟਾਂ) ਭਰਨੀ ਪਵੇਗੀ, ਜੋ ਪਹਿਲਾਂ 13.50 ਲੱਖ ਰੁਪਏ ਸੀ। ਪ੍ਰਾਈਵੇਟ ਕਾਲਜਾਂ ਵਿਚ ਮੈਨੇਜਮੈਂਟ ਕੋਟੇ ਦੀਆਂ ਸੀਟਾਂ ਦੀ ਫੀਸ 40.30 ਲੱਖ ਤੋਂ ਵਧਾ ਕੇ 47 ਲੱਖ ਰੁਪਏ ਕਰ ਦਿੱਤੀ ਗਈ ਹੈ। ਆਦੇਸ਼ ਯੂਨੀਵਰਸਿਟੀ 'ਚ ਮੈਨੇਜਮੈਂਟ ਕੋਟੇ ਦੀ ਫੀਸ 47 ਲੱਖ ਰੁਪਏ ਤੈਅ ਕੀਤੀ ਗਈ ਹੈ, ਜੋ ਪਹਿਲਾਂ ਵੱਧ ਸੀ।

ਇਸ 'ਚ 27.5 ਫੀਸਦੀ ਕਟੌਤੀ ਕੀਤੀ ਗਈ ਹੈ। ਆਦੇਸ਼ ਯੂਨੀਵਰਸਿਟੀ 'ਚ ਸਰਕਾਰੀ ਕੋਟੇ ਦੀਆਂ ਸੀਟਾਂ ਦੀ ਫੀਸ 18.50 ਲੱਖ ਰੁਪਏ ਕੀਤੀ ਗਈ ਹੈ। ਮੈਡੀਕਲ ਸਿੱਖਿਆ ਤੇ ਖੋਜ ਮੰਤਰੀ ਓ.ਪੀ. ਸੋਨੀ ਨੇ ਇਸ ਵਾਧੇ ਪਿੱਛੇ ਵਿਦਿਆਰਥੀਆਂ ਲਈ ਮੈਡੀਕਲ ਸਿੱਖਿਆ ਅਤੇ ਬਿਹਤਰ ਬੁਨਿਆਦੀ ਢਾਂਚਾ ਬਣਾਏ ਜਾਣ ਦਾ ਤਰਕ ਦਿੱਤਾ ਹੈ ਅਤੇ ਕਿਹਾ ਕਿ ਫੀਸਾਂ ਵਿਚ ਵਾਧਾ ਪੰਜ-ਛੇ ਸਾਲਾਂ ਬਾਅਦ ਕੀਤਾ ਗਿਆ ਹੈ। ਇਸ ਸਮੇਂ ਦੌਰਾਨ ਮਹਿੰਗਾਈ ਵਧਣ ਕਾਰਨ ਮੈਡੀਕਲ ਕਾਲਜਾਂ ਨੂੰ ਵਿੱਤੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

## ਸਿੱਖਿਆ ਵਿਭਾਗ ਨੇ ਭਰਤੀ ਕੋਟਾ ਘਟਾਇਆ

**ਸੰਗਰੂਰ:** ਸਿੱਖਿਆ ਵਿਭਾਗ ਪੰਜਾਬ ਵੱਲੋਂ ਅਧਿਆਪਕਾਂ ਦੀ ਭਰਤੀ ਦੇ ਨਿਯਮਾਂ 'ਚ ਤਬਦੀਲੀ ਕਰਨ ਦੇ ਨਾਲ ਹੁਣ ਸਿੱਖਿਆ ਵਿਭਾਗ 'ਚ ਸੇਵਾ ਨਿਭਾ ਰਹੇ ਕਈ ਅਧਿਆਪਕਾਂ ਦੇ ਮੁੱਖ ਅਧਿਆਪਕ ਅਤੇ ਕਈ ਲੈਕਚਰਾਰਾਂ ਦੇ ਪ੍ਰਿੰਸੀਪਲ ਬਣਨ ਦੇ ਸੁਪਨੇ ਹੁਣ ਪੂਰੇ ਨਹੀਂ ਹੋ ਸਕਣਗੇ ਕਿਉਂਕਿ ਹੁਣ ਵਿਭਾਗ ਨੇ ਤਰੱਕੀ ਦਾ ਭਰਤੀ ਕੋਟਾ 75 ਫੀਸਦੀ ਤੋਂ ਘਟਾ ਕੇ 50 ਫੀਸਦੀ ਕਰ ਦਿੱਤਾ ਹੈ। ਸਰਕਾਰ ਦੇ ਇਸ ਫੈਸਲੇ ਦਾ ਵਿਰੋਧ ਕਰਦਿਆਂ ਅਧਿਆਪਕ ਦਲ ਦੇ ਆਗੂਆਂ ਨੇ ਕਿਹਾ ਕਿ ਇਸ ਫੈਸਲੇ ਨਾਲ ਕਈ ਅਧਿਆਪਕ ਬਗੈਰ ਮੁੱਖ ਅਧਿਆਪਕ ਤੇ ਲੈਕਚਰਾਰ ਬਗੈਰ ਪ੍ਰਿੰਸੀਪਲ ਬਣੇ ਸੇਵਾ ਮੁਕਤ ਹੋ ਜਾਣਗੇ। ਜੇਕਰ ਸਰਕਾਰ ਨੇ ਉਕਤ ਫੈਸਲਾ ਵਾਪਸ ਨਾ ਲਿਆ ਤਾਂ ਅਧਿਆਪਕ ਦਲ ਸੰਘਰਸ਼ ਕਰਨ ਲਈ ਮਜਬੂਰ ਹੋਵੇਗਾ।

# ਸੀ.ਬੀ.ਆਈ. ਨੇ 27 ਸਾਲਾਂ ਪਿੱਛੋਂ ਮੁਲਜ਼ਮ ਦਬੋਚਿਆ

**ਪਟਿਆਲਾ:** ਧੋਖਾਧੜੀ ਦੇ 30 ਸਾਲ ਪੁਰਾਣੇ ਇਕ ਕੇਸ ਵਿਚ 27 ਸਾਲਾਂ ਤੋਂ ਭਗੌੜੇ ਇਥੋਂ ਦੇ ਨਿਰਮਲ ਸਿੰਘ ਨਾਮ ਦੇ ਐਨ.ਆਰ.ਆਈ. ਨੂੰ ਸੀ.ਬੀ.ਆਈ. ਨੇ ਉਸ ਦੇ ਪਟਿਆਲਾ ਸਥਿਤ ਘਰ ਤੋਂ ਦਬੋਚ ਲਿਆ। ਸੀ.ਬੀ.ਆਈ. ਦੀ ਪੰਜ ਮੈਂਬਰੀ ਟੀਮ ਨੇ ਸਵੇਰੇ ਜਦੋਂ ਛਾਪਾ ਮਾਰਿਆ, ਤਾਂ ਮੁਲਜ਼ਮ ਚੱਕਰ ਖਾ ਕੇ ਡਿੱਗ ਗਿਆ। ਉਸ ਨੂੰ ਐਂਬੂਲੈਂਸ ਵਿਚ ਲਿਜਾਇਆ ਗਿਆ। ਸੀ.ਬੀ.ਆਈ. ਦੇ ਅਧਿਕਾਰੀਆਂ ਨੇ ਕੋਈ ਵੀ ਜਾਣਕਾਰੀ ਦੇਣ ਤੋਂ ਇਨਕਾਰ ਕਰ ਦਿੱਤਾ ਹੈ ਪਰ ਜਾਣਕਾਰੀ ਅਨੁਸਾਰ ਇਕ ਬੈਂਕ ਨਾਲ ਸਬੰਧਤ ਧੋਖਾਧੜੀ ਦੇ ਮਾਮਲੇ ਨੂੰ ਲੈ ਕੇ ਮੁਲਜ਼ਮ ਖਿਲਾਫ 1990 ਵਿਚ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਹੋਇਆ ਸੀ।

ਮਗਰੋਂ ਮੁਲਜ਼ਮ ਅਦਾਲਤ 'ਚ ਪੇਸ਼ ਨਾ ਹੋਇਆ। ਉਸ ਨੂੰ 1993 ਵਿਚ ਅਦਾਲਤੀ ਭਗੌੜਾ ਕਰਾਰ ਦਿੱਤਾ ਗਿਆ ਸੀ।

## ਜਨਤਕ ਥਾਂਵਾਂ 'ਤੇ ਥੁੱਕਣ 'ਤੇ ਲੱਗੇਗਾ ਜੁਰਮਾਨਾ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਕੋਵਿਡ-19 ਦੀ ਰੋਕਥਾਮ ਅਤੇ ਫੈਲਾਅ ਨੂੰ ਰੋਕਣ ਲਈ ਜਾਰੀ ਕੀਤੀਆਂ ਹਦਾਇਤਾਂ ਅਤੇ ਦਿਸ਼ਾ-ਨਿਰਦੇਸ਼ਾਂ ਦੀ ਉਲੰਘਣਾ ਕਰਨ 'ਤੇ ਜਰਮਾਨੇ ਵਿਚ ਵਾਧਾ ਕਰ ਦਿੱਤਾ ਹੈ। ਸੂਬੇ ਦੇ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਦੱਸਿਆ ਕਿ ਹੁਣ ਜਨਤਕ ਥਾਵਾਂ ਉਤੇ ਮਾਸਕ ਨਾ ਪਾਉਣ 'ਤੇ 500 ਰੁਪਏ ਜੁਰਮਾਨਾ ਲੱਗੇਗਾ। ਘਰੇਲੂ ਇਕਾਂਤਵਾਸ ਨਿਰਦੇਸ਼ਾਂ ਦੀ ਉਲੰਘਣਾ ਕਰਨ ਲਈ 2,000 ਰੁਪਏ, ਜਨਤਕ ਥਾਵਾਂ 'ਤੇ ਥੁੱਕਣ ਲਈ 500 ਰੁਪਏ, ਦੁਕਾਨਾਂ/ਵਪਾਰਕ ਥਾਵਾਂ ਦੇ ਮਾਲਕਾਂ ਵੱਲੋਂ ਸਮਾਜਿਕ ਦੂਰੀ ਨੇਮਾਂ ਦੀ ਉਲੰਘਣਾ ਕਰਨ ਲਈ 2000 ਰੁਪਏ, ਬੱਸ ਮਾਲਕਾਂ ਵੱਲੋਂ ਸਮਾਜਿਕ ਦੂਰੀ ਦੀ ਉਲੰਘਣਾ ਕਰਨ ਬਦਲੇ 3000 ਰੁਪਏ, ਕਾਰਾਂ 2000 ਰੁਪਏ ਤੇ ਆਟੋ ਰਿਕਸ਼ਾ/ਦੁਪਹੀਆ ਵਾਹਨ ਲਈ 500 ਰੁਪਏ ਦਾ ਜੁਰਮਾਨਾ ਲੱਗੇਗਾ।

ਸਿਹਤ ਮੰਤਰੀ ਨੇ ਕਿਹਾ ਕਿ ਬੀ.ਡੀ.ਪੀ.ਓ., ਨਾਇਬ ਤਹਿਸੀਲਦਾਰ ਅਤੇ ਡਿਪਟੀ ਕਮਿਸ਼ਨਰਾਂ ਦੁਆਰਾ ਅਧਿਕਾਰਤ ਕੋਈ ਵੀ ਅਧਿਕਾਰੀ ਮਹਾਮਾਰੀ ਰੋਗ ਐਕਟ, 1897 ਦੀਆਂ ਧਾਰਾਵਾਂ ਤਹਿਤ ਜਰਮਾਨੇ ਲਗਾ ਸਕਦਾ ਹੈ। ਜੇ ਉਲੰਘਣਾ ਕਰਨ ਵਾਲਾ ਜੁਰਮਾਨਾ ਨਹੀਂ ਦਿੰਦਾ ਤਾਂ ਉਸ ਖਿਲਾਫ ਕਾਰਵਾਈ ਕੀਤੀ ਜਾਵੇਗੀ।

# ਮੁੱਖ ਸਕੱਤਰ ਦੀ ਮੁਆਫੀ ਨਾਲ ਹੀ ਖੁਸ਼ ਹੋਏ ਕੈਬਨਿਟ ਮੰਤਰੀ

**ਚੰਡੀਗੜ੍ਹ:** ਪੰਜਾਬ ਮੰਤਰੀ ਮੰਡਲ ਦੀ ਮੀਟਿੰਗ 'ਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਹਾਜ਼ਰੀ 'ਚ ਮੁੱਖ ਸਕੱਤਰ ਕਰਨ ਅਵਤਾਰ ਸਿੰਘ ਵਲੋਂ ਮੁਆਫੀ ਮੰਗ ਲੈਣ ਮਗਰੋਂ ਤਕਰੀਬਨ ਢਾਈ ਹਫਤਿਆਂ ਤੋਂ ਚੱਲ ਰਿਹਾ ਸਿਆਸੀ ਰੇੜਕਾ ਸਿਰਫ ਦੋ ਮਿੰਟਾਂ 'ਚ ਮੁੱਕ ਗਿਆ। ਮੰਤਰੀਆਂ ਨੇ ਇਸ ਮੁਆਫੀ ਨੂੰ ਜਮਹੂਰੀਅਤ ਦੀ ਜਿੱਤ ਦੱਸਿਆ ਹੈ। ਦੂਜੇ ਪਾਸੇ ਮੁੱਖ ਸਕੱਤਰ ਖੁਸ਼ ਹਨ ਕਿ ਮੁਆਫੀ ਨਾਲ ਹੀ ਮਸਲਾ ਨਿੱਬੜ ਗਿਆ ਹੈ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਸਕੱਤਰ ਨੂੰ ਮੁਖ਼ਾਤਬ ਹੁੰਦਿਆਂ ਮੀਟਿੰਗ ਸ਼ੁਰੂ ਕਰਨ ਲਈ ਆਖਿਆ। ਮੁੱਖ ਸਕੱਤਰ ਕਰਨ ਅਵਤਾਰ ਸਿੰਘ ਨੇ ਸਮੁੱਚੇ ਮੰਤਰੀ ਮੰਡਲ ਤੋਂ ਮੁਆਫੀ ਮੰਗੀ ਅਤੇ ਭਰੋਸਾ ਦਿੱਤਾ ਕਿ ਭਵਿੱਖ 'ਚ ਸ਼ਿਕਾਇਤ ਦਾ ਕੋਈ ਮੌਕਾ ਨਹੀਂ ਦਿੱਤਾ ਜਾਵੇਗਾ। ਇਸ ਤਰ੍ਹਾਂ ਮੁੱਖ ਸਕੱਤਰ ਦਾ ਮਾਮਲਾ ਪਹਿਲੇ ਦੋ-ਤਿੰਨ ਮਿੰਟਾਂ 'ਚ ਹੀ ਮੁਕਾ ਲਿਆ ਗਿਆ। ਵੇਰਵਿਆਂ ਅਨੁਸਾਰ ਕੈਪਟਨ ਦੀ ਦੋ ਦਿਨ ਪਹਿਲਾਂ



ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਅਤੇ ਤਕਨੀਕੀ ਸਿੱਖਿਆ ਮੰਤਰੀ ਚਰਨਜੀਤ ਸਿੰਘ ਚੰਨੀ ਨਾਲ ਹੋਈ ਬੈਠਕ ਮੌਕੇ ਹੀ 'ਮੁਆਫੀਨਾਮੇ' ਦਾ ਅਗਾਊਂ ਖਾਕਾ ਤਿਆਰ ਹੋ ਗਿਆ ਸੀ, ਜੋ ਕੈਬਨਿਟ ਮੀਟਿੰਗ ਵਿਚ ਅਮਲ ਵਿਚ ਆਇਆ। ਮੀਟਿੰਗ ਮਗਰੋਂ ਵਜ਼ੀਰਾਂ ਦੇ ਸੁਰ ਬਦਲੇ ਹੋਏ ਸਨ ਅਤੇ ਉਹ ਖੁਸ਼ ਸਨ। ਮੁੱਖ ਸਕੱਤਰ ਦੇ ਮੁਆਫੀ ਮੰਗਣ ਮਗਰੋਂ ਹੀ ਵਜ਼ੀਰਾਂ ਨੇ ਆਬਕਾਰੀ ਘਾਟੇ ਨਾਲ ਜੁੜੇ ਮਸਲੇ ਵੱਟੇ ਖਾਤੇ ਪਾ ਦਿੱਤੇ ਹਨ।

ਵਿੱਤ ਮੰਤਰੀ ਮਨਪ੍ਰੀਤ ਬਾਦਲ ਨੇ ਮੀਟਿੰਗ ਮਗਰੋਂ ਦੱਸਿਆ ਕਿ ਮੁੱਖ ਸਕੱਤਰ ਨੇ ਇਕ ਵਾਰ ਨਹੀਂ, ਤਿੰਨ ਵਾਰੀ ਮੁਆਫੀ ਮੰਗੀ ਹੈ। ਵਿਵਾਦ ਵਾਲੇ ਦਿਨ ਉਨ੍ਹਾਂ ਨੇ ਨਿੱਜੀ ਤੌਰ 'ਤੇ ਮੁਆਫੀ ਮੰਗੀ ਤੇ ਫਿਰ ਪਿੰਡ ਬਾਦਲ ਪੁੱਜ ਕੇ ਮੁਆਫੀ ਮੰਗੀ। ਅੱਜ ਤੀਜੀ ਵਾਰ ਕੈਬਨਿਟ 'ਚ ਮੁਆਫੀ ਮੰਗੀ ਹੈ। ਉਨ੍ਹਾਂ ਕਿਹਾ ਕਿ ਤਿੰਨ ਵਾਰੀ ਮੁਆਫੀ ਮੰਗਣ 'ਤੇ ਵੀ ਜੇਕਰ ਮੁਆਫ ਨਾ ਕੀਤਾ ਜਾਵੇ ਤਾਂ ਉਹ ਹੰਕਾਰੀ ਅਖਵਾਉਣਗੇ। ਉਨ੍ਹਾਂ ਦੱਸਿਆ ਕਿ ਸਰਬਸੰਮਤੀ ਨਾਲ ਮੰਤਰੀ ਮੰਡਲ ਨੇ ਮੁੱਖ ਸਕੱਤਰ ਨੂੰ ਮੁਆਫ ਕਰ ਦਿੱਤਾ ਹੈ, ਜਿਸ ਨਾਲ ਇਹ ਅਧਿਆਇ ਹੁਣ ਬੰਦ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਲੋਕ ਰਾਜ ਦੀ ਜਿੱਤ ਹੈ। ਸ੍ਰੀ ਬਾਦਲ ਨੇ ਆਬਕਾਰੀ ਘਾਟੇ ਦੇ ਸੰਦਰਭ 'ਚ ਦੱਸਿਆ ਕਿ ਮੁੱਖ ਸਕੱਤਰ ਨੇ ਲਿਖਤੀ ਤੌਰ ਉਤੇ ਦਿੱਤਾ ਹੈ ਕਿ ਉਸ ਦੇ ਪੁੱਤਰ ਵਲੋਂ ਪੰਜਾਬ 'ਚ ਸ਼ਰਾਬ ਦਾ ਕੋਈ ਕਾਰੋਬਾਰ ਨਹੀਂ ਕੀਤਾ ਜਾ ਰਿਹਾ ਹੈ। ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਮੁੱਖ ਸਕੱਤਰ ਨਾਲ ਮੁੱਖ ਰੌਲਾ ਦੋ ਸਾਥੀ ਵਜ਼ੀਰਾਂ ਦਾ ਸੀ। ਜੇਕਰ ਉਨ੍ਹਾਂ ਦੀ ਤਸੱਲੀ ਹੋ ਗਈ ਹੈ ਤਾਂ ਮਸਲਾ ਖਤਮ ਸਮਝਿਆ ਜਾਣਾ ਚਾਹੀਦਾ ਹੈ। ਤਕਨੀਕੀ ਸਿੱਖਿਆ ਚਰਨਜੀਤ ਚੰਨੀ ਨੇ ਮੀਟਿੰਗ ਮਗਰੋਂ ਕਿਹਾ ਕਿ ਮੁਆਫੀ ਮੰਗੇ ਜਾਣ ਕਰਕੇ ਮਾਮਲਾ ਖਤਮ ਹੋ ਗਿਆ ਹੈ। ਪੰਚਾਇਤ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਸਿਰਫ ਏਨਾ ਕਿਹਾ ਕਿ ਵਿਵਾਦ ਮੁੱਕ ਗਿਆ ਹੈ।

**Punjab Times**

**Established in 2000**
**21st Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਕਰੋਨਾ ਪੀੜਤ ਪਾਈਲਟ ਨੇ ਭਰੀ ਉਡਾਰੀ, ਜਹਾਜ਼ ਅੱਧ ਰਾਹ 'ਚੋਂ ਮੁੜਿਆ

**ਨਵੀਂ ਦਿੱਲੀ:** ਏਅਰ ਇੰਡੀਆ ਦਾ ਜਹਾਜ਼ ਮਾਸਕੋ ਲਈ ਉੱਡਿਆ ਪਰ ਜਦੋਂ ਪਤਾ ਲੱਗਿਆ ਕਿ ਉਸ ਦਾ ਪਾਈਲਟ ਕਰੋਨਾ ਪੀੜਤ ਹੈ ਤਾਂ ਉਸ ਨੂੰ ਅੱਧ ਰਸਤੇ ਤੋਂ ਮੋੜ ਕੇ ਨਵੀਂ ਦਿੱਲੀ ਉਤਾਰ ਲਿਆ। ਮਾਸਕੋ ਤੋਂ ਰੂਸ ਵਿਚ ਫਸੇ ਭਾਰਤੀ ਯਾਤਰੀਆਂ ਨੂੰ ਲੈਣ ਲਈ ਖਾਲੀ ਉੱਡਿਆ ਏ 320 ਜਹਾਜ਼ ਜਦੋਂ ਉਜ਼ਬੇਕਿਸਤਾਨ ਹਵਾਈ ਖੇਤਰ ਪਹੁੰਚ ਗਿਆ ਤਾਂ ਗਰਾਊਂਡ ਟੀਮ ਦੇ ਧਿਆਨ ਵਿਚ ਆਇਆ ਕਿ ਜਹਾਜ਼ ਨਾਲ ਜਾ ਰਹੇ ਪਾਈਲਟਾਂ ਵਿਚੋਂ ਇਕ ਕਰੋਨਾ ਪੀੜਤ ਹੈ। ਏਅਰ ਇੰਡੀਆ ਦੇ ਸੀਨੀਅਰ ਅਧਿਕਾਰੀਆਂ ਨੇ ਦੱਸਿਆ, "ਉਡਾਣ ਨੂੰ ਤੁਰਤ ਵਾਪਸ ਜਾਣ ਲਈ ਕਿਹਾ ਗਿਆ ਤੇ ਜਹਾਜ਼ ਬਾਅਦ ਦੁਪਹਿਰ 12.30 ਵਜੇ ਦਿੱਲੀ ਪਰਤਿਆ। ਜਹਾਜ਼ ਦੀ ਸਾਰੀ ਟੀਮ ਏਕਾਂਤਵਾਸ ਕਰ ਦਿੱਤੀ ਗਈ ਹੈ।

## ਪਿਉ ਨੇ ਤਿੰਨ ਕੁੜੀਆਂ ਨੂੰ ਨਹਿਰ ਵਿਚ ਸੁੱਟਿਆ

**ਸੰਤ ਕਬੀਰ ਨਗਰ (ਉੱਤਰ ਪ੍ਰਦੇਸ਼):** ਉੱਤਰ ਪ੍ਰਦੇਸ਼ ਦੇ ਸੰਤ ਕਬੀਰ ਨਗਰ ਜ਼ਿਲ੍ਹੇ ਦੇ ਘਨਘਟਾ ਇਲਾਕੇ ਵਿਚ ਇਕ ਵਿਅਕਤੀ ਨੇ ਘਰੇਲੂ ਵਿਵਾਦ ਕਾਰਨ ਆਪਣੀਆਂ ਤਿੰਨ ਕੁੜੀਆਂ ਨੂੰ ਘਾਗਰਾ ਨਦੀ ਵਿਚ ਸੁੱਟ ਦਿੱਤਾ। ਸਰਫਰਾਜ਼ ਨਾਂ ਦਾ ਵਿਅਕਤੀ ਆਪਣੇ ਦੋਸਤ ਨੀਰਜ ਦੀ ਮਦਦ ਨਾਲ ਮੋਟਰਸਾਈਕਲ 'ਤੇ ਆਪਣੀਆਂ ਧੀਆਂ ਸਨਾ (7), ਸਬਾ (4) ਅਤੇ ਸ਼ਮਾ (2)ਨੂੰ ਘਾਗਰਾ ਨਦੀ ਦੇ ਬਿਰਹਰ ਘਾਟ 'ਤੇ ਲਿਆਇਆ ਅਤੇ ਉਨ੍ਹਾਂ ਨੂੰ ਇਕ-ਇਕ ਕਰ ਕੇ ਨਦੀ ਵਿਚ ਸੁੱਟ ਦਿੱਤਾ। ਆਲੇ ਦੁਆਲੇ ਦੇ ਕੁਝ ਪੇਂਡੂ ਲੋਕਾਂ ਨੇ ਕੁੜੀਆਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਅਸਫਲ ਰਹੇ। ਘਟਨਾ ਦੀ ਸੂਚਨਾ ਮਿਲਣ 'ਤੇ ਪੁਲੀਸ ਮੌਕੇ ਉਤੇ ਪੁੱਜੀ। ਪੁਲਿਸ ਨੇ ਸਰਫਰਾਜ ਅਤੇ ਉਸ ਦੇ ਦੋਸਤ ਨੀਰਜ ਨੂੰ ਗ੍ਰਿਫਤਾਰ ਕਰ ਲਿਆ ਹੈ।

## 1.3 ਅਰਬ ਲੋਕਾਂ ਦਾ ਟੈਸਟ ਕਰਨਾ ਸੰਭਵ ਨਹੀਂ: ਹਰਸ਼ ਵਰਧਨ

**ਨਵੀਂ ਦਿੱਲੀ:** ਕੇਂਦਰੀ ਸਿਹਤ ਮੰਤਰੀ ਹਰਸ਼ ਵਰਧਨ ਨੇ ਕਿਹਾ ਕਿ 1.3 ਅਰਬ ਲੋਕਾਂ ਦਾ ਕੋਵਿਡ-19 ਲਈ ਟੈਸਟ ਕੀਤੇ ਜਾਣਾ ਵਿਹਾਰਕ ਤੌਰ 'ਤੇ ਸੰਭਵ ਨਹੀਂ ਹੈ। ਏਮਜ਼ ਦੇ ਡਾਇਰੈਕਟਰ ਡਾ.ਰਣਦੀਪ ਗੁਲੇਰੀਆ ਵੱਲੋਂ ਦੇਸ਼ ਵਿਚ ਕਰੋਨਾ ਵਾਇਰਸ ਮਹਾਮਾਰੀ ਦੇ ਸਿਖਰ ਨੂੰ ਲੈ ਕੇ ਕੀਤੀਆਂ ਟਿੱਪਣੀਆਂ ਨੂੰ ਖਾਰਜ ਕਰਦਿਆਂ ਹਰਸ਼ ਵਰਧਨ ਨੇ ਕਿਹਾ ਕਿ 'ਰੋਗ ਦੇ ਭਵਿੱਖੀ ਖਾਕੇ' ਬਾਰੇ ਕੋਈ ਅਨੁਮਾਨ ਲਾਉਣਾ ਔਖਾ ਹੈ। ਉਨ੍ਹਾਂ ਕਿਹਾ ਕਿ 27 ਮਈ ਤੱਕ ਸਾਡੀ ਟੈਸਟਿੰਗ ਸਮਰੱਥਾ 1.60 ਲੱਖ ਟੈਸਟ ਪ੍ਰਤੀ ਦਿਨ ਸੀ ਤੇ ਅੱਜ ਦੀ ਤਰੀਕ ਤੱਕ ਅਸੀਂ 1,15,229 ਟੈਸਟ ਕਰ ਚੁੱਕੇ ਹਾਂ।

## 172 ਕਿਲੋ ਕੋਕੀਨ ਬਰਾਮਦਗੀ: ਦੋ ਭਾਰਤੀਆਂ ਨੂੰ ਸਜ਼ਾ

**ਲੰਡਨ:** ਬਰਤਾਨੀਆ ਵਿਚ ਭਾਰਤੀ ਮੂਲ ਦੇ ਦੋ ਵਿਅਕਤੀਆਂ ਨੂੰ ਕੁੱਲ 34 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਦੋਵਾਂ ਪਾਸੋਂ ਦੋ ਕਰੋੜ ਪੌਂਡ ਤੋਂ ਵੱਧ ਦੀ ਕੋਕੀਨ ਬਰਾਮਦ ਹੋਈ ਸੀ। ਇਸ ਬਰਾਮਦਗੀ ਨੂੰ ਸਕਾਟਲੈਂਡ ਯਾਰਡ ਨਸ਼ੀਲੇ ਪਦਾਰਥਾਂ ਦੀ ਸਭ ਤੋਂ ਵੱਡੀ ਬਰਾਮਦਗੀ ਵਿਚੋਂ ਇਕ ਮੰਨ ਰਿਹਾ ਹੈ। ਅਦਾਲਤ ਨੇ ਜਿਨ੍ਹਾਂ ਨੂੰ ਸਜ਼ਾ ਦਿੱਤੀ ਹੈ, ਉਨ੍ਹਾਂ ਵਿਚ 34 ਸਾਲ ਦਾ ਸ਼ਕਤੀ ਗੁਪਤਾ ਤੇ 54 ਸਾਲ ਦਾ ਬਲਦੇਵ ਸਿੰਘ ਸਹੋਤਾ ਸ਼ਾਮਲ ਹਨ। ਦੋਵਾਂ ਨੂੰ ਕ੍ਰਮਵਾਰ 18 ਤੇ 16 ਸਾਲ ਦੀ ਸਜ਼ਾ ਸੁਣਾਈ ਗਈ ਹੈ। ਦੋਵਾਂ ਤੋਂ 172 ਕਿਲੋ ਕੋਕੀਨ ਫੜੀ ਗਈ ਸੀ।

## ਫਰੀਦਕੋਟ ਦੇ ਰਾਜੇ ਦੀ ਸ਼ਾਹੀ ਵਸੀਅਤ ਰੱਦ

**ਫਰੀਦਕੋਟ:** ਫਰੀਦਕੋਟ ਰਿਆਸਤ ਦੇ ਆਖਰੀ ਰਾਜਾ ਹਰਿੰਦਰ ਸਿੰਘ ਬਰਾੜ ਵੱਲੋਂ ਤਿੰਨ ਦਹਾਕੇ ਪਹਿਲਾਂ ਫਰੀਦਕੋਟ ਰਿਆਸਤ ਦੀ ਹਜ਼ਾਰਾਂ ਕਰੋੜ ਰੁਪਏ ਦੀ ਜਾਇਦਾਦ ਦੀ ਮਾਲਕੀ ਤੇ ਸਾਂਭ ਸੰਭਾਲ ਸਬੰਧੀ ਕੀਤੀ ਵਸੀਅਤ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਵੀ ਰੱਦ ਕਰ ਦਿੱਤੀ ਹੈ।

ਦੱਸਣਯੋਗ ਹੈ ਕਿ ਰਾਜਾ ਹਰਿੰਦਰ ਸਿੰਘ ਬਰਾੜ ਦੀ ਬੇਟੀ ਰਾਜਕੁਮਾਰੀ ਅੰਮ੍ਰਿਤ ਕੌਰ ਨੂੰ ਵਸੀਅਤ ਦੇ ਆਧਾਰ ਉਤੇ ਜਾਇਦਾਦ ਵਿਚੋਂ ਕੁਝ ਨਹੀਂ ਸੀ ਮਿਲਿਆ। ਰਾਜਾ ਹਰਿੰਦਰ ਸਿੰਘ ਬਰਾੜ ਦੀ ਮੌਤ ਮਗਰੋਂ ਅੰਮ੍ਰਿਤ ਕੌਰ ਨੇ ਵਸੀਅਤ ਨੂੰ ਅਦਾਲਤ ਵਿਚ ਚੁਣੌਤੀ ਦਿੱਤੀ ਸੀ। ਸਿਵਲ ਜੱਜ ਅਤੇ ਜ਼ਿਲ੍ਹਾ ਜੱਜ ਚੰਡੀਗੜ੍ਹ ਨੇ ਵਸੀਅਤ ਰੱਦ ਕਰ ਦਿੱਤੀ ਸੀ ਜਿਸ ਖਿਲਾਫ ਰਾਜਾ ਹਰਿੰਦਰ ਸਿੰਘ ਬਰਾੜ ਦੀ ਵਸੀਅਤ ਦੇ ਆਧਾਰ ਉਤੇ ਬਣਾਏ ਗਏ ਮਹਾਰਾਵਲ ਖੇਵਾ ਜੀ ਟਰੱਸਟ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਅਪੀਲ ਕੀਤੀ ਸੀ। ਇਸ ਉਤੇ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਜੱਜ ਰਾਜ ਮੋਹਨ ਸਿੰਘ ਨੇ 547 ਸਫਿਆਂ ਦੇ ਫੈਸਲੇ 'ਚ ਰਾਜਾ ਹਰਿੰਦਰ ਸਿੰਘ ਦੀ ਵਸੀਅਤ ਨੂੰ ਗੈਰਕਾਨੂੰਨੀ ਐਲਾਨਦਿਆਂ ਰਾਜਾ ਹਰਿੰਦਰ ਸਿੰਘ ਦੀ ਜਾਇਦਾਦ ਕੁਦਰਤੀ ਵਾਰਸਾਂ ਹਵਾਲੇ ਕਰਨ ਦਾ ਹੁਕਮ ਦਿੱਤਾ ਹੈ। ਹਾਈ ਕੋਰਟ ਦੇ ਇਸ ਫੈਸਲੇ ਨਾਲ ਵਸੀਅਤ ਦੇ ਆਧਾਰ 'ਤੇ ਬਣਾਏ ਟਰੱਸਟ ਦੀ ਹੋਂਦ ਕਾਨੂੰਨੀ ਤੌਰ ਉਤੇ ਖਤਮ ਹੋ ਗਈ ਹੈ। ਹਾਲਾਂਕਿ ਟਰੱਸਟ ਨੇ ਫੈਸਲੇ ਨੂੰ ਸੁਪਰੀਮ ਕੋਰਟ 'ਚ ਚੁਣੌਤੀ ਦੇਣ ਦਾ ਐਲਾਨ ਕੀਤਾ ਹੈ।

## ਕੈਪਟਨ ਸਰਕਾਰ ਸ਼ਰਾਬੀਆਂ ਸਿਰੋਂ ਪੂਰਾ ਕਰੇਗੀ ਲੌਕਡਾਊਨ ਦਾ ਘਾਟਾ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸ਼ਰਾਬ ਉਤੇ ਕੋਵਿਡ ਸੈੱਸ ਲਾ ਦਿੱਤਾ ਹੈ ਜਿਸ ਮਗਰੋਂ ਸੂਬੇ 'ਚ ਸ਼ਰਾਬ ਮਹਿੰਗੀ ਹੋ ਗਈ ਹੈ। ਸਰਕਾਰੀ ਖਜ਼ਾਨੇ ਨੂੰ ਤਾਲਾਬੰਦੀ ਦੌਰਾਨ ਵੱਡੀ ਮਾਲੀ ਸੱਟ ਵੱਜੀ ਹੈ ਜਿਸ ਦੀ ਭਰਪਾਈ ਖਾਤਰ ਕੋਵਿਡ ਸੈੱਸ ਲਾਇਆ ਗਿਆ ਹੈ। ਪੰਜਾਬ ਵਿਚ ਸ਼ਰਾਬ 5 ਰੁਪਏ ਤੋਂ ਦਸ ਰੁਪਏ ਪ੍ਰਤੀ ਬੋਤਲ ਮਹਿੰਗੀ ਹੋ ਗਈ ਹੈ ਜਦਕਿ ਵਿਦੇਸ਼ੀ ਸ਼ਰਾਬ 50 ਰੁਪਏ ਮਹਿੰਗੀ ਹੋ ਗਈ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੋਵਿਡ ਸੈੱਸ ਨੂੰ ਪ੍ਰਵਾਨਗੀ ਦੇ ਦਿੱਤੀ ਹੈ ਅਤੇ ਕੋਵਿਡ ਸੈੱਸ ਨਾਲ ਖਜ਼ਾਨੇ ਨੂੰ 145 ਕਰੋੜ ਰੁਪਏ ਦੀ ਵਾਧੂ ਕਮਾਈ ਹੋਵੇਗੀ।

ਪੰਜਾਬ ਸਰਕਾਰ ਵੱਲੋਂ 12 ਮਈ ਨੂੰ ਮਾਲੀ ਘਾਟੇ ਦੀ ਪੂਰਤੀ ਬਾਰੇ ਮੰਤਰੀਆਂ ਦਾ ਸਮੂਹ ਬਣਾਇਆ ਗਿਆ ਹੈ ਜਿਸ ਨੇ ਕੁਝ ਸਿਫਾਰਸ਼ਾਂ ਕੀਤੀਆਂ ਹਨ। ਸਰਕਾਰੀ ਬੁਲਾਰੇ ਦਾ ਕਹਿਣਾ ਹੈ ਕਿ ਸਰਕਾਰ ਨੂੰ 26 ਹਜ਼ਾਰ ਕਰੋੜ ਦਾ ਨੁਕਸਾਨ ਹੋਇਆ ਹੈ ਜੋ ਚਾਲੂ ਵਿੱਤੀ ਵਰ੍ਹੇ ਦਾ 30 ਫੀਸਦੀ ਬਣਦਾ ਹੈ। ਮੰਤਰੀਆਂ ਦੇ ਸਮੂਹ ਵੱਲੋਂ ਹੀ ਆਬਕਾਰੀ ਤੋਂ ਪ੍ਰਾਪਤ ਮਾਲੀਏ ਦਾ ਮੁਲਾਂਕਣ ਕੀਤਾ ਗਿਆ ਹੈ।

## ਅਮਰੀਕੀ ਪ੍ਰਸ਼ਾਸਨ ਨੇ ਦੇਸ਼ ਦੇ ਆਰਥਿਕ ਨਿਘਾਰ 'ਤੇ ਪਰਦਾ ਪਾਇਆ

**ਵਾਸ਼ਿੰਗਟਨ:** ਅਮਰੀਕਾ ਵਿਚ ਵ੍ਹਾਈਟ ਹਾਊਸ ਨੇ ਇਸ ਸਾਲ ਆਉਣ ਵਾਲੇ ਆਰਥਿਕ ਅਨੁਮਾਨ ਅੰਕੜੇ ਜਾਰੀ ਕਰਨ 'ਤੇ ਰੋਕ ਲਗਾ ਕੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਹੈ। ਅਜਿਹੇ ਸਮੇਂ ਜਦੋਂ ਅਮਰੀਕੀ ਰਾਸ਼ਟਰਪਤੀ ਦੀਆਂ ਚੋਣਾਂ ਨੂੰ ਸਿਰਫ ਤਿੰਨ ਮਹੀਨੇ ਬਾਕੀ ਹਨ, ਇਹ ਕਦਮ ਪ੍ਰਸ਼ਾਸਨ ਦੀ ਕਰੋਨਾ ਵਾਇਰਸ ਪ੍ਰਤੀ ਚਿੰਤਾ ਨੂੰ ਦਰਸਾਉਂਦਾ ਹੈ। ਇਸ ਫੈਸਲੇ ਦੀ ਪੁਸ਼ਟੀ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀ ਨੇ ਕੀਤੀ। ਇਹ ਫੈਸਲਾ ਮਹਾਂਮਾਰੀ ਦੇ ਗੰਭੀਰ ਆਰਥਿਕ ਨਤੀਜਿਆਂ ਵੱਲ ਇਸ਼ਾਰਾ ਕਰਦਾ ਹੈ। ਵਣਜ ਵਿਭਾਗ ਨੇ ਦੱਸਿਆ ਕਿ ਅਮਰੀਕੀ ਆਰਥਿਕਤਾ ਪਹਿਲੀ ਤਿਮਾਹੀ ਵਿਚ ਘੱਟ ਕੇ ਪੰਜ ਪ੍ਰਤੀਸ਼ਤ ਰਹਿ ਗਈ ਹੈ ਜੋ ਅਨੁਮਾਨ ਤੋਂ ਕਿਤੇ ਜ਼ਿਆਦਾ ਹੈ। ਪਿਛਲੇ ਹਫਤੇ ਘੱਟੋ ਘੱਟ 2 ਕਰੋੜ 10 ਲੱਖ ਅਮਰੀਕੀਆਂ ਨੇ ਆਪਣੀਆਂ ਨੌਕਰੀਆਂ ਗੁਆ ਦਿੱਤੀਆਂ ਅਤੇ ਤਾਲਾਬੰਦੀ ਲਾਗੂ ਹੋਣ ਤੋਂ ਬਾਅਦ 4 ਕਰੋੜ 10 ਲੱਖ ਅਮਰੀਕੀ ਲੋਕਾਂ ਨੇ ਬੇਰੁਜ਼ਗਾਰੀ ਦੇ ਭੱਤੇ ਲਈ ਅਰਜ਼ੀ ਦਿੱਤੀ ਹੈ। ਉਧਰ, ਰਾਸ਼ਟਰਪਤੀ ਟਰੰਪ ਲੋਕਾਂ ਨੂੰ ਤਸੱਲੀ ਦੇ ਰਹੇ ਹਨ ਕਿ ਇਸ ਸਾਲ ਦੇ ਅਖੀਰ ਤੱਕ ਸਭ ਕੁੱਝ ਠੀਕ ਹੋ ਜਾਵੇਗਾ।

## ਮੁਹਾਲੀ 'ਚੋਂ ਖਾੜਕੂ ਤੇਜਿੰਦਰ ਸਿੰਘ ਤੇਜਾ ਗ੍ਰਿਫਤਾਰ

**ਮੁਹਾਲੀ:** ਪੰਜਾਬ ਪੁਲਿਸ ਦੇ ਸਪੈਸ਼ਲ ਅਪਰੇਸ਼ਨ ਸੈੱਲ ਵੱਲੋਂ ਖਾੜਕੂ ਤੇਜਿੰਦਰ ਸਿੰਘ ਉਰਫ ਤੇਜਾ ਨੂੰ ਇਥੋਂ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਨੇੜਿਉਂ ਗ੍ਰਿਫਤਾਰ ਕੀਤਾ ਗਿਆ ਹੈ।

ਮੁਲਜ਼ਮ ਤੇਜਿੰਦਰ ਸਿੰਘ ਵਾਸੀ ਪਿੰਡ ਮਹੇਂਦਪੁਰ (ਨਵਾਂ ਸ਼ਹਿਰ) ਖਿਲਾਫ ਇਥੋਂ ਦੇ ਫੇਜ਼-1 ਸਥਿਤ ਸਪੈਸ਼ਲ ਸੈੱਲ ਦੇ ਥਾਣੇ ਵਿਚ ਅਸਲਾ ਐਕਟ ਸਮੇਤ ਹੋਰ ਵੱਖ-ਵੱਖ ਧਰਾਵਾਂ ਦੇ ਤਹਿਤ ਕੇਸ ਦਰਜ ਕੀਤਾ ਗਿਆ ਹੈ।

ਡੀ. ਜੀ. ਪੀ. ਦਿਨਕਰ ਗੁਪਤਾ ਨੇ ਦੱਸਿਆ ਕਿ ਮੁਲਜ਼ਮ ਕੋਲੋਂ ਚੀਨੀ .30 ਬੋਰ ਦਾ ਪਿਸਤੌਲ, 10 ਕਾਰਤੂਸ, ਕਾਰ, ਪੁਲਿਸ ਵਰਦੀ ਅਤੇ ਪੁਲਿਸ ਦਾ ਜਾਅਲੀ ਆਈ ਕਾਰਡ ਬਰਾਮਦ ਕੀਤਾ ਗਿਆ ਹੈ। ਮੁਲਜ਼ਮ ਲੁਧਿਆਣਾ ਵਿਚ ਦੋ ਕਿੱਲੋ ਸੋਨੇ ਦੀ ਡਕੈਤੀ ਮਾਮਲੇ ਵਿਚ ਪੁਲਿਸ ਨੂੰ ਲੋੜੀਂਦਾ ਸੀ।

## ਮਕਬੂਜ਼ਾ ਕਸ਼ਮੀਰ 'ਚ ਚੀਨ ਲਗਾਏਗਾ ਪਣ ਬਿਜਲੀ ਪ੍ਰਾਜੈਕਟ

**ਇਸਲਾਮਾਬਾਦ:** ਚੀਨ ਬਹੁ-ਅਰਬ ਡਾਲਰ ਦੇ ਚੀਨ-ਪਾਕਿਸਤਾਨ ਆਰਥਿਕ ਕੋਰੀਡੋਰ (ਸੀ.ਪੀ.ਈ.ਸੀ.) ਤਹਿਤ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਵਿਚ 1,124 ਮੈਗਾਵਾਟ ਬਿਜਲੀ ਪ੍ਰਾਜੈਕਟ ਸਥਾਪਤ ਕਰੇਗਾ।

ਮੀਡੀਆ ਰਿਪੋਰਟਾਂ ਮੁਤਾਬਕ ਉਰਜਾ ਮੰਤਰੀ ਉਮਰ ਅਯੂਬ ਦੀ ਪ੍ਰਧਾਨਗੀ ਵਿਚ ਹੋਈ ਨਿੱਜੀ ਬਿਜਲੀ ਅਤੇ ਬੁਨਿਆਦੀ ਢਾਂਚਾ ਬੋਰਡ (ਪੀ.ਪੀ.ਆਈ.ਬੀ.) ਦੀ 127 ਵੀਂ ਬੈਠਕ ਵਿਚ ਕੋਹਾਲਾ ਪਣ ਬਿਜਲੀ ਪ੍ਰਾਜੈਕਟ ਦੇ ਵੇਰਵੇ ਪੇਸ਼ ਕੀਤੇ ਗਏ।

ਐਕਸਪ੍ਰੈਸ ਟ੍ਰਿਬਿਊਨ ਮੁਤਾਬਕ ਬੈਠਕ ਵਿਚ ਤਿੰਨ ਪਾਰਟੀ ਸਮਝੌਤੇ ਤਹਿਤ 1,124 ਮੈਗਾਵਾਟ ਪ੍ਰਾਜੈਕਟ 'ਤੇ ਚਰਚਾ ਹੋਈ। ਇਸ ਸਮਝੌਤੇ ਵਿਚ ਚੀਨ ਦੀ ਥ੍ਰੀ ਜੌਰਜ ਕਾਰਪੋਰੇਸ਼ਨ, ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ (ਪੀ.ਓ.ਕੇ.) ਦੇ ਅਧਿਕਾਰੀਆਂ ਅਤੇ ਪੀ.ਪੀ.ਆਈ.ਬੀ. ਦਰਮਿਆਨ ਸਮਝੌਤੇ ਨੂੰ ਅੰਤਮ ਰੂਪ ਦਿੱਤਾ ਗਿਆ ਹੈ।

## ਪੰਜਾਬੀ ਸਾਹਿਤਕਾਰ ਹਮਦਰਦਵੀਰ ਨੌਸ਼ਹਿਰਵੀ ਨਹੀਂ ਰਹੇ

**ਸਮਰਾਲਾ:** ਪੰਜਾਬੀ ਦੇ ਪ੍ਰਸਿੱਧ ਸਾਹਿਤਕਾਰ ਪਿੰਡ ਨੌਸ਼ਹਿਰਾ ਦੇ ਜੰਮਪਲ ਸ਼ਹਿਰ ਸਮਰਾਲਾ ਦਾ ਮਾਣ ਪ੍ਰੋਫਸਰ ਹਮਦਰਦਵੀਰ ਨੌਸ਼ਹਿਰਵੀ (84) ਸਦੀਵੀ ਵਿਛੋੜਾ ਦੇ ਗਏ। 70 ਤੋਂ ਉਪਰ ਕਿਤਾਬਾਂ ਦੇ ਲੇਖਕ, ਅਖਬਾਰਾਂ, ਰਸਾਲਿਆਂ ਵਿਚ ਲਿਖਣ ਵਾਲੇ ਹਮਦਰਦਵੀਰ ਨੌਸ਼ਹਿਰਵੀ ਉਰਫ ਬੂਟਾ ਸਿੰਘ ਪੰਨੂ ਦੇ ਤੁਰ ਜਾਣ ਨਾਲ ਸਾਹਿਤ ਜਗਤ ਨੂੰ ਵੱਡਾ ਘਟਾ ਪਿਆ ਹੈ। ਉਨ੍ਹਾਂ ਸਥਾਨਕ ਮਾਛੀਵਾੜਾ ਰੋਡ ਦੇ ਕਵਿਤਾ ਭਵਨ ਵਿਖੇ ਆਖਰੀ ਸਾਹ ਲਏ।

# ਸਿਆਹਫਾਮ ਰੋਹ: ਟਰੰਪ ਦਾ ਸਿੰਘਾਸਣ ਹਿੱਲਿਆ

*(ਸਫਾ ਇਕ ਦੀ ਬਾਕੀ)*

ਕੀਤਾ ਗਿਆ ਹੈ। ਪਰ ਇਸ ਦੇ ਬਾਵਜੂਦ ਵੱਡੇ ਪੱਧਰ ਉਤੇ ਲੋਕ ਰੋਹ ਉਠ ਖਲੋਤਾ।

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਅਮਰੀਕਾ ਵਿਚ ਕਾਲੇ ਲੋਕਾਂ ਉਤੇ ਜ਼ੁਲਮ ਦੀ ਇਹ ਕੋਈ ਪਹਿਲੀ ਘਟਨਾ ਨਹੀਂ ਹੈ, ਜੇ ਹੁਣ ਹਾਲਾਤ ਵਿਗੜੇ ਹਨ ਤਾਂ ਇਸ ਪਿੱਛੇ ਟਰੰਪ ਦੀ ਹੈਂਕੜਬਾਜ਼ੀ ਹੈ। ਟਰੰਪ ਨੇ ਨਾ ਤਾਂ ਮੌਕੇ ਦੀ ਨਜ਼ਾਕਤ ਸਮਝੀ ਤੇ ਸਥਾਨਕ ਪ੍ਰਸ਼ਾਸਨ ਦੀ ਚਿਤਾਵਨੀ ਦੀ ਪਰਵਾਹ ਕੀਤੀ। 'ਵਿਖਾਵਾਕਾਰੀਆਂ ਦਾ ਸਵਾਗਤ ਖਤਰਨਾਕ ਕੁੱਤਿਆਂ ਤੇ ਹਥਿਆਰਾਂ ਨਾਲ ਕਰਨ ਅਤੇ ਜਿਥੇ ਲੁੱਟ ਹੋਵੇਗੀ ਉਥੇ ਸ਼ੂਟ ਹੋਵੇਗੀ', ਵਰਗੇ ਟਰੰਪ ਦੇ ਬੋਲਾਂ ਨੇ ਸਥਿਤੀ ਹੋਰ ਵਿਗਾੜ ਦਿੱਤੀ। ਨਿਊ ਯਾਰਕ ਦੇ ਮੇਅਰ ਬਿਲ ਡੇ ਬਲਾਸਿਓ ਮੁਤਾਬਕ ਅਮਰੀਕਾ ਦੇ ਰਾਸ਼ਟਰਪਤੀ ਨੇ ਲੋਕਾਂ 'ਚ ਜ਼ਹਿਰ ਫੈਲਾਉਣ ਦਾ ਕੰਮ ਕੀਤਾ ਹੈ ਜਿਸ ਨਾਲ ਲੋਕਾਂ 'ਚ ਗੁੱਸਾ ਵਧਿਆ ਅਤੇ ਅਜਿਹਾ ਮਾਹੌਲ ਬਣਿਆ ਜੋ ਸਾਰਿਆਂ ਲਈ ਦੁਖਦਾਈ ਹੈ।

ਅਮਰੀਕਾ 'ਚ ਲਗਭਗ 5 ਕਰੋੜ ਕਾਲੇ ਹਨ ਜਿਨ੍ਹਾਂ ਦਾ ਰਵਾਇਤੀ ਤੌਰ ਉਤੇ ਝੁਕਾਅ ਡੈਮੋਕ੍ਰੇਟਿਕ ਪਾਰਟੀ ਦੇ ਨਾਲ ਹੈ। ਹਾਲਾਂਕਿ ਰਾਸ਼ਟਰਪਤੀ ਬਣਨ ਦੇ ਇਲਾਵਾ ਟਰੰਪ ਗੋਰਿਆਂ ਤੋਂ ਇਲਾਵਾ ਕਾਲਿਆਂ ਨੂੰ ਆਪਣੇ ਨਾਲ ਜੋੜਨ ਦੀ ਕੋਸ਼ਿਸ਼ ਕਰਦੇ ਦਿਖਾਈ ਦਿੱਤੇ। 'ਵਾਸ਼ਿੰਗਟਨ ਪੋਸਟ' ਅਨੁਸਾਰ ਹਾਲਾਂਕਿ ਅਮਰੀਕਾ 'ਚ ਸਿਰਫ 13 ਫੀਸਦੀ ਹੀ ਕਾਲੇ ਲੋਕ ਹਨ ਪਰ ਪੁਲਿਸ ਦੀ ਗੋਲੀ ਨਾਲ 24 ਫੀਸਦੀ ਕਾਲੇ ਲੋਕ ਹੀ ਮਾਰੇ ਜਾਂਦੇ ਹਨ ਅਤੇ 99 ਫੀਸਦੀ ਮਾਮਲਿਆਂ 'ਚ ਪੁਲਿਸ ਦੇ ਵਿਰੁੱਧ ਕੋਈ ਕਾਰਵਾਈ ਨਹੀਂ ਹੁੰਦੀ।

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਕੋਵਿਡ-19 ਦੇ ਸੰਕਟ ਦੌਰਾਨ ਸਿਆਹਫਾਮ ਲੋਕਾਂ ਨੂੰ ਜ਼ਿਆਦਾ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ ਹੈ ਅਤੇ ਉਨ੍ਹਾਂ ਵਿਚ ਹਕੂਮਤ ਵਿਰੁੱਧ ਗੁੱਸਾ ਬੜੀ ਦੇਰ ਤੋਂ ਵਧ ਰਿਹਾ ਸੀ। ਅਮਰੀਕਾ ਦੇ ਵੱਖ-ਵੱਖ ਸੂਬਿਆਂ ਦੀ ਪੁਲਿਸ ਦੇ ਗੋਰੇ ਅਫਸਰਾਂ 'ਤੇ ਸਿਆਹਫਾਮ ਲੋਕਾਂ ਨਾਲ ਮਾੜਾ ਵਰਤਾਅ ਕਰਨ ਦੇ ਇਲਜ਼ਾਮ ਲੱਗਦੇ ਰਹੇ ਹਨ।

ਯਾਦ ਰਹੇ ਕਿ ਸਿਆਹਫਾਮ ਲੋਕਾਂ ਤੋਂ ਇਲਾਵਾ ਲਾਤੀਨੀ ਅਮਰੀਕੀਆਂ, ਏਸ਼ੀਅਨ ਮੂਲ ਦੇ ਲੋਕਾਂ ਅਤੇ ਯਹੂਦੀਆਂ ਨੂੰ ਵੱਖ-ਵੱਖ ਤਰ੍ਹਾਂ ਦੇ ਵਿਤਕਰੇ ਦਾ ਸਾਹਮਣਾ ਕਰਨਾ ਪੈਂਦਾ ਹੈ। ਕੋਵਿਡ ਮਹਾਮਾਰੀ ਅਤੇ ਇਸ ਦੁਰਘਟਨਾ ਤੋਂ ਬਾਅਦ ਹੋਏ ਮੁਜ਼ਾਹਰਿਆਂ ਦੌਰਾਨ ਡੋਨਲਡ ਟਰੰਪ ਇਕ ਵਾਰ ਫਿਰ ਲੋਕਾਂ ਦੀ ਯੋਗ ਅਗਵਾਈ ਕਰਨ ਵਿਚ ਅਸਫਲ ਰਿਹਾ ਹੈ ਅਤੇ ਆਉਣ ਵਾਲੇ ਦਿਨ ਅਮਰੀਕੀ ਲੋਕਾਂ ਲਈ ਕਾਫੀ ਸੰਕਟ ਵਾਲੇ ਹੋ ਸਕਦੇ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ

# ਪੰਜਾਬ 'ਚ ਮੋਟਰਾਂ ਦੇ ਬਿੱਲ ਲਾਉਣ ਦੀ ਤਜਵੀਜ਼ ਖਿਲਾਫ ਮੁਜ਼ਾਹਰੇ

**ਚੰਡੀਗੜ੍ਹ:** ਖੇਤੀ ਮੋਟਰਾਂ ਉਤੇ ਬਿੱਲ ਲਾਗੂ ਕਰਨ ਦੀ ਤਜਵੀਜ਼ ਉਤੇ ਪੰਜਾਬ ਸਰਕਾਰ ਨੂੰ ਚੁਫੇਰਿਓਂ ਘੇਰਾ ਪੈ ਗਿਆ ਹੈ। ਬਿੱਲਾਂ ਦੇ ਵਿਰੋਧ 'ਚ ਕਿਸਾਨ ਯੂਨੀਅਨ (ਡਕੌਂਦਾ) ਵੱਲੋਂ ਸੂਬਾ ਪ੍ਰਧਾਨ ਬੂਟਾ ਸਿੰਘ ਬੁਰਜਗਿੱਲ ਦੀ ਅਗਵਾਈ ਹੇਠਾਂ ਪੰਜਾਬ 'ਚ ਵੱਖ ਵੱਖ ਥਾਵਾਂ ਉਤੇ ਪਾਵਰ ਕਾਰਪੋਰੇਸ਼ਨ ਦੇ ਦਫਤਰਾਂ ਅੱਗੇ ਕੇਂਦਰ ਤੇ ਪੰਜਾਬ ਸਰਕਾਰ ਖਿਲਾਫ ਅਰਥੀ ਫੂਕ ਮੁਜ਼ਾਹਰੇ ਕੀਤੇ ਗਏ। ਹਾਲਾਂਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ 29 ਮਈ ਦੇਰ ਸ਼ਾਮ ਟਵੀਟ ਕਰਕੇ ਕਿਸਾਨਾਂ ਦੀ ਮੁਫਤ ਬਿਜਲੀ ਸਹੂਲਤ ਵਾਪਸ ਨਾ ਲਏ ਜਾਣ ਦਾ ਬਿਆਨ ਜਾਰੀ ਕਰ ਦਿੱਤਾ ਸੀ, ਪਰ ਇਸ ਬਿਆਨ ਨਾਲ ਕਿਸਾਨ ਜਥੇਬੰਦੀ ਸੰਤੁਸ਼ਟ ਨਹੀਂ ਹੈ। ਜਥੇਬੰਦੀ ਦਾ ਤਰਕ ਹੈ ਕਿ ਇਹ ਮਾਮਲਾ ਕੈਬਨਿਟ ਮੀਟਿੰਗ 'ਚ ਵਿਚਾਰਿਆ ਗਿਆ ਸੀ ਤੇ ਹੁਣ ਕੈਬਨਿਟ ਹੀ ਇਸ ਗੱਲ ਉਤੇ ਮੋਹਰ ਲਾਵੇ ਕਿ ਕੈਪਟਨ ਸਰਕਾਰ ਦੌਰਾਨ ਖੇਤੀਬਾੜੀ ਮੋਟਰਾਂ ਨੂੰ ਮੁਫਤ ਬਿਜਲੀ ਦੀ ਸਹੂਲਤ ਇਸੇ ਹੀ ਤਰੀਕੇ ਨਾਲ ਜਾਰੀ ਰਹੇਗੀ। ਜਥੇਬੰਦੀ ਨੇ ਆਖਿਆ ਕਿ ਖੇਤੀ ਵਿਸ਼ਾ ਸੰਵਿਧਾਨਕ ਤੌਰ ਉਤੇ ਰਾਜ ਸਰਕਾਰਾਂ ਦੇ ਅਧਿਕਾਰ 'ਚ ਹੈ ਤੇ ਕੇਂਦਰ ਕਿਰਸਾਨੀ ਮਸਲਿਆਂ ਉਤੇ ਬੇਲੋੜੀ ਦਖਲਅੰਦਾਜ਼ੀ ਬੰਦ ਕਰੇ। ਉਨ੍ਹਾਂ ਆਖਿਆ ਕਿ ਅਜਿਹੇ ਬਿਆਨ ਪਿੱਛੇ ਲੁਕਵੀਂ ਚਾਲ ਨਜ਼ਰ ਆ




ਰਹੀ ਹੈ, ਜਿਸ ਕਰਕੇ ਇਹ ਖਤਰੇ ਦੀ ਘੰਟੀ ਹੈ। ਕਿਸਾਨ ਯੂਨੀਅਨ ਨੇ ਪਟਿਆਲਾ, ਬਰਨਾਲਾ, ਫਿਰੋਜ਼ਪੁਰ, ਮਾਨਸਾ, ਸ਼ਹਿਣਾ, ਠੁੱਲ੍ਹੀਵਾਲ ਤੇ ਭਦੌੜ ਸਮੇਤ ਹੋਰਨਾਂ ਥਾਵਾਂ ਉਤੇ ਕੈਪਟਨ ਅਮਰਿੰਦਰ ਸਿੰਘ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪੁਤਲੇ ਫੂਕਦਿਆਂ ਪ੍ਰਦਰਸ਼ਨ ਕੀਤੇ ਹਨ। ਕਿਸਾਨ ਆਗੂਆਂ ਦਾ ਤਰਕ ਸੀ ਕਿ ਲੋਕਾਂ ਦਾ ਢਿੱਡ ਭਰਨ ਵਾਲੇ ਕਿਸਾਨ ਨੂੰ ਸਨਮਾਨ ਦੀ ਬਜਾਏ ਹਕੂਮਤਾਂ ਕਿਸੇ ਨਾ ਕਿਸੇ ਬਹਾਨੇ ਦੁਰਕਾਰਦੀਆਂ ਆ ਰਹੀਆਂ ਹਨ। ਪਰ ਕਿਸਾਨ ਦੇ ਮਰਨ ਨਾਲ ਦੇਸ਼ ਦੀ ਜੋ ਬਦਤਰ ਹਾਲਤ ਹੋਵੇਗੀ, ਉਹ ਕਦੇ ਰਾਜਸੀ ਕਬੀਲੇ ਨੇ ਵੀ ਨਹੀਂ ਸੋਚਿਆ ਹੋਣਾ। ਇਸ ਲਈ ਜ਼ਰੂਰੀ ਹੈ ਕਿ ਹਕੂਮਤਾਂ ਕਿਸਾਨ ਵਿਰੋਧੀ ਫੈਸਲਿਆਂ ਤੋਂ ਗੁਰੇਜ਼ ਕਰਨ। ਉਨ੍ਹਾਂ ਕਿਹਾ ਕਿ ਪੰਜਾਬ ਦੇ 26 ਲੱਖ ਕਿਸਾਨਾਂ ਵਿਚੋਂ ਕਰੀਬ 14 ਲੱਖ ਕਿਸਾਨ ਬਿਜਲੀ ਮੋਟਰਾਂ ਰਾਹੀਂ ਫਸਲਾਂ ਪਾਲਦੇ ਹਨ ਤੇ ਹਰ ਸਾਲ 6200 ਕਰੋੜ ਦੀ ਸਬਸਿਡੀ ਮਿਲਦੀ ਸੀ। ਪਰ ਅਜਿਹੀ ਸਬਸਿਡੀ ਹੋਰਨਾਂ ਰਾਜਾਂ, ਇਥੋਂ ਤੱਕ ਕਿ ਵਿਸ਼ਵ ਭਰ ਵਿਚ ਹੀ ਸਮੇਂ ਸਮੇਂ 'ਤੇ ਮਿਲਦੀ ਰਹਿੰਦੀ ਹੈ। ਇਸ ਦੌਰਾਨ ਕਰੋਨਾ ਦੇ ਲੱਛਣਾਂ ਤੋਂ ਬਗੈਰ ਪਾਜੀਟਿਵ ਮਰੀਜ਼ਾਂ ਨੂੰ ਘਰਾਂ ਵਿਚ ਇਕਾਂਤਵਾਸ ਕਰਨ ਦੀ ਨੀਤੀ ਰੱਦ ਕਰਨ, ਸਰਕਾਰੀ ਖਰਚੇ ਉਤੇ ਮਰੀਜ਼ਾਂ ਦੇ ਇਲਾਜ, ਸਾਂਭ-ਸੰਭਾਲ, ਸਫਾਈ ਤੇ ਪੌਸ਼ਟਿਕ ਖੁਰਾਕ ਦੇ ਪੁਖਤਾ ਪ੍ਰਬੰਧ ਕਰਨ ਆਦਿ ਮੰਗਾਂ ਸਮੇਤ ਬਿਜਲੀ ਬਿੱਲ ਲਾਉਣ ਖਿਲਾਫ ਕਿਸਾਨਾਂ ਤੇ ਖੇਤ ਮਜ਼ਦੂਰਾਂ ਨੇ ਪੰਜਾਬ ਭਰ ਰੋਸ ਮੁਜ਼ਾਹਰੇ ਕਰਦਿਆਂ ਕੈਪਟਨ ਅਮਰਿੰਦਰ ਤੇ ਨਰਿੰਦਰ ਮੋਦੀ ਖਿਲਾਫ ਭੜਾਸ ਕੱਢੀ। ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਆਗੂਆਂ ਨੇ ਆਖਿਆ ਕਿ ਸਰਕਾਰ ਪਾਜੀਟਿਵ ਮਰੀਜ਼ਾਂ ਦੇ ਇਲਾਜ ਲਈ ਸੰਜੀਦਾ ਨਹੀਂ ਹੈ। ਉਨ੍ਹਾਂ ਅੱਗੇ ਆਖਿਆ ਕਿ ਸਰਕਾਰ ਬਿਜਲੀ ਕਾਨੂੰਨ ਵਿਚ ਸੋਧ ਕਰਕੇ ਕਿਸਾਨਾਂ ਮਜ਼ਦੂਰਾਂ ਨੂੰ ਮਿਲਦੀ ਬਿਜਲੀ ਸਬਸਿਡੀ ਖੋਹ ਰਹੀ ਹੈ ਅਤੇ ਜ਼ਰੂਰੀ ਵਸਤਾਂ ਕਾਨੂੰਨ ਵਿਚ ਸੋਧ ਕਰਕੇ ਖੁੱਲ੍ਹੀ ਮੰਡੀ ਰਾਹੀਂ ਕਿਸਾਨੀ ਫਸਲਾਂ ਦੀ ਸਰਕਾਰੀ ਖਰੀਦ ਠੱਪ ਕੀਤੀ ਜਾ ਰਹੀ ਹੈ। ਉਨ੍ਹਾਂ ਮੰਗ ਕੀਤੀ ਕਿ ਬਿਜਲੀ ਸੋਧ ਕਾਨੂੰਨ ਅਤੇ ਖੁੱਲ੍ਹੀ ਮੰਡੀ ਕਾਨੂੰਨ ਰੱਦ ਕੀਤੇ ਜਾਣ।

### ਲੋਕ ਲਹਿਰ ਖੜ੍ਹੀ ਕੀਤੀ ਜਾਵੇਗੀ: ਅਕਾਲੀ ਦਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੱਤੀ ਹੈ ਕਿ ਜੇ ਕਿਸਾਨਾਂ ਨੂੰ ਦਿੱਤੀ ਜਾ ਰਹੀ ਮੁਫਤ ਬਿਜਲੀ ਦੀ ਸਹੂਲਤ ਵਾਪਸ ਲਈ ਤਾਂ ਸੂਬੇ 'ਚ ਸਰਕਾਰ ਵਿਰੋਧੀ ਲੋਕ ਲਹਿਰ ਖੜ੍ਹੀ ਕੀਤੀ ਜਾਵੇਗੀ। ਅਕਾਲੀ ਦਲ ਨੇ ਕੋਰ ਕਮੇਟੀ ਦੀ ਮੀਟਿੰਗ ਦੌਰਾਨ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠਲੀ ਕਾਂਗਰਸ ਸਰਕਾਰ 'ਤੇ ਸ਼ਰਾਬ, ਮਾਈਨਿੰਗ ਤੇ ਬੀਜ ਮਾਫੀਆ ਦੀ ਸਰਪ੍ਰਸਤੀ ਕਰਨ ਦੇ ਦੋਸ਼ ਲਾਏ। ਅਕਾਲੀ ਦਲ ਨੇ ਕਿਹਾ ਕਿ ਇਸ ਤੋਂ ਪਹਿਲਾਂ ਵੀ ਸਾਲ 2003 ਵਿਚ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸਰਕਾਰ ਨੇ ਕਿਸਾਨਾਂ ਨੂੰ ਮੁਫਤ ਬਿਜਲੀ ਦੀ ਸਹੂਲਤ ਬੰਦ ਕਰਕੇ ਕਿਸਾਨ ਵਿਰੋਧੀ ਚਿਹਰਾ ਦਿਖਾਇਆ ਸੀ। ਅਕਾਲੀ ਦਲ ਨੇ ਕਿਹਾ ਕਿ ਮੁੱਖ ਮੰਤਰੀ ਨੇ ਭਾਵੇਂ ਅਕਾਲੀਆਂ ਦੇ ਦਬਾਅ ਅਧੀਨ ਬਿਜਲੀ ਮੁਆਫੀ ਵਾਪਸ ਨਾ ਲੈਣ ਦਾ ਐਲਾਨ ਤਾਂ ਕੀਤਾ ਹੈ ਪਰ ਮੁੱਖ ਮੰਤਰੀ ਦੀਆਂ ਗੱਲਾਂ 'ਤੇ ਯਕੀਨ ਨਹੀਂ ਕੀਤਾ ਜਾ ਸਕਦਾ।

# ਘਰ ਦਾ ਕਿਰਾਇਆ ਮੰਗਣ 'ਤੇ ਪਰਵਾਸੀ ਭਾਰਤੀ ਜੋੜੇ ਦਾ ਕਤਲ

**ਫਗਵਾੜਾ:** ਇਥੋਂ ਦੇ ਮੁਹੱਲਾ ਉਂਕਾਰ ਨਗਰ ਵਿਚ ਪਰਵਾਸੀ ਜੋੜੇ ਦੇ ਦੋਹਰੇ ਕਤਲ ਮਾਮਲੇ ਵਿਚ ਪੁਲਿਸ ਨੇ ਉਨ੍ਹਾਂ ਦੇ ਘਰ ਕਿਰਾਏ 'ਤੇ ਰਹਿੰਦੇ ਢੋਲੀ ਖਿਲਾਫ ਧਾਰਾ 302 ਤਹਿਤ ਕੇਸ ਦਰਜ ਕੀਤਾ ਹੈ। ਪੁਲਿਸ ਮੁਤਾਬਕ ਕਿਰਪਾਲ ਸਿੰਘ ਨੇ ਮਕਾਨ ਦਾ ਉਪਰਲਾ ਹਿੱਸਾ ਢੋਲੀ ਜਗਦੇਵ ਸਿੰਘ ਉਰਫ ਜੱਸੀ ਢੋਲੀ ਵਾਸੀ ਨੰਗਲ ਕਲੋਨੀ ਫਗਵਾੜਾ ਨੂੰ ਕਿਰਾਏ 'ਤੇ ਦਿੱਤਾ ਹੋਇਆ ਸੀ। ਕੁਝ ਮੁਹੱਲਾ ਵਾਸੀਆਂ ਨੇ ਉਸ ਕੋਲ ਆਉਣ ਵਾਲੇ ਲੋਕਾਂ 'ਤੇ ਇਤਰਾਜ਼ ਕੀਤਾ ਤਾਂ ਕਿਰਪਾਲ ਸਿੰਘ ਨੇ ਉਸ ਨੂੰ 7-8 ਮਹੀਨੇ ਤੋਂ ਰੁਕਿਆ ਕਿਰਾਇਆ ਦੇਣ ਅਤੇ ਮਕਾਨ ਖਾਲੀ ਕਰਨ ਲਈ ਕਹਿ ਦਿੱਤਾ।



ਇਸ ਤੋਂ ਖੁੰਦਕ ਖਾ ਕੇ ਉਸ ਨੇ 29 ਮਈ ਦੀ ਰਾਤ ਨੂੰ ਪਤੀ-ਪਤਨੀ ਦਾ ਘਰ 'ਚ ਹੀ ਚਾਕੂ ਮਾਰ ਕੇ ਕਤਲ ਕਰ ਦਿੱਤਾ। ਇਸੇ ਦੌਰਾਨ ਮੁਹੱਲੇ ਦੇ ਇਕ ਵਿਅਕਤੀ ਨੇ ਘਰ ਦਾ ਕੁੰਡਾ ਖੜਕਾਇਆ ਤਾਂ ਜਗਦੇਵ ਸਿੰਘ ਕਹਿ ਦਿੱਤਾ ਕਿ ਪਰਿਵਾਰ ਵਾਲੇ ਸੌਂ ਗਏ ਹਨ। ਕਿਰਪਾਲ ਸਿੰਘ ਦੀ ਕੈਨੇਡਾ ਰਹਿੰਦੀ ਲੜਕੀ ਨੇ ਜਦੋਂ ਆਪਣੇ ਮਾਤਾ-ਪਿਤਾ ਨੂੰ ਫੋਨ ਕੀਤਾ ਤਾਂ ਉਨ੍ਹਾਂ ਵੱਲੋਂ ਫੋਨ ਨਾ ਚੁੱਕਣ 'ਤੇ ਕਤਲ ਦਾ ਪਤਾ ਲੱਗਿਆ।

ਪੁਲਿਸ ਅਨੁਸਾਰ ਢੋਲੀ ਨੇ ਆਪਣੇ ਪਰਿਵਾਰ ਨੂੰ ਚਾਰ ਦਿਨ ਪਹਿਲਾਂ ਹੀ ਕਿਸੇ ਥਾਂ 'ਤੇ ਪਹੁੰਚਾਉਣ ਮਗਰੋਂ ਇਸ ਘਟਨਾ ਨੂੰ ਅੰਜਾਮ ਦਿੱਤਾ ਹੈ। ਪੁਲਿਸ ਨੇ ਤਜਿੰਦਰ ਸਿੰਘ ਭੱਟੀ ਵਾਸੀ ਰਾਮਪੁਰ ਬੰਗਾ ਦੇ ਬਿਆਨ 'ਤੇ ਕੇਸ ਦਰਜ ਕੀਤਾ ਹੈ। ਪੋਸਟਮਾਰਟਮ ਮਗਰੋਂ ਲਾਸ਼ਾਂ ਵਾਰਸਾਂ ਦੇ ਹਵਾਲੇ ਕਰ ਦਿੱਤੀਆਂ ਗਈਆਂ ਹਨ।

# ਮੁਫਤ ਬਿਜਲੀ ਖਿਲਾਫ ਸ਼ਰਤ ਕੇਂਦਰ ਨੇ ਲਾਈ: ਕੈਪਟਨ

**ਚੰਡੀਗੜ੍ਹ:** ਪੰਜਾਬ ਵਿਚ ਖੇਤੀ ਮੋਟਰਾਂ ਨੂੰ ਮੁਫਤ ਬਿਜਲੀ ਸਪਲਾਈ ਦੇਣ ਦੇ ਮਾਮਲੇ 'ਤੇ ਮੁੱਖ ਮੰਤਰੀ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਕਰੜੇ ਹੱਥੀਂ ਲਿਆ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਲੰਮੇ ਅਰਸੇ ਮਗਰੋਂ ਅੱਜ ਬਾਦਲਾਂ ਨੂੰ ਸਿੱਧੀ ਚੁਣੌਤੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸੰਕਟ ਦੀ ਘੜੀ ਵਿਚ ਪੰਜਾਬ ਨੂੰ ਰਾਹਤ ਦੇਣ ਦੀ ਬਜਾਏ ਸ਼ਰਤਾਂ ਥੋਪਣ ਵਾਲੀ ਕੇਂਦਰ ਸਰਕਾਰ ਦੀ ਕੈਬਨਿਟ 'ਚੋਂ ਹਰਸਿਮਰਤ ਕੌਰ ਬਾਦਲ ਫੌਰੀ ਬਾਹਰ ਆਉਣ ਅਤੇ ਸੁਖਬੀਰ ਸਿੰਘ ਬਾਦਲ ਐਨ.ਡੀ.ਏ. ਨਾਲੋਂ ਨਾਤਾ ਤੋੜਨ।

ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਕਿਸਾਨ ਵਿਰੋਧੀ ਫੈਸਲਾ ਲੈਣ ਦੀ ਸ਼ਰਤ ਲਾਈ ਹੈ ਪਰ ਉਹ ਇਸ ਨੂੰ ਸਵੀਕਾਰ ਨਹੀਂ ਕਰਨਗੇ। ਕਾਂਗਰਸ ਸਰਕਾਰ ਕਿਸੇ ਵੀ ਕੀਮਤ ਉਤੇ ਖੇਤੀ ਮੋਟਰਾਂ ਲਈ ਮੁਫਤ ਬਿਜਲੀ ਸਪਲਾਈ ਬੰਦ ਨਹੀਂ ਕਰੇਗੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਸਰਕਾਰ ਕੇਂਦਰ ਵੱਲੋਂ ਪੇਸ਼ ਕੀਤੇ ਵਿੱਤੀ ਘਾਟੇ ਦੇ ਵਾਧੇ ਦੇ ਹਿੱਸੇ ਨੂੰ ਛੱਡ ਦੇਵੇਗੀ ਪ੍ਰੰਤੂ ਕਿਸਾਨੀ ਹਿੱਤਾਂ ਨਾਲ ਸਮਝੌਤਾ ਮਨਜ਼ੂਰ ਨਹੀਂ। ਦੱਸਣਯੋਗ ਹੈ ਕਿ ਕੇਂਦਰ ਸਰਕਾਰ ਨੇ ਪੰਜਾਬ ਨੂੰ ਵਾਧੂ ਕਰਜ਼ ਹੱਦ ਬਦਲੇ ਖੇਤੀ ਮੋਟਰਾਂ ਲਈ ਸਿੱਧੀ ਸਬਸਿਡੀ ਕਿਸਾਨਾਂ ਦੇ ਖਾਤਿਆਂ ਵਿਚ ਪਾਉਣ ਦੀ ਸ਼ਰਤ ਲਾਈ ਸੀ, ਜਿਸ ਨੂੰ ਮੰਤਰੀ ਮੰਡਲ ਨੇ ਸਿਧਾਂਤਕ



ਪ੍ਰਵਾਨਗੀ ਦੇ ਦਿੱਤੀ ਸੀ। ਇਸ ਮੁੱਦੇ ਉਤੇ ਅਕਾਲੀ ਦਲ ਨੇ ਕਾਂਗਰਸ ਸਰਕਾਰ 'ਤੇ ਤਿੱਖੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ ਸਨ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਕੇਂਦਰ ਦਾ ਸੁਝਾਅ ਮੁਲਕ ਦੇ ਸੰਘੀ ਢਾਂਚੇ ਉਤੇ ਸਿੱਧਾ ਹਮਲਾ ਹੈ ਤੇ ਇਹ ਮਾਮਲਾ ਕੇਂਦਰ ਕੋਲ ਉਠਾਇਆ ਜਾਵੇਗਾ। ਪੰਜਾਬ ਵਿਚ ਕਾਂਗਰਸ ਸਰਕਾਰ ਦੌਰਾਨ ਮੁਫਤ ਬਿਜਲੀ ਸਹੂਲਤ ਜਾਰੀ ਰਹੇਗੀ। ਕੈਪਟਨ ਨੇ ਸੁਖਬੀਰ ਬਾਦਲ ਨੂੰ ਖਬਰਦਾਰ ਕੀਤਾ ਕਿ ਉਹ ਕੇਂਦਰ ਦਾ ਫੈਸਲਾ ਸੂਬਾ ਸਰਕਾਰ ਦੀ ਝੋਲੀ ਪਾਉਣ ਦੀ ਕੋਸ਼ਿਸ਼ ਨਾ ਕਰਨ। ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਨੇ ਕੋਵਿਡ ਦੌਰਾਨ ਕੋਈ ਰਾਹਤ ਤਾਂ ਕੀ ਦੇਣੀ ਸੀ ਬਲਕਿ ਮੁਫਤ ਬਿਜਲੀ ਸਹੂਲਤ ਵਾਪਸ ਲੈਣ ਦੇ ਨਿਰਦੇਸ਼ ਦਿੱਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਕੇਂਦਰੀ ਫੈਸਲੇ ਖਿਲਾਫ ਹੁਣ ਸੁਖਬੀਰ ਬਾਦਲ ਭਾਈਵਾਲ ਹੋਣ ਦੇ ਨਾਤੇ ਐਨ.ਡੀ.ਏ. ਨਾਲੋਂ ਤੋੜ-ਵਿਛੋੜਾ ਕਰਨ ਅਤੇ ਹਰਸਿਮਰਤ ਬਾਦਲ ਕੈਬਨਿਟ 'ਚੋਂ ਅਸਤੀਫਾ ਦੇਵੇ। ਉਨ੍ਹਾਂ ਕਿਹਾ ਕਿ ਅਕਾਲੀ ਦਲ ਮੁਫਤ ਬਿਜਲੀ ਮਾਮਲੇ ਉਤੇ ਲੋਕਾਂ ਨੂੰ ਗੁੰਮਰਾਹ ਨਾ ਕਰੇ। ਮੁੱਖ ਮੰਤਰੀ ਨੇ ਚੇਤੇ ਕਰਾਇਆ ਕਿ ਨਾਗਰਿਕਤਾ ਸੋਧ ਐਕਟ (ਸੀ.ਏ.ਏ) ਮੌਕੇ ਵੀ ਅਕਾਲੀ ਦਲ ਸੰਸਦ ਵਿਚ ਐਕਟ ਦੀ ਹਮਾਇਤ ਵਿਚ ਭੁਗਤਿਆ ਸੀ, ਜਿਸ ਤੋਂ ਇਹੋ ਲੱਗਦਾ ਹੈ ਕਿ ਬਾਦਲਾਂ ਦੇ ਕੋਈ ਅਸੂਲ ਨਹੀਂ ਬਲਕਿ ਸੁਆਰਥ ਹੈ। ਇਸੇ ਦੌਰਾਨ ਕਾਂਗਰਸ ਦੇ ਵਿਧਾਇਕ ਦਰਸ਼ਨ ਬਰਾੜ, ਕੁਲਬੀਰ ਜ਼ੀਰਾ, ਬਰਿੰਦਰਮੀਤ ਸਿੰਘ ਪਾਹੜਾ, ਦਵਿੰਦਰ ਸਿੰਘ ਘੁਬਾਇਆ, ਰਵਿੰਦਰ ਸਿੰਘ ਆਵਲਾ ਤੇ ਪ੍ਰੀਤਮ ਸਿੰਘ ਕੋਟਭਾਈ ਨੇ ਸਾਂਝੇ ਬਿਆਨ 'ਚ ਕਿਹਾ ਕਿ ਅਕਾਲੀ ਦਲ ਆਪਣੇ ਖੁਸੇ ਵੱਕਾਰ ਦੀ ਬਹਾਲੀ ਲਈ ਕਥਿਤ ਬੀਜ ਘੁਟਾਲੇ ਦੇ ਬੇਤੁਕੇ ਦੋਸ਼ ਲਗਾ ਰਿਹਾ ਹੈ। ਉਨ੍ਹਾਂ ਕਿਹਾ ਕਿ ਲੋਕ ਬਾਦਲਾਂ ਦੇ ਝੂਠ ਤੋਂ ਜਾਣੂ ਹਨ ਅਤੇ ਗੁੰਮਰਾਹ ਨਹੀਂ ਹੋਣਗੇ।

# ਬੀਜ ਘਪਲਾ: ਸੱਪ ਲੰਘਣ ਮਗਰੋਂ ਲੀਹ ਕੁੱਟ ਰਿਹਾ ਹੈ ਖੇਤੀਬਾੜੀ ਵਿਭਾਗ

**ਚੰਡੀਗੜ੍ਹ:** ਝੋਨੇ ਦੀਆਂ ਪੀਆਰ 128 ਅਤੇ ਪੀਆਰ 129 ਕਿਸਮਾਂ ਦੇ ਨਕਲੀ ਬੀਜ ਦੀ ਵਿਕਰੀ ਦੇ ਘਪਲੇ ਦੇ ਖੁਲਾਸੇ ਮਗਰੋਂ ਹਰਕਤ ਵਿਚ ਆਏ ਖੇਤੀ ਮਹਿਕਮੇ ਵੱਲੋਂ ਖਾਦ, ਬੀਜ ਅਤੇ ਦਵਾਈਆਂ ਦੀਆਂ ਦੁਕਾਨਾਂ ਉਤੇ ਛਾਪੇ ਮਾਰਨ ਦੀ ਕਵਾਇਦ ਨੂੰ ਸੱਪ ਲੰਘੇ ਤੋਂ ਲੀਹ ਕੁੱਟਣ ਦੇ ਬਰਾਬਰ ਹੀ ਕਿਹਾ ਜਾ ਸਕਦਾ ਹੈ।

ਹੁਣ ਤੱਕ ਪਨੀਰੀ ਹਰੀ ਹੋ ਕੇ ਲਗਾਉਣ ਯੋਗ ਵੀ ਹੋ ਚੁੱਕੀ ਹੈ। ਇਸ ਵਾਸਤੇ ਬੀਜ ਦੀ ਜਿੰਨੀ ਖਰੀਦ ਹੋਣੀ ਸੀ, ਮੁਕੰਮਲ ਹੋ ਚੁੱਕੀ ਹੈ। ਮਹਿੰਗੇ ਭਾਅ ਬੀਜ ਖਰੀਦਣ ਕਰ ਕੇ ਕਿਸਾਨਾਂ ਦਾ ਨੁਕਸਾਨ ਪਹਿਲਾਂ ਹੀ ਹੋ ਚੁੱਕਾ ਹੈ। ਹੁਣ ਸਰਕਾਰ ਅਤੇ ਖੇਤੀਬਾੜੀ ਮਹਿਕਮਾ ਸੱਚੇ ਹੋਣ ਲਈ ਬੀਜਾਂ ਦੀਆਂ ਦੁਕਾਨਾਂ ਉਤੇ ਛਾਪੇ ਮਾਰ ਕੇ ਅੱਖਾਂ 'ਚ ਘੱਟਾ ਪਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਮਾਲਵਾ ਖੇਤਰ ਦੇ ਬਹੁਗਿਣਤੀ ਕਿਸਾਨ ਖੇਤੀਬਾੜੀ ਵਿਭਾਗ ਵੱਲੋਂ ਸਿਫਾਰਸ਼ ਕੀਤੀਆਂ ਜਾਂਦੀਆਂ ਪੀਆਰ 121, ਪੀਆਰ 122, ਪੀਆਰ 123, ਪੀਆਰ 124, ਪੀਆਰ 126, ਪੀਆਰ 127 ਝੋਨੇ ਦੇ ਬੀਜ ਦੀਆਂ ਕਿਸਮਾਂ ਨੂੰ ਨਕਾਰ ਚੁੱਕੇ ਹਨ।

ਕਿਸਾਨਾਂ ਵੱਲੋਂ ਪੂਸਾ 44 ਕਿਸਮ ਹੀ ਵੱਡੇ ਪੱਧਰ ਉਤੇ ਲਗਾਈ ਜਾਂਦੀ ਹੈ। ਸਰਕਾਰੀ ਤੌਰ 'ਤੇ ਵਿਕਣੀਆਂ ਬੰਦ ਇਨ੍ਹਾਂ ਕਿਸਮਾਂ ਦੇ ਬੀਜਾਂ ਨੂੰ




ਵੱਧ ਝਾੜ ਮਿਲਣ ਕਰਕੇ ਕਿਸਾਨ ਇਨ੍ਹਾਂ ਨੂੰ ਮਹਿੰਗੇ ਭਾਅ ਖਰੀਦ ਕੇ ਪਨੀਰੀ ਲਗਾਉਂਦੇ ਹਨ। ਸਭ ਕੁਝ ਪਤਾ ਹੁੰਦਿਆਂ ਮਹਿਕਮਾ ਬਲੈਕ 'ਚ ਬੀਜ ਵੇਚਣ ਵਾਲਿਆਂ ਉਤੇ ਕੋਈ ਕਾਰਵਾਈ ਨਹੀਂ ਕਰ ਸਕਿਆ।

ਬੀਕੇਯੂ ਲੱਖੋਵਾਲ ਦੇ ਜ਼ਿਲ੍ਹਾ ਪ੍ਰਧਾਨ ਜਗਸੀਰ ਸਿੰਘ ਛੀਨੀਵਾਲ ਨੇ ਕਿਹਾ ਕਿ ਜਿਸ ਸੂਬੇ ਦੀ 80 ਫੀਸਦੀ ਜਨਤਾ ਖੇਤੀ 'ਤੇ ਨਿਰਭਰ ਹੋਵੇ ਅਤੇ ਸੂਬੇ ਵਿਚ ਖੇਤੀਬਾੜੀ ਮੰਤਰੀ ਨਾ ਹੋਵੇ ਉਥੇ ਹਾਲਾਤ ਇਹੋ ਜਿਹੇ ਹੀ ਹੁੰਦੇ ਹਨ। ਸੂਬੇ ਵਿਚ ਸ਼ਰੇਆਮ ਨਕਲੀ ਬੀਜ ਮਹਿੰਗੇ ਭਾਅ ਉਤੇ ਕਿਸਾਨਾਂ ਨੂੰ ਵੇਚਿਆ ਗਿਆ। ਜ਼ਿਲ੍ਹੇ ਅੰਦਰ ਵੀ ਪੂਸਾ 44 ਦਾ ਬੀਜ ਦੁੱਗਣੇ ਭਾਅ 'ਤੇ ਵਿਕਿਆ, ਪਰ ਕੋਈ ਕਾਰਵਾਈ ਨਹੀਂ ਹੋ ਸਕੀ।

ਜ਼ਿਲ੍ਹਾ ਖੇਤੀਬਾੜੀ ਅਧਿਕਾਰੀ ਡਾ. ਬਲਦੇਵ ਸਿੰਘ ਨੇ ਕਿਹਾ ਕਿ ਵਿਭਾਗ ਵੱਲੋਂ ਬੀਜ ਦੀਆਂ ਦੁਕਾਨਾਂ 'ਤੇ ਪਹਿਲੇ ਦਿਨ ਤੋਂ ਲਗਾਤਾਰ ਚੈਕਿੰਗ ਕੀਤੀ ਜਾ ਰਹੀ ਹੈ। ਹੁਣ ਸਰਕਾਰ ਦੇ ਸਖਤ ਆਦੇਸ਼ਾਂ ਤੋਂ ਬਾਅਦ ਚੈਕਿੰਗ 'ਚ ਤੇਜ਼ੀ ਲਿਆਂਦੀ ਗਈ ਹੈ। ਪੂਸਾ 44 ਦੇ ਮਹਿੰਗੇ ਭਾਅ ਉਤੇ ਵਿਕੇ ਬੀਜ ਸਬੰਧੀ ਵੀ ਵਿਭਾਗ ਕੋਲ ਕੋਈ ਸ਼ਿਕਾਇਤ ਨਹੀਂ ਆਈ।

### ਮਜੀਠੀਆ ਤੇ ਮੰਤਰੀ ਰੰਧਾਵਾ ਆਹਮੋ-ਸਾਹਮਣੇ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਵੱਲੋਂ ਪਿਛਲੇ ਦਿਨੀਂ ਚੁੱਕੇ ਬੀਜ ਘੁਟਾਲੇ ਦੇ ਮਾਮਲੇ 'ਚ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਅਤੇ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਆਹਮੋ ਸਾਹਮਣੇ ਆ ਗਏ ਹਨ। ਜਿਥੇ ਮਜੀਠੀਆ ਵਲੋਂ ਇਸ ਮਾਮਲੇ 'ਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੋਂ ਮੰਗ ਕੀਤੀ ਗਈ ਹੈ ਕਿ ਉਹ ਮੰਤਰੀ ਰੰਧਾਵਾ ਦੀ ਪੇਸ਼ਕਸ਼ ਮੰਨਦੇ ਹੋਏ ਇਸ ਮਾਮਲੇ ਦੀ ਸੀ.ਬੀ.ਆਈ. ਜਾਂਚ ਦੇ ਹੁਕਮ ਦੇਣ, ਉਥੇ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਉਹ ਸਮਾਂਬੱਧ ਜਾਂਚ ਲਈ ਤਿਆਰ ਹਨ, ਪਰ ਅਕਾਲੀ ਦਲ ਵੀ ਆਪਣੇ ਵੇਲੇ ਹੋਈਆਂ ਉਕਾਈਆਂ ਦੀ ਜ਼ਿੰਮੇਵਾਰੀ ਕਬੂਲ ਲਵੇ। ਮਜੀਠੀਆ ਨੇ ਕਿਹਾ ਕਿ ਮੰਤਰੀ ਰੰਧਾਵਾ ਇਸ ਘੁਟਾਲੇ ਦੀ ਮੁੱਖ ਦੋਸ਼ੀ ਕੰਪਨੀ-ਕਰਨਾਲ ਐਗਰੀ ਸੀਡਜ਼ ਦੇ ਬੁਲਾਰੇ ਵਾਂਗ ਵਿਵਹਾਰ ਕਰ ਰਹੇ ਹਨ, ਜਿਸਦੇ ਚਲਦੇ ਮਾਮਲੇ ਦੀ ਸੁਤੰਤਰ ਜਾਂਚ ਜਰੀਏ ਹੀ ਸਾਰੇ ਦੋਸ਼ੀਆਂ ਨੂੰ ਕਾਬੂ ਕੀਤਾ ਜਾ ਸਕਦਾ ਹੈ।

### ਨਿੱਜੀ ਫਰਮ ਦਾ ਮਾਲਕ ਗ੍ਰਿਫਤਾਰ, ਸਟੋਰ ਸੀਲ

**ਲੁਧਿਆਣਾ:** ਪੰਜਾਬ ਪੁਲਿਸ ਨੇ ਲੁਧਿਆਣਾ ਤੋਂ ਨਿੱਜੀ ਬੀਜ ਫਰਮ ਦੇ ਮਾਲਕ ਨੂੰ ਗ੍ਰਿਫਤਾਰ ਕਰ ਕੇ ਪੰਜਾਬ ਵਿਚ ਝੋਨੇ ਦੇ ਬੀਜ ਘੁਟਾਲੇ ਦਾ ਪਰਦਾਫਾਸ਼ ਕੀਤਾ ਹੈ। ਉਹ ਕਿਸਾਨਾਂ ਨੂੰ ਝੋਨੇ ਦੀਆਂ ਨਵੀਆਂ ਵਿਕਸਿਤ ਕਿਸਮਾਂ ਦੇ ਬੀਜ, ਜਿਨ੍ਹਾਂ ਦੀ ਅਜੇ ਤੱਕ ਕੇਂਦਰੀ ਬੀਜ ਸੂਚੀਕਰਨ ਕਮੇਟੀ ਵੱਲੋਂ ਵਪਾਰਕ ਮਾਰਕੀਟਿੰਗ ਲਈ ਪ੍ਰਵਾਨਗੀ ਵੀ ਨਹੀਂ ਹੋਈ ਸੀ, ਦੇ ਰੂਪ ਵਿਚ ਭਾਰੀ ਕੀਮਤਾਂ 'ਤੇ ਜਾਅਲੀ ਬੀਜ ਵੇਚਦਾ ਸੀ। ਡੀ.ਜੀ.ਪੀ. ਦਿਨਕਰ ਗੁਪਤਾ ਨੇ ਖੁਲਾਸਾ ਕੀਤਾ ਹੈ ਕਿ ਲੁਧਿਆਣਾ ਸਥਿਤ ਨਿੱਜੀ ਫਰਮ 'ਬਰਾੜ ਬੀਜ ਸਟੋਰ' ਦੇ ਮਾਲਕ ਹਰਵਿੰਦਰ ਸਿੰਘ ਉਰਫ਼ ਕਾਕਾ ਬਰਾੜ ਨੂੰ ਲੁਧਿਆਣਾ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਨੇ ਗ੍ਰਿਫਤਾਰ ਕਰ ਲਿਆ ਹੈ।

# ਲੱਖਾਂ ਲੋਕਾਂ ਲਈ ਸਹਾਰਾ ਬਣਿਆ ਗੁਰੂ ਕਾ ਲੰਗਰ

**ਯਵਤਮਾਲ (ਮਹਾਰਾਸ਼ਟਰ)**: ਪਿਛਲੇ ਦੋ ਮਹੀਨਿਆਂ ਤੋਂ ਕੌਮੀ ਸ਼ਾਹਰਾਹ- 7 ਉਤੇ ਸਥਿਤ ਕਰੰਜੀ ਨੇੜਿਉਂ ਲੰਘਦਿਆਂ ਹਜ਼ਾਰਾਂ ਹੀ ਬੱਸਾਂ, ਟਰੱਕ, ਟੈਂਪੂ ਅਤੇ ਹੋਰ ਵਾਹਨ ਇਥੇ ਟੀਨਾਂ ਦੇ ਬਣੇ ਇਕ ਸ਼ੈੱਡ ਹੇਠ ਜ਼ਰੂਰ ਰੁਕਦੇ ਹਨ। ਲਗਭਗ 450 ਕਿਲੋਮੀਟਰ ਲੰਮੇ ਮਾਰਗ 'ਤੇ ਇਹ ਇਕੋ ਅਜਿਹੀ ਜਗ੍ਹਾ ਹੈ ਜਿਥੇ ਮੁਫਤ 'ਚ ਖਾਣਾ ਮਿਲਦਾ ਹੈ, ਜੋ ਬਾਬਾ ਕਰਨੈਲ ਸਿੰਘ ਖਹਿਰਾ ਵੱਲੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ 'ਚ ਸ਼ਾਮਲ ਹੈ, ਜੋ ਇਸ ਖਿੱਤੇ 'ਚ ਖਹਿਰਾ ਬਾਬਾ ਜੀ ਦੇ ਨਾਂ ਨਾਲ ਵੀ ਮਕਬੂਲ ਹਨ।

ਖਹਿਰਾ ਬਾਬਾ ਜੀ ਨੇ ਦੱਸਿਆ, 'ਇਹ ਇਕ ਕਬਾਇਲੀ ਖਿੱਤਾ ਹੈ। ਸਾਡੇ ਪਿੱਛੇ ਲਗਭਗ 15-ਕਿਲੋਮੀਟਰ ਅਤੇ ਅੱਗੇ 300 ਕਿਲੋਮੀਟਰ ਤੱਕ ਇਕ ਵੀ ਢਾਬਾ ਜਾਂ ਰੈਸਤਰਾਂ ਨਹੀਂ ਹੈ। ਇਸ ਲਈ ਜ਼ਿਆਦਾਤਰ ਲੋਕ ਗੁਰੂ ਕਾ ਲੰਗਰ ਵਿਖੇ ਰੁਕ ਕੇ ਲੰਗਰ ਛਕਣ ਨੂੰ ਤਰਜੀਹ ਦਿੰਦੇ ਹਨ।' ਇਕ ਬਦਾਮੀ ਰੰਗ ਦੇ ਬੋਰਡ 'ਤੇ ਲਿਖਿਆ ਹੈ- 'ਗੁਰਦੁਆਰਾ ਸਾਹਿਬ' ਅਤੇ 'ਡੇਰਾ ਕਾਰ ਸੇਵਾ ਗੁਰਦੁਆਰਾ ਲੰਗਰ ਸਾਹਿਬ'। ਇਸ ਲੰਗਰ ਦਾ ਸਬੰਧ ਗੁਰਦੁਆਰਾ ਭਗੋੜ ਸਾਹਿਬ, ਵਈ ਨਾਲ ਹੈ, ਜੋ ਇਥੋਂ 11 ਕਿਲੋਮੀਟਰ ਦੂਰ ਜੰਗਲੀ ਇਲਾਕੇ 'ਚ ਸਥਿਤ ਹੈ। ਇਸ ਸਥਾਨ ਉਤੇ ਗੁਰੂ ਗੋਬਿੰਦ ਸਿੰਘ 1705 ਈਸਵੀ 'ਚ ਨਾਂਦੇੜ ਜਾਣ ਵੇਲੇ ਰਾਹ 'ਚ ਰੁਕੇ ਸਨ, ਜੋ ਇਥੋਂ 250 ਕਿਲੋਮੀਟਰ ਦੂਰ ਸਥਿਤ ਹੈ।



ਬਾਬਾ ਖਹਿਰਾ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਦੇ ਇਥੋਂ ਦੂਰ ਸਥਿਤ ਹੋਣ ਕਾਰਨ 1988 ਵਿਚ ਇਥੇ ਇਹ ਮੁਫਤ ਲੰਗਰ ਲਾਉਣ ਦੀ ਸ਼ੁਰੂਆਤ ਕੀਤੀ ਗਈ ਸੀ। ਉਨ੍ਹਾਂ ਦੱਸਿਆ ਕਿ ਮੁਲਕ ਵਿਚ ਤਾਲਾਬੰਦੀ ਸ਼ੁਰੂ ਹੋਣ ਮਗਰੋਂ ਇਹ ਲੰਗਰ ਨੇ ਹਜ਼ਾਰਾਂ ਹੀ ਭੁੱਖੇ ਲੋਕਾਂ ਲਈ ਆਸਰਾ ਬਣਿਆ, ਜਿਨ੍ਹਾਂ 'ਚ ਪਰਵਾਸੀ ਮਜ਼ਦੂਰ, ਰਾਹਗੀਰ, ਟਰੱਕ ਡਰਾਈਵਰ ਤੇ ਪਿੰਡਾਂ ਦੇ ਵਸਨੀਕ ਸ਼ਾਮਲ ਹਨ।

# ਅਮਰੀਕਾ ਡਬਲਿਊ.ਐਚ.ਓ. ਨਾਲੋਂ ਨਾਤਾ ਤੋੜੇਗਾ: ਟਰੰਪ



**ਵਾਸ਼ਿੰਗਟਨ:** ਰਾਸ਼ਟਰਪਤੀ ਡੋਨਲਡ ਟਰੰਪ ਨੇ ਐਲਾਨ ਕੀਤਾ ਹੈ ਕਿ ਅਮਰੀਕਾ ਵਿਸ਼ਵ ਸਿਹਤ ਸੰਗਠਨ (ਡਬਲਿਊ.ਐਚ.ਓ.) ਨਾਲੋਂ ਨਾਤਾ ਤੋੜ ਦੇਵੇਗਾ। ਟਰੰਪ ਨੇ ਕਿਹਾ ਕਿ ਸਿਹਤ ਸੰਗਠਨ ਬੇਹੱਦ ਲੋੜੀਂਦੇ ਸੁਧਾਰ ਲਿਆਉਣ 'ਚ ਅਸਫਲ ਰਿਹਾ ਹੈ ਤੇ ਇਸ ਨੇ ਕਰੋਨਾ ਵਾਇਰਸ ਬਾਰੇ ਸੰਸਾਰ ਨੂੰ ਉਸ ਵੇਲੇ ਗੁਮਰਾਹ ਕੀਤਾ ਜਦ ਇਹ ਚੀਨ ਤੋਂ ਫੈਲਣਾ ਸ਼ੁਰੂ ਹੋਇਆ।

ਟਰੰਪ ਨੇ ਕਿਹਾ ਕਿ ਡਬਲਿਊ.ਐਚ.ਓ. ਕਰੋਨਾ ਵਾਇਰਸ ਮਹਾਮਾਰੀ ਲਈ ਚੀਨ ਦੀ ਜ਼ਿੰਮੇਵਾਰੀ ਤੈਅ ਕਰਨ ਵਿਚ ਵੀ ਨਾਕਾਮ ਰਿਹਾ ਹੈ। ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ 'ਚੀਨ ਦਾ ਵਿਸ਼ਵ ਸਿਹਤ ਸੰਗਠਨ ਉਤੇ ਮੁਕੰਮਲ ਕਬਜ਼ਾ ਹੈ।' ਇਹ ਐਲਾਨ ਟਰੰਪ ਨੇ ਚੀਨ ਖਿਲਾਫ ਚੁੱਕੇ ਜਾਣ ਵਾਲੇ ਕਦਮਾਂ ਬਾਰੇ ਜਾਣਕਾਰੀ ਦਿੰਦਿਆਂ ਕੀਤਾ। ਟਰੰਪ ਨੇ ਕਿਹਾ ਕਿ ਸੰਗਠਨ ਨੂੰ ਦਿੱਤੇ ਜਾਂਦੇ ਫੰਡ ਜਨਤਕ ਸਿਹਤ ਨਾਲ ਜੁੜੇ ਹੋਰਨਾਂ ਯੋਗ ਆਲਮੀ ਲੋੜੀਂਦੇ ਕਦਮਾਂ ਲਈ ਖਰਚੇ ਜਾਣਗੇ। ਰਾਸ਼ਟਰਪਤੀ ਨੇ ਕਿਹਾ ਕਿ 'ਸੰਸਾਰ ਨੂੰ ਵਾਇਰਸ ਬਾਰੇ ਚੀਨ ਤੋਂ ਜਵਾਬ ਚਾਹੀਦਾ ਹੈ। ਪਾਰਦਰਸ਼ਤਾ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਚੀਨ ਤੋਂ ਸ਼ੁਰੂ ਹੋਈ ਬੀਮਾਰੀ ਨੇ ਅਮਰੀਕਾ 'ਚ ਇਕ ਲੱਖ ਜਾਨਾਂ ਲੈ ਲਈਆਂ ਹਨ। ਰਾਸ਼ਟਰਪਤੀ ਨੇ ਦੋਸ਼ ਲਾਇਆ ਕਿ ਚੀਨ ਵਾਇਰਸ ਬਾਰੇ 'ਸੰਸਾਰ ਨੂੰ ਗੁਮਰਾਹ' ਕਰਨ ਲਈ ਵਿਸ਼ਵ ਸਿਹਤ ਸੰਗਠਨ ਉਤੇ ਦਬਾਅ ਪਾ ਰਿਹਾ ਹੈ। ਜ਼ਿਕਰਯੋਗ ਹੈ ਕਿ ਅਮਰੀਕਾ 'ਚ ਨਵੰਬਰ ਵਿਚ ਰਾਸ਼ਟਰਪਤੀ ਚੋਣਾਂ ਹਨ ਤੇ ਮਹਾਮਾਰੀ ਦੀ ਰੋਕਥਾਮ ਦੇ ਪੱਖ ਤੋਂ ਟਰੰਪ ਦੀ ਤਿੱਖੀ ਆਲੋਚਨਾ ਹੋ ਰਹੀ ਹੈ।

## ਭਾਰਤੀ ਮੂਲ ਦੇ ਵਿਗਿਆਨਕ ਵੱਲੋਂ ਕੋਵਿਡ ਦੀ ਸ਼ਨਾਖਤ ਬਾਰੇ ਨਵਾਂ ਟੈਸਟ ਵਿਕਸਿਤ

**ਨਿਊ ਯਾਰਕ**: ਭਾਰਤੀ ਮੂਲ ਦੇ ਵਿਗਿਆਨਕ ਦੀ ਅਗਵਾਈ ਵਾਲੀ ਟੀਮ ਨੇ ਇਕ ਅਜਿਹਾ ਟੈਸਟ ਵਿਕਸਿਤ ਕੀਤਾ ਹੈ ਜਿਸ ਰਾਹੀਂ ਕੋਵਿਡ ਇਨਫੈਕਸ਼ਨ ਬਾਰੇ ਰੰਗ 'ਚ ਬਦਲਾਅ ਦੇਖ ਕੇ 10 ਮਿੰਟ ਵਿਚ ਹੀ ਪਤਾ ਲਾਇਆ ਜਾ ਸਕਦਾ ਹੈ। ਯੂਨੀਵਰਸਿਟੀ ਆਫ ਮੈਰੀਲੈਂਡ ਸਕੂਲ ਆਫ ਮੈਡੀਸਿਨ ਵੱਲੋਂ ਵਿਕਸਿਤ ਟੈਸਟ ਇਕ ਪ੍ਰੀਖਣ ਕਿੱਟ 'ਤੇ ਅਧਾਰਿਤ ਹੈ। ਇਹ ਪਲਾਜ਼ਮੋਨਿਕ ਗੋਲਡ ਨੈਨੋਪਾਰਟੀਕਲਜ਼ ਦੀ ਵਰਤੋਂ ਕਰਦੀ ਹੈ, ਜੇ ਵਾਇਰਸ ਮੌਜੂਦ ਹੋਵੇ ਤਾਂ ਰੰਗ ਵਿਚ ਬਦਲਾਅ ਨੋਟ ਕਰ ਲੈਂਦੀ ਹੈ। ਇਸ ਟੈਸਟ ਵਿਚ ਕਿਸੇ ਅਤਿ-ਆਧੁਨਿਕ ਲੈਬ ਤਕਨੀਕ ਦੀ ਵਰਤੋਂ ਦੀ ਲੋੜ ਨਹੀਂ ਪੈਂਦੀ। ਇਸ ਅਧਿਐਨ ਦੇ ਆਗੂ ਦੀਪਾਂਜਨ ਪਾਨ ਜੋ ਕਿ ਰੇਡੀਓਲੋਜੀ ਤੇ ਨਿਊਕਲੀਅਰ ਮੈਡੀਸਨ ਦੇ ਪ੍ਰੋਫੈਸਰ ਹਨ, ਨੇ ਕਿਹਾ 'ਸਾਡਾ ਮੰਨਣਾ ਹੈ ਕਿ ਟੈਸਟ ਵਾਇਰਸ ਵਿਚੋਂ ਇਨਫੈਕਸ਼ਨ ਦੇ ਪਹਿਲੇ ਦਿਨ ਹੀ ਆਰ.ਐਨ.ਏ. ਦੀ ਸ਼ਨਾਖਤ ਕਰ ਲੈਂਦਾ ਹੈ।' ਉਨ੍ਹਾਂ ਅਨੁਸਾਰ ਪੂਰੀ ਤਰ੍ਹਾਂ ਪੁਸ਼ਟੀ ਲਈ ਹੋਰ ਅਧਿਐਨ ਦੀ ਲੋੜ ਪਵੇਗੀ।

# ਵਿਤੀ ਤੰਗੀ: ਸ਼੍ਰੋਮਣੀ ਕਮੇਟੀ ਨੇ ਮੈਂਬਰਾਂ ਦੇ ਫੰਡ 'ਤੇ ਲਾਈ ਰੋਕ

**ਸ੍ਰੀ ਆਨੰਦਪੁਰ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਰੋਨਾ ਦੌਰਾਨ ਖਸਤਾ ਹੋ ਚੁੱਕੀ ਆਰਥਿਕ ਸਥਿਤੀ 'ਚ ਸੁਧਾਰ ਲਿਆਉਣ ਲਈ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਬਣਾਈ ਗਈ ਸਬ-ਕਮੇਟੀ ਦੀਆਂ ਸਿਫਾਰਸ਼ਾਂ ਮੁਤਾਬਕ ਸਮੂਹ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਮਿਲਣ ਵਾਲੇ 3 ਲੱਖ ਰੁਪਏ ਸਾਲਾਨਾ ਸਹਾਇਤਾ ਫੰਡ ਉਤੇ ਅਗਲੇ ਹੁਕਮਾਂ ਤੱਕ ਰੋਕ ਲਗਾ ਦਿੱਤੀ ਗਈ ਹੈ। ਪ੍ਰਧਾਨ ਵੱਲੋਂ ਬਣਾਈ ਗਈ ਕਮੇਟੀ ਦੇ ਮੈਂਬਰ ਤੇ ਸ਼੍ਰੋਮਣੀ ਕਮੇਟੀ ਦੇ ਮੀਤ ਪ੍ਰਧਾਨ ਗੁਰਬਖਸ਼ ਸਿੰਘ ਖਾਲਸਾ ਨੇ ਦੱਸਿਆ ਕਿ ਬੀਤੇ ਦਿਨੀਂ ਫਤਹਿਗੜ੍ਹ ਸਾਹਿਬ ਵਿਚ ਸਬ-ਕਮੇਟੀ ਦੀ ਮੀਟਿੰਗ ਹੋਈ ਸੀ। ਇਥੇ ਸਰਬਸੰਮਤੀ ਨਾਲ ਇਹ ਫੈਸਲਾ ਲਿਆ ਗਿਆ ਕਿ ਸ਼੍ਰੋਮਣੀ ਕਮੇਟੀ ਅਧੀਨ ਕੰਮ ਕਰਦੇ ਮੁਲਾਜ਼ਮਾਂ ਦੀਆਂ ਤਨਖਾਹਾਂ 'ਤੇ ਕਿਸੇ ਵੀ ਤਰ੍ਹਾਂ ਦੀ ਕਟੌਤੀ ਨਹੀਂ ਕੀਤੀ ਜਾਵੇਗੀ। ਸ਼੍ਰੋਮਣੀ ਕਮੇਟੀ ਅਧੀਨ ਆਉਂਦੇ ਗੁਰਦੁਆਰਿਆਂ, ਵਿੱਦਿਅਕ ਸੰਸਥਾਵਾਂ ਆਦਿ ਵਿਚ ਚੱਲ ਰਹੇ ਨਿਰਮਾਣ ਕਾਰਜਾਂ 'ਤੇ ਵੀ ਰੋਕ ਲਾ ਦਿੱਤੀ ਗਈ ਹੈ।



ਇਸ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਮੁੱਕੇਬਾਜ਼ੀ 'ਚ ਓਲੰਪਿਕ ਲਈ ਕੁਆਲੀਫਾਈ ਕਰਨ ਵਾਲੀ ਪੰਜਾਬ ਦੀ ਪਹਿਲੀ ਲੜਕੀ ਸਿਮਰਜੀਤ ਕੌਰ ਦੇ ਪਰਿਵਾਰ ਨੂੰ ਦੋ ਲੱਖ ਰੁਪਏ ਦੀ ਮਦਦ ਦੇਣ ਦਾ ਉਪਰਾਲਾ ਕੀਤਾ ਹੈ। ਇਹ ਜਾਣਕਾਰੀ ਹਲਕਾ ਜਗਰਾਉਂ ਦੇ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਚਕਰ ਪਿੰਡ 'ਚ ਸਿਮਰਜੀਤ ਕੌਰ ਦੇ ਘਰ ਪੁੱਜਣ ਉਤੇ ਦਿੱਤੀ। ਉਨ੍ਹਾਂ ਦੋ ਲੱਖ ਰੁਪਏ ਦਾ ਚੈੱਕ ਵੀ ਭੇਟ ਕੀਤਾ। ਸਿਮਰਜੀਤ ਕੌਰ ਦੀ ਵੱਡੀ ਪ੍ਰਾਪਤੀ 'ਚ ਮੋਹਰੀ ਰੋਲ ਅਦਾ ਕਰਨ ਵਾਲੇ ਪ੍ਰਿੰਸੀਪਲ ਬਲਵੰਤ ਸਿੰਘ ਚਕਰ ਅਤੇ ਉਸ ਦੀ ਮਾਤਾ ਰਾਜਪਾਲ ਕੌਰ ਨੇ ਸ਼੍ਰੋਮਣੀ ਕਮੇਟੀ ਵੱਲੋਂ ਪਰਿਵਾਰ ਦੀ ਸਮੇਂ-ਸਮੇਂ ਉਤੇ ਮਦਦ ਕਰਨ ਲਈ ਧੰਨਵਾਦ ਕੀਤਾ।

## ਸਿੱਖ ਅਜਾਇਬ ਘਰ 'ਚ ਲੱਗੇਗੀ ਬਲਬੀਰ ਸਿੰਘ ਦੀ ਫੋਟੋ

**ਅੰਮ੍ਰਿਤਸਰ:** ਹਾਕੀ ਦੇ ਖੇਤਰ ਵਿਚ ਵੱਡੀਆਂ ਮੱਲਾਂ ਮਾਰਨ ਵਾਲੇ ਹਾਕੀ ਓਲੰਪੀਅਨ ਬਲਬੀਰ ਸਿੰਘ ਸੀਨੀਅਰ ਦੀ ਤਸਵੀਰ ਹੁਣ ਕੇਂਦਰੀ ਸਿੱਖ ਅਜਾਇਬ ਘਰ ਵਿਚ ਸਥਾਪਤ ਹੋਵੇਗੀ। ਇਹ ਐਲਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕੀਤਾ। ਓਲੰਪਿਕ ਖੇਡਾਂ ਵਿਚ ਤਿੰਨ ਵਾਰ ਭਾਰਤ ਲਈ ਸੋਨੇ ਦਾ ਤਗਮਾ ਜਿੱਤਣ ਵਾਲੇ ਹਾਕੀ ਖਿਡਾਰੀ ਬਲਬੀਰ ਸਿੰਘ ਸੀਨੀਅਰ ਦਾ ਪਿਛਲੇ ਦਿਨੀਂ ਦੇਹਾਂਤ ਹੋ ਗਿਆ। ਉਨ੍ਹਾਂ ਨੂੰ ਦੇਸ਼ ਭਰ ਵਿਚ ਵੱਡੇ ਪੱਧਰ ਉਤੇ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਬਲਬੀਰ ਸਿੰਘ ਸੀਨੀਅਰ ਨੇ ਹਾਕੀ ਦੇ ਖੇਤਰ ਵਿਚ ਵੱਡੀਆਂ ਪ੍ਰਾਪਤੀਆਂ ਕਰ ਕੇ ਸਿੱਖ ਕੌਮ ਤੇ ਦੇਸ਼ ਦਾ ਮਾਣ ਵਧਾਇਆ। ਉਨ੍ਹਾਂ ਦਾ ਜੀਵਨ ਸਿੱਖ ਨੌਜਵਾਨੀ ਲਈ ਪ੍ਰੇਰਨਾ ਸਰੋਤ ਹੈ, ਇਸ ਲਈ ਸ਼੍ਰੋਮਣੀ ਕਮੇਟੀ ਵੱਲੋਂ ਉਨ੍ਹਾਂ ਨੂੰ ਸਤਿਕਾਰ ਦੇਣ ਵਾਸਤੇ ਉਨ੍ਹਾਂ ਦੀ ਤਸਵੀਰ ਕੇਂਦਰੀ ਅਜਾਇਬ ਘਰ ਵਿਚ ਲਗਾਈ ਜਾਵੇਗੀ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਉਨ੍ਹਾਂ ਤੋਂ ਸੇਧ ਲੈ ਸਕਣ।

# ਮਰੀ ਮਾਂ ਨੂੰ ਸੁੱਤੀ ਸਮਝ ਖੇਡਦਾ ਰਿਹਾ ਨੰਨ੍ਹਾ ਬਾਲਕ

**ਮੁਜ਼ੱਫਰਪੁਰ:** ਬਿਹਾਰ ਦੇ ਮੁਜ਼ੱਫਰਪੁਰ ਰੇਲਵੇ ਪਲੇਟਫਾਰਮ 'ਤੇ ਆਪਣੀ ਮਰੀ ਹੋਈ ਮਾਂ ਨੂੰ ਸੁੱਤੀ ਸਮਝ ਕੇ ਜਗਾਉਣ ਦੀ ਕੋਸ਼ਿਸ਼ ਕਰ ਰਹੇ ਬਾਲ ਦੀ ਵੀਡੀਓ ਆਪਣੇ ਸੂਬਿਆਂ ਨੂੰ ਹਿਜਰਤ ਕਰ ਰਹੇ ਪਰਵਾਸੀ ਮਜ਼ਦੂਰਾਂ ਦਾ ਦਰਦ ਬਿਆਨਦੀ ਹੈ। ਰਾਸ਼ਟਰੀ ਜਨਤਾ ਦਲ ਦੇ ਆਗੂ ਤੇਜਸਵੀ ਯਾਦਵ ਦੇ ਸਾਥੀ ਸੰਜੇ ਯਾਦਵ ਵਲੋਂ ਟਵੀਟ ਕੀਤੀ ਇਸ ਵੀਡੀਓ ਵਿਚ ਇਕ ਬਾਲ ਆਪਣੀ ਮਾਂ ਦੀ ਦੇਹ ਕੋਲ ਜਾਂਦਾ ਹੈ ਅਤੇ ਉਸ ਦੇ ਉੱਪਰ ਦਿੱਤੀ ਚਾਦਰ ਉਤਾਰ ਦਿੰਦਾ ਹੈ। ਜਦੋਂ ਉਸ ਦੀ ਮਾਂ ਨਹੀਂ ਉਠਦੀ ਤਾਂ ਉਹ ਆਪਣਾ ਸਿਰ ਵੀ ਚਾਦਰ ਵਿਚ ਲੁਕੋ ਲੈਂਦਾ ਹੈ। ਯਾਦਵ ਨੇ ਟਵੀਟ ਕੀਤਾ, "ਇਹ ਛੋਟਾ ਬੱਚਾ ਨਹੀਂ ਜਾਣਦਾ ਕਿ ਜਿਸ ਚਾਦਰ ਨਾਲ ਉਹ ਖੇਡ ਰਿਹਾ ਹੈ, ਉਹ ਉਸ ਦੀ ਮਾਂ ਦਾ ਕਫਨ ਹੈ। ਇਹ ਮਾਂ ਚਾਰ ਦਿਨਾਂ ਤੱਕ ਰੇਲਗੱਡੀ ਵਿਚ ਰਹੀ ਅਤੇ ਭੁੱਖ-ਪਿਆਸ ਨਾਲ ਜੂਝਦੀ ਚੱਲ ਵਸੀ। ਇਸ ਲਈ ਕੌਣ ਜ਼ਿੰਮੇਵਾਰ ਹੈ? ਕੀ ਵਿਰੋਧੀ ਧਿਰਾਂ ਨੂੰ ਅਜਿਹੇ ਤਿੱਖੇ ਸਵਾਲ ਨਹੀਂ ਪੁੱਛਣੇ ਚਾਹੀਦੇ"



ਹਲਾਂਕਿ ਪੁਲਿਸ ਕੋਲ ਦੱਸਣ ਲਈ ਵੱਖਰੀ ਕਹਾਣੀ ਹੈ। ਮੁਜ਼ੱਫਰਪੁਰ ਵਿਚ ਰੇਲਵੇ ਪੁਲਿਸ ਦੇ ਡੀ.ਐਸ.ਪੀ. ਰਮਾਕਾਂਤ ਉਪਾਧਿਆਏ ਨੇ ਦੱਸਿਆ ਕਿ ਇਹ ਘਟਨਾ 25 ਮਈ ਨੂੰ ਉਸ ਸਮੇਂ ਵਾਪਰੀ ਜਦੋਂ ਪਰਵਾਸੀ ਔਰਤ ਅਹਿਮਦਾਬਾਦ ਤੋਂ ਸ਼੍ਰਮਿਕ ਵਿਸ਼ੇਸ਼ ਰੇਲ ਰਾਹੀਂ ਮੁਜ਼ੱਫਰਪੁਰ ਆ ਰਹੀ ਸੀ। ਇਸ ਔਰਤ ਦੀ ਭੈਣ ਅਤੇ ਜੀਜਾ ਵੀ ਨਾਲ ਸਨ ਅਤੇ ਇਸ ਦੀ ਮੌਤ ਮਧੂਬਨੀ ਜਾਣ ਵਾਲੀ ਰੇਲਗੱਡੀ ਵਿਚ ਹੋਈ ਹੈ। ਅਧਿਕਾਰੀ ਨੇ ਮ੍ਰਿਤਕਾ ਦੇ ਜੀਜੇ ਦੇ ਹਵਾਲੇ ਨਾਲ ਕਿਹਾ, "ਰੇਲ-ਗੱਡੀ ਵਿਚ ਅਚਾਨਕ ਮੇਰੀ ਰਿਸ਼ਤੇਦਾਰ ਮਹਿਲਾ ਦੀ ਮੌਤ ਹੋ ਗਈ।" ਉਸ ਨੇ ਦੱਸਿਆ ਕਿ ਸੂਚਨਾ ਮਿਲਣ 'ਤੇ ਪੁਲਿਸ ਨੇ ਲਾਸ਼ ਹੇਠਾਂ ਉਤਾਰੀ ਤੇ ਪੋਸਟਮਾਰਟਮ ਲਈ ਭਿਜਵਾ ਦਿੱਤੀ। ਔਰਤ ਦੀ ਉਮਰ 35 ਸਾਲ ਸੀ। ਰੇਲਵੇ ਨੇ ਦਾਅਵਾ ਕੀਤਾ ਕਿ ਵੀਡੀਓ ਵਿਚ ਮ੍ਰਿਤ ਪਈ ਮਹਿਲਾ ਹਿਰਦੇ ਰੋਗ ਤੋਂ ਪੀੜਤ ਸੀ, ਜਿਸ ਦੀ ਪਛਾਣ ਉਰੇਸ਼ ਖਾਤੂਨ ਵਜੋਂ ਹੋਈ ਹੈ।

# ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਜੀ.ਐਸ.ਟੀ. ਲਾਉਣ ਦੀ ਤਿਆਰੀ

**ਅੰਮ੍ਰਿਤਸਰ:** ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਵੱਖ-ਵੱਖ 42 ਤਰ੍ਹਾਂ ਦੀਆਂ ਸੇਵਾਵਾਂ ਆਦਿ 'ਤੇ ਜੀ.ਐਸ.ਟੀ. ਲਾਉਣ ਦਾ ਫੈਸਲਾ ਕੀਤਾ ਗਿਆ ਹੈ। ਯੂਨੀਵਰਸਿਟੀ ਦੇ ਵਿੱਤ ਅਤੇ ਵਿਕਾਸ ਵਿਭਾਗ ਵੱਲੋਂ ਜਾਰੀ ਪੱਤਰ ਟੀਚਿੰਗ ਅਤੇ ਨਾਨ ਟੀਚਿੰਗ ਵਿਭਾਗਾਂ ਸਮੇਤ ਵੱਖ-ਵੱਖ ਕਾਲਜਾਂ ਦੇ ਪ੍ਰਿੰਸੀਪਲਾਂ ਨੂੰ ਵੀ ਭੇਜਿਆ ਗਿਆ ਹੈ। ਇਨ੍ਹਾਂ ਸੇਵਾਵਾਂ ਵਿਚ ਵਿਦਿਆਰਥੀਆਂ ਦੀ ਟਿਊਸ਼ਨ ਫੀਸ ਅਤੇ ਹੋਸਟਲ ਫੀਸ ਆਦਿ ਨੂੰ ਸ਼ਾਮਲ ਨਹੀਂ ਕੀਤਾ ਗਿਆ ਹੈ। ਜਿਨ੍ਹਾਂ ਸੇਵਾਵਾਂ 'ਤੇ ਜੀ.ਐਸ.ਟੀ. ਲੱਗੇਗੀ, ਉਨ੍ਹਾਂ ਵਿਚ ਡੁਪਲੀਕੇਟ ਰਜਿਸਟਰੇਸ਼ਨ ਕਾਰਡ, ਨਾਂ ਬਦਲਾਉਣ, ਮਾਈਗਰੇਸ਼ਨ ਫੀਸ, ਅੰਤਰ ਕਾਲਜ ਮਾਈਗਰੇਸ਼ਨ ਫੀਸ, ਡੁਪਲੀਕੇਟ ਡਿਗਰੀ, ਮੁੜ ਮੁਲਾਂਕਣ ਫੀਸ, ਡੁਪਲੀਕੇਟ ਡੀ.ਐਮ.ਸੀ., ਸਿਹਤ ਜਾਂਚ ਫੀਸ, ਕਿਤਾਬਾਂ ਦੀ ਵਿਕਰੀ, ਸਵੀਮਿੰਗ ਪੂਲ, ਜਿਮ ਆਦਿ ਦੀ ਵਰਤੋਂ ਦੀ ਫੀਸ ਉਪਰ, ਆਈ.ਏ.ਐਸ-ਆਈ.ਪੀ.ਐਸ. ਪ੍ਰੀਖਿਆਵਾਂ ਦੀ ਤਿਆਰੀ ਦੀ ਫੀਸ ਉਪਰ ਆਦਿ 'ਤੇ ਜੀ.ਐਸ.ਟੀ. ਵਸੂਲ ਕੀਤਾ ਜਾਵੇਗਾ।

## 'ਵਰਸਿਟੀ 'ਚ ਪ੍ਰੀਖਿਆਵਾਂ ਪਹਿਲੀ ਜੁਲਾਈ ਤੋਂ

**ਅੰਮ੍ਰਿਤਸਰ:** ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਕਰੋਨਾ ਮਹਾਮਾਰੀ ਕਾਰਨ ਸਿਰਫ ਡਿਗਰੀ ਅਤੇ ਡਿਪਲੋਮਾ ਕੋਰਸਾਂ ਦੀਆਂ ਫਾਈਨਲ ਕਲਾਸਾਂ ਦੀਆਂ ਪ੍ਰੀਖਿਆਵਾਂ ਕਰਵਾਉਣ ਦਾ ਐਲਾਨ ਕੀਤਾ ਹੈ। ਇਨ੍ਹਾਂ ਦੀਆਂ ਥਿਊਰੀ ਅਤੇ ਪ੍ਰੈਕਟੀਕਲ ਪ੍ਰੀਖਿਆਵਾਂ ਪਹਿਲੀ ਜੁਲਾਈ ਤੋਂ 20 ਜੁਲਾਈ ਤੱਕ ਹੋਣਗੀਆਂ। ਡੇਟਸ਼ੀਟ ਯੂਨੀਵਰਸਿਟੀ ਦੀ ਵੈੱਬਸਾਈਟ 'ਤੇ ਅਪਲੋਡ ਕੀਤੀ ਗਈ ਹੈ। ਰਜਿਸਟਰਾਰ ਪ੍ਰੋਫੈਸਰ ਕਰਨਜੀਤ ਸਿੰਘ ਕਾਹਲੋਂ ਨੇ ਕਿਹਾ ਕਿ ਇੰਟਰਮੀਡੀਏਟ ਕਲਾਸਾਂ ਦੀਆਂ ਪ੍ਰੀਖਿਆਵਾਂ ਬਾਰੇ ਫੈਸਲਾ ਬਾਅਦ ਵਿਚ ਲਿਆ ਜਾਵੇਗਾ।

# ਕਰੋਨਾ: ਅਮਰੀਕੀ ਕੰਪਨੀ ਨੇ ਭਾਰਤ ਦਾ ਦਰ ਖੜਕਾਇਆ

**ਨਵੀਂ ਦਿੱਲੀ:** ਅਮਰੀਕਾ ਦੀ ਦਵਾਈਆਂ ਬਣਾਉਣ ਵਾਲੀ ਕੰਪਨੀ ਗਿਲਿਡ ਸਾਇੰਸਜ਼ ਨੇ ਆਪਣੀ ਐਂਟੀ-ਵਾਇਰਲ ਡਰੱਗ ਰੇਮਡੇਸੀਵਿਰ ਨੂੰ ਵੇਚਣ ਦੀ ਇਜਾਜ਼ਤ ਲਈ ਭਾਰਤ ਦੇ ਕੇਂਦਰੀ ਫਾਰਮਾਸੂਟੀਕਲ ਸਟੈਂਡਰਡਜ਼ ਕੰਟਰੋਲ ਆਰਗੇਨਾਈਜ਼ੇਸ਼ਨ (ਸੀ.ਡੀ.ਐਸ.ਸੀ.ਓ.) ਨੂੰ ਅਰਜ਼ੀ ਦਿੱਤੀ ਹੈ।

ਇਹ ਦਵਾਈ ਕੋਵਿਡ-19 ਦੇ ਇਲਾਜ ਵਿਚ ਅਹਿਮ ਹੋਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਸੂਤਰਾਂ ਅਨੁਸਾਰ ਡਰੱਗ ਪੇਟੈਂਟ ਕੰਪਨੀ ਨੇ ਰੇਮਡੇਸੀਵਿਰ ਲਈ ਪ੍ਰੀ-ਕਲੀਨਿਕਲ ਅਤੇ ਕਲੀਨਿਕਲ ਅਧਿਐਨ ਸਬੰਧੀ ਅੰਕੜੇ ਪੂਰੇ ਕੀਤੇ ਹਨ।

ਸੂਤਰ ਨੇ ਦੱਸਿਆ ਕਿ ਕੰਪਨੀ ਨੇ ਐਂਟੀ-ਵਾਇਰਲ ਡਰੱਗ ਰੇਮਡੇਸੀਵਿਰ ਨੂੰ ਭਾਰਤੀ ਬਾਜ਼ਾਰ ਵਿਚ ਵੇਚਣ ਦੀ ਇਜਾਜ਼ਤ ਲਈ ਕੇਂਦਰੀ ਡਰੱਗਜ਼ ਸਟੈਂਡਰਡ ਕੰਟਰੋਲ ਆਰਗੇਨਾਈਜ਼ੇਸ਼ਨ (ਸੀ.ਡੀ.ਐਸ.ਸੀ.ਓ.) ਨੂੰ ਅਪੀਲ ਕੀਤੀ ਹੈ।" ਇਹ ਸੰਸਥਾ ਕੰਪਨੀ ਦੇ ਦਾਅਵੇ ਦਾ ਅਧਿਐਨ ਕਰੇਗੀ ਤੇ ਮਾਹਿਰ ਕਮੇਟੀ ਦੀਆਂ ਸਿਫਾਰਸ਼ਾਂ ਦੇ ਅਧਾਰ ਉਤੇ ਅੰਤਿਮ ਫੈਸਲਾ ਲਵੇਗੀ।' 'ਯੂਐਸ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ (ਐਫ.ਡੀ.ਏ.) ਨੇ ਹਸਪਤਾਲਾਂ ਵਿਚ ਦਾਖਲ ਕੋਵਿਡ -19 ਮਰੀਜ਼ਾਂ ਦੇ ਇਲਾਜ ਲਈ ਐਮਰਜੈਂਸੀ ਵਰਤੋਂ ਲਈ ਇਸ ਦਵਾਈ ਨੂੰ ਮਨਜ਼ੂਰੀ ਦੇ ਦਿੱਤੀ ਹੈ।

# ਗੁਟਕਾ ਸਾਹਿਬ ਦੀ ਬੇਅਦਬੀ ਦੇ ਦੋਸ਼ ਹੇਠ ਤਿੰਨ ਗ੍ਰਿਫਤਾਰ

**ਫਤਹਿਗੜ੍ਹ ਚੂੜੀਆਂ:** ਇਥੋਂ ਦੇ ਦਸਮੇਸ਼ ਨਗਰ ਵਿਚ ਗੁਟਕਾ ਸਾਹਿਬ ਦੀ ਬੇਅਦਬੀ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਅਨੁਸਾਰ ਦਸਮੇਸ਼ ਨਗਰ ਦੇ ਇਕ ਘਰ ਵਿਚ ਕਿਤਾਬਾਂ ਨੂੰ ਲਾਈ ਗਈ ਅੱਗ 'ਚ ਗੁਟਕਾ ਸਾਹਿਬ ਦੇ ਅੰਗ ਸੜ ਗਏ। ਹਵਾ ਨਾਲ ਕੁੱਝ ਅੰਗ ਉੱਡ ਕੇ ਘਰੋਂ ਬਾਹਰ ਗਲੀ ਵਿਚ ਆ ਗਏ। ਕੁਝ ਲੋਕਾਂ ਨੇ ਇਸ ਨੂੰ ਵੇਖ ਕੇ ਪੁਲਿਸ ਅਤੇ ਧਾਰਮਿਕ ਜਥੇਬੰਦੀਆਂ ਨੂੰ ਸੂਚਿਤ ਕਰ ਦਿੱਤਾ। ਸੂਚਨਾ ਮਿਲਣ 'ਤੇ ਪੁਲਿਸ ਨੇ ਗੁਟਕਾ ਸਾਹਿਬ ਦੇ ਸਾੜੇ ਹੋਏ ਅੰਗ ਇਕੱਠੇ ਕਰ ਕੇ ਆਪਣੇ ਕਬਜ਼ੇ 'ਚ ਲੈ ਲਏ। ਘਟਨਾ ਦੇ ਚਸ਼ਮਦੀਦ ਗਵਾਹ ਹਰਦੁਮਨ ਸਿੰਘ ਨੇ ਦੱਸਿਆ ਕਿ ਦੋ ਦਿਨ ਪਹਿਲਾਂ ਕਵੀਸ਼ਰ ਬਲਵਿੰਦਰ ਸਿੰਘ ਜੌਹਲ ਦੇ ਬੇਟੇ ਗੁਰਜੀਤ ਸਿੰਘ ਰਾਜੂ ਅਤੇ ਉਸ ਦੀ ਪਤਨੀ ਪਲਵਿੰਦਰ ਕੌਰ ਨੂੰ ਕੁਝ ਸਾੜਦਿਆਂ ਵੇਖਿਆ ਗਿਆ। ਬਲਵਿੰਦਰ ਸਿੰਘ ਜੌਹਲ ਦੀਆਂ ਕਵਿਤਾਵਾਂ ਦੇ ਕੁਝ ਅੱਧ-ਸੜੇ ਟੁਕੜੇ ਮਿਲੇ ਹੋਣ ਕਰਕੇ ਜਦੋਂ ਬਲਵਿੰਦਰ ਸਿੰਘ ਨੂੰ ਪੁੱਛਿਆ ਗਿਆ ਤਾਂ ਉਨ੍ਹਾਂ ਮੰਨਿਆ ਕਿ ਉਨ੍ਹਾਂ ਕੋਲੋਂ ਅਣਜਾਣੇ 'ਚ ਗਲਤੀ ਹੋਈ ਹੈ।

# ਗੁਰਦੁਆਰਾ ਸੰਤ ਸਾਗਰ 'ਚ ਪੰਚਮ ਪਾਤਸ਼ਾਹ ਦਾ ਸ਼ਹੀਦੀ ਪੁਰਬ ਮਨਾਇਆ

**ਬੈਲਰੋਜ਼, ਨਿਊ ਯਾਰਕ (ਬਿਊਰੋ):** ਗੁਰਦੁਆਰਾ ਸੰਤ ਸਾਗਰ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਪ੍ਰੋਗਰਾਮਾਂ ਦੀ ਸ਼ੁਰੂਆਤ 20 ਅਪਰੈਲ ਨੂੰ 40 ਰੋਜ਼ਾ ਸੁਖਮਨੀ ਸਾਹਿਬ ਦੇ ਪਹਿਲੇ ਪਾਠ ਨਾਲ ਹੋਈ। ਰੋਜ਼ ਸ਼ਾਮ 4:30 ਵਜੇ ਸੁਖਮਨੀ ਸਾਹਿਬ ਦੇ ਸੰਗਤ ਰੂਪੀ ਪਾਠਾਂ ਦੀ ਲੜੀ ਚੱਲੀ, ਜਿਸ ਦੀ ਸਮਾਪਤੀ 30 ਮਈ ਨੂੰ ਹੋਈ।

ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ 26 ਮਈ ਨੂੰ ਸੀ। 24 ਮਈ ਨੂੰ ਸਵੇਰੇ 9 ਵਜੇ ਸੁਖਮਨੀ ਸਾਹਿਬ ਦੇ ਅਖੰਡ ਜਾਪ ਸ਼ੁਰੂ ਹੋਏ ਤੇ ਭੋਗ 26 ਮਈ ਨੂੰ ਸਵੇਰੇ 8:30 ਦੇ ਸੁਖਮਨੀ ਸਾਹਿਬ ਦੇ ਪਾਠ ਨਾਲ ਪਾਏ ਗਏ। ਪਾਠ ਸ਼ਰਧਾਲੂਆਂ ਨੇ ਕੀਤੇ। ਉਪਰੰਤ ਦਿਨੇ 12:30 ਵਜੇ ਤੱਕ ਦੀਵਾਨ ਸਜੇ। 29 ਮਈ ਨੂੰ ਅਖੰਡ ਪਾਠ ਰਖਿਆ ਗਿਆ ਤੇ ਭੋਗ 31 ਮਈ, ਐਤਵਾਰ ਨੂੰ ਸਵੇਰੇ 9:30 ਵਜੇ ਪਿਆ। ਇਨ੍ਹਾਂ ਦੀਵਾਨਾਂ ਵਿਚ ਭਾਈ ਸੱਜਣ ਸਿੰਘ (ਸਬਕਾ ਹਜ਼ੂਰੀ ਰਾਗੀ ਦਰਬਾਰ ਸਾਹਿਬ ਅੰਮ੍ਰਿਤਸਰ) ਤੇ ਭਾਈ ਪ੍ਰਤਾਪ ਸਿੰਘ ਬੰਬੇ ਵਾਲਿਆਂ ਨੇ ਕੀਰਤਨ ਅਤੇ ਕਥਾਵਾਚਕ ਗਿਆਨੀ ਸੰਤੋਖ ਸਿੰਘ ਨੇ ਕਥਾ-ਵਿਆਖਿਆ ਰਾਹੀਂ ਹਾਜ਼ਰੀ ਭਰੀ। ਉਪਰੰਤ 2:30 ਵਜੇ ਇਨ੍ਹਾਂ ਪ੍ਰੋਗਰਾਮਾਂ ਦੀ ਸਮਾਪਤੀ ਅਤੇ ਸਰਬਤ ਦੇ ਭਲੇ ਦੀ ਅਰਦਾਸ ਗੁਰੂ ਕੇ ਵਜ਼ੀਰ ਭਾਈ ਸ਼ਿੰਗਾਰਾ ਸਿਘ ਨੇ ਕੀਤੀ।

ਜਗਤ ਮਹਾਮਾਰੀ ਕਰੋਨਾ ਕਾਰਨ ਲੰਗਰ ਬਣਾਉਣ ਵੇਲੇ ਸੇਵਾਦਾਰਾਂ ਵਲੋਂ ਹਰ ਸਾਵਧਾਨੀ ਵਰਤੀ ਗਈ ਤੇ ਗੁਰੂ ਘਰ ਵਿਚ ਪੰਗਤ ਨਾ ਲਾ ਕੇ ਨਿਸ਼ਕਾਮ ਸੇਵਕ ਜਥੇ ਦੇ ਸੇਵਾਦਾਰਾਂ ਵਲੋਂ ਲੰਗਰ ਪੈਕ ਕਰਕੇ ਬਾਹਰ ਸਟਾਲ ਲਾ ਕੇ ਦਿੱਤਾ ਗਿਆ। ਇਸ ਦਾ ਲਾਭ ਇਲਕਾ ਨਿਵਾਸੀ ਹੋਰ ਧਰਮਾਂ ਦੇ ਲੋਕਾਂ ਨੂੰ ਵੀ ਪਹੁੰਚਿਆ।


























## ਨਵੀਂ ਮੁਸੀਬਤ ਖੜ੍ਹੀ ਕਰੇਗੀ ਮਜ਼ਦੂਰਾਂ ਦੀ ਘਰ ਵਾਪਸੀ

**ਚੰਡੀਗੜ੍ਹ:** ਮਜ਼ਦੂਰਾਂ ਦੀ ਘਾਟ ਸਨਅਤਾਂ ਲਈ ਵੱਡੀ ਮੁਸੀਬਤ ਖੜ੍ਹੀ ਕਰ ਸਕਦੀ ਹੈ। ਪੰਜਾਬ ਵਿੱਚੋਂ 375 ਵਿਸ਼ੇਸ਼ ਰੇਲ ਗੱਡੀਆਂ ਰਾਹੀਂ 4.84 ਲੱਖ ਤੋਂ ਵੱਧ ਪਰਵਾਸੀ ਮਜ਼ਦੂਰਾਂ ਨੂੰ ਹੁਣ ਤੱਕ ਪਿੱਤਰੀ ਰਾਜਾਂ ਵੱਲ ਭੇਜਿਆ ਗਿਆ ਹੈ। ਇਹ ਹਿਜਰਤ ਨਿਰੰਤਰ ਜਾਰੀ ਹੈ।

ਇਕੱਲੇ ਲੁਧਿਆਣਾ ਸਨਅਤੀ ਖੇਤਰ ਵਿਚੋਂ ਕਰੋਨਾ ਵਾਇਰਸ ਦੀ ਦਹਿਸ਼ਤ ਕਾਰਨ ਤਿੰਨ ਲੱਖ ਦੇ ਕਰੀਬ ਪਰਵਾਸੀ ਮਜ਼ਦੂਰ ਆਪਣੇ ਪਿੱਤਰੀ ਪਿੰਡਾਂ ਵਿਚ ਜਾ ਚੁੱਕੇ ਹਨ। ਹੁਣ ਸਨਅਤਕਾਰਾਂ ਨੂੰ ਖਦਸ਼ਾ ਹੈ ਕਿ ਆਉਣ ਵਾਲੇ ਸਮੇਂ ਵਿਚ ਜਦੋਂ ਕਾਰੋਬਾਰ ਤੇਜ਼ੀ ਫੜੇਗਾ ਤਾਂ ਸਨਅਤਾਂ ਨੂੰ ਲੇਬਰ ਸੰਕਟ ਨਾਲ ਜੂਝਣਾ ਪਵੇਗਾ। ਤਿੰਨ ਲੱਖ ਮਜ਼ਦੂਰਾਂ ਵਿਚ ਜ਼ਿਆਦਾਤਰ ਦਿਹਾੜੀਦਾਰ ਮਜ਼ਦੂਰ ਹੀ ਆਪਣੇ ਪਿੰਡਾਂ ਨੂੰ ਗਏ ਹਨ ਜਿਸ ਕਾਰਨ ਸਨਅਤਕਾਰਾਂ ਨੂੰ ਵੱਡੀ ਪਰੇਸ਼ਾਨੀ ਝੱਲਣੀ ਪੈ ਸਕਦੀ ਹੈ। ਦੱਸ ਦਈਏ ਕਿ ਘਰ ਵਾਪਸੀ ਲਈ ਸਿਰਫ ਸਨਅਤੀ ਸ਼ਹਿਰ ਲੁਧਿਆਣਾ ਤੋਂ ਹੀ ਅੱਠ ਲੱਖ ਤੋਂ ਜ਼ਿਆਦਾ ਮਜ਼ਦੂਰਾਂ ਨੇ ਆਨਲਾਈਨ ਰਜਿਸਟਰੇਸ਼ਨ ਕਰਵਾਈ ਸੀ। ਕਰੋਨਾ ਵਾਇਰਸ ਕਾਰਨ ਦੋ ਮਹੀਨੇ ਸਨਅਤੀ ਸ਼ਹਿਰ ਵਿਚ ਜ਼ਿਆਦਾਤਰ ਕਾਰੋਬਾਰ ਤੇ ਸਨਅਤਾਂ ਬੰਦ ਰਹੀਆਂ। ਸਰਕਾਰ ਨੇ 5 ਮਈ ਤੋਂ ਮਜ਼ਦੂਰਾਂ ਨੂੰ ਉਨ੍ਹਾਂ ਦੇ ਪਿੱਤਰੀ ਰਾਜ ਛੱਡਣ ਲਈ ਮੁਫਤ ਰੇਲ ਗੱਡੀਆਂ ਦੀ ਸ਼ੁਰੂਆਤ ਕੀਤੀ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਦਿੱਤੀ ਗਈ ਜਾਣਕਾਰੀ ਮੁਤਾਬਕ ਸਨਅਤੀ ਸ਼ਹਿਰ ਵਿਚ ਕਰੀਬ 24 ਦਿਨਾਂ ਦੌਰਾਨ 194 ਰੇਲ ਗੱਡੀਆਂ ਚੱਲੀਆਂ। ਉਨ੍ਹਾਂ ਦੱਸਿਆ ਕਿ 122 ਰੇਲ ਗੱਡੀਆਂ ਵਿਚ ਪ੍ਰਤੀ ਰੇਲ ਗੱਡੀ 1200 ਮਜ਼ਦੂਰ ਤੇ ਉਸ ਤੋਂ ਬਾਅਦ 72 ਰੇਲ ਗੱਡੀਆਂ ਵਿਚ 1600 ਮਜ਼ਦੂਰ ਪ੍ਰਤੀ ਰੇਲ ਗੱਡੀ ਭੇਜੇ ਗਏ ਹਨ।

# ਵਾਤਾਵਰਣ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ

**ਵਾਤਾਵਰਣ ਦਿਵਸ 'ਤੇ ਵਿਸ਼ੇਸ਼**

ਡਾ. ਗੁਰਿੰਦਰ ਕੌਰ

5 ਜੂਨ ਨੂੰ ਹਰ ਸਾਲ ਦੁਨੀਆਂ ਦਾ ਹਰ ਵੱਡਾ/ਛੋਟਾ ਦੇਸ਼ ਵਾਤਾਵਰਣ ਦਿਵਸ ਨੂੰ ਦਿਖਾਵੇ ਦੇ ਤੌਰ 'ਤੇ ਮਨਾਉਣ ਦੀ ਭਰਪੂਰ ਕੋਸ਼ਿਸ਼ ਕਰਦਾ ਦਿਖਾਈ ਦਿੰਦਾ ਹੈ, ਕਿਉਂਕਿ ਅਸਲ ਵਿਚ ਤਾਂ ਅਸੀਂ ਵਾਤਾਵਰਣ ਦੀ ਸਾਂਭ-ਸੰਭਾਲ ਲਈ ਕੁਝ ਨਹੀਂ ਕਰ ਰਹੇ। ਵਾਤਾਵਰਣ ਦਿਵਸ ਮਨਾਉਣ ਦੀ ਪ੍ਰਥਾ 1972 ਵਿਚ ਸਵੀਡਨ ਦੇ ਸਟਾਕਹੋਲਮ ਸ਼ਹਿਰ ਵਿਚ ਵਾਤਾਵਰਣ ਸਬੰਧੀ ਪਹਿਲੀ ਕੌਮਾਂਤਰੀ ਕਾਨਫਰੰਸ ਪਿਛੋਂ ਸ਼ੁਰੂ ਹੋਈ। ਇਹ ਕਾਨਫਰੰਸ 5 ਜੂਨ ਤੋਂ ਲੈ ਕੇ 16 ਜੂਨ ਤੱਕ ਚੱਲੀ ਸੀ, ਜਿਸ ਕਰਕੇ ਉਸ ਪਿਛੋਂ ਹੁਣ ਹਰ ਸਾਲ 5 ਜੂਨ ਨੂੰ ਦੁਨੀਆਂ ਦੇ ਸਾਰੇ ਦੇਸ਼ਾਂ ਵਿਚ ਵਾਤਾਵਰਣ ਦਿਵਸ ਮਨਾਇਆ ਜਾਂਦਾ ਹੈ। ਹੁਣ ਤੋਂ ਛੇ ਦਹਾਕੇ ਪਹਿਲਾਂ ਅਮਰੀਕਾ, ਕੈਨੇਡਾ ਅਤੇ ਯੂਰਪ ਦੇ ਬਹੁਤ ਸਾਰੇ ਦੇਸ਼ ਅਣਯੋਜਿਤ ਉਦਯੋਗਿਕ ਵਿਕਾਸ ਤੋਂ ਉਪਜੇ ਹਵਾ ਅਤੇ ਪਾਣੀ ਦੇ ਪ੍ਰਦੂਸ਼ਣ ਵਿਚ ਬੁਰੀ ਤਰ੍ਹਾਂ ਜਕੜੇ ਹੋਏ ਸਨ। ਉਦੋਂ ਇਨ੍ਹਾਂ ਦੇਸ਼ਾਂ ਦੀ ਹਵਾ ਇੰਨੀ ਪ੍ਰਦੂਸ਼ਿਤ ਹੋ ਚੁਕੀ ਹੋਈ ਸੀ ਕਿ ਹਰ ਸਾਲ ਸੈਂਕੜੇ ਲੋਕ ਹਵਾ ਦੇ ਸਭ ਤੋਂ ਭਿਆਨਕ ਪ੍ਰਦੂਸ਼ਣ 'ਧੂੰਆਂਖੀ-ਧੁੰਦ' ਦੀ ਲਪੇਟ ਵਿਚ ਆ ਕੇ ਆਪਣੀ ਜਾਨ ਤੋਂ ਹੱਥ ਧੋ ਬੈਠਦੇ ਸਨ। ਭਾਵੇਂ ਧੂੰਆਂਖੀ-ਧੁੰਦ ਦੇ ਪ੍ਰਦੂਸ਼ਣ ਦੀ ਮਾਰ ਫਰਾਂਸ, ਜਰਮਨੀ, ਬੈਲਜ਼ੀਅਮ ਅਤੇ ਇੰਗਲੈਂਡ ਜਿਹੇ ਯੂਰਪੀ ਦੇਸ਼ਾਂ ਦੇ ਨਾਲ ਨਾਲ ਅਮਰੀਕਾ ਦੇ ਨਿਊ ਯਾਰਕ, ਲਾਸ ਏਂਜਲਸ ਅਤੇ ਫਿਲਾਡੈਲਫੀਆ ਜਿਹੇ ਸ਼ਹਿਰਾਂ ਨੇ ਵੀ ਹੰਢਾਈ ਸੀ, ਪਰ ਇਸ ਪ੍ਰਦੂਸ਼ਣ ਦੀ ਸਭ ਤੋਂ ਵੱਧ ਮਾਰ ਇੰਗਲੈਂਡ ਉਤੇ ਪਈ ਸੀ। 1952 ਵਿਚ ਇਸ ਪ੍ਰਦੂਸ਼ਣ ਕਾਰਨ ਸਿਰਫ ਦੋ ਤੋਂ ਢਾਈ ਮਹੀਨਿਆਂ 'ਚ ਇੱਥੋਂ ਦੇ ਲਗਭਗ 12,000 ਲੋਕ ਆਪਣੀ ਜਾਨ ਤੋਂ ਹੱਥ ਧੋ ਬੈਠੇ ਸਨ।

ਉਦਯੋਗਿਕ ਵਿਕਾਸ ਨੇ ਉਦੋਂ ਇਨ੍ਹਾਂ ਦੇਸ਼ਾਂ ਦੀ ਇਕੱਲੀ ਹਵਾ ਹੀ ਪ੍ਰਦੂਸ਼ਿਤ ਨਹੀਂ ਕੀਤੀ ਸੀ, ਸਗੋਂ ਇੱਥੋਂ ਦੇ ਮੀਂਹ ਦੇ ਪਾਣੀ ਦਾ ਮਾਦਾ ਵੀ ਤੇਜ਼ਾਬੀ ਕਰ ਦਿੱਤਾ ਸੀ। ਉਦਯੋਗਾਂ ਵਿਚ ਵਰਤੇ ਜਾਂਦੇ ਬਾਲਣ ਤੋਂ ਪੈਦਾ ਹੋਈਆਂ ਸਲਫਰਡਾਇਆਕਸਾਈਡ ਅਤੇ ਨਾਈਰੋਜਨਆਕਸਾਈਡ ਗੈਸਾਂ ਨੇ ਵਾਯੂਮੰਡਲ ਵਿਚ ਜਾ ਕੇ ਹਵਾ ਵਿਚਲੇ ਪਾਣੀ ਦੇ ਕਣਾਂ ਵਿਚ ਮਿਲ ਕੇ ਮੀਂਹ ਦੇ ਪਾਣੀ ਨੂੰ ਤੇਜ਼ਾਬੀ ਕਰ ਦਿੱਤਾ ਸੀ ਅਤੇ ਇਸ ਤੇਜ਼ਾਬੀ ਮਾਦੇ ਵਾਲੇ ਮੀਂਹ ਨੇ ਇਨ੍ਹਾਂ ਦੇਸ਼ਾਂ ਦੇ ਜੰਗਲਾਂ ਸਮੇਤ ਹਰ ਤਰ੍ਹਾਂ ਦੀ ਬਨਸਪਤੀ ਨੂੰ ਭਾਰੀ ਨੁਕਸਾਨ ਪਹੁੰਚਾਇਆ ਅਤੇ ਇਸ ਤੇਜ਼ਾਬੀ ਮੀਂਹ ਨੇ ਝੀਲਾਂ ਦੇ ਪਾਣੀ ਨੂੰ ਪ੍ਰਦੂਸ਼ਿਤ ਕਰਕੇ ਝੀਲਾਂ ਤੋਂ ਨਿਰਜੀਵ ਕਰ ਦਿੱਤਾ ਸੀ। ਉਦਯੋਗਾਂ ਤੋਂ ਦਰਿਆਵਾਂ ਵਿਚ ਨਿਕਾਸ ਕੀਤੇ ਗੰਦੇ ਪਾਣੀ ਨੇ ਦਰਿਆਵਾਂ ਦਾ ਪਾਣੀ ਵੀ ਪ੍ਰਦੂਸ਼ਿਤ ਕਰ ਦਿੱਤਾ ਸੀ। ਇਨ੍ਹਾਂ ਦੇਸ਼ਾਂ ਦੀ ਹਵਾ ਅਤੇ ਪਾਣੀ ਦੇ ਸਰੋਤ ਇੰਨੇ ਪ੍ਰਦੂਸ਼ਿਤ ਹੋ ਗਏ ਸਨ ਕਿ ਇਨ੍ਹਾਂ ਦੇਸ਼ਾਂ ਲਈ ਇਕ ਤਰ੍ਹਾਂ ਵਾਤਾਵਰਣ ਸੰਕਟ ਖੜ੍ਹਾ ਹੋ ਗਿਆ ਸੀ। ਇਸ ਲਈ ਇਸ ਸਮੱਸਿਆ ਤੋਂ ਨਿਜਾਤ ਪਾਉਣ ਲਈ ਇਨ੍ਹਾਂ ਦੇਸ਼ਾਂ ਨੇ ਕੌਮਾਂਤਰੀ ਪੱਧਰ ਉਤੇ ਇਕ ਕਾਨਫਰੰਸ 1972 ਆਯੋਜਿਤ ਕੀਤੀ ਸੀ, ਜਿਸ ਵਿਚ 119 ਦੇਸ਼ਾਂ ਨੇ ਹਿੱਸਾ ਲਿਆ ਸੀ।

ਇਸ ਕਾਨਫਰੰਸ ਵਿਚ ਵਾਤਾਵਰਣ ਨਾਲ ਸੰਬਧਿਤ 26 ਨੁਕਤਿਆਂ ਉਤੇ ਸਾਰੇ ਦੇਸ਼ਾਂ ਨੇ ਰਜ਼ਾਮੰਦੀ ਜਾਹਰ ਕੀਤੀ ਸੀ। ਦੇਸ਼ ਦੇ ਆਰਥਕ ਵਿਕਾਸ ਨਾਲ ਹਰ ਇੱਕ ਮਨੁੱਖ ਲਈ ਸਾਫ-ਸੁਥਰਾ ਵਾਤਾਵਰਣ ਮੁਹੱਈਆ ਕਰਵਾਉਣ ਉਤੇ ਖਾਸ ਤੌਰ ਉਤੇ ਜ਼ੋਰ ਦਿੱਤਾ ਗਿਆ ਸੀ ਅਤੇ ਇਹ ਵੀ ਕਿਹਾ ਸੀ ਕਿ ਹਰ ਇਕ ਨਾਗਰਿਕ ਦੀ ਆਪਣੇ ਤੌਰ 'ਤੇ ਵਾਤਾਵਰਣ ਨੂੰ ਸਾਫ-ਸੁਥਰਾ ਰੱਖਣ ਦੀ ਜ਼ਿੰਮੇਵਾਰੀ ਬਣਦੀ ਹੈ। ਹਰ ਤਰ੍ਹਾਂ ਦੇ ਕੁਦਰਤੀ ਸਰੋਤਾਂ ਭਾਵ ਨਵਿਆਉਣਯੋਗ ਅਤੇ ਗੈਰ-ਨਵਿਆਉਣਯੋਗ ਸਰੋਤਾਂ ਦੀ ਵਰਤੋਂ ਇਸ ਤਰ੍ਹਾਂ ਕੀਤੀ ਜਾਵੇ ਤਾਂ ਕਿ ਵਰਤਮਾਨ ਜਨਸੰਖਿਆ ਦੀਆਂ ਲੋੜਾਂ ਨੂੰ ਪੂਰਾ ਕਰਦਿਆਂ ਭਵਿੱਖ ਵਾਲੀ ਜਨਸੰਖਿਆ ਦੀਆਂ ਲੋੜਾਂ ਵੀ ਸੁਖਾਲਿਆਂ ਹੀ ਪੂਰੀਆਂ ਹੋ ਜਾਣ। ਹਵਾ, ਪਾਣੀ, ਧਰਤੀ ਅਤੇ ਜੀਵ-ਜੰਤੂਆਂ ਦੀ ਉਚਿਤ ਤਰੀਕੇ ਨਾਲ ਸਾਂਭ-ਸੰਭਾਲ ਕੀਤੀ ਜਾਵੇ ਤੇ ਨਾਲ ਹੀ ਸਾਂਭ-ਸੰਭਾਲ ਲਈ ਕਮੇਟੀਆਂ ਬਣਾਉਣ ਦਾ ਸੁਝਾਅ ਵੀ ਦਿੱਤਾ ਸੀ। ਸਮੁੰਦਰਾਂ ਅਤੇ ਹਰ ਤਰ੍ਹਾਂ ਦੇ ਜਲ-ਸਰੋਤਾਂ ਦੀ ਉਚਿਤ ਸਾਂਭ-ਸੰਭਾਲ ਹੋਵੇ, ਉਨ੍ਹਾਂ ਨੂੰ ਕੂੜੇਦਾਨਾਂ ਵਜੋਂ ਨਾ ਵਰਤਿਆ ਜਾਵੇ। ਹਰ ਤਰ੍ਹਾਂ ਦੇ ਈਕੋਸਿਸਟਮਜ਼ ਦੀ ਵੀ ਉਚੇਚੇ ਤੌਰ 'ਤੇ ਸਾਂਭ-ਸੰਭਾਲ ਹੋਵੇ। ਸਮੁੰਦਰੀ ਜੀਵਾਂ ਦੀ ਸੁਰੱਖਿਆ ਦਾ ਧਿਆਨ ਰੱਖਿਆ ਜਾਵੇ। ਵਿਗਿਆਨ ਅਤੇ ਤਕਨੀਕੀ ਗਿਆਨ ਨੂੰ ਵਾਤਾਵਰਣ ਦੀ ਸੁਰੱਖਿਆ ਲਈ ਵਰਤਣ ਅਤੇ ਵਿਕਸਿਤ ਦੇਸ਼ਾਂ ਨੂੰ ਵਿਕਸਿਤ ਹੋ ਰਹੇ ਦੇਸ਼ਾਂ ਦੀ ਸਮੇਂ ਸਮੇਂ ਸਿਰ ਲੋੜ ਅਨੁਸਾਰ ਮਦਦ ਕਰਨ ਲਈ ਵੀ ਕਿਹਾ ਸੀ। ਇਸ ਕਾਨਫਰੰਸ ਵਿਚ ਵਾਤਾਵਰਣ ਦੀ ਸਾਂਭ-ਸੰਭਾਲ ਨਾਲ ਸਬੰਧਿਤ ਹਰ ਨੁਕਤੇ ਉਤੇ ਚਰਚਾ ਵੀ ਹੋਈ ਅਤੇ ਉਸ ਦੀ ਸਾਂਭ-ਸੰਭਾਲ ਲਈ ਉਚਿਤ ਸੁਝਾਅ ਵੀ ਦਿੱਤੇ ਗਏ ਸਨ।



ਇਸ ਕਾਨਫਰੰਸ ਨੂੰ ਹੋਇਆਂ ਕਰੀਬ ਪੰਜ ਦਹਾਕੇ ਹੋ ਗਏ ਹਨ ਅਤੇ ਅਸੀਂ ਇਨ੍ਹਾਂ ਸਾਰੇ ਸਾਲਾਂ ਵਿਚ ਹਰ ਸਾਲ ਅਖੌਤੀ ਤੌਰ 'ਤੇ ਵਾਤਾਵਰਣ ਦਿਵਸ ਮਨਾਉਂਦੇ ਵੀ ਰਹੇ ਹਾਂ, ਪਰ ਇਸ ਕਾਨਫਰੰਸ ਵਿਚ ਵਿਚਾਰੇ ਗਏ ਕਿਸੇ ਵੀ ਨੁਕਤੇ ਉਤੇ ਸੰਜੀਦਗੀ ਨਾਲ ਹਾਲੇ ਤੱਕ ਅਮਲ ਨਹੀਂ ਹੋਇਆ ਹੈ, ਜਿਸ ਦਾ ਪ੍ਰਤੱਖ ਪ੍ਰਮਾਣ ਧਰਤੀ ਉਤੇ ਹਰ ਸਾਲ ਵਧਦਾ ਹੋਇਆ ਤਾਪਮਾਨ ਅਤੇ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਵਿਚ ਵਾਧਾ ਹੈ। 2014 ਵਿਚ ਆਈ. ਪੀ. ਸੀ. ਸੀ. ਦੀ ਇਕ ਰਿਪੋਰਟ ਨੇ ਇਹ ਸਾਫ ਤੌਰ 'ਤੇ ਖੁਲਾਸਾ ਕੀਤਾ ਸੀ ਕਿ ਜੇ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਮੌਜੂਦਾ ਦਰ ਨਾਲ ਜਾਰੀ ਰਹੀ ਤਾਂ ਇਸ ਸਦੀ ਦੇ ਅੰਤ ਤੱਕ ਤਾਪਮਾਨ 4 ਤੋਂ 5 ਡਿਗਰੀ ਸੈਲਸੀਅਸ ਵਧ ਸਕਦਾ ਹੈ।

ਇਸ ਸਾਲ ਦੁਨੀਆਂ ਦੇ ਸਾਰੇ ਦੇਸ਼ਾਂ ਦਾ ਮੌਸਮ ਗੜਬੜਾ ਜਾਵੇਗਾ। ਅੱਤ ਦੀ ਗਰਮੀ ਅਤੇ ਸਰਦੀ ਦੇ ਦਿਨਾਂ ਵਿਚ ਵਾਧਾ ਹੋਣ ਦੇ ਨਾਲ ਹਨੇਰੀਆਂ, ਝੱਖੜਾਂ, ਸਮੁੰਦਰੀ ਤੂਫਾਨਾਂ, ਸੋਕੇ, ਹੜ੍ਹਾਂ ਆਦਿ ਜਿਹੀਆਂ ਕੁਦਰਤੀ ਆਫਤਾਂ ਦੀ ਆਮਦ ਅਤੇ ਉਨ੍ਹਾਂ ਦੀ ਮਾਰ ਦੀ ਗਹਿਰਾਈ ਵਿਚ ਤੇਜ਼ੀ ਨਾਲ ਵਾਧਾ ਹੋ ਜਾਵੇਗਾ। ਮੌਸਮ ਵਿਚ ਅਨਕਿਆਸੀਆਂ ਤਬਦੀਲੀਆਂ ਆਉਣ ਨਾਲ ਅਨਾਜ ਦੇ ਉਤਪਾਦਨ ਅਤੇ ਪੀਣ ਵਾਲੇ ਪਾਣੀ ਵਿਚ ਵੀ ਕਮੀ ਹੋ ਜਾਵੇਗੀ, ਜਿਸ ਨਾਲ ਕੁਝ ਦੇਸ਼ਾਂ ਵਿਚਾਲੇ ਤਾਂ ਲੜਾਈ ਵੀ ਹੋ ਸਕਦੀ ਹੈ। ਤਾਪਮਾਨ ਦੇ ਵਾਧੇ ਨਾਲ ਬਰਫ ਤੇਜ਼ੀ ਨਾਲ ਪਿਘਲੇਗੀ ਅਤੇ ਸਮੁੰਦਰ ਦਾ ਜਲ ਪੱਧਰ ਉਚਾ ਹੋ ਜਾਵੇਗਾ, ਜਿਸ ਨਾਲ ਕਾਫੀ ਸਾਰੇ ਟਾਪੂ ਸਮੁੰਦਰਾਂ ਵਿਚ ਸਮਾਂ ਜਾਣਗੇ ਅਤੇ ਜੋ ਦੇਸ਼ ਸਮੁੰਦਰਾਂ ਦੇ ਆਲੇ-ਦੁਆਲੇ ਵੱਸੇ ਹਨ, ਉਨ੍ਹਾਂ ਦੇ ਨੀਵੇਂ ਹਿੱਸਿਆਂ ਨੂੰ ਸਮੁੰਦਰ ਆਪਣੀ ਲਪੇਟ ਵਿਚ ਲੈ ਲਵੇਗਾ। ਇਸ ਰਿਪੋਰਟ ਵਿਚ ਇਹ ਵੀ ਖੁਲਾਸਾ ਕੀਤਾ ਗਿਆ ਸੀ ਕਿ ਤਾਪਮਾਨ ਦੇ ਵਾਧੇ ਨਾਲ ਚੀਨ ਅਤੇ ਭਾਰਤ ਉਤੇ ਮੌਸਮੀ ਤਬਦੀਲੀਆਂ ਦਾ ਵੱਧ ਮਾੜਾ ਅਸਰ ਪਵੇਗਾ।

ਆਈ. ਪੀ. ਸੀ. ਸੀ. ਦੀ ਇਸ ਰਿਪੋਰਟ ਦੇ ਚਿੰਤਾਜਨਕ ਖਦਸ਼ਿਆਂ ਨੂੰ ਭਾਂਪਦਿਆਂ ਭਾਵੇ ਇਕਦਮ ਦੁਨੀਆਂ ਦੇ ਸਾਰੇ ਦੇਸ਼ ਹਰਕਤ ਵਿਚ ਆਏ ਅਤੇ ਉਨ੍ਹਾਂ ਨੇ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਵਿਚ ਕਟੌਤੀ ਕਰਨ ਲਈ 2015 ਵਿਚ ਪੈਰਿਸ ਵਿਚ ਕਾਨਫਰੰਸ ਆਯੋਜਿਤ ਕੀਤੀ ਤਾਂ ਕਿ ਤਾਪਮਾਨ ਦੇ ਵਾਧੇ ਨਾਲ ਆਉਣ ਵਾਲੀਆਂ ਮੌਸਮੀ ਤਬਦੀਲੀਆਂ ਦੀ ਮਾਰ ਤੋਂ ਬਚਿਆ ਜਾ ਸਕੇ। ਪੈਰਿਸ ਕਾਨਫਰੰਸ ਵਿਚ ਦੁਨੀਆਂ ਦੇ ਸਭ ਦੇਸ਼ਾਂ ਨੇ ਆਪਣੇ ਆਪਣੇ ਦੇਸ਼ ਵਿਚ ਮੌਜੂਦਾ ਕਾਰਬਨ ਨਿਕਾਸੀ ਵਿਚ ਕਟੌਤੀ ਕਰਨ ਲਈ ਵਿਉਂਤਬੰਦੀ ਕਰਨ ਲਈ ਹਾਮੀ ਵੀ ਭਰੀ ਸੀ, ਜਿਸ ਤੋਂ ਲੱਗਦਾ ਸੀ ਕਿ ਹੁਣ ਵਿਕਸਿਤ ਦੇਸ਼ ਵਧਦੇ ਤਾਪਮਾਨ ਨੂੰ ਕਾਬੂ ਕਰਨ ਲਈ ਛੇਤੀ ਤੋਂ ਛੇਤੀ ਉਪਰਾਲੇ ਕਰਨਗੇ, ਪਰ ਅਫਸੋਸ ਕਿ ਇਸ ਕਾਨਫਰੰਸ ਤੋਂ ਲਗਭਗ ਪੰਜ ਸਾਲ ਪਿਛੋਂ ਵੀ ਪੈਰਿਸ ਮੌਸਮੀ ਸੰਧੀ ਦੇ ਵਾਅਦਿਆਂ ਨੂੰ ਪੂਰਾ ਕਰਨ ਵੱਲ ਦੁਨੀਆਂ ਦੇ ਕਿਸੇ ਦੇਸ਼ ਨੇ ਕੋਈ ਉਪਰਾਲਾ ਸ਼ੁਰੂ ਨਹੀਂ ਕੀਤਾ ਹੈ।

ਸਤੰਬਰ 2019 ਵਿਚ ਰਿਲੀਜ਼ ਹੋਈ 'ਯੂਨਾਈਟਡ ਇਨ ਸਾਇੰਸ' ਨਾਂ ਦੀ ਇਕ ਰਿਪੋਰਟ ਅਨੁਸਾਰ ਧਰਤੀ ਦਾ ਤਾਪਮਾਨ ਪਿਛਲੇ ਪੰਜ ਸਾਲਾਂ (2015-2019) ਦੌਰਾਨ ਉਦਯੋਗੀਕਰਨ ਦੇ ਸਮੇਂ ਦੇ ਔਸਤ ਤਾਪਮਾਨ ਤੋਂ 1.1 ਡਿਗਰੀ ਸੈਲਸੀਅਸ ਵਧ ਗਿਆ ਹੈ, ਜੋ ਬਹੁਤ ਹੀ ਫਿਕਰ ਵਾਲੀ ਗੱਲ ਹੈ ਅਤੇ ਪਿਛਲੇ ਪੰਜ ਸਾਲ ਹੁਣ ਤੱਕ ਦੇ ਰਿਕਾਰਡ ਅਨੁਸਾਰ ਸਭ ਤੋਂ ਗਰਮ ਸਾਲ ਰਹੇ ਹਨ। 2010 ਤੋਂ 2019 ਤੱਕ ਦਾ ਦਹਾਕਾ ਹੁਣ ਤੱਕ ਦਾ ਸਭ ਤੋਂ ਗਰਮ ਦਹਾਕਾ ਰਿਹਾ ਹੈ, ਜਿਸ ਤੋਂ ਸਾਫ ਪਤਾ ਲੱਗਦਾ ਹੈ ਕਿ ਕਾਰਬਨ ਨਿਕਾਸੀ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ। ਗਲੋਬਲ ਕਾਰਬਨ ਪ੍ਰਾਜੈਕਟ ਦੀ ਇਕ ਰਿਪੋਰਟ ਅਨੁਸਾਰ 2017 ਅਤੇ 2018 ਵਿਚ ਅਮਰੀਕਾ ਅਤੇ ਚੀਨ ਵਰਗੇ ਦੇਸ਼ਾਂ ਵਿਚ ਕਾਰਬਨ ਨਿਕਾਸੀ ਵਿਚ ਵਾਧਾ ਰਿਕਾਰਡ ਕੀਤਾ ਗਿਆ ਹੈ। ਅਮਰੀਕਾ ਵਿਚ 2017 ਨਾਲੋਂ 2018 ਵਿਚ 2.8 ਫੀਸਦੀ ਅਤੇ ਚੀਨ ਵਿਚ 2.5 ਫੀਸਦੀ ਵਾਧਾ ਆਂਕਿਆ ਗਿਆ ਹੈ।

ਇਸ ਰਿਪੋਰਟ ਅਨੁਸਾਰ ਇਕੱਲੇ ਚੀਨ ਨੇ 2018 ਵਿਚ ਵਾਤਾਵਰਣ ਵਿਚ 10,065 ਮੀਟਰਿਕ ਟਨ ਕਾਰਬਨ ਦੀ ਨਿਕਾਸੀ ਕੀਤੀ, ਜੋ ਦੁਨੀਆਂ ਦੇ ਸਾਰੇ ਦੇਸ਼ਾਂ ਤੋਂ ਵੱਧ ਹੈ ਅਤੇ ਚੀਨ ਅੱਜ ਕੱਲ੍ਹ ਵਾਤਾਵਰਣ ਵਿਚ ਕੁੱਲ ਕਾਰਬਨ ਨਿਕਾਸੀ ਦਾ 28 ਫੀਸਦੀ ਹਿੱਸਾ ਛੱਡ ਰਿਹਾ ਹੈ। ਜੇ ਭਾਰਤ ਬਾਰੇ ਗੱਲ ਕਰੀਏ ਤਾਂ ਅਸੀਂ ਵੀ ਪੈਰਿਸ ਸੰਧੀ ਵਿਚ ਤੇਜੀ ਨਾਲ ਕਾਰਬਨ ਨਿਕਾਸੀ ਦੀ ਕਟੌਤੀ ਦੀ ਵਿਉਂਤਬੰਦੀ ਨੂੰ ਪੂਰਾ ਕਰਨ ਦੀ ਥਾਂ 2015-2019 ਦੇ ਸਮੇਂ ਵਿਚਾਲੇ ਬਿਜਲੀ ਪੈਦਾ ਕਰਨ ਲਈ ਨਵਿਆਉਣਯੋਗ ਕੁਦਰਤੀ ਸਰੋਤਾਂ (ਹਵਾ, ਪਾਣੀ ਅਤੇ ਸੂਰਜੀ ਊਰਜਾ) ਤੋਂ ਬਿਜਲੀ ਪੈਦਾ ਕਰਨ ਦੀ ਥਾਂ ਕੋਇਲੇ ਨਾਲ ਚੱਲਣ ਵਾਲੇ ਪਲਾਂਟ ਲਾਏ ਹਨ।

ਅਮਰੀਕਾ, ਜਿਸ ਨੇ ਪਿਛਲੇ ਸਮੇਂ ਵਿਚ ਵਾਤਾਵਰਣ ਵਿਚ ਬਾਕੀ ਸਾਰੇ ਦੇਸ਼ਾਂ ਨਾਲੋਂ ਵੱਧ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਕੀਤੀ ਹੈ ਅਤੇ ਹੁਣ ਵੀ ਇਸ ਸੰਦਰਭ ਵਿਚ ਦੂਜੇ ਨੰਬਰ 'ਤੇ ਹੈ, ਨੇ ਤਾਂ 2017 ਵਿਚ ਪੈਰਿਸ ਮੌਸਮੀ ਸੰਧੀ ਤੋਂ ਬਾਹਰ ਆਉਣ ਦਾ ਐਲਾਨ ਕਰ ਦਿੱਤਾ ਸੀ ਅਤੇ ਇਸ ਨੇ ਪਿਛਲੇ ਤਿੰਨ ਸਾਲਾਂ ਵਿਚ ਵਾਤਾਵਰਣ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ ਲਾਈਆਂ ਗਈਆਂ ਲਗਭਗ 85 ਪਾਬੰਦੀਆਂ ਹਟਾ ਲਈਆਂ ਹਨ। ਅਮਰੀਕਾ ਅਤੇ ਚੀਨ ਦੋਵੇਂ ਦੇਸ਼ ਅੱਜ ਕੱਲ੍ਹ ਵਾਤਾਵਰਣ ਵਿਚ ਕੁੱਲ ਗਰਨਿ ਹਾਊਸ ਗੈਸਾਂ ਦੀ ਨਿਕਾਸੀ ਦਾ 44 ਫੀਸਦੀ ਛੱਡ ਰਹੇ ਹਨ।

ਬ੍ਰਾਜ਼ੀਲ ਅਤੇ ਇੰਡੋਨੇਸ਼ੀਆ ਜਿਹੇ ਦੇਸ਼ਾਂ ਨੇ ਸਾਲ 2018 ਵਿਚ 12 ਮਿਲੀਅਨ ਰਕਬੇ ਤੋਂ ਦਰਖਤ ਕੱਟੇ ਸਨ, ਜੋ ਦੁਨੀਆਂ ਦੇ ਕੁੱਲ ਦਰਖਤਾਂ ਦੀ ਕਟਾਈ ਦਾ 71 ਫੀਸਦੀ ਸਨ। ਬ੍ਰਾਜ਼ੀਲ ਨੇ 2019 ਵਿਚ ਵੀ ਵਪਾਰਕ ਖੇਤੀ ਲਈ ਅੱਗ ਰਾਹੀਂ ਭਾਰੀ ਮਾਤਰਾ ਵਿਚ ਜੰਗਲਾਂ ਦਾ ਸਫਾਇਆ ਕੀਤਾ ਹੈ। ਇਸ ਤਰ੍ਹਾਂ ਦੀਆਂ ਕਾਰਗੁਜ਼ਾਰੀਆਂ ਨਾਲ ਧਰਤੀ ਉਤਲਾ ਵਾਤਾਵਰਣ ਤਾਪਮਾਨ ਦੇ ਵਾਧੇ ਨਾਲ ਦਿਨੋ-ਦਿਨ ਵੱਧ ਅਤੋਂ ਵੱਧ ਕੁਦਰਤੀ ਆਫਤਾਂ ਦੇ ਸਨਮੁਖ ਹੋ ਰਿਹਾ ਹੈ। ਆਏ ਦਿਨ ਦੁਨੀਆਂ ਦਾ ਕੋਈ ਨਾ ਕੋਈ ਦੇਸ਼ ਗਰਮ ਜਾਂ ਠੰਡੀਆਂ ਹਵਾਵਾਂ ਦੀ ਤ੍ਰਾਸਦੀ, ਭਾਰੀ ਮੀਂਹ ਜਾਂ ਬਰਫ ਦਾ ਪੈਣਾ, ਸਮੁੰਦਰੀ ਤੂਫਾਨਾਂ ਦੀ ਮਾਰ, ਹੜ੍ਹਾਂ ਜਾਂ ਸੋਕੇ ਜਿਹੀਆਂ ਕੁਦਰਤੀ ਆਫਤਾਂ ਦੀ ਮਾਰ ਝੱਲ ਰਿਹਾ ਹੁੰਦਾ ਹੈ। ਤਾਪਮਾਨ ਦੇ ਵਾਧੇ ਨਾਲ ਇਕੱਲੀਆਂ ਕੁਦਰਤੀ ਆਫਤਾਂ ਦੀ ਮਾਰ ਵਿਚ ਹੀ ਵਾਧਾ ਨਹੀਂ ਹੋਇਆ ਹੈ, ਸਗੋਂ ਨਾ-ਮੁਰਾਦ ਬਿਮਾਰੀਆਂ ਨੂੰ ਵੀ ਜਨਮ ਦੇ ਸਕਦਾ ਹੈ।

ਨੇਚਰ ਰਿਸਰਚ ਜਨਰਲ ਵਿਚ 2019 ਨਵੰਬਰ ਵਿਚ ਪ੍ਰਕਾਸ਼ਿਤ ਇਕ ਖੋਜ ਅਨੁਸਾਰ ਆਰਕਟਿਕ ਧਰੁਵ ਉਤਲੀ ਬਰਫ ਪਿਘਲਣ ਨਾਲ ਆਰਕਟਿਕ ਅਤੇ ਉਪ-ਆਰਕਟਿਕ ਜਲ-ਰਹਿਤ ਥਣਧਾਰੀ ਜੀਵਾਂ ਵਿਚਾਲੇ ਸੰਪਰਕ ਵਧ ਰਿਹਾ ਹੈ, ਜਿਸ ਦੇ ਨਤੀਜੇ ਵਜੋਂ ਫੌਸਾਈਨ ਡਿਸਟੈਂਪਰ ਨਾਂ ਦੇ ਵਾਇਰਸ ਵੀ ਕ੍ਰਿਆਸ਼ੀਲ ਹੋ ਸਕਦੇ ਹਨ। ਇਸ ਤੋਂ ਇਲਾਵਾ ਆਰਕਟਿਕ ਨੂੰ ਬਹੁਤ ਸਾਰੇ ਜਾਨਲੇਵਾ ਬੈਕਟੀਰੀਆਂ ਵਾਇਰਸਾਂ ਅਤੇ ਜਰਾਸੀਮਾਂ ਦਾ ਪੰਡੋਰਾ ਬਾਕਸ ਵੀ ਮੰਨਿਆ ਜਾਂਦਾ ਹੈ। ਪ੍ਰੋਫੈਸਰ ਜੀਨ ਮਿਸ਼ੇਲ ਕਲਾਵੇਰੀ ਦੀ ਇਕ ਖੋਜ ਅਨੁਸਾਰ ਆਰਕਟਿਕ ਧਰੁਵ ਤੋਂ ਬਰਫ ਪਿਘਲਣ ਨਾਲ ਕਈ ਤਰ੍ਹਾਂ ਦੇ ਜਾਨਲੇਵਾ ਵਾਇਰਸ ਬਾਹਰ ਆ ਸਕਦੇ ਹਨ।

ਵਾਤਾਵਰਣ ਸਬੰਧੀ 1972 ਦੀ ਕਾਨਫਰੰਸ ਤੋਂ ਬਾਅਦ ਕੌਮਾਂਤਰੀ ਪੱਧਰ ਉਤੇ ਹੋਰ ਵੀ ਕਾਨਫਰੰਸਾਂ ਹੋਈਆਂ ਹਨ, ਜਿਨ੍ਹਾਂ ਵਿਚ ਧਰਤੀ ਉਤੇ ਵਾਤਾਵਰਣ ਨੂੰ ਬਚਾਉਣ ਲਈ ਕਈ ਤਰ੍ਹਾਂ ਦੀਆਂ ਯੋਜਨਾਵਾਂ ਵੀ ਉਲੀਕੀਆਂ ਜਾਂਦੀਆਂ ਰਹੀਆਂ ਹਨ, ਜਿਨ੍ਹਾਂ ਵਿਚੋਂ ਪ੍ਰਮੁੱਖ ਰੀਓ. ਡੀ. ਜਨੇਰੀਓ ਵਿਚ ਹੋਈ ਅਰਥ ਸਮਿਟ, 1997 ਜਾਪਾਨ ਵਿਚ ਹੋਇਆ ਕਿਓਟੋ ਪ੍ਰੋਟੋਕੋਲ ਅਤੇ 2015 ਵਿਚ ਫਰਾਂਸ ਵਿਚ ਹੋਈ ਪੈਰਿਸ ਮੌਸਮੀ ਸੰਧੀ ਹਨ। ਇਨ੍ਹਾਂ ਸਾਰੀਆਂ ਕਾਨਫਰੰਸਾਂ ਵਿਚ ਗਰਨਿ ਹਾਊਸ ਗੈਸਾਂ ਦੀ ਕਟੌਤੀ ਲਈ ਯੋਜਨਾਵਾਂ ਉਲੀਕੀਆਂ ਤਾਂ ਗਈਆਂ ਹਨ, ਪਰ ਹੁਣ ਤੱਕ ਦੁਨੀਆਂ ਦੇ ਕਿਸੇ ਵੀ ਦੇਸ਼ ਨੇ ਉਸ ਨੂੰ ਅਮਲ ਵਿਚ ਨਹੀਂ ਲਿਆਂਦਾ ਹੈ।

ਵਾਤਾਵਰਣ ਦਿਵਸ ਮਨਾਉਣ ਦਾ ਸਹੀ ਤਰੀਕਾ ਤਾਂ ਇਹ ਹੈ ਕਿ ਅਸੀਂ ਗਰਨਿ ਹਾਊਸ ਗੈਸਾਂ ਦੀ ਨਿਕਾਸੀ ਵਿਚ ਕਟੌਤੀ ਕਰਨ ਲਈ ਸਥਾਨਕ ਪੱਧਰ ਤੋਂ ਲੈ ਕੇ ਕੌਮਾਂਤਰੀ ਪੱਧਰ ਤੱਕ ਉਪਰਾਲੇ ਕਰੀਏ, ਜਿਸ ਤਰ੍ਹਾਂ ਹੁਣ ਸਾਰੀ ਦੁਨੀਆਂ ਦੇ ਦੇਸ਼ਾਂ ਨੇ ਕਰੋਨਾ ਵਾਇਰਸ ਦੀ ਮਹਾਂਮਾਰੀ ਤੋਂ ਬਚਣ ਲਈ ਕੀਤਾ ਹੈ, ਜਿਸ ਨਾਲ ਕਾਰਬਨ ਨਿਕਾਸੀ ਵਿਚ ਲੌਕਡਾਊਨ ਦੇ ਸਮੇਂ ਵਿਚ 17 ਫੀਸਦੀ ਕਮੀ ਆ ਗਈ ਹੈ। ਇਸ ਦੇ ਨਾਲ ਨਾਲ ਹਰ ਸਾਲ ਵਾਤਾਵਰਣ ਦਿਵਸ ਉਤੇ ਵਾਤਾਵਰਣ ਸਾਂਭ-ਸੰਭਾਲ ਲਈ ਕੀਤੇ ਗਏ ਉਪਰਾਲਿਆ ਦਾ ਸਥਾਨਕ ਤੋਂ ਕੌਮਾਂਤਰੀ ਪੱਧਰ ਤੱਕ ਜ਼ਾਇਜਾ ਲਈਏ। ਆਰਥਕ ਵਿਕਾਸ ਦਾ ਸਾਡਾ ਮਾਡਲ ਵੀ ਕੁਦਰਤ-ਪੱਖੀ ਹੋਣਾ ਚਾਹੀਦਾ ਹੈ ਤਾਂਕਿ ਆਰਥਕ ਵਿਕਾਸ ਦੇ ਨਾਂ ਉਤੇ ਲੋਕਾਂ ਦਾ ਵਿਕਾਸ ਹੋਵੇ, ਨਾ ਕਿ ਕੁਦਰਤੀ ਸਰੋਤਾਂ ਅਤੇ ਮਨੁੱਖਤਾ ਦਾ ਨੁਕਸਾਨ ਹੋਵੇ।

# ਵਪਾਰੀ

ਵਿਜੈ ਗਰਗ, ਮਲੋਟ

"ਹੁਣ ਤੁਸੀਂ ਦੁਕਾਨਦਾਰਾਂ ਤੋਂ ਹਰ ਪੈਕੇਟ 'ਤੇ ਚਾਰ ਰੁਪਏ ਵਧਾ ਕੇ ਲਿਆ ਕਰੋ।"

ਮੈਂ ਅਤੇ ਮੇਰੀ ਪਤਨੀ ਦੋਵੇਂ ਪਾਪੜ ਬਣਾਉਂਦੇ ਹਾਂ ਅਤੇ ਇਸ ਨੂੰ ਬਹੁਤ ਛੋਟੇ ਪੱਧਰ 'ਤੇ ਵੇਚਦੇ ਹਾਂ। ਕਾਰੋਬਾਰ ਬਹੁਤ ਪੁਰਾਣਾ ਨਹੀਂ ਹੈ, ਪਰ ਕੁਝ ਗਲੀਆਂ ਵਿਚ ਵਿਕਰੀ ਵਧੀ ਹੈ। ਅਸੀਂ ਦੁਕਾਨਦਾਰ ਨੂੰ ਚਾਲੀ ਰੁਪਏ ਦਾ ਪੈਕੇਟ ਦਿੰਦੇ ਹਾਂ, ਉਹ ਇਸ ਨੂੰ ਪੰਜਾਹ ਵਿਚ ਵੇਚਦੇ ਹਨ। ਆਸ-ਪਾਸ ਦੇ ਪੇਂਡੂ ਖੇਤਰਾਂ ਤੋਂ ਰਾਜੂ ਵਪਾਰੀ ਨੂੰ ਆਰਡਰ ਬਹੁਤ ਆਉਂਦੇ ਹਨ। ਉਸ ਨੇ ਇਸ ਮਹੀਨੇ 200 ਪੈਕੇਟ ਮੰਗੇ ਹਨ। ਉਸ ਦੀ ਦੁਕਾਨ ਵੀ ਬਹੁਤ ਚਲਦੀ ਹੈ। ਮੈਂ ਉਸ ਦੀ ਦੁਕਾਨ 'ਤੇ ਸੀ ਅਤੇ ਉਹੀ ਗੱਲਾਂ ਕਰ ਰਿਹਾ ਸੀ।

"ਰਾਜੂ ਭਾਈ! ਹੁਣ ਇਹ ਚਾਲੀ ਦਾ ਪੈਕੇਟ ਹੈ, ਮਹਿੰਗਾਈ ਹਰ ਚੀਜ਼ ਲਈ ਵੱਧ ਰਹੀ ਹੈ।"

"ਓਏ ਤੁਸੀਂ ਕਿਵੇਂ ਗੱਲ ਕਰ ਰਹੇ ਹੋ, ਮੈਂ ਮਾਰਕੀਟ ਤੋਂ ਥੋੜ੍ਹਾ ਬਾਹਰ ਹਾਂ, ਇਸ ਸਮੇਂ ਪਾਪੜ ਵਿਚ ਕਿਸੇ ਵੀ ਸਮੱਗਰੀ ਦੀ ਦਰ ਨਹੀਂ ਵਧੀ ਹੈ।"

"ਰਾਜੂ ਭਾਈ, ਸਾਡੀ ਸਖਤ ਮਿਹਨਤ ਹੈ, ਤੁਸੀਂ ਜਾਣਦੇ ਹੋ, ਅਸੀਂ ਸਤੇ ਦਿਨ ਇਸ ਕੰਮ ਵਿਚ ਰੁਝੇ ਰਹਿੰਦੇ ਹਾਂ, ਫਿਰ ਮੈਂ ਥੋੜ੍ਹਾ ਏਧਰ ਉਧਰ ਘੁੰਮ ਕੇ ਕੁਝ ਦੁਕਾਨਾਂ 'ਤੇ ਵੇਚ ਕੇ ਸਿਰਫ ਪੱਚੀ ਹਜ਼ਾਰ ਕਮਾ ਪਾਉਂਦਾ ਹਾਂ।"

ਉਹ ਮੇਰੀ ਗੱਲ ਸੁਣ ਕੇ ਹੱਸਣ ਲੱਗ ਪਿਆ, ਜਿਵੇਂ ਮੈਂ ਕੋਈ ਮਜ਼ਾਕ ਕੀਤਾ ਹੋਵੇ।

"ਪਾਪੜ ਤੁਹਾਡੇ ਚੰਗੇ ਹਨ, ਪਰ ਮੈਂ ਵੀ ਇਸ ਵਿਚ ਸਖਤ ਮਿਹਨਤ ਕੀਤੀ ਹੈ, ਮੈਂ ਸ਼ੁਰੂ ਵਿਚ ਸਭ ਨੂੰ ਜ਼ਬਰਦਸਤੀ ਨਾਲ ਪਾਪੜ ਵੇਚੇ ਸੀ, ਹੌਲੀ ਹੌਲੀ, ਮੈਂ ਤੁਹਾਡੇ ਪਾਪੜਾਂ ਦੀ ਆਦਤ ਪਾ ਦਿੱਤੀ। ਦੋ ਪੈਸੇ ਬਚਣਗੇ ਨਹੀਂ ਤਾਂ ਦੁਕਾਨ ਖੋਲ੍ਹਣ ਦਾ ਕੀ ਫਾਇਦਾ।"

ਮੈਂ ਬੋਲਦਾ ਰਿਹਾ, ਉਹ ਇਨਕਾਰ ਕਰਦਾ ਰਿਹਾ। ਜਿਹੜੀ ਚੀਜ਼ ਮੈਂ ਲਿਆਂਦੀ ਸੀ, ਉਹ ਸਿਰਫ ਦੋ ਰੁਪਏ ਵਧਾਉਣ 'ਤੇ ਅੜਿਆ ਰਿਹਾ। ਆਖਰਕਾਰ ਉਸ ਨੇ ਇਸ ਪੈਕੇਟ 'ਤੇ ਇੱਕ ਰੁਪਿਆ ਵਧਾਇਆ। ਕਿੰਨਾ ਸਮਾਨ ਵੇਚਦਾ ਹੈ ਅਤੇ ਲੱਖਾਂ ਦੀ ਕਮਾਈ ਕਰਦਾ ਹੈ। ਇਹ ਵਪਾਰੀ ਦੋ ਚਾਰ ਸੌ ਮਹੀਨੇ ਵਿਚ ਨਹੀਂ ਵਧਾ ਸਕਦਾ। ਸਾਡੀ ਮਿਹਨਤ ਦਾ ਭੁਗਤਾਨ ਵੀ ਨਹੀਂ ਕਰਦਾ। ਕਲਯੁਗ ਹੈ, ਲੋਕ ਇਸ ਵਰਗੇ ਹਨ! ਸਾਹਮਣੇ ਵਾਲੀ ਦੁਕਾਨ 'ਤੇ ਫੁਲਾਂ ਦੀ ਸੁੱਕੀ ਮਾਲਾ ਲਟਕਾਈ ਹੋਈ ਸੀ, ਜੋ ਦੱਸ ਰਹੀ ਸੀ ਕਿ ਇਸ ਦੁਕਾਨ' ਤੇ ਸਿਰਫ ਦੀਵਾਲੀ ਵਾਲੇ ਦਿਨ ਪੂਜਾ ਹੁੰਦੀ ਹੈ। ਮੈਂ ਪਸੀਨਾ ਪੂੰਝ ਕੇ ਦੋ ਸੌ ਪੈਕੇਟ ਰੱਖਣ ਤੋਂ ਪਹਿਲਾਂ ਆਪਣੀ ਪਤਨੀ ਨੂੰ ਫੋਨ ਕਰਨ ਹੀ ਵਾਲਾ ਸੀ ਕਿ ਇਕ ਬਜੁਰਗ ਔਰਤ, ਜੋ ਹੁਣ ਲਗਭਗ ਪਾਗਲ ਹੋ ਚੁਕੀ ਸੀ, ਦੁਕਾਨ 'ਤੇ ਆਈ, "ਦੇ ਦੇ ਪੁੱਤਰ।"

"ਹਾਂ ਮਾਈ ਇਕ ਮਿੰਟ ਦੀ ਉਡੀਕ ਕਰੋ।"

ਉਸ ਨੇ ਬੁੱਢੀ ਔਰਤ ਨੂੰ ਦੁੱਧ, ਰੋਟੀ ਅਤੇ ਕੁਝ ਹੋਰ ਚੀਜ਼ਾਂ ਦਿੱਤੀਆਂ। ਔਰਤ ਨੇ ਸਾਮਾਨ ਚੁੱਕ ਕੇ ਲਿਜਾਣ ਵੇਲੇ ਜੋ ਉਸ ਨੂੰ ਕਿਹਾ, ਉਸ ਨੇ ਮੈਨੂੰ ਹੈਰਾਨ ਕਰ ਦਿੱਤਾ, "ਬੇਟਾ, ਕੀ ਤੈਨੂੰ ਹਰ ਮਹੀਨੇ ਪੈਸੇ ਮਿਲ ਜਾਂਦੇ ਹਨ।"

"ਹਾਂ! ਹਾਂ, ਮੈਨੂੰ ਹਰ ਮਹੀਨੇ ਪੈਸੇ ਮਿਲਦੇ ਹਨ।"

ਔਰਤ ਕੁਝ ਚੀਜ਼ਾਂ ਨਾਲ ਲੈ ਕੇ ਮਨ ਵਿਚ ਬੋਲ ਰਹੀ ਸੀ ਅਤੇ ਮੇਰੇ ਲਈ ਇਸ ਰਾਜੂ ਵਪਾਰੀ ਲਈ ਬਹੁਤ ਸਾਰੇ ਸਵਾਲ ਛੱਡ ਗਈ:

"ਇਸ ਦਾ ਹੁਣ ਆਪਣਾ ਕੋਈ ਨਹੀਂ ਹੈ। ਇਸ ਦਾ ਇੱਕ ਲੜਕਾ ਸੀ, ਜੋ ਸ਼ਹਿਰ ਵਿਚ ਪੈਸੇ ਕਮਾਉਂਦਾ ਸੀ। ਇਸ ਦੁਕਾਨ ਦੇ ਸਾਹਮਣੇ ਹੀ ਚੌਂਕ ਦੇ ਸਾਹਮਣੇ ਪਿਛਲੇ ਸਾਲ ਸ਼ਹਿਰ ਵਿਚ ਆ ਕੇ ਰੁਕਿਆ, ਤੇ ਇਕ ਕਾਰ ਉਸ ਉਤੇ ਚੜ੍ਹ ਗਈ ਸੀ। ਫਿਰ ਪੈਸੇ ਕੌਣ ਦਿੰਦਾ ਹੈ ਇਸ ਨੂੰ?"

"ਕੋਈ ਪੈਸਾ ਨਹੀਂ ਦਿੰਦਾ, ਇਹ ਔਰਤ ਉਸ ਸਦਮੇ ਵਿਚੋਂ ਬਾਹਰ ਨਹੀਂ ਆ ਸਕੀ। ਉਹ ਸੋਚਦੀ ਹੈ ਕਿ ਉਸ ਦਾ ਪੁੱਤਰ ਅਜੇ ਵੀ ਸ਼ਹਿਰ ਵਿਚ ਹੈ।" ਮੈਂ ਰਾਜੂ ਵਪਾਰੀ ਨੂੰ ਅੱਜ ਪਹਿਲੀ ਵਾਰ ਉਦਾਸ ਦੇਖਿਆ।

"ਇਸ ਲਈ, ਹਰ ਮਹੀਨੇ ਤੁਸੀਂ ਪੰਜ ਸੌ, ਹਜ਼ਾਰ ਦੀ ਸਮੱਗਰੀ ਉਸ ਔਰਤ ਨੂੰ ਦਿੰਦੇ ਹੋ।" ਉਸ ਵਪਾਰੀ ਦਾ ਹਿਸਾਬ ਮੈਨੂੰ ਨਹੀਂ ਸਮਝ ਆ ਰਿਹਾ ਸੀ।

"ਹਾਂ ਭਰਾ।" ਰਾਜੂ ਆਪਣਾ ਹਿਸਾਬ ਆਪਣੇ ਕੈਲਕੁਲੇਟਰ 'ਤੇ ਕਰ ਰਿਹਾ ਸੀ।

"ਵੀਰ, ਪਰ ਤੁਸੀਂ ਕਦੋਂ ਤੱਕ ਇਸ ਤਰ੍ਹਾਂ ਦਿੰਦੇ ਰਹੋਗੇ?" ਅੱਖਾਂ ਇਸ ਪ੍ਰਸ਼ਨ ਨਾਲ ਭਰੀਆਂ ਹੋਈਆਂ ਸਨ।

"ਜਿੰਨਾ ਚਿਰ ਉਸ ਦੇ ਮਨ ਵਿਚ ਵਿਸ਼ਵਾਸ ਹੈ ਕਿ ਉਸ ਦਾ ਪੁੱਤਰ ਜ਼ਿੰਦਾ ਹੈ।"

ਮੇਰੀਆਂ ਅੱਖਾਂ ਵੀ ਭਰ ਆਈਆਂ, ਰਾਜੂ ਵਪਾਰੀ ਦਾ ਇਹ ਜਵਾਬ ਸੁਣ ਕੇ।

###

# ਕੁਦਰਤ ਨਾਲ ਛੇੜਛਾੜ ਦੇ ਰੁਝਾਨ ਨੂੰ ਛੱਡਣਾ ਪਵੇਗਾ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਕਰੋਨਾ ਦੀ ਜਿਸ ਮਹਾਮਾਰੀ ਦੀ ਲਪੇਟ ਵਿਚ ਇਸ ਵਕਤ ਮਨੁੱਖਤਾ ਆਈ ਪਈ ਹੈ, ਉਸ ਦਾ ਪਹਿਲਾਂ ਹੱਲਾ ਚੀਨ ਦੇ ਸਿਰ ਪਿਆ ਸੀ ਤੇ ਉਦੋਂ ਤੱਕ ਦੂਜੇ ਦੇਸ਼ਾਂ ਨੂੰ ਇਹ ਬੇਗਾਨੇ ਘਰ ਦੀ ਬਸੰਤਰ ਜਾਪਦੀ ਸੀ। ਜਦੋਂ ਖਤਰਾ ਗੰਭੀਰ ਵੇਖ ਕੇ ਦੁਨੀਆਂ ਸੋਚਣ ਵੱਲ ਮੁੜੀ, ਉਦੋਂ ਤੱਕ ਫਰਵਰੀ ਦੇ ਤਿੰਨ ਹਫਤੇ ਗੁਜ਼ਰ ਚੁਕੇ ਸਨ ਤੇ ਚੀਨ ਵਿਚੋਂ ਸਤਾਰਾਂ ਮੌਤਾਂ ਹੋਣ ਦੀ ਖਬਰ ਆ ਚੁਕੀ ਸੀ। ਉਦੋਂ ਤੱਕ ਅੱਠ ਮੌਤਾਂ ਹੋਰ ਦੇਸ਼ਾਂ ਵਿਚ ਵੀ ਹੋ ਚੁਕੀਆਂ ਸਨ। ਇਸ ਤੋਂ ਇੱਕ ਮਹੀਨਾ ਲੰਘਣ ਪਿਛੋਂ ਜਦੋਂ 22 ਮਾਰਚ ਨੂੰ ਭਾਰਤ ਵਿਚ ਲੌਕਡਾਊਨ ਦਾ ਐਲਾਨ ਹੋਇਆ, ਉਦੋਂ ਤੱਕ ਸੰਸਾਰ ਵਿਚ ਮੌਤਾਂ ਦੀ ਗਿਣਤੀ ਪੌਣੇ ਪੰਦਰਾਂ ਹਜ਼ਾਰ ਤੋਂ ਟੱਪ ਚੁਕੀ ਸੀ ਤੇ ਦਸ ਮੌਤਾਂ ਇਸ ਦੇਸ਼ ਵਿਚ ਹੋ ਚੁਕੀਆਂ ਸਨ। ਸਰਕਾਰ ਨੇ ਯਤਨ ਕੀਤੇ, ਭਾਰਤ ਵਿਚ ਬਚਾਅ ਰਿਹਾ, ਪਰ ਬਚਾਅ ਦੀ ਗੱਲ ਜਿੰਨੀ ਪ੍ਰਚਾਰੀ ਜਾਂਦੀ ਹੈ, ਓਨੀ ਵੱਡੀ ਸਫਲਤਾ ਨਹੀਂ ਸੀ। ਬਹੁਤ ਸਾਰੇ ਹੋਰਨਾਂ ਦੇਸ਼ਾਂ ਤੋਂ ਇਥੇ ਕੁਝ ਹਾਲਤ ਕੰਟਰੋਲ ਵਿਚ ਜ਼ਰੂਰ ਰਹੀ ਸੀ। ਸੰਸਾਰ ਵਿਚ ਉਸ ਪਿਛੋਂ ਕਰੋਨਾ ਵਾਇਰਸ ਦੇ ਕੇਸਾਂ ਤੇ ਮੌਤਾਂ ਦੀ ਗਿਣਤੀ ਲਗਾਤਾਰ ਵਧਦੀ ਗਈ। ਅੱਜ ਤੱਕ ਤੀਹ ਲੱਖ ਤੋਂ ਵੱਧ ਕੇਸ ਹੋ ਚੁਕੇ ਹਨ ਅਤੇ ਮੌਤਾਂ ਦੀ ਗਿਣਤੀ ਪੌਣੇ ਚਾਰ ਲੱਖ ਨੇੜੇ ਪੁੱਜੀ ਪਈ ਹੈ। ਇਕੱਲੇ ਅਮਰੀਕਾ ਵਿਚ ਲੱਖ ਤੋਂ ਵੱਧ ਮੌਤਾਂ ਹੋ ਚੁਕੀਆਂ ਹਨ।

ਅਸੀਂ ਇਸ ਔਖੇ ਵੇਲੇ ਬੀਤੇ ਸਾਲਾਂ ਵੱਲ ਜਦੋਂ ਕੁਝ ਝਾਤੀ ਮਾਰੀਏ ਤਾਂ ਜਟਕਾ ਬੋਲੀ ਵਿਚ ਆਖਿਆ ਜਾ ਸਕਦਾ ਹੈ ਕਿ ਬੰਦੇ ਨੇ 'ਰੱਬ ਭੁਲਾਇਆ ਪਿਆ ਸੀ।' ਰੱਬ ਸਿਰਫ ਉਹੀ ਨਹੀਂ, ਜੋ ਧਾਰਮਿਕ ਅਸਥਾਨਾਂ ਵਿਚ ਪੜ੍ਹਾਇਆ ਅਤੇ ਪ੍ਰਚਾਰਿਆ ਜਾਂਦਾ ਹੈ, ਅਸਲੀ ਰੱਬ ਉਹ ਕੁਦਰਤ ਹੈ, ਜੋ ਸਾਨੂੰ ਹਰ ਇੱਕ ਚੀਜ਼ ਦੇ ਰੂਪ ਵਿਚ ਦਿੱਸਦੀ ਹੈ ਤੇ ਆਪਣੇ ਅੰਦਰ ਘਾਹ-ਬੂਟ ਤੇ ਛੋਟੇ-ਮੋਟੇ ਕੀੜਿਆਂ ਤੋਂ ਲੈ ਕੇ ਕਣ-ਕਣ ਦੇ ਅੰਦਰ ਐਟਮੀ ਸ਼ਕਤੀ ਲੁਕਾਈ ਬੈਠੀ ਹੈ, ਜਿਸ ਨਾਲ ਬਿਜਲੀ ਵਾਲੇ ਪਲਾਂਟ ਵੀ ਚਲਾਏ ਜਾ ਸਕਦੇ ਹਨ ਤੇ ਸਭ ਕੁਝ ਤਬਾਹ ਵੀ ਕੀਤਾ ਜਾ ਸਕਦਾ ਹੈ। ਜੀਵ-ਜੰਤੂਆਂ ਤੇ ਮਨੁੱਖਾਂ ਤੋਂ ਲੈ ਕੇ ਜ਼ਮੀਨ ਦੇ ਉੱਤੇ-ਥੱਲੇ ਅਤੇ ਪਾਣੀ ਹੇਠਾਂ ਪੈਦਾ ਹੋਣ ਵਾਲੀ ਬਨਸਪਤੀ ਤੱਕ ਦਾ ਸਾਰਾ ਪਸਾਰਾ ਕੁਦਰਤ ਦਾ ਹੋਣ ਕਾਰਨ ਸਾਡੀ ਸਭ ਦੀ ਅਸਲੀ ਮਾਂ ਕੁਦਰਤ ਸੀ, ਪਰ ਬੰਦੇ ਨੇ ਇਸ ਨੂੰ ਰੋਲਣ ਦੀ ਕਸਰ ਨਹੀਂ ਛੱਡੀ। ਪੁਰਾਤਨ ਸਮੇਂ ਤੋਂ ਇਹ ਗੱਲ ਕਹੀ ਜਾਂਦੀ ਰਹੀ ਹੈ, 'ਅੱਤ-ਤੱਤ ਦਾ ਵੈਰ ਹੁੰਦਾ ਹੈ।' ਜਿਸ ਢੰਗ ਨਾਲ ਬੰਦਾ ਚੱਲ ਪਿਆ ਸੀ ਤੇ ਉਸ ਨੇ ਸਮੁੰਦਰਾਂ ਨੂੰ ਫੋਲਣ ਅਤੇ ਅਸਮਾਨਾਂ ਨੂੰ ਗਾਹੁਣ ਤੋਂ ਬਾਅਦ ਧਰਤੀ ਦੀ ਹਿੱਕ ਵਿਚ ਸੁਰਾਖ ਕਰ ਕੇ ਇਹ ਲੱਭਣ ਦਾ ਮੋਰਚਾ ਲਾ ਲਿਆ ਸੀ ਕਿ ਉਹ ਥਾਂ ਵੇਖਣੀ ਹੈ, ਜੋ ਸਭ ਚੀਜ਼ਾਂ ਨੂੰ ਆਪਣੇ ਵੱਲ ਖਿੱਚਦੀ ਹੈ ਤਾਂ ਬਹੁਤ ਸਾਰੇ ਲੋਕਾਂ ਨੂੰ ਕਹਿੰਦੇ ਸੁਣਿਆ ਸੀ ਕਿ ਕੁਦਰਤ ਨਾਲ ਜ਼ਿਆਦਤੀ ਦੀ ਇਹ ਅੱਤ ਕਿਧਰੇ ਮਹਿੰਗੀ ਨਾ ਪੈ ਜਾਵੇ। ਕੁਦਰਤ ਨੇ ਕੋਈ ਝਲਕ ਨਹੀਂ ਦਿੱਤੀ, ਆਪਣੇ ਵਰਤਾਰੇ ਮੁਤਾਬਕ ਚੱਲਦੀ ਰਹੀ ਅਤੇ ਆਖਰ ਨੂੰ ਜੋ ਮਨੁੱਖ ਕਦੀ ਐਟਮ ਬੰਬਾਂ ਦੇ ਧਮਾਕੇ ਕਰਨ ਤੋਂ ਤੁਰਿਆ ਸੀ, ਪੁਲਾੜ ਵਿਚ ਸਟਾਰ-ਵਾਰ ਦੀਆਂ ਘਾੜਤਾਂ ਘੜਨ ਲੱਗ ਪਿਆ ਸੀ ਤੇ ਫਿਰ ਮਨੁੱਖੀ ਭਾਈਚਾਰੇ ਦੇ ਖਿਲਾਫ ਵਰਤਣ ਲਈ ਜੈਵਿਕ ਬੰਬ ਵੀ ਬਣਾਉਣ ਦੀ ਸੋਚ ਰਿਹਾ ਸੀ, ਉਹ ਕਸੂਤਾ ਫਸ ਗਿਆ ਹੈ।

ਭਲਾ ਕਿਸੇ ਨੇ ਪਿਛਲੇ ਸਾਲ ਤੱਕ ਇਹ ਗੱਲ ਸੋਚੀ ਸੀ ਕਿ ਜਿਸ ਆਕਾਸ਼ ਵਿਚ ਰੋਜ਼ ਹਜ਼ਾਰਾਂ ਦੀ ਗਿਣਤੀ ਵਿਚ ਜਹਾਜ ਇੱਕੋ ਵੇਲੇ ਉੱਡੀ ਜਾਂਦੇ ਹਨ, ਉਹ ਆਕਾਸ਼ ਇੱਕ ਦਮ ਵਿਹਲਾ ਕਰਨਾ ਪੈ ਜਾਵੇਗਾ? ਅਸੀਂ ਸੰਸਾਰ ਦੇ ਕਈ ਦੇਸ਼ਾਂ ਵਿਚ ਵੱਡੇ ਏਅਰਪੋਰਟਾਂ ਉੱਤੇ ਜਹਾਜਾਂ ਨੂੰ ਕਿੰਨੀ-ਕਿੰਨੀ ਦੇਰ ਹਵਾ ਵਿਚ ਐਵੇਂ ਉਡਾਰੀਆਂ ਲਾਉਂਦੇ ਵੇਖਿਆ ਸੀ, ਜਿਨ੍ਹਾਂ ਨੂੰ ਹੇਠਾਂ ਕੋਈ ਰੰਨਵੇਅ ਵਿਹਲਾ ਨਹੀਂ ਸੀ ਮਿਲਦਾ। ਅੱਜ ਕੱਲ੍ਹ ਓਥੇ ਸਾਰੇ ਰੰਨਵੇਅ ਖਾਲੀ ਹੋਣਗੇ। ਰੇਲਵੇ ਮੁਸਾਫਰ ਇਹ ਕਹਿੰਦੇ ਹੁੰਦੇ ਸਨ ਕਿ ਲਾਈਨਾਂ ਖਾਲੀ ਨਹੀਂ ਸਨ ਤੇ ਗੱਡੀ ਐਨੇ ਘੰਟੇ ਲੇਟ ਹੋ ਗਈ, ਸਾਨੂੰ ਖਿਝ ਚੜ੍ਹੀ ਪਈ ਸੀ। ਪਿਛਲੇ ਦੋ ਮਹੀਨੇ ਰੇਲ ਗੱਡੀਆਂ ਚੱਲੀਆਂ ਨਹੀਂ ਤੇ ਉਹੀ ਲੋਕ ਘਰਾਂ ਵਿਚ ਤੜੇ ਰਹੇ, ਜੋ ਕਹਿੰਦੇ ਸਨ ਕਿ ਅਸੀਂ ਇੱਕ ਦਿਨ ਕੋਈ ਕੰਮ ਲੇਟ ਨਹੀਂ ਕਰ ਸਕਦੇ। ਦੋ ਕੁ ਦਿਨ ਖਿਝਣ ਪਿੱਛੋਂ ਉਹ ਭਾਣਾ ਮੰਨਣ ਲੱਗ ਪਏ। ਕਾਰੋਬਾਰ ਦੇ ਕਿਸੇ ਵੀ ਖੇਤਰ ਵਿਚ ਹਰਕਤ ਨਹੀਂ ਸੀ ਜਾਪਦੀ ਤੇ ਇਸ ਤਰ੍ਹਾਂ ਜਾਪਣ ਲੱਗ ਪਿਆ ਸੀ, ਜਿਵੇਂ ਇਨਸਾਨ ਦੇ ਅੱਗੇ ਸਪੀਡ ਬਰੇਕਰ ਲਾ ਕੇ ਕੁਦਰਤ ਉਸ ਨੂੰ ਠਰ੍ਹੰਮੇ ਦਾ ਵੱਲ ਸਿਖਾਉਣ ਲੱਗੀ ਹੋਵੇ। ਧਾਰਮਿਕ ਅਸਥਾਨ ਵੀ ਬੰਦ ਕਰਨੇ ਪੈ ਗਏ ਸਨ। ਸੰਸਾਰ ਖੜੋਤ ਦਾ ਸ਼ਿਕਾਰ ਹੋ ਗਿਆ ਜਾਪਦਾ ਸੀ ਤੇ ਕੋਈ ਇਹ ਦੱਸਣ ਵਾਲਾ ਨਹੀਂ ਸੀ ਕਿ ਖੜੋਤ ਐਨੇ ਕੁ ਦਿਨ ਰਹੇਗੀ।

ਕੁਦਰਤ ਦਾ ਸਪੀਡ ਬਰੇਕਰ ਸਿਰਫ ਅਜੋਕੇ ਦੌਰ ਤੱਕ ਹੀ ਸੀਮਤ ਨਹੀਂ, ਇਹਦੀ ਮਾਰ ਅਗਲੇ ਕਈ ਸਾਲਾਂ ਤੱਕ ਪੈਂਦੀ ਰਹਿਣੀ ਹੈ ਤੇ ਜਿੰਨੀ ਪੈ ਚੁਕੀ ਹੈ, ਉਹ ਇਸ ਦੇ ਲੰਮੇਰੇ ਅਸਰ ਦੀ ਝਲਕ ਦੇ ਰਹੀ ਹੈ। ਸਾਡੇ ਸਾਹਮਣੇ ਪਏ ਅੰਕੜੇ ਦੱਸਦੇ ਹਨ ਕਿ ਸੰਸਾਰ ਵਿਚ ਹਵਾਈ ਆਵਾਜਾਈ ਇਸ ਸਾਲ ਦੀ ਪਹਿਲੀ ਤਿਮਾਹੀ ਵਿਚ ਬਾਈ ਫੀਸਦੀ ਡਿੱਗ ਪਈ ਸੀ, ਅਤੇ ਇਹ ਇਸ ਕਰ ਕੇ ਹੋਇਆ ਕਿ ਮਾਰਚ ਦੇ ਅੰਤਲੇ ਬਾਰਾਂ ਦਿਨ ਜਹਾਜ ਨਹੀਂ ਸੀ ਉੱਡ ਸਕੇ। ਸਿਰਫ ਬਾਰਾਂ ਦਿਨਾਂ ਦਾ ਏਨਾ ਅਸਰ ਸੀ ਤੇ ਅਗਲੇ ਦੋ ਮਹੀਨੇ ਲੰਘਾਉਣ ਪਿਛੋਂ ਕਿਹਾ ਜਾ ਰਿਹਾ ਹੈ ਕਿ ਹਾਲੇ ਛੇ ਮਹੀਨੇ ਇਸ ਆਵਾਜਾਈ ਨੂੰ ਰਵਾਨਗੀ ਫੜਦਿਆਂ ਲੱਗ ਜਾਣਗੇ ਤੇ ਉਦੋਂ ਪਿੱਛੋਂ ਵੀ ਜੇ ਕਰੋਨਾ ਦੇ ਸਹਿਮ ਕਾਰਨ ਇੱਕ-ਇੱਕ ਸੀਟ ਛੱਡ ਕੇ ਬਿਠਾਉਣ ਦੀ ਮਜਬੂਰੀ ਬਣੀ ਰਹੀ ਤਾਂ ਇਸ ਕਾਰੋਬਾਰ ਦੇ ਵੱਡੇ ਅਦਾਰੇ ਨੰਗ ਹੋ ਜਾਣਗੇ। ਹਵਾਈ ਮੁਸਾਫਰਾਂ ਦੀ ਗਿਣਤੀ ਫਰਵਰੀ ਵਿਚ ਸਿਰਫ ਚੀਨ ਦੇ ਕਾਰਨ ਤੇਰਾਂ ਫੀਸਦੀ ਡਿੱਗੀ ਸੀ, ਮਾਰਚ ਦੇ ਅੰਤਲੇ ਦਸਾਂ ਦਿਨਾਂ ਕਾਰਨ 49 ਫੀਸਦੀ ਘਟ ਗਈ ਤੇ ਅਪਰੈਲ ਵਿਚ ਇਕਾਨਵੇਂ ਫੀਸਦੀ ਡਿੱਗ ਕੇ ਮਸਾਂ ਨੌਂ ਫੀਸਦੀ ਮਜਬੂਰੀ ਦੀਆਂ ਉਡਾਣਾਂ ਉੱਡ ਸਕੀਆਂ। ਜਹਾਜ ਬਣਾਉਣ ਵਾਲੀ ਕੰਪਨੀ ਬੋਇੰਗ ਨੇ ਆਪਣੇ ਬਾਰਾਂ ਹਜ਼ਾਰ ਕਾਰਿੰਦੇ ਇਸ ਲਈ ਕੱਢਣ ਦਾ ਫੈਸਲਾ ਕਰ ਲਿਆ ਹੈ ਕਿ ਜਦੋਂ ਜਹਾਜ ਨਹੀਂ ਉੱਡਣੇ ਤੇ ਜਿੰਨੇ ਜਹਾਜ ਵਿਹਲੇ ਪਏ ਹਨ, ਉਨ੍ਹਾਂ ਲਈ ਵਾਰੀ ਨਹੀਂ ਆਉਣੀ ਤਾਂ ਕਿਸੇ ਕੰਪਨੀ ਨੇ ਹੋਰ ਜਹਾਜ ਵੀ ਨਹੀਂ ਖਰੀਦਣੇ ਤੇ ਜਦੋਂ ਕਿਸੇ ਨੇ ਖਰੀਦਣੇ ਨਹੀਂ ਤਾਂ ਬਣਾਉਣ ਦੀ ਵੀ ਲੋੜ ਨਹੀਂ ਰਹਿਣੀ।

ਭਾਰਤ ਵਿਚ ਕਾਰਾਂ-ਮੋਟਰਾਂ ਦੀ ਵਿਕਰੀ ਮਾਰਚ ਦੇ ਅਖੀਰਲੇ ਦਸਾਂ ਦਿਨਾਂ ਵਿਚ ਵੀਹ ਫੀਸਦੀ ਡਿੱਗੀ ਸੀ, ਜਦੋਂ ਲੋਕਾਂ ਕੋਲ ਕੰਮ ਪਹਿਲਾਂ ਵਾਂਗ ਨਹੀਂ ਰਹਿਣਾ ਤਾਂ ਕਾਰਾਂ ਦੀ ਵਿਕਰੀ ਵੀ ਹੋਰ ਡਿੱਗਣ ਲੱਗੇਗੀ। ਅਪਰੈਲ ਤੇ ਮਈ ਵਿਚ ਦੇਸ਼ ਵਿਚ ਟਰੱਕਾਂ ਦੀ ਆਵਾਜਾਈ ਨੱਬੇ ਫੀਸਦੀ ਘਟ ਗਈ ਦੱਸੀ ਜਾਂਦੀ ਹੈ। ਇਸ ਸਾਰੇ ਕੁਝ ਨਾਲ ਲੋਕਾਂ ਦੇ ਰੁਜ਼ਗਾਰ ਦੇ ਪੱਖੋਂ ਵੀ ਵੱਡਾ ਅਸਰ ਪੈਣ ਵਾਲਾ ਹੈ ਤੇ ਸੰਸਾਰ ਪੱਧਰ ਦੀਆਂ ਏਜੰਸੀਆਂ ਜਿੰਨੀ ਵੱਡੀ ਗਿਣਤੀ ਵਿਚ ਲੋਕਾਂ ਦੀ ਬੇਰੁਜ਼ਗਾਰੀ ਦੇ ਅੰਦਾਜ਼ੇ ਪੇਸ਼ ਕਰਦੀਆਂ ਹਨ, ਉਨ੍ਹਾਂ ਨੂੰ ਪੜ੍ਹ ਕੇ ਸੋਚਣ ਵਾਲੇ ਬੰਦੇ ਦਾ ਤ੍ਰਾਹ ਨਿਕਲ ਜਾਂਦਾ ਹੈ। ਇਹ ਕਿਸੇ ਇੱਕਾ-ਦੁੱਕਾ ਦੇਸ਼ ਨੂੰ ਪੈਣ ਵਾਲੀ ਸੱਟ ਨਹੀਂ, ਸਾਰੇ ਸੰਸਾਰ ਦੇ ਲੋਕਾਂ ਲਈ ਮੁਸੀਬਤਾਂ ਦਾ ਪਹਾੜ ਲਈ ਆਉਂਦੀ ਜਾਪਦੀ ਹੈ, ਜਿਸ ਦੀ ਚਿੰਤਾ ਕਰਨੀ ਪੈਣੀ ਹੈ।

ਸਥਿਤੀ ਸਚਮੁੱਚ ਬਹੁਤ ਮਾੜੀ ਹੈ ਤੇ ਹੋਰ ਮਾੜੀ ਹੋਣ ਵਾਲੀ ਜਾਪਦੀ ਹੈ, ਪਰ ਸਾਡਾ ਵਿਸ਼ਵਾਸ ਅਜੇ ਕਾਇਮ ਹੈ ਕਿ ਮਨੁੱਖਤਾ ਇਸ ਮਾਰ ਦੇ ਅੱਗੇ ਮੂਧੇ ਮੂੰਹ ਨਹੀਂ ਡਿੱਗੇਗੀ, ਫਿਰ ਉੱਠੇਗੀ, ਪਰ ਉੱਠਣ ਲਈ ਉਸ ਨੂੰ ਕੁਝ ਸਬਕ ਸਿੱਖ ਕੇ ਚੱਲਣਾ ਪਵੇਗਾ। ਇਨਸਾਨ ਜਦੋਂ ਮੁਸ਼ਕਿਲ ਵਿਚ ਪੈਂਦਾ ਹੈ, ਉਦੋਂ ਆਪਣੀ ਹੋਂਦ ਬਚਾਉਣ ਵਾਲੀ ਲੜਾਈ ਉਸ ਨੂੰ ਕੁਝ ਰਾਹ ਵੀ ਦਿੰਦੀ ਹੈ, ਪਰ ਇਸ ਦੇ ਲਈ ਬੰਦੇ ਨੂੰ ਮਾਨਸਿਕ ਤੌਰ 'ਤੇ ਤਿਆਰ ਖੁਦ ਹੋਣਾ ਪੈਂਦਾ ਹੈ।

ਬਹੁਤ ਸਾਲ ਪਹਿਲਾਂ ਗੁਜਰਾਤ ਦੇ ਕੱਛ ਇਲਾਕੇ ਵਿਚ ਭਾਰਤੀ ਹਵਾਈ ਫੌਜ ਦਾ ਇੱਕ ਹੈਲੀਕਾਪਟਰ ਡਿੱਗਾ ਸੀ। ਬਾਰਡਰ ਸਿਕਿਓਰਿਟੀ ਫੋਰਸ ਤੇ ਹਵਾਈ ਫੌਜ ਦੇ ਕੁੱਲ ਮਿਲਾ ਕੇ ਬਾਰਾਂ ਅਧਿਕਾਰੀ ਇਸ ਵਿਚ ਸਵਾਰ ਸਨ, ਜਿਨ੍ਹਾਂ ਵਿਚੋਂ 3 ਤਾਂ ਮੌਕੇ 'ਤੇ ਹੀ ਮਾਰੇ ਗਏ। ਬਾਕੀ ਬਚੇ ਨੌਂ ਜਣਿਆਂ 'ਚੋਂ ਮਦਦ ਪਹੁੰਚਣ ਤੱਕ ਦੇ 25 ਘੰਟਿਆਂ 'ਚ ਚਾਰ ਹੋਰ ਮਰ ਗਏ। ਸਮੁੰਦਰ ਦੇ ਖਾਰੇ ਪਾਣੀ ਅਤੇ ਗਾੜ੍ਹੇ ਚਿੱਕੜ ਵਰਗੀ ਦਲਦਲ ਵਿਚ ਉਲਝੇ ਬਾਕੀ ਲੋਕਾਂ ਨੂੰ ਪਿਆਸ ਏਨੀ ਜ਼ਿਆਦਾ ਤੰਗ ਕਰਨ ਲੱਗ ਪਈ ਕਿ ਉਨ੍ਹਾਂ ਨੂੰ ਇਸ ਦੀ ਮਾਰ ਤੋਂ ਬਚਣ ਲਈ ਇੱਕ ਦੂਸਰੇ ਦਾ ਪੇਸ਼ਾਬ ਵੀ ਪੀਣਾ ਪਿਆ ਸੀ, ਪਰ ਜਿੰਦਾ ਰਹਿਣ ਦੀ ਜੰਗ ਉਨ੍ਹਾਂ ਨੇ ਆਖਰ ਨੂੰ ਜਿੱਤ ਲਈ ਸੀ। ਏਦਾਂ ਦੀਆਂ ਕਈ ਮਿਸਾਲਾਂ ਦੁਨੀਆਂ 'ਚ ਮਿਲ ਜਾਂਦੀਆਂ ਹਨ।

ਅਜੇ ਕਰੋਨਾ ਵਾਇਰਸ ਦਾ ਪਹਿਲਾ ਹਮਲਾ ਸਾਡੀ ਦੁਨੀਆਂ ਨੇ ਵੇਖਿਆ ਹੈ। ਬਹੁਤ ਸਾਰੇ ਮਾਹਰ ਸਾਫ ਕਹਿੰਦੇ ਹਨ ਕਿ ਅਜੇ ਅਗਲਾ ਹਮਲਾ ਹੋਣ ਵਾਲਾ ਹੈ। ਉਸ ਦੂਜੇ ਹਮਲੇ ਤੱਕ ਗੱਲ ਰੁਕੇਗੀ ਜਾਂ ਕੋਈ ਤੀਜਾ ਜਾਂ ਚੌਥਾ ਹੱਲਾ ਵੀ ਇਸ ਬਿਮਾਰੀ ਦਾ ਹੋ ਸਕਦਾ ਹੈ, ਇਸ ਬਾਰੇ ਕੋਈ ਨਹੀਂ ਜਾਣਦਾ। ਕਿਸੇ ਵੀ ਤਰ੍ਹਾਂ ਦਾ ਬੈਕਟੀਰੀਆ ਜਾਂ ਵਾਇਰਸ ਜਦੋਂ ਅਗਲੇ ਪੜਾਅ ਵੱਲ ਵਧਦਾ ਹੈ ਤਾਂ ਜਿੰਨੇ ਵੀ ਮਨੁੱਖੀ ਸਰੀਰਾਂ ਵਿਚੋਂ ਲੰਘਦਾ ਹੈ, ਹਰ ਥਾਂ ਦੇ ਪ੍ਰਤੀਕਰਮ ਨਾਲ ਉਸ ਦੀ ਮਾਰਨ ਦੀ ਤਾਕਤ ਪਹਿਲਾਂ ਤੋਂ ਵਧੀ ਜਾਂਦੀ ਹੈ। ਕਰੋਨਾ ਦੀ ਤਾਕਤ ਵੀ ਆਏ ਦਿਨ ਵਧੀ ਜਾਂਦੀ ਸੁਣੀਂਦੀ ਹੈ। ਇਸ ਦੇ ਮੁਕਾਬਲੇ ਲਈ ਲੋਕਾਂ ਨੂੰ ਆਪਣੀ ਜੀਵਨ ਜਾਚ ਬਦਲਣੀ ਪਵੇਗੀ, ਹਰ ਵਕਤ ਦੀ ਭਾਜੜ ਦਾ ਰੁਝਾਨ ਤਿਆਗਣਾ ਪਵੇਗਾ ਤੇ ਇਸ ਤੋਂ ਵੀ ਵੱਡੀ ਗੱਲ ਕਿ ਕੁਦਰਤ ਦੀਆਂ ਸ਼ਕਤੀਆਂ ਨਾਲ ਖਿਲਵਾੜ ਕਰਨਾ ਛੱਡਣ ਦੀ ਲੋੜ ਪਵੇਗੀ। ਸਾਡਾ ਵਿਸ਼ਵਾਸ ਹੈ ਕਿ ਮਨੁੱਖਤਾ ਖਤਮ ਨਹੀਂ ਹੋਵੇਗੀ, ਪਰ ਇਸ ਦੀ ਹੋਂਦ ਕਾਇਮ ਰੱਖਣ ਲਈ ਯਤਨ ਵੀ ਤਾਂ ਇਸੇ ਨੂੰ ਕਰਨੇ ਪੈਣੇ ਹਨ!

Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

*One of the Fastest Growing City in America and Best School System...*



- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

**Manjit Singh Nagra**
*Realtor/Broker*
**Cell: 317-750-1900**
6979 Hillsdale Court
Indianapolis, Indiana 46250

**Gurdeep (Garry) Chhokar**
Realtor/Broker
**Cell: 317-500-1247**

Star Alliance BROKERAGE



*We do all type of Home and Commercial Loan. Same day loan approval...*

ਪੰਜਾਬ ਟਾਈਮਜ਼

*ਸਨਿਚਰਵਾਰ, 6 ਜੂਨ 2020*

## ਗੋਡੇ ਹੇਠ ਕਾਨੂੰਨ

ਸਮੁੱਚਾ ਸੰਸਾਰ ਜਦੋਂ ਕਰੋਨਾ ਵਾਇਰਸ ਨਾਲ ਫੈਲੀ ਮਹਾਮਾਰੀ 'ਕੋਵਿਡ-19' ਨਾਲ ਜੂਝ ਰਿਹਾ ਹੈ ਤਾਂ ਲੋਕਾਂ ਨੇ 25 ਮਈ ਨੂੰ ਮਿਨਿਐਪੋਲਿਸ ਪੁਲਿਸ ਅਫਸਰਾਂ ਦੀ ਇਕ ਬਹੁਤ ਭਿਆਨਕ ਵੀਡਿਓ ਵਾਇਰਲ ਹੋ ਗਈ। ਇਨ੍ਹਾਂ ਅਫਸਰਾਂ ਨੇ ਜੌਰਜ ਫਲਾਇਡ ਨੂੰ ਨਕਲੀ 20 ਡਾਲਰ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਸੀ। ਪੁਲਿਸ ਅਧਿਕਾਰੀ ਡੈਰਿਕ ਚੌਵਿਨ ਨੇ ਜੌਰਜ ਫਲਾਇਡ ਨੂੰ ਜ਼ਮੀਨ 'ਤੇ ਸੁੱਟ ਕੇ 8.46 ਮਿੰਟ ਗੋਡੇ ਨਾਲ ਉਸ ਦੀ ਧੌਣ ਦਬਾਈ ਰੱਖੀ ਅਤੇ ਫਿਰ ਉਸ ਦੀ ਮੌਤ ਹੋ ਗਈ। ਪੋਸਟਮਾਰਟਮ ਰਿਪੋਰਟ ਤੋਂ ਸਪਸ਼ਟ ਹੋ ਗਿਆ ਹੈ ਕਿ ਜੌਰਜ ਦੀ ਮੌਤ ਦਮ ਘੁਟਣ ਕਾਰਨ ਹੋਈ ਹੈ। ਦੁਰਘਟਨਾ ਤੋਂ ਬਾਅਦ ਪੁਲਿਸ ਵਿਭਾਗ ਨੇ ਭਾਵੇਂ ਉਥੇ ਮੌਜੂਦ 4 ਪੁਲਿਸ ਕਰਮਚਾਰੀਆਂ ਨੂੰ ਨੌਕਰੀ ਤੋਂ ਕੱਢ ਦਿੱਤਾ ਹੈ ਅਤੇ ਡੈਰਿਕ ਚੌਵਿਨ ਵਿਰੁੱਧ ਕੇਸ ਦਰਜ ਕਰ ਲਿਆ ਹੈ, ਪਰ ਨਸਲੀ ਵਿਤਕਰੇ ਦਾ ਇਹ ਕੋਈ ਪਹਿਲਾ ਅਤੇ ਆਖਰੀ ਮਾਮਲਾ ਨਹੀਂ ਹੈ। ਨਸਲਪ੍ਰਸਤ ਗੋਰੇ ਅਕਸਰ ਅਜਿਹੀਆਂ ਦੁਰਘਟਨਾਵਾਂ ਨੂੰ ਅੰਜਾਮ ਦਿੰਦੇ ਹਨ ਅਤੇ ਆਮ ਭੋਲੇ-ਭਾਲੇ ਲੋਕ ਇਨ੍ਹਾਂ ਦਾ ਸ਼ਿਕਾਰ ਬਣਦੇ ਹਨ। ਇਸ ਤੋਂ ਬਾਅਦ ਅਮਰੀਕਾ ਵਿਚ ਸ਼ੁਰੂ ਹੋਏ ਰੋਸ ਵਿਖਾਵੇ ਬਹੁਤ ਦੂਰ-ਦੂਰ ਤਕ ਫੈਲ ਗਏ। ਬਹੁਤ ਥਾਂਈਂ ਕਰਫਿਊ ਲਾਉਣਾ ਪਿਆ ਹੈ ਅਤੇ ਮੁਜਾਹਰਾਕਾਰੀ ਲਗਾਤਾਰ ਕਰਫਿਊ ਦੀ ਉਲੰਘਣਾ ਕਰ ਰਹੇ ਹਨ। ਅਮਰੀਕਾ ਵਿਚ ਨਸਲਵਾਦ ਦੀ ਸਮੱਸਿਆ ਸਦੀਆਂ ਪੁਰਾਣੀ ਹੈ ਅਤੇ ਸਿਆਹਫਾਮ (ਕਾਲੇ) ਲੋਕ ਇਸ ਵਿਤਕਰੇ ਦਾ ਸ਼ਿਕਾਰ ਹੁੰਦੇ ਆਏ ਹਨ। ਉਂਜ, ਇਸ ਘਟਨਾ ਤੋਂ ਬਾਅਦ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਵਿਹਾਰ ਦੀ ਇਕ ਵਾਰ ਫਿਰ ਨੁਕਤਾਚੀਨੀ ਹੋਈ ਹੈ। ਉਸ ਨੇ ਵਿਖਾਵਾਕਾਰੀਆਂ ਨੂੰ 'ਠੱਗ' ਤਕ ਆਖਿਆ ਹੈ ਅਤੇ ਦੋਸ਼ ਲਾਇਆ ਹੈ ਕਿ ਇਹ ਸਭ 'ਐਂਟਿਫਾ' ਦੀ ਅਗਵਾਈ ਹੇਠ ਅਮਰੀਕਾ ਨੂੰ ਬਦਨਾਮ ਕਰਨ ਲਈ ਕੀਤਾ ਜਾ ਰਿਹਾ ਹੈ। ਯਾਦ ਰਹੇ, 'ਐਂਟਿਫਾ' ਖੱਬੇ ਪੱਖੀ ਜਥੇਬੰਦੀ ਹੈ। 'ਐਂਟਿਫਾ' ਸ਼ਬਦ ਦੋ ਸ਼ਬਦਾਂ 'ਐਂਟੀ ਫਾਸਿਸਟ' ਨੂੰ ਮੇਲ ਕੇ ਬਣਾਇਆ ਗਿਆ ਹੈ। ਇਸ ਜਥੇਬੰਦੀ ਦੇ ਮੈਂਬਰ ਅਕਸਰ ਸਾਮਰਾਜ-ਵਿਰੋਧੀ ਧਰਨੇ-ਵਿਖਾਵੇ ਕਰਦੇ ਹਨ। ਜਦੋਂ ਤੋਂ ਡੋਨਲਡ ਟਰੰਪ ਨੇ ਅਮਰੀਕਾ ਵਿਚ ਸੱਜੇ ਪੱਖੀ ਸਿਆਸਤ ਨੂੰ ਹਵਾ ਦੇਣੀ ਸ਼ੁਰੂ ਕੀਤੀ ਹੈ, ਉਦੋਂ ਤੋਂ ਇਸ ਜਥੇਬੰਦੀਆਂ ਨੇ ਆਪਣੀਆਂ ਸਰਗਰਮੀਆਂ ਵਧਾਈਆਂ ਹੋਈਆਂ ਹਨ।

ਉਂਜ, ਜਿੰਨੀ ਵੱਡੀ ਪੱਧਰ ਉਤੇ ਅਮਰੀਕਾ ਵਿਚ ਹਿੰਸਾ ਫੈਲੀ ਹੈ ਅਤੇ ਨਿੱਤ ਦਿਨ ਰੋਸ ਵਿਖਾਵੇ ਹੋ ਰਹੇ ਹਨ, ਉਸ ਨੂੰ ਕੁਝ ਸਿਆਸੀ ਵਿਸ਼ਲੇਸ਼ਕ ਅਮਰੀਕੀ ਰਾਸ਼ਟਰਪਤੀ ਦੀ ਹੋਣ ਵਾਲੀ ਚੋਣ ਨਾਲ ਵੀ ਜੋੜ ਰਹੇ ਹਨ। ਇਕ ਤੱਥ ਸਪਸ਼ਟ ਹੈ ਕਿ ਕਰੋਨਾ ਮਹਾਮਾਰੀ ਨਾਲ ਨਜਿੱਠਣ ਦੇ ਮਾਮਲੇ ਵਿਚ ਰਾਸ਼ਟਰਪਤੀ ਡੋਨਲਡ ਟਰੰਪ ਉਤੇ ਸਿੱਧੇ ਹਮਲੇ ਹੋ ਰਹੇ ਹਨ ਅਤੇ ਵੱਖ-ਵੱਖ ਤਬਕਿਆਂ ਵਲੋਂ ਸ਼ੱਰੇਆਮ ਸਵਾਲ ਪੁੱਛੇ ਜਾ ਰਹੇ ਹਨ। ਰਾਸ਼ਟਰਪਤੀ ਨੇ ਇਸ ਮਹਾਮਾਰੀ ਦੇ ਮੁਢਲੇ ਦੌਰ ਵਿਚ ਇਸ ਪਾਸੇ ਉਕਾ ਹੀ ਧਿਆਨ ਨਹੀਂ ਦਿੱਤਾ ਅਤੇ ਚੀਨ ਨਾਲ ਵਪਾਰਕ ਟਕਰਾਓ ਨੂੰ ਆਪਣੇ ਹੀ ਢੰਗ ਨਾਲ ਪੇਸ਼ ਕੀਤਾ ਜਾਂਦਾ ਰਿਹਾ, ਪਰ ਜਦੋਂ ਕਰੋਨਾ ਕਾਰਨ ਅਮਰੀਕਾ ਵਿਚ ਹਾਲਤ ਵਧੇਰੇ ਵਿਗੜਨ ਲੱਗੀ ਅਤੇ ਲੋਕਾਂ ਦਾ ਵਿਰੋਧ ਵਧ ਗਿਆ ਤਾਂ ਇਸ ਪਾਸੇ ਧਿਆਨ ਦਿੱਤਾ ਗਿਆ। ਸਿਤਮਜ਼ਰੀਫੀ ਇਹ ਹੈ ਕਿ ਡੋਨਲਡ ਟਰੰਪ ਅਜੇ ਵੀ ਕਰੋਨਾ ਵਾਇਰਸ ਦਾ ਭਾਂਡਾ ਚੀਨ ਸਿਰ ਭੰਨ ਕੇ ਆਪਣੀ ਚੋਣ ਮੁਹਿੰਮ ਨੂੰ ਹੁਲਾਰਾ ਦੇਣ ਦੇ ਰੌਂਅ ਵਿਚ ਹੈ। ਜਾਹਰ ਹੈ ਕਿ ਇਨ੍ਹਾਂ ਰੋਸ ਵਿਖਾਵਿਆਂ ਨੇ ਰਾਸ਼ਟਰਪਤੀ ਦੀ ਚੋਣ ਵਿਚ ਬਾਕਾਇਦਾ ਭੂਮਿਕਾ ਨਿਭਾਉਣੀ ਹੈ। ਵਿਸ਼ਲੇਸ਼ਕਾਂ ਮੁਤਾਬਿਕ, ਇਹ ਰੋਸ ਵਿਖਾਵੇ ਅਸਲ ਵਿਚ ਡੋਨਲਡ ਦੀਆਂ ਨੀਤੀਆਂ ਖਿਲਾਫ ਪਿੜ ਬੰਨ੍ਹ ਰਹੇ ਹਨ। ਇਨ੍ਹਾਂ ਵਿਖਾਵਿਆਂ ਦੀ ਅਗਵਾਈ ਦਾ ਮੂੰਹ-ਮੱਥਾ ਫਿਲਹਾਲ ਭਾਵੇਂ ਬਣਿਆ ਨਹੀਂ ਹੈ, ਪਰ ਜੇ ਇਹ ਵਿਖਾਵੇ ਕੁਝ ਸਮਾਂ ਜਾਰੀ ਰਹਿੰਦੇ ਹਨ ਤਾਂ ਰਾਸ਼ਟਰਪਤੀ ਲਈ ਸੰਕਟ ਦਾ ਸਮਾਨ ਬਣ ਸਕਦੇ ਹਨ। ਉਂਜ ਵੀ ਮਨੁੱਖੀ ਹੱਕਾਂ ਦੀ ਲੜਾਈ ਦਾ ਅਮਰੀਕਾ ਦਾ ਆਪਣਾ ਇਤਿਹਾਸ ਰਿਹਾ ਹੈ ਅਤੇ ਅਜਿਹੇ ਮੌਕਿਆਂ 'ਤੇ ਲੋਕਾਂ ਦਾ ਗੁੱਸਾ ਬਾਹਰ ਨਿਕਲਦਾ ਰਿਹਾ ਹੈ, ਪਰ ਇਹ ਵੀ ਤੱਥ ਹੈ ਕਿ ਅਜਿਹੇ ਰੋਸ ਵਿਖਾਵਿਆਂ ਦੀ ਅਗਵਾਈ ਦਾ ਮਸਲਾ ਵੀ ਬੜਾ ਅਹਿਮ ਰਿਹਾ ਹੈ।

ਐਤਕੀਂ ਇਨ੍ਹਾਂ ਰੋਸ ਵਿਖਾਵਿਆਂ ਦੀ ਤਾਸੀਰ ਰਤਾ ਕੁ ਵੱਖਰੀ ਹੈ। ਇਕ ਪਾਸੇ ਕਰੋਨਾ ਸੰਕਟ ਕਾਰਨ ਆਮ ਤਬਕਾ ਬਹੁਤ ਔਖੇ ਹਾਲਾਤ ਵਿਚੋਂ ਲੰਘ ਰਿਹਾ ਹੈ। ਅਮਰੀਕਾ ਵਿਚ ਕਰੋਨਾ ਕੇਸ 19 ਲੱਖ ਨੂੰ ਜਾ ਢੁੱਕੇ ਹਨ ਅਤੇ ਇਸ ਮਹਾਮਾਰੀ ਨਾਲ ਇਕ ਲੱਖ ਤੋਂ ਉਪਰ ਮੌਤਾਂ ਹੋ ਚੁੱਕੀਆਂ ਹਨ। ਲੌਕਡਾਊਨ ਕਾਰਨ ਮੁਲਕ ਦਾ ਅਰਥਚਾਰਾ ਵਿਗੜ ਰਿਹਾ ਹੈ ਅਤੇ ਅਰਥ ਸ਼ਾਸਤਰੀਆਂ ਦੀ ਭਵਿੱਖਵਾਣੀ ਹੈ ਕਿ ਅਮਰੀਕਾ ਨੂੰ ਵੱਡੀ ਮਾਰ ਪੈ ਸਕਦੀ ਹੈ। ਰਾਸ਼ਟਰਪਤੀ ਆਪਣੇ ਵਿਹਾਰ ਕਾਰਨ ਪਹਿਲਾਂ ਹੀ ਸੰਸਾਰ ਸਿਹਤ ਸੰਸਥਾ ਅਤੇ ਹੋਰ ਸੰਸਥਾਵਾਂ ਨਾਲ ਟਕਰਾਓ ਵਿਚ ਹੈ। ਦੂਜੇ ਪਾਸੇ, ਚੀਨ ਹੌਲੀ-ਹੌਲੀ ਕਰਕੇ ਆਪਣਾ ਘੇਰਾ ਵਿਸ਼ਾਲ ਕਰ ਰਿਹਾ ਹੈ। ਕਰੋਨਾ ਤੋਂ ਬਾਅਦ ਪੈਦਾ ਹੋਏ ਹਾਲਾਤ ਨਾਲ ਭਾਵੇਂ ਚੀਨ ਨੂੰ ਵੀ ਤਕੜਾ ਝਟਕਾ ਲੱਗਾ ਹੈ, ਪਰ ਆਰਥਕ ਮਾਹਿਰ ਦੱਸਦੇ ਹਨ ਕਿ ਚੀਨ ਇਸ ਝਟਕੇ ਨੂੰ ਝੱਲਣ ਲਈ ਕਰੀਬ ਤਿਆਰ ਹੈ, ਜਦੋਂ ਕਿ ਅਮਰੀਕਾ ਦੀ ਹਾਲਤ ਅਜਿਹੀ ਨਹੀਂ ਹੈ। ਤੀਜੇ, ਰਾਸ਼ਟਰਪਤੀ ਦੀਆਂ ਚੋਣਾਂ ਸਿਰ ਉਤੇ ਹਨ। ਅਜਿਹੀ ਸੂਰਤ ਵਿਚ ਜੇ ਰੋਸ ਵਿਖਾਵੇ ਜਾਰੀ ਰਹਿੰਦੇ ਹਨ ਅਤੇ ਟਰੰਪ ਪ੍ਰਸ਼ਾਸਨ ਵਲੋਂ ਇਨ੍ਹਾਂ ਉਤੇ ਸਖਤੀ ਕੀਤੀ ਜਾਂਦੀ ਹੈ ਤਾਂ ਹਾਲਾਤ ਹੋਰ ਪਾਸੇ ਮੋੜਾ ਵੀ ਲੈ ਸਕਦੇ ਹਨ। ਇਹ ਸ਼ਾਇਦ ਪਹਿਲੀ ਵਾਰ ਹੈ ਕਿ ਇੰਨੇ ਘੱਟ ਸਮੇਂ ਅੰਦਰ ਅਤੇ ਇੰਨੀਆਂ ਜ਼ਿਆਦਾ ਥਾਂਵਾਂ ਉਤੇ ਤਿੱਖੇ ਰੋਸ ਵਿਖਾਵੇ ਸਾਹਮਣੇ ਆ ਰਹੇ ਹਨ। ਰਾਸ਼ਟਰਪਤੀ ਡੋਨਲਡ ਟਰੰਪ ਵਲੋਂ ਗਿਰਜੇ ਦੇ ਬਾਹਰ ਬਾਈਬਲ ਹੱਥ ਵਿਚ ਫੜ ਕੇ ਕੀਤੀ ਟਿੱਪਣੀਆਂ ਨੇ ਬਲਦੀ ਉਤੇ ਤੇਲ ਹੀ ਪਾਇਆ ਹੈ। ਅਸਲ ਵਿਚ ਸੱਜੀ ਸਿਆਸਤ ਆਪਣਾ ਰੰਗ ਦਿਖਾ ਰਹੀ ਹੈ। ਇਹ ਉਹੀ ਸਿਆਸਤ ਹੈ, ਜਿਸ ਦੇ ਸਿਰ ਉਤੇ ਡੈਰੇਕ ਚੌਵੀਨ ਵਰਗੇ ਫਿਰਕਾਪ੍ਰਸਤ ਜੌਰਜ ਫਲਾਇਡ ਵਰਗੇ ਮਾਸੂਮਾਂ ਨੂੰ ਆਪਣਾ ਸ਼ਿਕਾਰ ਬਣਾਉਂਦੇ ਹਨ। ਹੁਣ ਆਉਣ ਵਾਲਾ ਸਮਾਂ ਤੈਅ ਕਰੇਗਾ ਕਿ ਹਾਲਾਤ ਕਿਸ ਪਾਸੇ ਉਲਰਨਗੇ। ਇਸੇ ਨੇ ਮੁਲਕ ਦੀ ਸਿਆਸਤ ਦਾ ਰਾਹ ਤੈਅ ਕਰਨਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਕਰੋਨਾ-ਕਾਲ 'ਚ ਵਿਆਹ!*

ਪੰਜ ਬੰਦੇ ਆਏ ਸੀ ਬਰਾਤ ਵਿਚ 'ਬੈਂਡ' ਬਿਨਾ, ਮੇਲਿਆਂ ਦੀ ਭੀੜ ਵਾਂਗੂ ਕਾਂਵਾਂ-ਰੌਲੀ ਪਾਈ ਨਾ।
ਧੇਤਿਆਂ-ਪੁਤੇਤਿਆਂ ਨੇ ਘਰੇ ਬਹਿ ਕੇ ਚਾਹ ਛਕੀ, 'ਪੈਲੇਸਾਂ' ਨੂੰ ਦੇ ਕੇ ਲੱਖਾਂ ਖੱਲ ਵੀ ਲੁਹਾਈ ਨਾ।
ਕਲਾਕਾਰਾਂ ਅਤੇ ਵੱਜਦੇ ਡੀ. ਜੇ. ਦੇ ਅੱਗੇ ਬੈਠ, ਲੱਜਾ ਵਾਲੀ ਲੋਈ ਆਪਾਂ ਸਿਰੋਂ ਸਰਕਾਈ ਨਾ।
ਅੰਗ ਸਾਕ ਆਂਢ ਤੇ ਗੁਆਂਢ ਨੇ ਮਨਾਈ ਖੁਸ਼ੀ, ਬਾਬਲ ਪਿਆਰੇ ਵਿਹੜੇ ਚੁੱਪ ਵਰਤਾਈ ਨਾ।
ਹੋ ਗਿਆ ਅਨੰਦਾਂ ਨਾਲ 'ਕਾਰਜ ਅਨੰਦ' ਮੇਰਾ, ਨਾ ਹੀ ਕਿਸੇ ਖੌਰੂ ਪਾਇਆ, ਦਾਰੂ ਵਰਤਾਈ ਨਾ।
ਦੱਸੋ ਤਾਂ ਕਰੋਨੇ ਤਾਂਈਂ ਮਾੜਾ ਕਹਾਂ ਕਿੱਦਾਂ ਵੀਰੋ, ਵਿਆਹ ਕੇ ਮੈਨੂੰ ਬਾਪ ਮੇਰਾ ਹੋਇਆ ਕਰਜਾਈ ਨਾ!

# ਕਰੋਨਾ ਵਾਇਰਸ ਅਤੇ ਔਰਤਾਂ 'ਤੇ ਵਧ ਰਹੀ ਹਿੰਸਾ

***ਯੂ.ਐਨ. ਵੂਮੈਨ ਦੇ ਅੰਦਾਜ਼ੇ ਮੁਤਾਬਿਕ ਕੋਵਿਡ-19 ਕਾਰਨ ਆਰਥਕ ਮੰਦੀ ਦਾ ਜੋ ਦੌਰ ਸ਼ੁਰੂ ਹੋਇਆ ਹੈ, ਉਸ ਤੋਂ ਔਰਤਾਂ ਵਧੇਰੇ ਪ੍ਰਭਾਵਿਤ ਹੋਣਗੀਆਂ। ਆਮ ਤੌਰ ਤੇ ਜਿਹੜੀਆਂ ਔਰਤਾਂ ਗੈਰ-ਸੰਗਠਿਤ ਖੇਤਰ ਵਿਚ ਆਰਜ਼ੀ ਤੌਰ ਤੇ ਜਾਂ ਦਿਹਾੜੀ ਤੇ ਕੰਮ ਕਰ ਰਹੀਆਂ ਹਨ, ਉਨ੍ਹਾਂ ਨੂੰ ਪਹਿਲਾਂ ਹੀ ਘੱਟ ਉਜਰਤ ਤੇ ਰੱਖਿਆ ਜਾਂਦਾ ਹੈ। ਉਨ੍ਹਾਂ ਦੀ ਬੀਮਾ, ਪੈਨਸ਼ਨ ਆਦਿ ਵਰਗੀ ਕੋਈ ਸੁਰੱਖਿਆ ਵੀ ਨਹੀਂ ਹੁੰਦੀ। ਲੌਕਡਾਊਨ ਕਾਰਨ ਵਧੀ ਬੇਰੁਜ਼ਗਾਰੀ ਦੀ ਮਾਰ ਵੀ ਔਰਤਾਂ ਨੂੰ ਵਧੇਰੇ ਝੱਲਣੀ ਪਵੇਗੀ। ਇਬੋਲਾ ਅਤੇ ਜ਼ੀਕਾ ਵਾਇਰਸ ਫੈਲਣ ਮੌਕੇ ਵੀ ਇੰਜ ਹੀ ਹੋਇਆ ਸੀ।***

ਕੰਵਲਜੀਤ ਕੌਰ ਗਿੱਲ

ਇਤਿਹਾਸ ਗਵਾਹ ਹੈ ਕਿ ਕਿਸੇ ਵੀ ਦੇਸ਼ ਜਾਂ ਸਮਾਜ ਉਪਰ ਜਦੋਂ ਵੀ ਕੋਈ ਭੀੜ ਪੈਂਦੀ ਹੈ ਤਾਂ ਇਸ ਦਾ ਖਮਿਆਜ਼ਾ ਪਰਿਵਾਰ ਦੀਆਂ ਔਰਤਾਂ ਨੂੰ ਮਰਦਾਂ ਦੇ ਮਕਾਬਲੇ ਜ਼ਿਆਦਾ ਭੁਗਤਣਾ ਪੈਂਦਾ ਹੈ। ਯੂ.ਐਨ. ਵੂਮੈਨ ਦੇ ਅਧਿਐਨ ਅਨੁਸਾਰ ਮੌਜੂਦਾ ਕੋਵਿਡ-19 ਮਹਾਮਾਰੀ ਦੌਰਾਨ ਔਰਤਾਂ ਅਤੇ ਲੜਕੀਆਂ ਉਤੇ ਹਿੰਸਾ, ਖਾਸ ਤੌਰ ਤੇ ਘਰੇਲੂ ਹਿੰਸਾ ਦੀਆਂ ਘਟਨਾਵਾਂ ਵਿਚ ਵਾਧਾ ਹੋ ਰਿਹਾ ਹੈ। 17 ਮਾਰਚ 2020 ਤੋਂ ਹੁਣ ਤਕ ਫਰਾਂਸ ਵਿਚ ਹੈਲਪਲਾਈਨਾਂ ਉਪਰ ਹਿੰਸਾ ਦੀਆਂ ਘਟਨਾਵਾਂ 30 ਫੀਸਦ, ਸਾਈਪਰਸ ਤੇ ਸਿੰਗਾਪੁਰ ਵਿਚ ਕ੍ਰਮਵਾਰ 30 ਤੇ 33 ਫੀਸਦ ਦਰਜ ਕੀਤੀਆਂ ਗਈਆਂ। ਅਰਜਨਟਾਈਨਾ ਵਿਚ ਘਰੇਲੂ ਹਿੰਸਾ ਕਾਰਨ ਕੀਤੀਆਂ ਜਾਂਦੀਆਂ ਟੈਲੀਫੋਨ ਕਾਲਾਂ ਵਿਚ 25 ਫੀਸਦ ਵਾਧਾ ਹੋਇਆ ਹੈ। ਇਵੇਂ ਹੀ ਕੈਨੇਡਾ, ਜਰਮਨੀ, ਸਪੇਨ, ਯੂ.ਕੇ. ਅਤੇ ਅਮਰੀਕਾ ਵਿਚ ਘਰੇਲੂ ਹਿੰਸਾ ਤੋਂ ਪੀੜਤ ਔਰਤਾਂ ਨੇ ਘਰ ਤੋਂ ਬਾਹਰ ਸ਼ੈੱਲਟਰ ਘਰਾਂ ਵਿਚ ਰਹਿਣ ਨੂੰ ਤਰਜੀਹ ਦਿਤੀ। ਭਾਰਤ ਵਿਚ ਵੀ ਅਨੇਕਾਂ ਤਬਕਿਆਂ ਨਾਲ ਸਬੰਧਤ ਔਰਤਾਂ ਉਤੇ ਹਿੰਸਾ ਦੀਆਂ ਘਟਨਾਵਾਂ ਰੋਜ਼ਾਨਾ ਹੀ ਅਖਬਾਰਾਂ ਦੀਆਂ ਸੁਰਖੀਆਂ ਬਣ ਰਹੀਆਂ ਹਨ।

ਇਕ ਪਾਸੇ ਸਾਰਾ ਦੇਸ਼ ਮਹਾਮਾਰੀ ਨਾਲ ਲੜ ਰਿਹਾ ਹੈ, ਦੂਜੇ ਪਾਸੇ ਔਰਤਾਂ ਨੂੰ ਇਸ ਦਾ ਦੂਹਰਾ ਤੀਹਰਾ ਬੋਝ ਝੱਲਣਾ ਪੈ ਰਿਹਾ ਹੈ। ਕੰਮ ਕਾਜੀ ਔਰਤਾਂ ਨੇ ਇਸ ਲੌਕਡਾਊਨ ਤਹਿਤ ਘਰੇ ਰਹਿਣ ਨੂੰ ਇਕ ਵਾਰ ਤਾਂ ਰੋਜ਼ਾਨਾ ਕੰਮ ਤੋਂ ਬਰੇਕ ਜਾਂ ਛੁੱਟੀ ਵਜੋਂ ਲਿਆ; ਉਹ ਖੁਸ਼ ਸਨ ਕਿ ਹੁਣ ਉਹ ਆਪਣੇ ਘਰ ਪਰਿਵਾਰ, ਬੱਚਿਆਂ, ਬਜ਼ੁਰਗਾਂ ਨੂੰ ਵਧੇਰੇ ਸਮਾਂ ਦੇ ਰਹੀਆਂ ਹਨ, ਘਰ ਦੀ ਸਾਂਭ ਸੰਭਾਲ ਵਧੇਰੇ ਸੁਚੱਜੇ ਢੰਗ ਨਾਲ ਹੋ ਰਹੀ ਹੈ ਜਾਂ ਜਿਹੜੇ ਕੰਮ ਸਮੇਂ ਦੀ ਘਾਟ ਕਾਰਨ ਨਹੀਂ ਹੋ ਰਹੇ ਸਨ, ਉਹ ਨਿਬੇੜੇ ਜਾ ਰਹੇ ਹਨ।

ਇਹੋ ਜਿਹਾ ਰੁਝਾਨ ਬਰੇਕ ਦੇ ਤੌਰ 'ਤੇ ਤਾਂ ਸਹੀ ਜਾਪਦਾ ਹੈ ਪਰ ਹੁਣ ਪੰਜਵੀ ਵਾਰ ਲੌਕਡਾਊਨ ਦਾ ਐਲਾਨ ਹੋਣ ਨਾਲ ਇਹੀ ਕੰਮ ਬੋਝ ਦਾ ਰੂਪ ਧਾਰ ਗਿਆ ਹੈ। ਘਰੇਲੂ ਕੰਮ ਵਾਸਤੇ ਬਾਹਰੋਂ ਲਈ ਜਾਂਦੀ ਮਦਦ ਬੰਦ ਹੋਣ ਕਾਰਨ ਝਾੜੂ ਪੋਚਾ, ਭਾਂਡਿਆਂ ਦੀ ਸਫਾਈ, ਕੱਪੜੇ ਧੋਣੇ, ਰਸੋਈ ਦਾ ਸਾਰਾ ਹੀ ਕੰਮ ਹੁਣ ਘਰ ਦੀ ਗ੍ਰਹਿਣੀ ਉਪਰ ਆਣ ਪਿਆ ਹੈ। ਕੰਮ ਕਾਜੀ ਔਰਤਾਂ ਜਿਨ੍ਹਾਂ ਵਿਚ ਅਧਿਆਪਕ, ਕਲਰਕ ਜਾਂ ਦਫਤਰਾਂ ਵਿਚ ਉਚ ਅਹੁਦਿਆਂ ਉਪਰ ਕੰਮ ਕਰਦੀਆਂ ਔਰਤਾਂ, ਪ੍ਰਾਈਵੇਟ ਅਦਾਰਿਆਂ ਜਾਂ ਕੰਪਨੀਆਂ ਵਿਚ ਲੱਗੀਆਂ ਔਰਤਾਂ ਸ਼ਾਮਿਲ ਹਨ, ਸਾਰੀਆਂ ਦਾ ਕੰਮ ਵਧ ਗਿਆ। ਉਹ ਆਨਲਾਈਨ ਤਾਂ ਸਾਰੀ ਡਿਊਟੀ ਕਰ ਹੀ ਰਹੀਆਂ ਹਨ, ਨਾਲ ਹੀ ਕਿਉਂਕਿ ਉਹ ਘਰ ਵਿਚ ਮੌਜੂਦ ਹਨ, ਇਸ ਵਾਸਤੇ ਘਰ ਦੇ ਸਾਰੇ ਮੈਂਬਰਾਂ ਦੀਆਂ ਮੰਗਾਂ ਦੀ ਪੂਰਤੀ ਦੀ ਆਸ ਵੀ ਉਸੇ ਪਾਸੋਂ ਕੀਤੀ ਜਾਂਦੀ ਹੈ। ਘਰ ਦੇ ਮਰਦ ਜੋ ਪਹਿਲਾਂ ਸਾਰਾ ਦਿਨ ਘਰੋਂ ਬਾਹਰ ਰਹਿੰਦੇ ਸਨ ਅਤੇ ਬੱਚੇ ਸਕੂਲ, ਹੁਣ ਉਨ੍ਹਾਂ ਦੀਆਂ ਵੀ ਨਿਤ ਨਵੀਆਂ ਮੰਗਾਂ ਆ ਰਹੀਆਂ ਹਨ। ਇਸ ਰੁਝਾਨ ਨਾਲ ਔਰਤਾਂ ਉਪਰ ਸਰੀਰਕ ਬੋਝ ਦੇ ਨਾਲ ਨਾਲ ਮਾਨਸਿਕ ਬੋਝ ਅਤੇ ਤਣਾਅ ਵਧਿਆ ਹੈ। ਹਿੰਸਾ ਕੇਵਲ ਮਾਰ ਕੁਟਾਈ ਜਾਂ ਜਿਨਸੀ ਸ਼ੋਸ਼ਣ ਹੀ ਨਹੀਂ ਹੁੰਦਾ, ਸਮਾਜਿਕ ਭਾਵਨਾਤਮਿਕ ਅਤੇ ਮਨੋਵਿਗਿਆਨਕ ਵੀ ਹੁੰਦਾ ਹੈ, ਕਿਉਂਕਿ ਇਹ ਆਰਥਿਕ, ਸਿਆਸੀ ਅਤੇ ਸਮਾਜਿਕ ਸ਼ੋਸ਼ਣ ਦੀਆਂ ਪ੍ਰਵਿਰਤੀਆਂ ਵਿਚੋਂ ਉਪਜਦਾ ਹੈ। ਮਰਦ ਪ੍ਰਧਾਨ ਸਮਾਜ ਵਿਚ ਔਰਤ ਨੂੰ ਕਦੀ ਵੀ ਬਰਾਬਰੀ ਦਾ ਦਰਜਾ ਨਹੀਂ ਮਿਲਿਆ। ਗਰੀਬ ਤਬਕੇ ਦੀਆਂ ਔਰਤਾਂ ਜੋ ਮਧ ਵਰਗ ਅਤੇ ਉਚ ਵਰਗ ਦੇ ਘਰਾਂ ਵਿਚ ਕੰਮ ਆਦਿ ਕਰਕੇ ਥੋੜ੍ਹਾ ਬਹੁਤ ਕਮਾਉਂਦੀਆਂ ਸਨ ਜਾਂ ਭਵਨ ਉਸਾਰੀ ਦੇ ਕੰਮਾਂ ਵਿਚ ਦਿਹਾੜੀ ਕਰਦੀਆਂ ਸਨ, ਕੰਮ ਬੰਦ ਹੋਣ ਕਾਰਨ ਉਹ ਵਧੇਰੇ ਸੰਤਾਪ ਭੋਗ ਰਹੀਆਂ ਹਨ। ਇਨ੍ਹਾਂ ਪਰਿਵਾਰਾਂ ਵਿਚ ਆਰਥਿਕ ਤੰਗੀ ਵਧਣ ਕਾਰਨ ਮਾਰ ਕੁਟਾਈ ਦੀਆਂ ਘਟਨਾਵਾਂ ਵਧੀਆਂ ਹਨ। ਗਰੀਬੀ ਅਤੇ ਭੁਖਮਰੀ ਦੀ ਮਾਰ ਵੀ ਔਰਤਾਂ ਨੂੰ ਹੀ ਜ਼ਿਆਦਾ ਝੱਲਣੀ ਪੈ ਰਹੀ ਹੈ।



ਅੰਕੜੇ ਦੱਸਦੇ ਹਨ ਕਿ 112 ਨੰਬਰ ਤੇ ਹੋਣ ਵਾਲੇ ਫੋਨਾਂ ਦੀ ਗਿਣਤੀ ਵਿਚ ਕਈ ਗੁਣਾ ਵਾਧਾ ਹੋਇਆ ਹੈ ਪਰ ਨਾਲ ਹੀ ਪ੍ਰੇਸ਼ਾਨੀ ਇਹ ਵੀ ਹੈ ਕਿ ਇਨ੍ਹਾਂ ਘਟਨਾਵਾਂ ਦੀ ਗਿਣਤੀ ਵਧਣ ਕਾਰਨ ਸਾਰੀਆਂ ਕਾਲਾਂ ਅਟੈਂਡ ਕਰਨਾ ਸੰਭਵ ਨਹੀਂ। ਹੋਰ ਵੀ ਸਮਾਜਿਕ ਸਰੋਤ ਜਿਨ੍ਹਾਂ ਤੋਂ ਔਰਤਾਂ ਸਹਾਇਤਾ ਆਦਿ ਪ੍ਰਾਪਤ ਕਰ ਸਕਦੀਆਂ ਹਨ, ਹੁਣ ਪਹੁੰਚ ਤੋਂ ਬਾਹਰ ਹੋ ਗਏ; ਜਿਵੇਂ ਆਪਸੀ ਮਿਲਣਾ ਵਰਤਣਾ, ਅਧਿਆਪਕਾਂ ਨਾਲ ਸਲਾਹ ਮਸ਼ਵਰਾ, ਸਿਹਤ ਵਰਕਰ, ਸਮਾਜ ਭਲਾਈ ਮਹਿਲਾ ਵਰਕ ਆਦਿ। ਗਰੀਬ ਤਬਕੇ ਦੀਆਂ ਬਹੁਤੀਆਂ ਔਰਤਾਂ ਕੋਲ ਤਾਂ ਸ਼ਿਕਾਇਤ ਕਰਨ ਵਾਸਤੇ ਨਿਜੀ ਮੋਬਾਇਲ ਫੋਨ ਆਦਿ ਵੀ ਨਹੀਂ, ਜਾਂ ਪਰਿਵਾਰ ਦੇ ਮਰਦ ਮੈਂਬਰ ਅਕਸਰ ਉਨ੍ਹਾਂ ਦੀ ਪੁਰਾਣੀ ਹਿਸਟਰੀ ਸ਼ੱਕੀ ਨਿਗ੍ਹਾ ਨਾਲ ਘੋਖਦੇ ਰਹਿੰਦੇ ਹਨ।

ਇਸ ਤੋਂ ਇਲਾਵਾ ਜਿਹੜੀਆਂ ਔਰਤਾਂ ਲੈਪਟਾਪ ਆਦਿ ਦੀ ਵਰਤੋਂ ਕਰਦੀਆਂ ਹਨ, ਉਹ ਆਨਲਾਈਨ ਹਿੰਸਾ ਦਾ ਸ਼ਿਕਾਰ ਹੋ ਰਹੀਆਂ ਹਨ। ਆਨਲਾਈਨ ਮੀਟਿੰਗ ਬਹਾਨੇ ਅਸ਼ਲੀਲ ਵੀਡਿਓ, ਫੋਟੋਆਂ ਭੇਜਣੀਆਂ ਆਮ ਵਰਤਾਰਾ ਹੈ। ਸਰੀਰਕ ਦੂਰੀ ਅਤੇ ਲੌਕਡਾਊਨ ਦੌਰਾਨ ਸੜਕਾਂ ਬਾਜ਼ਾਰ ਆਦਿ ਖਾਲੀ ਹਨ। ਹਾਲਾਤ ਦਾ ਨਾਜਾਇਜ਼ ਫਾਇਦਾ ਉਠਾਉਂਦੇ ਹੋਏ ਕੁਝ ਸਮਾਜ ਵਿਰੋਧੀ ਅਨਸਰ ਜ਼ਰੂਰੀ ਸੇਵਾਵਾਂ ਲਈ ਜਾ ਰਹੀਆਂ ਔਰਤਾਂ ਉਪਰ ਸਰੀਰਕ ਹਮਲੇ ਕਰਦੇ ਹਨ ਜਾਂ ਲੁੱਟ ਖੋਹ ਦੀਆਂ ਵਾਰਦਾਤਾਂ ਨੂੰ ਅੰਜਾਮ ਦੇ ਰਹੇ ਹਨ। ਕੰਮ ਉਤੇ ਜਾ ਰਹੀਆਂ ਔਰਤਾਂ ਦਾ ਪਿੱਛਾ ਕਰਨਾ, ਛੇੜਛਾੜ ਕਰਕੇ ਮਾਨਸਿਕ ਤੌਰ ਤੇ ਪ੍ਰੇਸ਼ਾਨ ਕਰਨ ਦੀਆਂ ਘਟਨਾਵਾਂ ਵੀ ਵਧੀਆਂ ਹਨ। ਉਦੋਂ ਹਾਲਾਤ ਹੋਰ ਵੀ ਚਿੰਤਾਜਨਕ ਹੋ ਜਾਂਦੇ ਹਨ ਜਦੋਂ ਪੀੜਤ ਮਹਿਲਾ ਦੀ ਸ਼ਿਕਾਇਤ ਉਪਰ ਇਸ ਕਰਕੇ ਤਵੱਜੋਂ ਨਹੀਂ ਦਿਤੀ ਜਾਂਦੀ ਕਿਉਂਕਿ ਦੇਸ਼ ਕਰੋਨਾ ਦੀ ਮਹਾਮਾਰੀ ਦਾ ਪਹਿਲ ਦੇ ਆਧਾਰ ਤੇ ਮੁਕਾਬਲਾ ਕਰ ਰਿਹਾ ਹੈ। ਮਾਨਸਿਕ ਜਾਂ ਸਰੀਰਕ ਸ਼ੋਸ਼ਣ ਤੋਂ ਪੀੜਤ ਔਰਤ ਨੂੰ ਸੁਣਨ ਦੀ ਬਜਾਇ ਕਰੋਨਾ ਦੇ ਮਰੀਜ਼ ਦੀ ਕਾਊਂਸਲਿੰਗ ਕਰਨਾ ਜਾਂ ਡਾਕਟਰੀ ਸਹਾਇਤਾ ਦੇਣਾ ਵਧੇਰੇ ਜ਼ਰੂਰੀ ਸਮਝਿਆ ਜਾ ਰਿਹਾ ਹੈ।

ਔਰਤ ਉਤੇ ਹਿੰਸਾ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ। ਇਸ ਨਾਲ ਕੇਵਲ ਪੀੜਤ ਔਰਤ ਹੀ ਨਹੀਂ ਬਲਕਿ ਉਸ ਦਾ ਪਰਿਵਾਰ, ਆਲਾ-ਦੁਆਲਾ ਅਤੇ ਸਮੁੱਚਾ ਸਮਾਜ ਪ੍ਰਭਾਵਿਤ ਹੁੰਦਾ ਹੈ। ਯੂ.ਐਨ. ਵੂਮੈਨ ਦੇ ਅੰਦਾਜ਼ੇ ਮੁਤਾਬਿਕ ਕੋਵਿਡ-19 ਕਾਰਨ ਆਰਥਿਕ ਮੰਦੀ ਦਾ ਜੋ ਦੌਰ ਸ਼ੁਰੂ ਹੋਇਆ ਹੈ, ਉਸ ਤੋਂ ਔਰਤਾਂ ਵਧੇਰੇ ਪ੍ਰਭਾਵਿਤ ਹੋਣਗੀਆਂ। ਆਮ ਤੌਰ ਤੇ ਜਿਹੜੀਆਂ ਔਰਤਾਂ ਗੈਰ-ਸੰਗਠਿਤ ਖੇਤਰ ਵਿਚ ਆਰਜ਼ੀ ਤੌਰ ਤੇ ਜਾਂ ਦਿਹਾੜੀ ਤੇ ਕੰਮ ਕਰ ਰਹੀਆਂ ਹਨ, ਉਨ੍ਹਾਂ ਨੂੰ ਪਹਿਲਾਂ ਹੀ ਘੱਟ ਉਜਰਤ ਤੇ ਰੱਖਿਆ ਜਾਂਦਾ ਹੈ। ਉਨ੍ਹਾਂ ਦੀ ਬੀਮਾ, ਪੈਨਸ਼ਨ ਆਦਿ ਵਰਗੀ ਕੋਈ ਸੁਰੱਖਿਆ ਵੀ ਨਹੀਂ ਹੁੰਦੀ। ਲੌਕਡਾਊਨ ਕਾਰਨ ਵਧੀ ਬੇਰੁਜ਼ਗਾਰੀ ਦੀ ਮਾਰ ਵੀ ਔਰਤਾਂ ਨੂੰ ਵਧੇਰੇ ਝੱਲਣੀ ਪਵੇਗੀ। ਇਬੋਲਾ ਅਤੇ ਜ਼ੀਕਾ ਵਾਇਰਸ ਫੈਲਣ ਮੌਕੇ ਵੀ ਇੰਜ ਹੀ ਹੋਇਆ ਸੀ।

ਦਿਮਾਗੀ ਪ੍ਰੇਸ਼ਾਨੀ, ਤਣਾਓ ਤੇ ਕੰਮ ਦਾ ਵਧਿਆ ਬੋਝ ਸਰੀਰਕ, ਮਾਨਸਿਕ ਅਤੇ ਮਨੋਵਿਗਿਆਨਕ ਬਿਮਾਰੀਆਂ ਵਧਾਉਂਦੇ ਹਨ। ਇਨ੍ਹਾਂ ਬਿਮਾਰੀਆਂ ਦਾ ਮੈਡੀਕਲ ਸਾਇੰਸ ਅਨੁਸਾਰ ਆਪਸ ਵਿਚ ਕੋਈ ਸਬੰਧ ਨਹੀਂ ਹੁੰਦਾ। ਬਦਲੇ ਹੋਏ ਹਾਲਾਤ ਵਿਚ ਔਰਤ ਪਾਸੋਂ ਸਾਧਾਰਨ ਵਰਤਾਰੇ ਅਤੇ ਹੁੰਗਾਰੇ ਦੀ ਆਸ ਕਰਨਾ ਉਸ ਦੇ ਨਿਜ ਨਾਲ ਜ਼ਿਆਦਤੀ ਹੋਵੇਗੀ, ਭਾਵ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋਵੇਗੀ। ਅਜਿਹੀ ਹਾਲਤ ਨਾਲ ਨਜਿੱਠਣ ਵਾਸਤੇ ਚਾਹੀਦਾ ਹੈ ਕਿ ਸਭ ਤੋਂ ਪਹਿਲਾਂ ਹਿੰਸਾ ਦੀਆਂ ਘਟਨਾਵਾਂ ਬਾਰੇ ਸੰਜੀਦਗੀ ਨਾਲ ਜਾਣਕਾਰੀ ਇਕੱਠੀ ਕਰਨਾ ਕਿ ਇਨ੍ਹਾਂ ਘਟਨਾਵਾਂ ਦੇ ਕਾਰਨ ਕੀ ਹਨ। ਆਮ ਵਰਤਾਰੇ ਅਤੇ ਬਦਲੇ ਹੋਏ ਹਾਲਾਤ ਵਿਚ ਕੀ ਅੰਤਰ ਆਇਆ ਹੈ, ਇਹ ਫਰਕ ਕਰਨਾ ਜ਼ਰੂਰੀ ਹੈ। ਧਿਆਨ ਰੱਖਣਾ ਪਵੇਗਾ ਕਿ ਇਸ ਨਾਲ ਸਮੱਸਿਆ ਹੋਰ ਵੀ ਪੇਚੀਦਾ ਨਾ ਹੋ ਜਾਵੇ।

ਔਰਤਾਂ ਖ਼ਿਲਾਫ ਵਧ ਰਹੀ ਹਿੰਸਾ ਦੀਆਂ ਘਟਨਾਵਾਂ ਦੇ ਹੱਲ ਵਾਸਤੇ ਵੱਖਰੇ ਤੌਰ 'ਤੇ ਵਿਤੀ ਸਰੋਤ ਰੱਖੇ ਜਾਣ, ਦਿਮਾਗੀ ਤੌਰ 'ਤੇ ਪ੍ਰੇਸ਼ਾਨ ਔਰਤਾਂ ਵਾਸਤੇ ਮਨੋਵਿਗਿਆਨਕ ਸਲਾਹ ਮਸ਼ਵਰੇ ਦੀ ਸਹੂਲਤ ਦੇ ਨਾਲ ਨਾਲ ਪਹਿਲਾਂ ਤੋਂ ਮੌਜੂਦ ਸੇਵਾਵਾਂ ਤੇ ਢਾਂਚੇ ਨੂੰ ਹੋਰ ਮਜ਼ਬੂਤ ਕੀਤਾ ਜਾਵੇ। 112 ਨੰਬਰ ਦੀਆਂ ਟੈਲੀਫੋਨ ਲਾਈਨਾਂ 24 ਘੰਟੇ ਖੁੱਲ੍ਹੀਆਂ ਰੱਖੀਆਂ ਜਾਣ, ਸ਼ਿਕਾਇਤ ਨਿਵਾਰਨ ਸਬੰਧੀ ਤੁਰੰਤ ਕਾਰਵਾਈ ਦੀ ਹਦਾਇਤ ਹੋਵੇ। ਇਸ ਦੇ ਨਾਲ ਨਾਲ ਸਭ ਤੋਂ ਜ਼ਰੂਰੀ ਹੈ ਕਿ ਪੁਲੀਸ ਪ੍ਰਸ਼ਾਸਨ, ਹਸਪਤਾਲਾਂ ਤੇ ਹੋਰ ਕੰਪਨੀਆਂ 'ਚ ਕੰਮ ਕਰਦੇ ਮਰਦ ਕਰਮਚਾਰੀਆਂ ਨੂੰ ਔਰਤਾਂ ਦੇ ਅਧਿਕਾਰਾਂ ਬਾਰੇ ਜਾਗਰੂਕ ਕੀਤਾ ਜਾਵੇ ਤਾਂ ਕਿ ਇਕ ਦੂਜੇ ਦੀਆਂ ਭਾਵਨਾਵਾਂ ਨੂੰ ਸਮਝਿਆ ਜਾ ਸਕੇ। ਇਸ ਵਾਸਤੇ ਮਰਦਾਂ ਦਾ ਔਰਤਾਂ ਪ੍ਰਤੀ ਨਜ਼ਰੀਆ ਅਤੇ ਮਾਨਸਿਕਤਾ ਬਦਲਣ ਦੀ ਲੋੜ ਹੈ।

ਇਹ ਤਦ ਹੀ ਸੰਭਵ ਹੈ, ਜੇ ਔਰਤਾਂ ਉਤੇ ਹਿੰਸਾ ਦੇ ਕੇਸ ਦੇ ਫੈਸਲਿਆਂ ਵਿਚ ਔਰਤਾਂ ਦੀ ਸ਼ਮੂਲੀਅਤ ਹੋਵੇ, ਘਰੇਲੂ ਕੰਮ ਕਾਜ ਜੋ ਹੁਣ ਵਧਿਆ ਹੋਇਆ ਹੈ, ਉਸ ਦੀ ਅਹਿਮੀਅਤ ਨੂੰ ਸਮਝਦਿਆਂ ਇਸ ਕੰਮ ਦਾ ਸਤਿਕਾਰ ਕੀਤਾ ਜਾਵੇ ਅਤੇ ਇਸ ਮਹਾਮਾਰੀ ਦੇ ਪੈ ਰਹੇ ਸਮਾਜਿਕ ਤੇ ਆਰਥਿਕ ਪ੍ਰਭਾਵਾਂ ਨੂੰ ਹੱਲ ਕਰਨ ਵਾਸਤੇ ਵਿਤੀ ਸਹਾਇਤਾ ਮੁਹੱਈਆ ਕਰਨ ਵੇਲੇ ਇਸ ਨੂੰ ਔਰਤ ਦੇ ਦ੍ਰਿਸ਼ਟੀਕੋਣ ਤੋਂ ਦੇਖਿਆ ਜਾਵੇ।

# ਕਸ਼ਮੀਰ, ਜਿਥੇ ਔਰਤਾਂ ਦੀ ਨੀਂਦ ਉਡ ਚੁਕੀ ਹੈ...

ਜੰਮੂ-ਕਸ਼ਮੀਰ ਅਗਸਤ 2019 ਤੋਂ ਲੈ ਕੇ ਲੌਕਡਾਊਨ ਹੈ। ਮਈ ਮਹੀਨੇ ਦੇ ਸ਼ੁਰੂ ਤੋਂ ਕਸ਼ਮੀਰ ਘਾਟੀ ਵਿਚ ਜਬਰ ਦਾ ਸਿਲਸਿਲਾ ਤੇਜ਼ ਹੋਇਆ ਹੈ। ਭਾਰਤੀ ਸਲਾਮਤੀ ਦਸਤਿਆਂ ਵੱਲੋਂ ਇਕ ਨੌਜਵਾਨ ਦੀ ਹੱਤਿਆ ਦਾ ਮਾਮਲਾ ਵੀ ਸਾਹਮਣੇ ਆਇਆ। ਇਲਜ਼ਾਮ ਇਹ ਲਗਾਇਆ ਗਿਆ ਕਿ ਉਹ ਨਾਕੇ ਉਪਰ ਰੁਕਿਆ ਨਹੀਂ ਸੀ, ਚਸ਼ਮਦੀਦ ਗਵਾਹ ਇਸ ਨੂੰ ਰੱਦ ਕਰਦੇ ਹਨ। 'ਸਟੈਂਡ ਵਿਦ ਕਸ਼ਮੀਰ' ਅਤੇ 'ਦਿ ਕਸ਼ਮੀਰ ਵਾਲਾ' ਦੀਆਂ ਜ਼ਮੀਨੀ ਹਾਲਾਤ ਬਾਰੇ ਰਿਪੋਰਟਾਂ ਰੌਂਗਟੇ ਖੜ੍ਹੇ ਕਰਨ ਵਾਲੀਆਂ ਹਨ। ਇਹਨਾਂ ਵਿਚ ਖੁਲਾਸਾ ਕੀਤਾ ਗਿਆ ਹੈ ਕਿ ਕੇਂਦਰੀ ਕਸ਼ਮੀਰ ਦੇ ਬਡਗਾਮ ਜ਼ਿਲੇ ਵਿਚ ਦਸ ਦਿਨਾਂ 'ਚ ਭਾਰਤੀ ਸਲਾਮਤੀ ਦਸਤਿਆਂ ਅਤੇ ਜੰਮੂ-ਕਸ਼ਮੀਰ ਪੁਲਿਸ ਨੇ ਤਲਾਸ਼ੀ ਦੇ ਬਹਾਨੇ ਇਕ ਪੂਰਾ ਪਿੰਡ ਹੀ ਨਹਿਸ-ਨਹਿਸ ਕਰ ਦਿੱਤਾ ਅਤੇ ਇਸ ਦੇ ਬਾਸ਼ਿੰਦਿਆਂ ਨੂੰ ਲਗਾਤਾਰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। 15000 ਦੀ ਵਸੋਂ ਵਾਲੇ ਨਸਰੁੱਲਾ ਪੋਰਾ ਪਿੰਡ ਵਿਚ ਭਾਰਤੀ ਸਲਾਮਤੀ ਦਸਤਿਆਂ ਅਤੇ


**ਬੂਟਾ ਸਿੰਘ**
ਫੋਨ: +91-94634-74342


ਜੰਮੂ-ਕਸ਼ਮੀਰ ਪੁਲਿਸ ਨੇ 8 ਮਈ ਨੂੰ ਰਾਤਾਂ ਨੂੰ ਛਾਪੇ ਮਾਰਨ ਦਾ ਸਿਲਸਿਲਾ ਚਲਾਇਆ, ਉਸ ਨੂੰ ਲੈ ਕੇ ਪਿੰਡ ਦੀਆਂ ਔਰਤਾਂ ਬੁਰੀ ਤਰ੍ਹਾਂ ਭੈਭੀਤ ਹਨ। ਇਸ ਪਿੰਡ ਵਿਚ ਔਰਤਾਂ ਖੌਫ ਅਤੇ ਦਹਿਸ਼ਤ ਦੇ ਸਾਏ ਹੇਠ ਜੀਅ ਰਹੀਆਂ ਹਨ।

ਸਥਾਨਕ ਬਾਸ਼ਿੰਦਿਆਂ ਅਨੁਸਾਰ 8 ਮਈ ਨੂੰ ਜੁੰਮੇ ਦੇ ਦਿਨ ਇਕ ਪੁਲਿਸ ਅਧਿਕਾਰੀ ਮੀਰ ਮੁਹੱਲਾ ਦੀ ਜਾਮੀਆ ਮਸਜਿਦ ਵਿਚ ਗਿਆ, ਬਿਨਾਂ ਜੁੱਤੀ ਲਾਹੇ ਮੁਲਾਜ਼ਮਾਂ ਸਮੇਤ ਅੰਦਰ ਜਾ ਵੜਿਆ ਅਤੇ ਉਥੇ ਮੌਜੂਦ ਲੋਕਾਂ ਨੂੰ ਬਿਨਾਂ ਨਮਾਜ਼ ਪੜ੍ਹੇ ਉਥੋਂ ਚਲੇ ਜਾਣ ਲਈ ਕਿਹਾ। ਅਧਿਕਾਰੀ ਨੇ ਉਹਨਾਂ ਨੂੰ ਗੋਲੀ ਮਾਰਨ ਦੀ ਧਮਕੀ ਦਿੱਤੀ ਅਤੇ ਉਸ ਦੇ ਇਕ ਮਾਤਹਿਤ ਨੇ ਬਾਹਰੋਂ ਮਸਜਿਦ ਦਾ ਦਰਵਾਜ਼ਾ ਬੰਦ ਕਰਕੇ ਜੰਦਰਾ ਲਗਾ ਦਿੱਤਾ। ਇਸ ਤੋਂ ਪਿਛਲੇ ਜੁੰਮੇ ਦੇ ਦਿਨ ਵੀ ਇਕ ਮਸਜਿਦ ਵਿਚ ਪੁਲਿਸ ਵਲੋਂ ਕੋਵਿਡ-19 ਦਾ ਬਹਾਨਾ ਬਣਾ ਕੇ ਇਸੇ ਪਿੰਡ ਦੇ ਲੋਕਾਂ ਨੂੰ ਨਮਾਜ਼ ਅਦਾ ਕਰਨ ਤੋਂ ਰੋਕਣ ਦੀ ਘਟਨਾ ਵਾਪਰ ਚੁੱਕੀ ਸੀ। ਇਸ 'ਤੇ ਕੁਝ ਨੌਜਵਾਨ ਭੜਕ ਗਏ। ਕੁਝ ਲੋਕਾਂ ਨੇ ਪਥਰਾਓ ਸ਼ੁਰੂ ਕਰ ਦਿੱਤਾ। ਬਾਕੀ ਪੁਲਿਸ ਤਾਂ ਬਚ ਕੇ ਨਿਕਲ ਗਈ ਲੇਕਿਨ ਅੰਦਰ ਘਿਰੇ ਪੁਲਿਸ ਅਧਿਕਾਰੀ ਦੇ ਸੱਟਾਂ ਲੱਗ ਗਈਆਂ।

ਪ੍ਰਸ਼ਾਸਨ ਨੇ ਇਸ ਨੂੰ ਬਹਾਨਾ ਬਣਾ ਲਿਆ ਅਤੇ ਇਸ ਦੀ ਸਜ਼ਾ ਪੂਰੇ ਪਿੰਡ ਨੂੰ ਦਿੱਤੀ ਗਈ।

ਪਿੰਡ ਵਾਲੇ ਕਹਿੰਦੇ ਹਨ ਇਸ ਘਟਨਾ ਤੋਂ ਬਾਅਦ ਅਜ਼ਾਨ ਬੰਦ ਕਰ ਦਿੱਤੀ ਗਈ ਹੈ। ਉਦੋਂ ਤੋਂ ਕੋਈ ਵੀ ਮਸਜਿਦ ਵਿਚ ਨਹੀਂ ਜਾਂਦਾ। ਇਸ ਨਾਲ ਰੋਜ਼ੇ ਰੱਖਣੇ ਵੀ ਮੁਸ਼ਕਿਲ ਹੋ ਗਏ ਹਨ। ਜਿਉਂ ਹੀ ਹਨੇਰਾ ਹੋਣ ਲੱਗਦਾ ਹੈ, ਤਮਾਮ ਨੌਜਵਾਨ ਅਤੇ ਬਜ਼ੁਰਗ ਇਸ ਡਰੋਂ ਪਿੰਡ ਛੱਡ ਜਾਂਦੇ ਹਨ ਕਿ ਜੇ ਪੁਲਿਸ ਆ ਗਈ ਤਾਂ ਉਹਨਾਂ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ। ਘਰਾਂ ਵਿਚ ਸਿਰਫ ਔਰਤਾਂ ਰਹਿ ਜਾਂਦੀਆਂ ਹਨ।

ਉਸ ਰਾਤ ਨੂੰ ਬਦਲਾਲਊ ਇਰਾਦੇ ਨਾਲ ਸਾਢੇ ਗਿਆਰਾਂ ਵਜੇ ਸੈਂਕੜੇ ਸਲਾਮਤੀ ਦਸਤਿਆਂ ਵੱਲੋਂ ਛਾਪਾ ਮਾਰ ਕੇ ਪਿੰਡ ਵਿਚ ਬੁਰੀ ਤਰ੍ਹਾਂ ਭੰਨਤੋੜ ਕੀਤੀ ਗਈ। ਘਰਾਂ ਦੇ ਬਾਹਰ ਖੜ੍ਹੇ ਕੀਤੇ ਵਾਹਨ, ਘਰਾਂ ਅਤੇ ਦੁਕਾਨਾਂ ਦੇ ਦਰਵਾਜ਼ੇ ਤੋੜ ਦਿੱਤੇ ਗਏ। ਖਾਣਪੀਣ ਦਾ ਸਮਾਨ ਖਰਾਬ ਕਰ ਦਿੱਤਾ ਗਿਆ ਅਤੇ ਘਰਾਂ ਦੇ ਸਮਾਨ ਨੂੰ ਅੱਗ ਲਾ ਦਿੱਤੀ ਗਈ। 'ਸਟੈਂਡ ਵਿਦ ਕਸ਼ਮੀਰ' ਦੀ ਰਿਪੋਰਟ ਅਨੁਸਾਰ ਅਧਿਕਾਰੀਆਂ ਨੇ ਰਸਦ ਘਰਾਂ ਤੋਂ ਬਾਹਰ ਸੁੱਟ ਦਿੱਤੀ, ਖਾਣ-ਪੀਣ ਦੀਆਂ ਚੀਜ਼ਾਂ ਵਿਚ ਮਿੱਟੀ ਦਾ ਤੇਲ ਅਤੇ ਲਾਲ ਮਿਰਚ ਰਲਾ ਦਿੱਤੇ ਗਏ। ਪਿੰਡ ਦੇ ਲੋਕ ਗ੍ਰਿਫਤਾਰੀਆਂ ਅਤੇ ਤਸ਼ੱਦਦ ਤੋਂ ਬਚਣ ਲਈ ਘਰ ਛੱਡ ਕੇ ਭੱਜ ਗਏ। 'ਦਿ ਕਸ਼ਮੀਰ ਵਾਲਾ' ਦੇ ਰਿਪੋਰਟਰ ਨੇ ਅਗਲੇ ਦਿਨ ਪਿੰਡ ਦਾ ਦੌਰਾ ਕੀਤਾ। ਉਸ ਦੀ ਰਿਪੋਰਟ ਅਨਸਾਰ, ਘਰਾਂ ਵਿਚ ਰਸਦ, ਟੁੱਟੇ ਹੋਏ ਭਾਂਡੇ ਅਤੇ ਹੋਰ ਸਮਾਨ ਖਿੱਲਰਿਆ ਹੋਇਆ ਸੀ। ਜ਼ਿਆਦਤਰ ਘਰ ਖਾਲੀ ਸਨ, ਕੁਝ ਘਰਾਂ ਨੂੰ ਜੰਦਰੇ ਲੱਗੇ ਹੋਏ ਸਨ ਜਦਕਿ ਬਾਕੀ ਦੇ ਦਰਵਾਜ਼ੇ ਖੁੱਲ੍ਹੇ ਸਨ ਕਿਉਂਕਿ ਭੱਜ ਰਹੇ ਲੋਕਾਂ ਨੂੰ ਘਰਾਂ ਨੂੰ ਜੰਦਰੇ ਮਾਰਨ ਦਾ ਮੌਕਾ ਵੀ ਨਹੀਂ ਮਿਲਿਆ ਸੀ। ਦੁਕਾਨਦਾਰਾਂ ਨੇ ਤਾਂ ਰਿਪੋਰਟਰ ਨੂੰ ਇਹ ਵੀ ਦੱਸਿਆ ਕਿ ਸਲਾਮਤੀ ਦਸਤੇ ਉਹਨਾਂ ਦੀਆਂ ਦੁਕਾਨਾਂ ਦਾ ਸਮਾਨ ਅਤੇ ਨਗਦੀ ਵੀ ਚੋਰੀ ਕਰਕੇ ਲੈ ਗਏ। ਮਰਦ ਤਾਂ ਗ੍ਰਿਫਤਾਰੀ ਦੇ ਡਰੋਂ ਸਲਾਮਤੀ ਦਸਤਿਆਂ ਦੀਆਂ ਗੱਡੀਆਂ ਆਉਂਦੀਆਂ ਦੇਖ ਕੇ ਘਰਾਂ ਤੋਂ ਭੱਜ ਗਏ, ਪਿੱਛੇ ਘਰਾਂ ਵਿਚ ਔਰਤਾਂ ਰਹਿ ਗਈਆਂ। ਘਰਾਂ ਨੂੰ ਚਾਰ-ਚੁਫੇਰਿਓਂ ਘੇਰ ਕੇ ਸਲਾਮਤੀ ਦਸਤੇ ਅੰਦਰ ਅੰਦਰ ਜਾ ਘੁਸੇ, ਡਰੀਆਂ ਹੋਈਆਂ ਔਰਤਾਂ ਚੀਕ ਨਾ ਸਕਣ ਇਸ ਲਈ ਉਹਨਾਂ ਦੇ ਮੂੰਹਾਂ ਵਿਚ ਬੰਦੂਕਾਂ ਦੀਆਂ ਨਾਲੀਆਂ ਤੁੰਨ ਦਿੱਤੀਆਂ ਗਈਆਂ। ਬਹੁਤ ਸਾਰੀਆਂ ਔਰਤਾਂ ਦਾ ਕਹਿਣਾ ਸੀ ਕਿ ਭੰਨਤੋੜ ਕਰਨ ਤੋਂ ਪਹਿਲਾਂ ਪੁਲਿਸ ਨੇ ਉਹਨਾਂ ਉਪਰ ਕੋਈ ਕੈਮੀਕਲ ਵਰਗੀ ਚੀਜ਼ ਸਪਰੇਅ ਕੀਤੀ ਜਿਸ ਨਾਲ ਉਹ ਬੇਹੋਸ਼ ਹੋ ਗਈਆਂ। ਕੁਛ ਜਵਾਨ ਲੜਕੀਆਂ ਨੂੰ ਬੰਦੂਕਾਂ ਦੇ ਬੱਟ ਮਾਰ ਕੇ ਜ਼ਖਮੀ ਕਰ ਦਿੱਤਾ ਗਿਆ।

ਇਸ ਦੀ ਮਿਸਾਲ ਬਾਨੋ ਨਾਂ ਦੀ ਔਰਤ ਹੈ ਜੋ ਡਰ ਕੇ ਘਰ ਛੱਡ ਕੇ ਭੱਜ ਗਈ। ਉਸ ਦੇ ਬਿਮਾਰ ਬਾਪ ਨੂੰ ਗ੍ਰਿਫਤਾਰ ਕਰ ਕੇ ਲੈ ਗਏ ਅਤੇ ਬਾਅਦ ਵਿਚ ਉਸ ਦੀ ਜ਼ਖਮੀ ਧੀ ਨੂੰ ਹੋਰ ਲੋਕਾਂ ਹਸਪਤਾਲ ਭਰਤੀ ਕਰਾਇਆ। ਛਾਪਿਆਂ ਅਤੇ ਗ੍ਰਿਫਤਾਰੀਆਂ ਦੀ ਦਹਿਸ਼ਤ ਨਾਲ ਬਾਨੋ ਐਨਾ ਸਹਿਮੀ ਹੋਈ ਸੀ ਕਿ ਉਹ ਆਪਣੇ ਘਰ ਨੂੰ ਦੇਖਣ ਲਈ ਹੀ ਆਈ ਅਤੇ ਰਾਤ ਨੂੰ ਹੋਰ ਪਿੰਡ ਵਾਸੀਆਂ ਨਾਲ ਖੇਤਾਂ ਵਿਚ ਖੁੱਲ੍ਹੇ ਆਸਮਾਨ ਹੇਠ ਹੀ ਰਹਿ ਰਹੀ ਸੀ। ਜਦ ਉਹ ਬਾਰਿਸ਼ ਨਾਲ ਬੁਰੀ ਤਰ੍ਹਾਂ ਭਿੱਜ ਗਏ, ਤਾਂ ਵੀ ਉਹਨਾਂ ਨੇ ਰਾਤ ਨੂੰ ਘਰਾਂ ਨੂੰ ਆਉਣ ਦਾ ਹੌਸਲਾ ਨਹੀਂ ਕੀਤਾ। ਸਲਾਮਤੀ ਦਸਤਿਆਂ ਨੇ ਤਾਂ ਭਾਜਪਾ



ਸੁਰੱਖਿਆ ਦਲਾਂ ਵਲੋਂ ਪਿੰਡ ਨਸਰੁੱਲਾ ਪੋਰਾ ਵਿਚ ਮਚਾਈ ਤਬਾਹੀ।

ਹਮਾਇਤੀ ਸਰਪੰਚ ਦੇ ਘਰ ਨੂੰ ਵੀ ਨਹੀਂ ਬਖਸ਼ਿਆ ਜੋ ਉਂਜ ਤਾਂ ਸਰਕਾਰੀ ਸੁਰੱਖਿਆ ਛੱਤਰੀ ਹੇਠ ਸ੍ਰੀਨਗਰ ਦੇ ਇਕ ਹੋਟਲ ਵਿਚ ਰਹਿੰਦਾ ਹੈ ਲੇਕਿਨ ਕਰੋਨਾ ਵਾਇਰਸ ਤੋਂ ਬਚਣ ਲਈ ਪਿੰਡ ਆ ਗਿਆ ਸੀ। ਐਨ.ਡੀ.ਟੀ.ਵੀ. ਦੀ ਰਿਪੋਰਟ ਹੈ ਕਿ ਕਿਸੇ ਵੱਲੋਂ ਆਪਣੇ ਮੋਬਾਈਲ ਉਪਰ ਵੀਡੀਓ ਬਣਾ ਲਈ ਗਈ ਜਿਸ ਵਿਚ ਪੁਲਿਸ ਵਾਲੇ ਇਕ ਦੁਕਾਨ ਵਿਚੋਂ ਸਮਾਨ ਚੁੱਕਣ ਤੋਂ ਬਾਅਦ ਦੁਕਾਨਾਂ ਨੂੰ ਅੱਗ ਲਗਾ ਰਹੇ ਹਨ। ਵੀਡੀਓ ਕਲਿੱਪ ਦੇ ਆਖਰੀ ਹਿੱਸੇ ਤੋਂ ਪਤਾ ਲੱਗਦਾ ਹੈ ਕਿ ਵੀਡੀਓ ਬਣਾਉਣ ਵਾਲੇ ਵੀ ਪੁਲਿਸ ਦੇ ਕਹਿਰ ਦਾ ਨਿਸ਼ਾਨਾ ਬਣਨ ਤੋਂ ਬਚ ਨਹੀਂ ਸਕੇ। ਸਿਤਮਜ਼ਰੀਫੀ ਇਹ ਹੈ ਕਿ ਪੁਲਿਸ ਨੇ ਪਿੰਡ ਦੇ ਲੋਕਾਂ ਦੇ ਖਿਲਾਫ ਹੀ ਅੱਗਜ਼ਨੀ ਅਤੇ ਇਰਾਦਾ ਕਤਲ ਦੇ ਪਰਚੇ ਦਰਜ ਕੀਤੇ ਹਨ ਅਤੇ 50 ਵਿਅਕਤੀਆਂ ਦੀ ਸ਼ਨਾਖਤ ਕਰਕੇ ਉਹਨਾਂ ਨੂੰ ਨਾਮਜ਼ਦ ਕਰ ਲਿਆ ਹੈ। ਰਿਪੋਰਟਰ ਅਨੁਸਾਰ ਛਾਪੇਮਾਰੀ ਦਾ ਸਿਲਸਿਲਾ ਅਜੇ ਜਾਰੀ ਸੀ। ਜਦ ਰਿਪੋਰਟਰ ਪਿੰਡ ਵਿਚ ਤੋੜੇ ਹੋਏ ਘਰ ਦੇਖ ਰਿਹਾ ਸੀ ਤਾਂ ਬਖਤਰਬੰਦ ਗੱਡੀਆਂ ਪਿੰਡ ਵਿਚ ਆ ਗਈਆਂ, ਜਿਹਨਾਂ ਨੂੰ ਦੇਖ ਕੇ ਬਾਲਗ ਅਤੇ ਬੱਚੇ ਤੁਰੰਤ ਭੱਜ ਕੇ ਖੇਤਾਂ ਵਿਚ ਜਾ ਲੁਕੇ।

19 ਸਾਲ ਦੀ ਇਕ ਲੜਕੀ ਨੇ ਦੱਸਿਆ, "ਉਹਨਾਂ ਕੋਲ ਕੁਹਾੜੀਆਂ, ਛੁਰੇ, ਬੰਦੂਕਾਂ, ਪੈਪਰੀ ਸਪਰੇਅ ਸਨ, ਜਿਹੜਾ ਵੀ ਕੁਝ ਕਹਿਣ ਦਾ ਜੇਰਾ ਕਰਦਾ, ਉਹ ਉਸ ਦੇ ਚਿਹਰੇ ਉਪਰ ਕੋਈ ਚੀਜ਼ ਸਪਰੇਅ ਕਰ ਦਿੰਦੇ। ਅਸੀਂ ਬਹੁਤ ਸਹਿਮੀਆਂ ਹੋਈਆਂ ਅਤੇ ਭੈਭੀਤ ਹਾਂ ਕਿ ਉਹ ਕਿਸੇ ਵਕਤ ਵੀ ਆ ਸਕਦੇ ਹਨ ਅਤੇ ਸਾਡੇ ਨਾਲ ਕੁਝ ਵੀ ਕਰ ਸਕਦੇ ਹਨ।" 17 ਸਾਲ ਦੀ ਇਕ ਲੜਕੀ ਆਪਣੀ ਬਾਂਹ ਉਪਰ ਹੋਇਆ ਜ਼ਖਮ ਦਿਖਾਉਂਦੀ ਹੋਈ ਦੱਸਦੀ ਹੈ ਕਿ ਜਦ ਉਸ ਨੇ ਆਪਣੇ 70 ਸਾਲ ਦੇ ਦਾਦੇ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਬੰਦੂਕ ਦੇ ਬੱਟ ਮਾਰੇ ਗਏ, "ਉਹਨਾਂ ਨੇ ਮੇਰੇ ਵਾਰ-ਵਾਰ ਥੱਪੜ ਮਾਰੇ ਅਤੇ ਮੇਰੀ ਆਂਟੀ ਨੂੰ ਵੀ ਠੁੱਡੇ ਮਾਰੇ ਜੋ ਗਿਰ ਗਈ ਸੀ।" ਇਕ ਹੋਰ ਮੁਟਿਆਰ ਕਹਿੰਦੀ ਹੈ, "ਅਸੀਂ ਕੁਝ ਨਹੀਂ ਕਹਿਣਾ ਚਾਹੁੰਦੀਆਂ ਲੇਕਿਨ ਇਥੇ ਅਸੀਂ ਮਹਿਫੂਜ਼ ਨਹੀਂ ਹਾਂ। ਸਾਨੂੰ ਆਪਣਾ ਡਰ ਹੈ। ਸਾਨੂੰ ਕੋਈ ਮੁਆਵਜ਼ਾ ਨਹੀਂ ਚਾਹੀਦਾ। ਅਸੀਂ ਤਾਂ ਬਸ ਇਹੀ ਕਹਿਣਾ ਚਾਹੁੰਦੀਆਂ ਹਾਂ ਕਿ ਦਸਤੇ ਸਾਨੂੰ ਜਿਊਣ ਦੀ ਇਜਾਜ਼ਤ ਦੇ ਦੇਣ।" ਉਹ ਦੱਸਦੀ ਹੈ ਕਿ ਅਗਲੇ ਮਹੀਨੇ ਉਸ ਦਾ ਵਿਆਹ ਰੱਖਿਆ ਹੋਇਆ ਸੀ ਲੇਕਿਨ ਉਸ ਨੇ ਆਪਣੇ ਵਿਆਹ ਲਈ ਜੋ ਕੱਪੜੇ, ਗਹਿਣਾ-ਗੱਟੇ ਅਤੇ ਹੋਰ ਚੀਜ਼ਾਂ ਬਣਾਈਆਂ ਸਨ ਉਹ ਸਭ ਕੁਝ ਸਲਾਮਤੀ ਦਸਤਿਆਂ ਵਾਲੇ ਚੁੱਕ ਕੇ ਲੈ ਗਏ। "ਅਸੀਂ ਫੋਨ ਕਰਕੇ ਆਪਣੇ ਸਹੁਰੇ ਪਰਿਵਾਰ ਨੂੰ ਦੱਸਿਆ ਕਿ ਹੁਣ ਇਸ ਸਾਲ ਮੇਰਾ ਵਿਆਹ ਨਹੀਂ ਕੀਤਾ ਜਾ ਸਕਦਾ। ਮੇਰੇ ਕੋਲ ਕੁਝ ਨਹੀਂ ਬਚਿਆ ਹੈ। ਉਹਨਾਂ ਨੇ ਤਾਂ ਮੇਰੇ ਮਾਨਸਿਕ ਤੌਰ 'ਤੇ ਅਪਾਹਜ ਚਾਚੇ ਦੀ ਮੇਰੀਆਂ ਅੱਖਾਂ ਸਾਹਮਣੇ ਕੁੱਟਮਾਰ ਕੀਤੀ ਅਤੇ ਉਸ ਨੂੰ ਬੰਦ ਕਰ ਦਿੱਤਾ।"

ਇਕ ਹੋਰ ਔਰਤ ਨੇ ਹੰਝੂ ਭਰੀਆਂ ਅੱਖਾਂ ਨਾਲ ਦੱਸਿਆ, "ਉਹ ਮੇਰੇ ਘਰ ਵਿੱਚੋਂ ਸਭ ਕੁਝ ਲੁੱਟ ਕੇ ਲੈ ਗਏ। ਉਹਨਾਂ ਨੇ ਤਾਂ ਮੇਰੀ ਸੱਤ ਮਹੀਨੇ ਦੀ ਬੱਚੀ ਦੀ ਦੁੱਧ ਪੀਣ ਵਾਲੀ ਬੋਤਲ ਵੀ ਤੋੜ ਦਿੱਤੀ। ਉਹਨਾਂ ਨੇ ਸਾਨੂੰ ਕੁਝ ਸਪਰੇਅ ਕਰਕੇ ਬੇਹੋਸ਼ ਕਰ ਦਿੱਤਾ। ਅਸੀਂ ਤਾਂ ਉਹਨਾਂ ਦੇ ਇਹੀ ਤਰਲੇ ਕਰਦੇ ਰਹੇ ਕਿ ਸਾਨੂੰ ਬਖਸ਼ ਦਿਓ।"

ਇਕ ਹੋਰ ਔਰਤ ਹਫੀਜ਼ਾ ਨੇ ਦੱਸਿਆ ਕਿ ਬਚਣ ਲਈ ਖਿੜਕੀ ਵਿਚੋਂ ਛਾਲ ਮਾਰਨ ਕਰਕੇ ਉਸ ਦੇ ਪੇਟ ਵਿਚ ਦਰਦ ਹੋ ਰਿਹਾ ਹੈ, ਕਿਉਂਕਿ ਹੁਣੇ ਜਿਹੇ ਹੀ ਉਸ ਦੀ ਸਰਜਰੀ ਹੋਈ ਸੀ। ਇਹ ਭਿਆਨਕ ਮੰਜ਼ਰ ਬਿਆਨ ਕਰਨ ਦੇ ਵਕਤ ਉਸ ਦੀਆਂ ਦੋ ਨਾਬਾਲਗ ਧੀਆਂ ਉਸ ਦੇ ਕੋਲ ਹੀ ਖੜ੍ਹੀਆਂ ਸਨ, ਜਦ ਉਹ ਦੱਸ ਰਹੀ ਸੀ, "ਮੈਨੂੰ ਆਪਣੀਆਂ ਜਵਾਨ ਧੀਆਂ ਦੀ ਸੁਰੱਖਿਆ ਦਾ ਡਰ ਸੀ, ਉਹ ਇਨਸਾਨ ਨਹੀਂ ਹੈਵਾਨ ਹਨ। ਮੈਂ ਆਪਣੀਆਂ 17 ਅਤੇ 19 ਸਾਲ ਦੀਆਂ ਧੀਆਂ ਨੂੰ ਲੈ ਕੇ ਖਿੜਕੀ ਵਿਚੋਂ ਛਾਲ ਮਾਰ ਦਿੱਤੀ। ਉਹਨਾਂ ਨੇ ਸਾਰੀਆਂ ਲਾਈਟਾਂ, ਸਵਿੱਚ ਬਾਕਸ ਤੋੜ ਦਿੱਤੇ ਅਤੇ ਜੋ ਕੁਝ ਚੁੱਕ ਕੇ ਲਿਜਾ ਸਕਦੇ ਸਨ, ਉਹ ਲੈ ਗਏ। ਉਹਨਾਂ ਨੇ ਸਾਨੂੰ ਬੋਲਣ ਨਹੀਂ ਦਿੱਤਾ। ਮੇਰਾ ਸਰੀਰ ਅਜੇ ਵੀ ਕੰਬ ਰਿਹਾ ਹੈ। ਮੈਨੂੰ ਇਸ ਤੋਂ ਵੀ ਭੈੜਾ ਵਾਪਰਨ ਦਾ ਡਰ ਸੀ ਕਿਉਂਕਿ ਘਰ ਵਿਚ ਕੋਈ ਮਰਦ ਨਹੀਂ ਸੀ।" ਇਕ ਔਰਤ ਆਪਣੇ ਨਾਬਾਲਗ ਲੜਕੇ ਵੱਲ ਇਸ਼ਾਰਾ ਕਰਦੀ ਹੈ ਜੋ ਪਿਛਲੇ ਇਕ ਹਫਤੇ ਤੋਂ ਘਰ ਤੋਂ ਬਾਹਰ ਰਹਿ ਰਿਹਾ ਸੀ। ਉਹ ਕਹਿੰਦੀ ਹੈ, "ਅਸੀਂ ਜ਼ੁਲਮ ਹੇਠ ਰਹਿ ਰਹੇ ਹਾਂ। ਅਸੀਂ ਆਪਣੇ ਬੱਚਿਆਂ ਨੂੰ ਗ੍ਰਿਫਤਾਰ ਨਹੀਂ ਹੋਣ ਦੇਵਾਂਗੇ ਅਤੇ ਉਹਨਾਂ ਨੂੰ ਝੂਠੇ ਕੇਸਾਂ ਵਿਚ ਫਸਾਉਣ ਅਤੇ ਤਸੀਹੇ ਦੇਣ ਦੀ ਇਜਾਜ਼ਤ ਨਹੀਂ ਦੇਵਾਂਗੇ। ਸਾਡਾ ਅਮਨ-ਚੈਨ ਖੁੱਸ ਗਿਆ ਹੈ।"

ਹਫੀਜ਼ਾ ਕਹਿੰਦੀ ਹੈ, "ਮੇਰਾ ਬੇਟਾ ਸਾਰਾ ਦਿਨ ਕਬਰਸਤਾਨ ਵਿਚ ਹੀ ਸੌਂਦਾ ਸੀ ਅਤੇ ਮੈਂ ਉਥੇ ਹੀ ਉਸ ਨੂੰ ਪਾਣੀ ਦੇ ਆਉਂਦੀ। ਪੁਲਿਸ ਸਾਡੇ ਬੱਚਿਆਂ ਨੂੰ ਬੰਦੂਕਾਂ ਚੁੱਕਣ ਲਈ ਮਜਬੂਰ ਕਰ ਰਹੀ ਹੈ। ਉਹ ਸਾਨੂੰ ਜਿਊਣ ਕਿਉਂ ਨਹੀਂ ਦਿੰਦੇ?" ਉਹ ਅੱਗੇ ਕਹਿੰਦੀ ਹੈ, "ਉਹ ਚਾਹੁੰਦੇ ਹਨ ਕਿ ਅਸੀਂ ਆਪਣੇ ਬੱਚਿਆਂ ਨੂੰ ਥਾਣਿਆਂ ਵਿਚ ਲਿਜਾ ਕੇ ਪੇਸ਼ ਕਰੀਏ। ਅਸੀਂ ਇਹ ਨਹੀਂ ਕਰਾਂਗੇ। ਕਰੋਨਾਵਾਇਰਸ ਅਤੇ ਰਮਜ਼ਾਨ ਸਾਡੇ ਚੇਤਿਆਂ 'ਚੋਂ ਵਿਸਰ ਗਿਆ ਹੈ। ਸਾਡਾ ਸਭ ਕੁਝ ਖੋਹਿਆ ਗਿਆ ਹੈ। ਸਾਡੇ ਕੋਲ ਖਾਣ ਲਈ ਕੁਝ ਨਹੀਂ। ਉਹਨਾਂ ਨੇ ਸਾਡਾ ਖਾਣ-ਪੀਣ ਦਾ ਸਮਾਨ ਅਤੇ ਜੋ ਕੁਝ ਵੀ ਅਸੀਂ ਜਮ੍ਹਾਂ ਕੀਤਾ ਹੋਇਆ ਸਭ ਖਰਾਬ ਕਰ ਦਿੱਤਾ। ਦੁਕਾਨਾਂ ਸਾੜ ਦਿੱਤੀਆਂ ਗਈਆਂ, ਅਸੀਂ ਆਪਣੇ ਹੀ ਘਰਾਂ ਵਿਚ ਭਿਖਾਰੀ ਬਣਾ ਦਿੱਤੇ ਗਏ ਹਾਂ।"

ਇਕ ਹੋਰ ਔਰਤ ਨੇ ਦੱਸਿਆ, "ਉਹ ਔਰਤਾਂ ਨੂੰ ਉਚੀ-ਉਚੀ ਦਬਕੇ ਮਾਰ ਰਹੇ ਸਨ ਅਤੇ ਗਾਹਲਾਂ ਦੇ ਰਹੇ ਸਨ। ਉਹਨਾਂ ਨੇ ਸਾਨੂੰ ਹੱਥ ਉਪਰ ਚੁੱਕਣ ਅਤੇ ਇਹ ਦੱਸਣ ਲਈ ਕਿਹਾ ਕਿ ਸਾਡੇ ਵਿਚੋਂ ਕੌਣ ਬੁਰਹਾਨ ਵਾਨੀ ਬਣਨਾ ਚਾਹੁੰਦੀ ਹੈ, ਕੌਣ ਸਲਾਹੂਦੀਨ ਨਾਲ ਵਿਆਹ ਕਰਾਉਣਾ ਚਾਹੁੰਦੀ ਹੈ। ਅਸੀਂ ਅਸੁਰੱਖਿਅਤ ਮਹਿਸੂਸ ਕਰ ਰਹੀਆਂ ਹਨ। ਅਸੀਂ ਆਜ਼ਾਦੀ ਚਾਹੁੰਦੇ ਹਾਂ ਅਤੇ ਇਹ ਕਹਿੰਦੇ ਰਹਾਂਗੇ।"

# ਮੋਦੀ ਸਰਕਾਰ ਦੀ ਪਹੁੰਚ

ਮਈ ਦੇ ਆਖਰੀ ਦਿਨਾਂ ਵਿਚ ਨਰਿੰਦਰ ਮੋਦੀ ਸਰਕਾਰ ਦੋ ਮਹੱਤਵਪੂਰਨ ਮਸਲਿਆਂ ਬਾਰੇ ਸੋਚ ਰਹੀ ਸੀ। ਪਹਿਲਾ, ਕੀ ਚੌਥੀ ਤਾਲਾਬੰਦੀ ਤੋਂ ਬਾਅਦ ਪੰਜਵੀਂ ਤਾਲਾਬੰਦੀ ਵੀ ਲਾਗੂ ਕੀਤੀ ਜਾਣੀ ਚਾਹੀਦੀ ਹੈ? ਦੂਜਾ, ਮੋਦੀ ਦੇ ਦੂਜੇ ਕਾਰਜਕਾਲ ਦਾ ਪਹਿਲਾ ਸਾਲ ਪੂਰਾ ਹੋ ਗਿਆ ਹੈ, ਕੋਵਿਡ-19 ਦੇ ਜ਼ਮਾਨੇ ਵਿਚ ਇਸ ਨੂੰ ਕਿਵੇਂ ਮਨਾਇਆ ਜਾਵੇ? ਦੋਵੇਂ ਸਵਾਲ ਪੇਚੀਦਾ ਸਨ। ਖਾਸੀ ਸੋਚ ਵਿਚਾਰ ਤੋਂ ਬਾਅਦ ਸਰਕਾਰ ਨੇ ਦੋਵਾਂ ਦੇ ਜਵਾਬ ਖੋਜ ਲਏ ਹਨ। ਉਸ ਨੇ ਤਾਲਾਬੰਦੀ ਖੋਲ੍ਹਣ ਦੀ ਕਵਾਇਦ ਸ਼ੁਰੂ ਕਰ ਦਿੱਤੀ ਹੈ ਅਤੇ ਪ੍ਰਧਾਨ ਮੰਤਰੀ ਨੇ ਖੁਦ ਅਖਬਾਰਾਂ ਵਿਚ ਦੇਸ਼ਵਾਸੀਆਂ ਦੇ ਨਾਂ ਪੱਤਰ ਲਿਖ ਕੇ ਪਹਿਲਾਂ ਤਾਂ ਆਪਣੀਆਂ ਯੋਜਨਾਵਾਂ ਗਿਣਾਈਆਂ ਅਤੇ ਫਿਰ


**ਅਭੈ ਕੁਮਾਰ ਦੂਬੇ**


ਕਰੋਨਾ ਦਾ 'ਬਹਾਦਰੀ ਅਤੇ ਕਾਮਯਾਬੀ' ਨਾਲ ਮੁਕਾਬਲਾ ਕਰਨ ਲਈ ਆਪਣੀ ਸਰਕਾਰ ਦੀ ਪਿੱਠ ਥਾਪੜੀ। ਹਾਂ, ਇਹ ਜ਼ਰੂਰ ਹੈ ਕਿ ਇਹ ਆਤਮ-ਪ੍ਰਸ਼ੰਸਾ ਆਮ ਜਨਤਾ ਦੇ ਕਰੋਨਾ ਵਿਰੋਧੀ ਪ੍ਰਤੀਕਰਮ ਦੀ ਆੜ ਵਿਚ ਕੀਤੀ ਗਈ ਹੈ। ਇਹ ਦੇਖ ਕੇ ਹੈਰਾਨੀ ਨਹੀਂ ਹੁੰਦੀ ਕਿ ਪ੍ਰਧਾਨ ਮੰਤਰੀ ਦੇ ਲੇਖ ਵਿਚ ਉਨ੍ਹਾਂ ਦੀ ਸਰਕਾਰ ਦੀ ਕਿਸੇ ਆਲੋਚਨਾ ਦਾ ਕੋਈ ਜਵਾਬ ਨਹੀਂ ਹੈ।

ਉਨ੍ਹਾਂ ਅਤੇ ਉਨ੍ਹਾਂ ਦੇ ਸਮਰਥਕਾਂ ਦੀ ਅਣਐਲਾਨੀ ਮਨੌਤ ਹੈ ਕਿ ਆਲੋਚਨਾਵਾਂ 'ਤੇ ਧਿਆਨ ਦੇਣ ਦੀ ਲੋੜ ਨਹੀਂ ਹੈ। ਕਾਰਨ ਇਹ ਹੈ ਕਿ ਇਹ ਆਲੋਚਨਾਵਾਂ ਆਮ ਜਨਤਾ ਦੀ ਨਬਜ਼ ਨੂੰ ਸਰਕਾਰ ਪ੍ਰਤੀ ਨਾਰਾਜ਼ਗੀ ਵੱਲ ਲੈ ਜਾਣ ਦੀ ਸਮਰੱਥਾ ਨਾਲ ਭਰਪੂਰ ਨਹੀਂ ਹਨ। ਮੋਦੀ ਸਰਕਾਰ ਦੇ ਰਣਨੀਤੀਕਾਰ ਇਹ ਵੀ ਮੰਨਦੇ ਹਨ ਕਿ ਜਦੋਂ ਤੱਕ ਵਿਰੋਧੀ ਧਿਰਾਂ ਪ੍ਰਤੀ ਆਮ ਲੋਕਾਂ ਦੇ ਮਨ ਵਿਚ ਭਰੋਸੇ ਦੀ ਕਮੀ ਰਹੇਗੀ, ਤਦ ਤੱਕ ਸਰਕਾਰ ਦੀ ਜਾਇਜ਼ ਆਲੋਚਨਾ ਤੋਂ ਵੀ ਸਰਕਾਰ ਵਿਰੋਧੀ ਭਾਵਨਾਵਾਂ ਨਹੀਂ ਪੈਦਾ ਹੋਣ ਲੱਗੀਆਂ। ਜਿਥੋਂ ਤੱਕ ਕੇਂਦਰ ਦੀ ਰਾਜਨੀਤੀ ਦਾ ਸਵਾਲ ਹੈ ਤਾਂ ਇਨ੍ਹਾਂ ਰਣਨੀਤੀਕਾਰਾਂ ਦਾ ਇਹ ਵਿਸ਼ਲੇਸ਼ਣ ਠੀਕ ਹੈ ਪਰ ਰਾਜਾਂ ਦੀ ਰਾਜਨੀਤੀ ਦੇ ਸੰਦਰਭ ਵਿਚ ਇਹ ਰਵੱਈਆ ਨਾਕਾਮ ਹੀ ਹੁੰਦਾ ਹੈ। ਕਰੋਨਾ ਸੰਕਟ ਤੋਂ ਪਹਿਲਾਂ ਦੀ ਰਾਜਨੀਤੀ ਤੋਂ ਤਾਂ ਇਹ ਇਸ਼ਾਰਾ ਮਿਲਦਾ ਹੀ ਹੈ। ਉਸ ਦੇ ਦੌਰਾਨ ਅਤੇ ਬਾਅਦ ਦੀ ਰਾਜਨੀਤੀ ਤੋਂ ਵੀ ਮੋਦੀ ਸਰਕਾਰ ਲਈ ਇਕ ਅਜਿਹੀ ਚਿਤਾਵਨੀ ਨਿਕਲਦੀ ਹੈ ਜਿਸ ਦਾ ਪ੍ਰਭਾਵ ਭਾਵੇਂ ਅਜੇ ਘੱਟ ਹੋਵੇ ਪਰ ਜ਼ਬਰਦਸਤ ਆਰਥਿਕ ਸੰਕਟ ਦੇ ਨਾਲ ਮਿਲ ਕੇ ਇਹ ਰਾਜ ਪੱਧਰੀ ਚਿਤਾਵਨੀ ਮੋਦੀ ਅਤੇ ਭਾਜਪਾ ਦੀ ਰਾਜਨੀਤਕ ਹੋਂਦ ਲਈ ਵੀ ਚੁਣੌਤੀਪੂਰਨ ਹੋ ਸਕਦੀ ਹੈ।

ਇਹ ਇਕ ਹਕੀਕਤ ਹੈ ਕਿ ਕਰੋਨਾ ਦੇ ਕਾਰਨ ਦੇਸ਼ ਭਰ ਵਿਚ ਤਾਲਾਬੰਦੀ ਤਾਂ ਮਾਰਚ 2020 ਵਿਚ ਲਾਗੂ ਹੋਈ, ਪਰ ਕਸ਼ਮੀਰ ਵਿਚ ਉਸ ਤੋਂ ਅੱਠ ਮਹੀਨੇ ਤੋਂ ਪਹਿਲਾਂ ਤੋਂ ਹੀ ਤਾਲਾਬੰਦੀ ਚੱਲ ਰਹੀ ਹੈ। ਦੇਸ਼ ਪੱਧਰੀ ਤਾਲਾਬੰਦੀ ਹਟਾਉਣ ਦਾ ਸਿਲਸਿਲਾ ਤਾਂ ਸ਼ੁਰੂ ਹੋ ਗਿਆ ਹੈ। ਕਸ਼ਮੀਰ ਵਿਚ ਤਾਲਾਬੰਦੀ ਹਟਾਉਣ ਦੀ ਸਥਿਤੀ ਦੀ ਅਜੇ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਅਕਸਰ ਨਰਿੰਦਰ ਮੋਦੀ ਦੀ ਸਿਫਤ ਵਿਚ ਲਿਖਣ ਵਾਲੀ ਇਕ ਸੀਨੀਅਰ ਪੱਤਰਕਾਰ ਨੇ ਵੀ ਟਿੱਪਣੀ ਕੀਤੀ ਹੈ ਕਿ ਕਸ਼ਮੀਰ ਵਿਚ ਘਰਬੰਦੀ (ਕਰਫਿਊ) ਦੇ ਅੰਦਰ ਘਰਬੰਦੀ ਚੱਲ ਰਹੀ ਹੈ ਅਤੇ ਸਰਕਾਰ ਇਸ ਨੂੰ ਖੋਲ੍ਹਣ ਦੀ ਕਿਸੇ ਵੀ ਯੋਜਨਾ ਤੋਂ ਕੋਹਾਂ ਦੂਰ ਹੈ। ਇਸ ਘਰਬੰਦੀ ਦੇ ਕਾਰਨ ਸਰਕਾਰ ਨੂੰ ਏਨੀ ਕੁ ਕਾਮਯਾਬੀ ਜ਼ਰੂਰ ਮਿਲੀ ਹੈ ਕਿ ਘਾਟੀ ਦੀਆਂ ਸੜਕਾਂ 'ਤੇ ਹੋਣ ਵਾਲੀਆਂ ਹਿੰਸਕ ਘਟਨਾਵਾਂ ਪਹਿਲਾਂ ਦੀ ਤਰ੍ਹਾਂ ਵਾਰ-ਵਾਰ ਨਹੀਂ ਹੋ ਰਹੀਆਂ ਹਨ ਪਰ ਪਾਕਿਸਤਾਨ ਸਮਰਥਕ ਅਤਿਵਾਦੀ ਸੰਗਠਨਾਂ ਦੀਆਂ ਕਾਰਵਾਈਆਂ ਲਗਾਤਾਰ ਜਾਰੀ ਹਨ।


ਗ੍ਰਹਿ ਮੰਤਰੀ ਅਮਿਤ ਸ਼ਾਹ ਵਲੋਂ ਕਸ਼ਮੀਰ ਵਿਚ ਕੀਤੀਆਂ ਗਈਆਂ ਤਬਦੀਲੀਆਂ ਤੋਂ ਬਾਅਦ ਮਰੀਜ਼ ਅਜੇ ਵੀ ਆਈ.ਸੀ.ਯੂ. ਵਿਚ ਹੀ ਹੈ। ਇਸ ਨਾਲ ਘੱਟੋ-ਘੱਟ ਇਕ ਨਤੀਜਾ ਤਾਂ ਕੱਢਿਆ ਹੀ ਜਾ ਸਕਦਾ ਹੈ ਕਿ ਜੇਕਰ ਧਾਰਾ 370 ਦੇ ਕਾਰਨ ਕਸ਼ਮੀਰ ਨੂੰ 'ਮੁੱਖ ਧਾਰਾ' ਤੋਂ ਬਾਹਰ ਰਹਿਣਾ ਪੈ ਰਿਹਾ ਸੀ ਤਾਂ ਉਸ ਨੂੰ ਹਟਾਉਣ ਤੋਂ ਬਾਅਦ ਵੀ ਉਹ ਮੁੱਖ ਧਾਰਾ ਤੋਂ ਦੂਰ ਹੀ ਹੈ। ਮੁੱਖ ਧਾਰਾ ਵਿਚ ਆਉਣ ਦਾ ਪਹਿਲਾ ਅਤੇ ਸਭ ਤੋਂ ਪਹਿਲਾ ਮਤਲਬ ਇਹ ਹੁੰਦਾ ਹੈ-ਲੋਕਤੰਤਰੀ ਰਾਜਨੀਤਕ ਸਰਗਰਮੀਆਂ ਦਾ ਉਸੇ ਤਰ੍ਹਾਂ ਨਾਲ ਚਾਲੂ ਹੋਣਾ, ਜਿਸ ਤਰ੍ਹਾਂ ਉਹ ਕਿਸੇ ਵੀ ਆਮ ਭਾਰਤੀ ਸੂਬੇ ਵਿਚ ਚਲਦੀਆਂ ਹਨ। ਉਤਰ ਪੂਰਬ ਦੇ ਜਿਨ੍ਹਾਂ ਸੂਬਿਆਂ ਵਿਚ ਵੱਖਵਾਦੀ ਸੰਗਠਨ ਭਾਰਤੀ ਰਾਜ ਨੂੰ ਹਿੰਸਕ ਚੁਣੌਤੀਆਂ ਦੇ ਰਹੇ ਸਨ, ਉੱਥੇ ਰਾਜਨੀਤਕ ਸਰਗਰਮੀਆਂ ਦਾ ਸਿਲਸਿਲਾ ਇਸ ਲਈ ਚੱਲ ਸਕਿਆ ਕਿਉਂਕਿ ਉਨ੍ਹਾਂ ਸੰਗਠਨਾਂ ਨੇ ਚੋਣਾਂ ਦੀ ਪ੍ਰਕਿਰਿਆ ਵਿਚ ਭਾਗ ਲੈਣਾ ਸਵੀਕਾਰ ਕਰ ਲਿਆ ਸੀ। ਕਸ਼ਮੀਰ ਦੀ ਸਥਿਤੀ ਇਸ ਲਿਹਾਜ਼ ਨਾਲ ਵੱਖ ਹੈ ਕਿਉਂਕਿ ਉਥੇ ਚੋਣ ਸਰਗਰਮੀਆਂ ਵਿਚ ਹਿੱਸਾ ਲੈਣ ਵਾਲੀਆਂ ਸਿਆਸੀ ਧਿਰਾਂ ਦੀ ਵਾਜਬੀਅਤਾ ਹੀ ਖਤਮ ਹੋ ਗਈ ਹੈ। ਇਹ ਪਾਰਟੀਆਂ ਅਖੌਤੀ ਆਜ਼ਾਦੀ ਦੀ ਮੰਗ ਕਰਨ ਵਾਲੇ ਸੰਗਠਨਾਂ ਅਤੇ 'ਕਸ਼ਮੀਰ ਭਾਰਤ ਦਾ ਅਨਿੱਖੜਵਾਂ ਅੰਗ ਹੈ' ਦਾ ਦਾਅਵਾ ਕਰਨ ਵਾਲੀ ਰਾਜਨੀਤੀ ਦੇ ਦਰਮਿਆਨ ਪੁਲ ਦਾ ਕੰਮ ਕਰਦੀਆਂ ਸਨ। ਹੁਣ ਇਸ ਪੁਲ ਦੀ ਲੋੜ ਖਤਮ ਹੋ ਗਈ ਹੈ।

ਜੇਕਰ ਕਸ਼ਮੀਰ ਨੂੰ ਇਕ ਵਿਸ਼ੇਸ਼ ਮਾਮਲਾ ਮੰਨ ਕੇ ਥੋੜ੍ਹੀ ਦੇਰ ਲਈ ਪਾਸੇ ਵੀ ਕਰ ਦਈਏ (ਜੋ ਸਾਨੂੰ ਬਿਲਕੁਲ ਨਹੀਂ ਕਰਨਾ ਚਾਹੀਦਾ, ਕਿਉਂਕਿ ਧਾਰਾ 370 ਖਤਮ ਹੋ ਜਾਣ ਤੋਂ ਬਾਅਦ ਕਸ਼ਮੀਰ ਵਿਚ ਵਿਸ਼ੇਸ਼ ਮਾਮਲਾ ਰਹਿ ਹੀ ਨਹੀਂ ਗਿਆ), ਤਾਂ ਕੀ ਮੋਦੀ ਦੇ ਦੂਜੇ ਕਾਰਜਕਾਲ ਦਾ ਪਹਿਲਾ ਸਾਲ ਭਾਜਪਾ ਦੇ ਵਿਚਾਰਧਾਰਾਤਮਕ ਏਜੰਡੇ ਨੂੰ ਲਾਗੂ ਕਰਨ ਅਤੇ ਉਸ ਦੇ ਕਾਰਨ ਪੈਦਾ ਹੋਏ ਵਿਵਾਦਾਂ ਲਈ ਜਾਣਿਆ ਜਾਵੇਗਾ। ਇਸ ਦਾ ਸਭ ਤੋਂ ਵੱਡਾ ਪ੍ਰਮਾਣ ਹੈ ਨਾਗਰਿਕਤਾ ਦਾ ਸਵਾਲ। ਮਾਰਚ ਵਿਚ ਕਰੋਨਾ ਦੇ ਪ੍ਰਕੋਪ ਦੀ ਸ਼ੁਰੂਆਤ ਤੋਂ ਠੀਕ ਪਹਿਲਾਂ ਫਰਵਰੀ ਵਿਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦੌਰੇ ਦੇ ਸਮੇਂ ਰਾਜਧਾਨੀ ਦਿੱਲੀ ਹਿੰਸਾ ਦੇ ਦੌਰ ਵਿਚੋਂ ਗੁਜ਼ਰ ਰਹੀ ਸੀ। ਇਸ ਹਿੰਸਾ ਵਿਚ 54 ਲੋਕਾਂ ਨੇ ਜਾਨ ਗਵਾਈ ਸੀ। ਸਾਰੇ ਦੇਸ਼ ਵਿਚ ਸ਼ਾਹੀਨ ਬਾਗ ਵਰਗੇ ਧਰਨੇ ਲੱਗੇ ਹੋਏ ਸਨ। ਨਵੇਂ ਨਾਗਰਿਕਤਾ ਕਾਨੂੰਨ, ਰਾਸ਼ਟਰੀ ਨਾਗਰਿਕਤਾ ਰਜਿਸਟਰ ਅਤੇ ਰਾਸ਼ਟਰੀ ਵਸੋਂ ਰਜਿਸਟਰ ਦੇ ਆਪਸ ਵਿਚ ਜੁੜ ਜਾਣ ਦੇ ਕਾਰਨ ਪੈਦਾ ਹੋਏ ਮਾਹੌਲ ਨੇ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿਚ ਵੱਖ-ਵੱਖ ਤਰਕਾਂ ਦੇ ਆਧਾਰ 'ਤੇ ਅੰਦੋਲਨਾਂ ਦੀ ਸ਼ੁਰੂਆਤ ਕਰ ਦਿੱਤੀ ਸੀ। ਉਤਰ ਪੂਰਬ ਵਿਚ ਇਸ ਅੰਦੋਲਨ ਦੀ ਵਾਗਡੋਰ ਅਸਾਮੀ ਹਿੰਦੂਆਂ ਦੇ ਹੱਥ ਸੀ। ਉੱਤਰ ਮੱਧ ਅਤੇ ਪੱਛਮੀ ਭਾਰਤ ਵਿਚ ਮੁੱਖ ਰੂਪ ਨਾਲ ਘੱਟਗਿਣਤੀਆਂ ਇਸ ਅੰਦੋਲਨ ਦੀ ਅਗਵਾਈ ਕਰ ਰਹੀਆਂ ਸਨ। ਦੱਖਣੀ ਭਾਰਤ ਵਿਚ ਤਮਿਲ ਹਿੰਦੂ, ਸ੍ਰੀਲੰਕਾਈ ਤਮਿਲਾਂ ਦੀ ਨਾਗਰਿਕਤਾ ਦੇ ਸਵਾਲ ਨੂੰ ਲੈ ਕੇ ਉਤੇਜਿਤ ਹੋ ਰਹੇ ਸਨ। ਭਾਜਪਾ ਨੇ ਇਸ ਆਧਾਰ 'ਤੇ ਫਿਰਕੂਵਾਦ ਕਰਨ ਦੀਆਂ ਭਰਪੂਰ ਕੋਸ਼ਿਸ਼ਾਂ ਕਰਦਿਆਂ ਦਿੱਲੀ ਦੀਆਂ ਚੋਣਾਂ ਜਿੱਤਣ ਦੀ ਕੋਸ਼ਿਸ਼ ਵੀ ਕੀਤੀ ਪਰ ਉਸ ਦੀ ਬੁਰੀ ਤਰ੍ਹਾਂ ਹਾਰ ਹੋਈ। ਰਾਸ਼ਟਰੀ ਲੋਕਤੰਤਰੀ ਗੱਠਜੋੜ ਨੂੰ ਉਸ ਸਮੇਂ ਡੂੰਘੀ ਸੱਟ ਵੱਜੀ ਜਦੋਂ ਭਾਜਪਾ ਦੀ ਸਭ ਤੋਂ ਪੁਰਾਣੀ ਸਾਥਣ ਸ਼ਿਵ ਸੈਨਾ ਨੇ ਚੋਣਾਂ ਜਿੱਤਣ ਤੋਂ ਬਾਅਦ ਉਸ ਦਾ ਹੱਥ ਛੱਡ ਦਿੱਤਾ ਅਤੇ ਕੁਰਸੀ ਵੀ ਖੋਹ ਲਈ। ਹਰਿਆਣਾ ਵਿਚ ਭਾਜਪਾ ਨੂੰ ਇਕ ਛੋਟੇ ਅਤੇ ਨਵੇਂ ਰਾਜਨੀਤਕ ਦਲ ਸਾਹਮਣੇ ਝੁਕ ਕੇ ਸਰਕਾਰ ਬਣਾਉਣੀ ਪਈ।

ਇਸ ਹਾਲਤ ਤੋਂ ਨਿਕਲਣ ਵਾਲੇ ਨਤੀਜਿਆਂ ਨੂੰ ਨਜ਼ਰਅੰਦਾਜ਼ ਕਰਨਾ ਔਖਾ ਹੈ। 2014 ਵਿਚ ਚੋਣਾਂ ਜਿੱਤਣ ਤੋਂ ਬਾਅਦ ਭਾਜਪਾ ਕਈ ਰਾਜਾਂ ਵਿਚ ਚੋਣਾਂ ਜਿੱਤਦੀ ਹੀ ਗਈ ਸੀ। ਪਰ 2019 ਦੀ ਜਿੱਤ ਤੋਂ ਬਾਅਦ ਕੇਂਦਰ ਦੀ ਸੱਤਾ ਰਾਜਾਂ ਵਿਚ ਜਿੱਤ ਪ੍ਰਾਪਤ ਕਰਨ 'ਚ ਲਗਾਤਾਰ ਅਸਫਲ ਹੁੰਦੀ ਜਾ ਰਹੀ ਹੈ। 'ਡਬਲ ਇੰਜਨ' ਦੀ ਸਰਕਾਰ ਦਾ ਉਸ ਦਾ ਤਰਕ ਨਹੀਂ ਚੱਲ ਰਿਹਾ। ਮੋਦੀ ਦੀ ਸ਼ਖਸੀਅਤ ਵਿਧਾਨ ਸਭਾ ਵਿਚ ਆਪਣਾ ਜਾਦੂ ਨਹੀਂ ਦਿਖਾ ਪਾ ਰਹੀ ਹੈ। ਇਹ ਸਹੀ ਹੈ ਕਿ ਅਜੇ ਵੀ ਕੇਂਦਰੀ ਪੱਧਰ 'ਤੇ ਮੋਦੀ ਦਾ ਕੋਈ ਬਦਲ ਨਹੀਂ ਹੈ। ਪਰ ਪਹਿਲਾਂ ਤੋਂ ਮਾਤ ਖਾਂਦੀ ਜਾ ਰਹੀ ਅਰਥਵਿਵਸਥਾ ਕਰੋਨਾ ਦੇ ਜ਼ਬਰਦਸਤ ਧੱਕੇ ਤੋਂ ਬਾਅਦ ਜੇਕਰ ਛੇਤੀ ਨਾ ਸੰਭਲੀ ਤਾਂ ਰਾਜਾਂ ਵਿਚ ਭਾਜਪਾ ਦੇ ਪ੍ਰਤੀ ਦਿਖ ਰਹੀ ਬੇਵਿਸ਼ਵਾਸੀ ਕੇਂਦਰ ਵਿਚ ਉਸ ਦੀ ਆਰਾਮਦਾਇਕ ਸਥਿਤੀ 'ਤੇ ਬੁਰਾ ਅਸਰ ਪਾ ਸਕਦੀ ਹੈ।

# ਸਿੱਖ ਮਾਨਸਿਕਤਾ ਦਾ ਜੜ੍ਹਾਂ ਵਾਲਾ ਫੋੜਾ

ਸਾਕਾ ਨੀਲਾ ਤਾਰਾ



ਪ੍ਰੋ. ਬਲਕਾਰ ਸਿੰਘ
ਫੋਨ: +91-93163-01328

ਜੂਨ 1984 ਨੂੰ ਵਾਪਰਿਆ ਅਪ੍ਰੇਸ਼ਨ ਨੀਲਾ ਤਾਰਾ, ਸਿੱਖ ਮਾਨਸਿਕਤਾ ਵਿਚ ਖਾਸ ਕਰਕੇ ਅਤੇ ਪੰਜਾਬੀ ਮਾਨਸਿਕਤਾ ਵਿਚ ਆਮ ਕਰਕੇ ਅਜੇ ਵੀ ਚਸਕਦਾ ਹੈ ਤੇ ਚਸਕਦਾ ਹੀ ਰਹਿਣਾ ਹੈ। ਪੰਜਾਬੀ ਅਤੇ ਸਿੱਖ ਨੂੰ ਲੈ ਕੇ ਹੁੰਦੀ ਆ ਰਹੀ ਸਿਆਸਤ ਨੇ, ਨੀਲਾ ਤਾਰਾ ਤੱਕ ਪਹੁੰਚਦਿਆਂ ਦੋਹਾਂ ਦੇ ਕੋਮਲ-ਪਹਿਲੂਆਂ ਅਤੇ ਉਸਾਰੂ-ਸਰੋਕਾਰਾਂ ਦਾ ਕਰੀਬ ਘਾਣ ਹੀ ਕਰ ਦਿੱਤਾ ਹੈ। ਸਿਆਸਤ ਜਿਹਾ ਗੰਭੀਰ ਮਸਲਾ, ਗੈਰ-ਸੰਜੀਦਗੀ ਦਾ ਸ਼ਿਕਾਰ ਹੋ ਕੇ, ਵਿਹਲੜਾਂ ਦਾ ਧੰਦਾ ਹੋ ਗਿਆ ਲੱਗਣ ਲੱਗ ਪਿਆ ਹੈ। ਇਸ ਹਾਲਤ ਵਿਚ ਨੀਲਾ-ਤਾਰਾ ਜਿਹੇ ਸੂਖਮ-ਦੁਖਾਂਤ ਦਾ ਲੇਖਾ-ਜੋਖਾ ਕਰਨਾ, ਉਲਝਾਉਂਦਾ ਵਧ ਅਤੇ ਸੁਲਝਾਉਂਦਾ ਘਟ ਹੈ।

ਮੇਰਾ ਸਮਕਾਲ, ਇਸ ਦੁਖਾਂਤ ਦਾ ਚਸ਼ਮਦੀਦ ਗਵਾਹ ਹੈ। ਭਾਵੁਕਤਾ ਵਿਚੋਂ ਨਿਕਲ ਕੇ ਸੋਚੀਏ ਤਾਂ ਸਮਝ ਆ ਸਕਦਾ ਹੈ ਕਿ ਜਿਹੜਾ ਵੀ ਭਾਈਚਾਰਕ ਦੁਖਾਂਤ, ਸਾਹਿਤ ਜਾਂ ਕਲਾ ਵਿਚ ਅਨੁਵਾਦਤ ਨਹੀਂ ਹੁੰਦਾ, ਉਸੇ ਨੂੰ ਜੜ੍ਹਾਂ ਵਾਲੇ ਫੋੜੇ ਵਾਂਗ ਝੇਲਣ ਦੀ ਮਜਬੂਰੀ ਵਿਚੋਂ ਲੰਘਣਾ ਪੈਂਦਾ ਹੈ। ਸਾਹਿਤ ਅਤੇ ਕਲਾ ਦੀ ਦ੍ਰਿਸ਼ਟੀ ਤੋਂ ਸਾਕਾ ਨੀਲਾ ਤਾਰਾ ਬਾਰੇ ਬਹੁਤਾ ਨਹੀਂ ਲਿਖਿਆ ਗਿਆ ਅਤੇ ਜੋ ਕੁਝ ਇਸ ਨਾਲ ਜੁੜੀਆਂ ਹੋਈਆਂ ਧਿਰਾਂ ਨੂੰ ਲੈ ਕੇ ਲਿਖਿਆ ਗਿਆ ਹੈ, ਉਸ ਨਾਲ ਸੰਤੁਸ਼ਟ ਨਹੀਂ ਹੋਇਆ ਜਾ ਸਕਦਾ। ਇਨ੍ਹਾਂ ਸਿਰ-ਤੋੜਵੀਆਂ ਲਿਖਤਾਂ ਦੇ ਬਾਵਜੂਦ, ਜੇ ਪੰਜਾਬੀਆਂ ਅਤੇ ਸਿੱਖਾਂ ਵਿਚਾਲੇ ਨੁਮਾਇਆ ਵੰਡਵੀਂ-ਲਕੀਰ ਨਜ਼ਰ ਨਹੀਂ ਵੀ ਆਉਂਦੀ, ਤਾਂ ਵੀ ਇਸ ਨਾਲੋਂ ਅੱਗੇ ਤੁਰਨ ਦੀ ਲੋੜ ਹੈ।

ਨੀਲਾ ਤਾਰਾ ਨਾਲ ਪੈਦਾ ਹੋ ਗਈ ਰੜਕਵੀਂ-ਸਪੇਸ ਦੇ ਸਿਆਸੀਕਰਨ ਨੂੰ ਰੋਕਣਾ ਮੁਸ਼ਕਿਲ ਹੁੰਦਾ ਜਾ ਰਿਹਾ ਹੈ। ਕਾਰਨ ਇਹ ਹੈ ਕਿ ਦੁਨੀਆਂ ਵਿਚ ਜਿਥੇ ਵੀ ਕੋਈ ਪੰਜਾਬੀ ਬੈਠਾ ਹੈ, ਉਸ ਦੀ ਇਸ ਚਸਕਵੀਂ-ਘਟਨਾ ਬਾਰੇ ਉਤਸੁਕਤਾ ਬਣੀ ਰਹਿਣੀ ਹੈ। ਇਸ ਘਟਨਾ ਨਾਲ ਜੁੜੇ ਹੋਏ ਨਵੰਬਰ 1984 ਦੇ ਦੰਗੇ ਵੀ ਨੀਲਾ ਤਾਰਾ ਦੀ ਪਰਤ ਵਜੋਂ ਹੀ ਜਾਣੇ ਜਾਂਦੇ ਹਨ। ਇਨ੍ਹਾਂ ਘਟਨਾਵਾਂ ਦੀ ਹੋ ਰਹੀ ਸਿਆਸਤ ਆਪਣੇ ਆਪ ਵਿਚ ਦੁਖਾਂਤ ਹੈ। ਸਿੱਖਾਂ ਦਾ ਇਕ ਸਿਆਸੀ ਵਰਗ ਇਸ ਨੂੰ ਸਿੱਖਾਂ ਦੇ ਸਵੈਮਾਣ ਨੂੰ ਚਕਨਾਚੂਰ ਕਰਨ ਵਾਲਾ ਸਿਆਸੀ-ਪੈਂਤੜਾ ਸਮਝਦਾ ਆ ਰਿਹਾ ਹੈ ਅਤੇ ਇਸ ਦੇ ਆਸਰੇ ਨਰਮ ਤੇ ਗਰਮ ਸਿੱਖ ਸਿਆਸਤ ਵੀ ਹੁੰਦੀ ਆ ਰਹੀ ਹੈ।

ਜਿਹੜੀ ਗੱਲ ਇਕੋ ਵੇਲੇ ਕਮਜ਼ੋਰੀ ਵੀ ਹੋਵੇ ਅਤੇ ਤਾਕਤ ਵੀ ਹੋਵੇ, ਉਸ ਨੂੰ ਸਿਆਸੀ-ਸ਼ੋਸ਼ਣ ਵਾਸਤੇ ਵਰਤਣਾ ਸੌਖਾ ਹੋ ਜਾਂਦਾ ਹੈ। ਮੀਰੀ-ਪੀਰੀ ਦੇ ਸਿੱਖ ਸਿਧਾਂਤ ਨਾਲ ਇਵੇਂ ਹੀ ਵਾਪਰਿਆ ਹੈ। ਜਿਨ੍ਹਾਂ ਨੂੰ ਇਸ ਬਾਰੇ ਜਿੰਨਾ ਘੱਟ ਪਤਾ ਹੈ, ਉਹ ਇਸ ਬਾਰੇ ਉਨਾਂ ਹੀ ਵਧ ਬੋਲਦੇ ਨਜ਼ਰ ਆ ਜਾਣਗੇ। ਮੀਰੀ-ਪੀਰੀ, ਧਰਮ ਅਤੇ ਸਿਆਸਤ ਵਿਚ ਸੰਤੁਲਿਤ ਸਥਾਪਤ ਕਰ ਸਕਣ ਵਾਸਤੇ ਸਿੱਖ-ਵਿਧੀ ਹੈ; ਪਰ ਇਸ ਦੇ ਪ੍ਰਸੰਗ ਸਥਾਪਨ ਦੀ ਕੋਸ਼ਿਸ਼, ਸਿੱਖਾਂ ਵਲੋਂ ਅਜੇ ਕੀਤੀ ਜਾਣੀ ਹੈ। ਜੇ ਇੰਨਾ ਕੁ ਵੀ ਸਮਝ ਲਈਏ ਕਿ ਸਿੱਖ ਧਰਮ ਦੀ ਆਮਦ ਵੇਲੇ ਸਿਆਸਤ ਅਤੇ ਧਰਮ ਦਾ ਜੋ ਰਿਸ਼ਤਾ ਭਾਰਤੀ ਤੇ ਸਾਮੀ ਧਰਮਾਂ ਵਿਚ ਪ੍ਰਵਾਨਿਤ ਸੀ, ਉਸ ਅਨੁਸਾਰ ਪਦਵੀ ਦਾ ਅਧਿਕਾਰ ਸਿਰਫ ਸਿਆਸਤ ਮੁਖੀ ਨੂੰ ਪ੍ਰਾਪਤ ਸੀ ਅਤੇ ਧਰਮ, ਸਿਆਸਤ ਦਾ ਕੇਵਲ ਮਾਤਰ ਸਹਾਇਕ ਹੀ ਹੋ ਸਕਦਾ ਸੀ।

ਇਸ ਨਾਲੋਂ ਨਿਖੜ ਕੇ ਤੁਰਨ ਬਾਰੇ ਫੈਸਲਾ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਪਿਛੋਂ ਗੁਰੂ ਹਰਿ ਗੋਬਿੰਦ ਸਾਹਿਬ ਵਲੋਂ ਮੀਰੀ-ਪੀਰੀ ਦੇ ਰੂਪ ਵਿਚ ਲਿਆ ਗਿਆ ਸੀ। ਇਹ ਰੀਐਕਸ਼ਨ ਵਿਚ ਲਿਆ ਗਿਆ ਵਕਤੀ ਫੈਸਲਾ ਨਹੀਂ ਸੀ, ਸਗੋਂ ਸਰਬ-ਸਮਿਆਂ ਵਾਸਤੇ ਲਿਆ ਗਿਆ ਪ੍ਰੋਐਕਟਿਵ-ਫੈਸਲਾ ਸੀ। ਆਮ ਪਬਲਿਕ ਵਿਚ ਇਸ ਦਾ ਜੋ ਪ੍ਰਭਾਵ ਗਿਆ, ਉਸ ਨੂੰ ਸਿੱਖ ਸੁਰ ਵਿਚ ਦੱਸਣ ਲਈ ਯਤਨ ਸਿੱਖਾਂ ਨੂੰ ਕਰਨੇ ਵੀ ਪਏ ਸਨ; ਪਰ ਵਰਤਮਾਨ ਵਿਚ ਇਸ ਸੰਕਲਪ ਦੀ ਸਿਆਸਤ ਤਾਂ ਖੂਬ ਹੋਈ ਹੈ, ਪਰ ਇਸ ਦਾ ਸੱਚ ਸਿੱਖ-ਸਿਮਰਤੀ ਵਿਚੋਂ ਦਿਨੋ ਦਿਨ ਕਿਰਦਾ ਜਾ ਰਿਹਾ ਹੈ। ਇਸ ਅਵੱਗਿਆ ਦੀ ਜ਼ਿੰਮੇਵਾਰੀ ਤੋਂ ਕੋਈ ਵੀ ਸਿੱਖ ਇਸ ਲਈ ਨਹੀਂ ਭੱਜ ਸਕਦਾ ਕਿ ਮੂਕ-ਦਰਸ਼ਕ ਹੋ ਕੇ 'ਮੈਨੂੰ ਕੀ' ਦੀ ਭਾਵਨਾ ਨਾਲ ਵੀ ਸੱਚ ਦੇ ਸਾਹਮਣੇ ਆਉਣ ਵਿਚ ਰੁਕਾਵਟ ਹੀ ਤਾਂ ਪੈਂਦੀ ਹੈ।

ਨੀਲਾ ਤਾਰਾ, ਸਿਆਸਤ ਦੀ ਕੁੱਖੋਂ ਪੈਦਾ ਹੋਇਆ ਸੀ ਅਤੇ ਸਿਆਸਤ ਦੇ ਮੋਢਿਆਂ 'ਤੇ ਸਵਾਰ ਹੋ ਕੇ ਹੀ ਇਹ ਲੋਕਾਂ ਤੱਕ ਪਹੁੰਚਦਾ ਰਿਹਾ ਹੈ। ਇਸ ਨੂੰ ਸਮਝਣ ਵਾਸਤੇ ਇਹ ਸਮਝਣਾ ਪਵੇਗਾ ਕਿ 1947 ਤੋਂ ਪਿਛੋਂ ਅਕਾਲੀ ਸਿਆਸਤ ਅੰਦਰ "ਸਿੱਖਾਂ ਦੇ ਬੋਲਬਾਲਿਆਂ ਲਈ ਦੇਸ਼ ਕਾਲ ਘੜਨ" ਅਤੇ "ਦੇਸ਼ ਦੀ ਧਰਮ ਨਿਰਪੇਖ ਸਿਆਸਤ ਵਿਚ ਸੱਤਾ ਹਾਸਲ ਕਰਨ" ਵਿਚਕਾਰ ਅਜਿਹਾ ਤਣਾਉ ਪੈਦਾ ਹੁੰਦਾ ਚਲਾ ਗਿਆ ਹੈ ਕਿ ਇਸ ਦੀ ਸੁਰ-ਸਥਾਪਨਾ ਦਾ ਕੋਈ ਰਸਤਾ ਹੀ ਨਜ਼ਰ ਨਹੀਂ ਆ ਰਿਹਾ। ਵੈਸੇ ਵੀ ਸਿਆਸੀ ਨੁਕਤੇ ਤੋਂ ਸਿੱਖ ਉਸ ਤਰ੍ਹਾਂ ਦਾ ਸੰਗਠਿਤ-ਭਾਈਚਾਰਾ ਨਹੀਂ ਰਹੇ, ਜਿਸ ਤਰ੍ਹਾਂ 1920 ਵਿਚ ਅਕਾਲੀ ਦਲ ਦੀ ਸਥਾਪਨਾ ਵੇਲੇ ਸੀ। ਵਰਤਮਾਨ ਅਕਾਲੀ ਸਿਆਸਤ ਨੇ ਇਸ ਦਾ ਲੇਖਾ-ਜੋਖਾ ਕਰਕੇ, ਸਿੱਖ-ਸੁਰ ਵਿਚ ਕੋਈ ਸਿਆਸੀ-ਵਿਧੀ ਕੱਢਣ ਦੀ ਥਾਂ, 'ਪੰਥ ਨੂੰ ਖਤਰੇ' ਦੀ ਸਿਆਸਤ ਵਜੋਂ ਵਰਤਣ ਦੀ ਹੀ ਕੋਸ਼ਿਸ਼ ਕੀਤੀ ਹੈ।

ਲਗਦਾ ਇਹ ਹੈ ਕਿ ਆਮ ਆਦਮੀ ਦੀ ਮਾਨਸਿਕਤਾ ਨੂੰ ਸਮਝੇ ਬਿਨਾ 'ਸਾਕਾ ਨੀਲਾ ਤਾਰਾ' ਦੀ ਚਸਕ ਤਕ ਨਹੀ ਪਹੁੰਚਿਆ ਜਾ ਸਕਦਾ। ਵਾਰਤਕ ਨਾਲੋਂ ਕਵਿਤਾ ਵਿਚ ਹੋਇਆ ਮਾਨਸਿਕ ਚਿਤਰਣ ਵਧੇਰੇ ਕੁਦਰਤੀ ਹੁੰਦਾ ਹੈ। ਕਵੀ ਗੁਰਦੀਪ ਸਿੰਘ ਦੀ ਗਜ਼ਲ ਦਾ ਇਕ ਸ਼ੇਅਰ ਹੈ, ਜਿਸ ਵਿਚ ਸਾਕਾ ਨੀਲਾ ਤਾਰਾ ਤੋਂ ਪ੍ਰਭਾਵਿਤ ਮਾਨਸਿਕਤਾ ਦਾ ਪ੍ਰਗਟਾਵਾ ਹੋ ਗਿਆ ਹੈ,

ਪੱਥਰਾਂ ਦੇ ਮੀਂਹ 'ਚ ਸ਼ੀਸ਼ਾ ਬਚ ਗਿਐ,
ਉਸ ਵਿਚਲਾ ਅਕਸ ਚਕਨਾਚੂਰ ਹੈ।

ਮਰਹੂਮ ਡਾ. ਹਰਿਭਜਨ ਸਿੰਘ ਦੇ ਸ਼ਬਦਾਂ ਵਿਚ "ਸਾਕਾ ਨੀਲਾ ਤਾਰਾ ਵੀ ਸਾਡੇ ਸਭਿਆਚਾਰ ਵਿਚ ਜੜ੍ਹਾਂ ਵਾਲੇ ਫੋੜੇ ਵਾਂਗ ਟਿਕਿਆ ਹੋਇਆ ਹੈ। ਇਹ ਨਿਰੋਲ ਇਤਿਹਾਸਕ ਘਟਨਾ ਨਹੀਂ ਹੈ, ਇਹ ਸਭਿਆਚਾਰਕ ਤ੍ਰਾਸਦੀ ਹੈ। ਕਵਿਤਾ ਵਿਚ ਇਸ ਨੇ ਕਰੁਣਾ, ਭੈ ਅਤੇ ਕਚਿਆਣ ਦੇ ਰਲੇ-ਮਿਲੇ ਚਿੱਤਰ ਬਣ ਕੇ ਪ੍ਰਗਟ ਹੋਣਾ ਹੀ ਹੈ।" (ਚੋਲਾ ਟਾਕੀਆਂ ਵਾਲਾ, ਪੰਨਾ 182)

ਜਦੋਂ ਇਸ ਸਭਿਆਚਾਰਕ ਤ੍ਰਾਸਦੀ ਨੂੰ ਕਵਿਤਾ ਵਿਚ ਉਹੀ ਕਵੀ ਕਹਿੰਦਾ ਹੈ ਤਾਂ ਧਾਰਮਿਕ-ਮਾਨਸਿਕਤਾ ਉਤੇ ਪਏ ਪ੍ਰਭਾਵ ਦੀ ਬਾਤ ਪਾ ਜਾਂਦਾ ਹੈ,

ਪਰਿਕਰਮਾ ਤਕ ਆ ਪੁਜੀਆਂ ਨੇ
ਆਂਦਰ ਆਂਦਰ ਮਾਂਵਾਂ,
ਪੱਥਰ ਪੱਥਰ ਪਾਸੋਂ ਪੁੱਛਣ
ਪੁੱਤਰਾਂ ਦਾ ਸਿਰਨਾਂਵਾਂ,
ਉਹ ਜਿਹੜੇ ਵਿਚ ਪਰਦਖਣਾ ਡੁਲ੍ਹ ਗਏ
ਲੈ ਕੇ ਤੇਰਾ ਨਾਂਵਾਂ।
(ਚੋਲਾ ਟਾਕੀਆਂ ਵਾਲਾ, ਪੰਨਾ 192)

ਇਥੇ ਕਰੁਣਾ ਦਾ ਪ੍ਰਗਟਾਵਾ ਹੋ ਗਿਆ ਹੈ, ਪਰ ਜੋ ਕੁਝ ਵਾਪਰਿਆ ਸੀ, ਉਸਦਾ ਇਤਿਹਾਸਕ ਪ੍ਰਸੰਗ ਵੀ ਕਵੀ ਦੀ ਜ਼ਬਾਨ ਵਿਚ ਆਸਤਕ ਅਤੇ ਨਾਸਤਕ ਦੇ ਵਖਰੇਵਿਆਂ ਨੂੰ ਮਿਟਾ ਕੇ, ਜਿਸ ਕਿਸਮ ਦੀ ਮਾਨਸਿਕਤਾ ਦਾ ਵਿਖਿਆਨ ਕਰ ਰਿਹਾ ਹੈ, ਉਹ ਸਮੇਂ ਦੇ ਸੱਚ ਨੂੰ ਕਵਿਤਾ ਵਿਚ ਢਾਲ ਕੇ ਹੀ ਸੰਭਵ ਹੋ ਸਕਦਾ ਹੈ,

ਦਿਲੀ ਨੇ ਜਦ ਅੰਬਰਸਰ 'ਤੇ
ਜਮ ਕਰ ਮੁਗਲ ਚੜ੍ਹਾਇਆ,
ਹੈਵਰ ਗੈਵਰ 'ਤੇ ਵੀ ਤਗੜਾ
ਜਦੋਂ ਲੋਹੇਯਾਨ ਦੁੜਾਇਆ
ਮੈਂ ਰਬ ਨੂੰ ਬਹੁਤ ਧਿਆਇਆ।

ਫੌਜਾਂ ਨੇ ਜਦ ਸੋਨ ਕਲਸ 'ਤੇ
ਤੁੱਪਕ ਤਾਨ ਚਲਾਇਆ,
ਖਖੜੀ ਖਖੜੀ ਹੋ ਕੇ ਡਿਗਾ
ਜਦੋਂ ਮੇਰੇ ਸਿਰ ਦਾ ਸਾਇਆ
ਮੈਂ ਰਬ ਨੂੰ ਬਹੁਤ ਧਿਆਇਆ।

ਸੱਚਾ ਤਖਤ ਜਿਨ੍ਹੇ ਢਾਹਿਆ ਸੀ
ਓਸੇ ਜਦੋਂ ਬਣਾਇਆ,
ਤਾਂ ਅਪਰਾਧੀ ਦੂਣਾ ਨਿਊਂਦਾ
ਮੈਨੂੰ ਨਜ਼ਰੀਂ ਆਇਆ
ਮੈਂ ਰਬ ਨੂੰ ਬਹੁਤ ਧਿਆਇਆ।

ਸਤਿਗੁਰ ਇਹ ਕੀ ਕਲਾ ਵਿਖਾਈ
ਤੂੰ ਕੀ ਭਾਣਾ ਵਰਤਾਇਆ,
ਮੈਂ ਪਾਪੀ ਦੀ ਸੋਧ ਲਈ ਤੂੰ
ਆਪਣਾ ਘਰ ਢਠਵਾਇਆ।
ਮੈਂ ਰਬ ਨੂੰ ਬਹੁਤ ਧਿਆਇਆ।
(ਚੋਲਾ ਟਾਕੀਆਂ ਵਾਲਾ, ਪੰਨਾ 193-94)

ਅਸਲ ਵਿਚ ਸਾਕਾ ਨੀਲਾ ਤਾਰਾ ਦਾ ਇਹ ਪੱਖ ਸਿਆਸਤਦਾਨਾਂ ਦੇ ਗੇੜ ਵਿਚ ਹੀ ਨਹੀਂ ਆ ਸਕਿਆ, ਕਿਉਂਕਿ ਇਸ ਨਾਲ ਤ੍ਰਾਸਦਿਕ-ਪ੍ਰਸੰਗ ਤਾਂ ਸਿਰਜਿਆ ਜਾਂਦਾ ਹੈ, ਪਰ ਸਿਆਸੀ ਲੋੜ ਪੂਰੀ ਨਹੀਂ ਹੁੰਦੀ। ਸਿਆਸਤ ਅਤੇ ਧਰਮ ਵਿਚਲੇ ਫਰਕ ਨੂੰ ਡਾ. ਹਰਿਭਜਨ ਸਿੰਘ, ਇਕ ਕਿਸਮ ਦੀ ਮਾਨਸਿਕਤਾ ਉਤੇ, ਦੂਜੀ ਕਿਸਮ ਦੀ ਮਾਨਸਿਕਤਾ ਦੀ ਜਿੱਤ ਨੂੰ ਕੂੜੀ-ਪ੍ਰਾਪਤੀ ਕਹਿੰਦਾ ਹੈ, "30 ਅਕਤੂਬਰ 1984 ਕਵਿਤਾ ਦੀ ਪਰਾਜੈ ਦਾ ਦਿਨ ਸੀ। ਭਗਤਾਂ, ਸੰਤਾਂ, ਸੂਫੀਆਂ ਨੇ ਈਸ਼ ਭਾਵਨਾ ਦਾ ਜੋ ਸ਼ਾਂਤ, ਅਦਵੈਤ ਚਿੱਤਰ, ਸਦੀਆਂ ਤੋਂ, ਲੋਕ ਮਨਾਂ ਵਿਚ ਵਸਾਉਣ ਦਾ ਯਤਨ ਕੀਤਾ, ਉਹ ਚੁਰਾਹੇ ਵਿਚ ਚੁਫਾਲ ਢਠਾ ਪਿਆ ਸੀ, ਫੱਟੜ, ਲਹੂ-ਲੁਹਾਨ।" (ਚੋਲਾ ਟਾਕੀਆਂ ਵਾਲਾ, ਪੰਨਾ 195)

ਇਸ ਨਾਲ ਇਹ ਗੱਲ ਸਾਹਮਣੇ ਆ ਗਈ ਹੈ ਕਿ ਵਰਤਮਾਨ, ਸਦਾ ਹੀ ਵੰਗਾਰ ਬਣਿਆ ਰਹਿੰਦਾ ਹੈ ਅਤੇ ਸ਼ਾਸ਼ਕ ਤੇ ਸ਼ੋਸ਼ਿਤ ਇਸ ਨਾਲ ਜੁੜੀਆਂ ਹੋਈਆਂ ਦੋ ਧਿਰਾਂ ਵੀ ਬਣੀਆਂ ਰਹਿੰਦੀਆਂ ਹਨ। ਸ਼ੋਸ਼ਿਤ ਕਦੇ ਆਪਣੇ ਅਗਿਆਨ ਦੀ ਸਜ਼ਾ ਭੁਗਤਦਾ ਹੈ, ਕਦੇ ਭਰਮ ਦਾ ਸ਼ਿਕਾਰ ਹੋਇਆ ਰਹਿੰਦਾ ਹੈ ਅਤੇ ਕਦੇ ਇੱਜਤ ਬਚਾਉਣ ਦੇ ਭੁਲੇਖੇ ਵਿਚ ਇੱਜਤ ਲੁਟਾਈ ਤੁਰਿਆ ਜਾਂਦਾ ਹੈ। ਇਸ ਸਥਿਤੀ ਨੂੰ ਕਵੀ ਧਰਮ ਦੀ ਸੁੱਤ ਅਤੇ ਕਰਮ ਦੀ ਵੰਗਾਰ ਵਜੋਂ ਪੇਸ਼ ਕਰਦਾ ਹੈ,

ਨ ਕੋ ਬੈਰੀ ਨਾਹਿ ਬੇਗਾਨਾ
ਸਤਿਗੁਰ ਕਾ ਸਭ ਸਦਕਾ,
(ਪਰ) ਵੇਖੋ ਜਾਬਰ ਲੈ ਨ ਜਾਏ
ਪਤ-ਪਰਤੀਤ ਉਧਾਲ ਕੇ।
(ਚੋਲਾ ਟਾਕੀਆਂ ਵਾਲਾ, ਪੰਨਾ 193)

ਅਸਲ ਵਿਚ ਸਾਹਮਣੇ ਦਰਪੇਸ਼ ਘਟਨਾ ਸੁਚੇਤ ਮਨਾਂ ਦੇ ਭੇੜ ਦਾ ਨਤੀਜਾ ਤਾਂ ਜ਼ਰੂਰ ਨਜ਼ਰ ਆਉਂਦੀ ਹੈ, ਪਰ ਇਸ ਨਾਲ ਇਕ ਹੋਰ ਸੱਚ ਵੀ ਜੁੜਿਆ ਹੋਇਆ ਹੁੰਦਾ ਹੈ। ਇਸ ਸੱਚ ਦਾ ਸਬੰਧ ਸਮਕਾਲੀ ਅਵਚੇਤਨ ਨਾਲ ਜੁੜਿਆ ਹੁੰਦਾ ਹੈ। ਇਸ ਮਰਮੀ-ਪਰਵਾਜ਼ ਦਾ ਅਨੁਭਵੀ-ਵਿਖਿਆਨ ਡਾ. ਹਰਿਭਜਨ ਸਿੰਘ ਜਿਹਾ ਕਵੀ ਹੀ ਕਰ ਸਕਦਾ ਹੈ, "ਮੈਨੂੰ ਜਾਪਦਾ ਹੈ ਕਿ ਸਾਕਾ ਨੀਲਾ ਤਾਰਾ ਨੇ ਹਰਿਮੰਦਰ ਤੇ ਅਕਾਲ ਤਖਤ ਉਪਰ ਵਾਰ ਕਰਕੇ ਪੰਜਾਬੀ ਅਵਚੇਤਨ ਨੂੰ ਉਕਸਾਇਆ ਹੈ। ਭਾਰਤ ਦੀਆਂ ਦੋ ਨਾਮਵਰ ਹਸਤੀਆਂ ਨੂੰ ਮਾਰਨ ਵਾਲੇ ਤਾਂ ਨਮਿਤ ਕਾਰਨ ਸਨ, ਉਨ੍ਹਾਂ ਦਾ ਕਾਤਲ ਤਾਂ ਪੰਜਾਬ ਦਾ ਜਾਤੀ ਅਵਚੇਤਨ ਸੀ।" (ਚੋਲਾ ਟਾਕੀਆਂ ਵਾਲਾ, ਪੰਨਾ 194)

ਇਹ ਵੇਰਵਾ ਇਸ ਲਈ ਦੇ ਦਿਤਾ ਹੈ ਤਾਂ ਕਿ ਇਹ ਸਮਝਿਆ ਅਤੇ ਸਮਝਾਇਆ ਜਾ ਸਕੇ ਕਿ ਜੋ ਸੱਚਾਈ ਡਾ. ਹਰਿਭਜਨ ਸਿੰਘ ਦੀਆਂ ਗਿਣਤੀ ਦੀਆਂ ਟੂਕਾਂ ਨਾਲ ਸਾਹਮਣੇ ਆ ਗਈ ਲਗਦੀ ਹੈ, ਉਹ ਸਿਆਸਤਦਾਨਾਂ ਨੂੰ ਕਿਉਂ ਸਮਝ ਨਹੀਂ ਆਉਂਦੀ? ਭਾਰਤੀ ਸਿਆਸਤ ਦਾ ਇਹ ਦੁਖਾਂਤ ਹੀ ਕਹਿਣਾ ਚਾਹੀਦਾ ਹੈ ਕਿ ਮੁੱਦਿਆਂ ਦੀ ਸਿਆਸਤ ਦੀ ਥਾਂ ਜਜ਼ਬਿਆਂ ਦੀ ਸਿਆਸਤ ਦਾ ਬੋਲਬਾਲਾ ਹੁੰਦਾ ਜਾ ਰਿਹਾ ਹੈ। ਕੀ ਇਹ ਦੁਖਾਂਤ ਨਹੀਂ ਹੈ ਕਿ ਦੇਸ਼ ਦੇ ਧਰਮ ਨਿਰਪੇਖ ਢਾਂਚੇ ਵਿਚ ਧਰਮ ਦੇ ਨਾਂ 'ਤੇ ਵੋਟਾਂ ਲੈਣ ਦੀ ਸਭ ਨੂੰ ਆਜ਼ਾਦੀ ਹੈ। ਸਿਆਸੀ ਦੌੜ ਵਿਚ ਹਿੱਸੇਦਾਰਾਂ ਨੂੰ ਕਦਮ ਰੋਕ ਕੇ ਸੋਚਣਾ, ਸਮਝਣਾ ਅਤੇ ਕਰਨਾ ਚਾਹੀਦਾ ਹੈ ਕਿ ਨੀਲਾ ਤਾਰਾ ਜਿਹੇ ਦੁਖਾਂਤ ਦੀ ਸਿਆਸਤ ਕਿਸੇ ਦੇ ਵੀ ਹਿੱਤ ਵਿਚ ਨਹੀਂ ਹੋ ਸਕਦੀ।

---

## ਸਾਕਾ ਚੁਰਾਸੀ ਦੇ ਸ਼ਹੀਦਾਂ ਨੂੰ ਸਮਰਪਿਤ

## ਕਾਵਿ ਜਗਤ

ਸਿੱਖ ਕੌਮ ਵਿਚ ਘਾਟ ਏਕਤਾ,
ਗੱਦਾਰਾਂ ਦੀ ਭਰਮਾਰ ਬੜੀ ਹੈ।
ਗੈਰਾਂ ਦੀ ਤਾਂ ਗੱਲ ਕੀ ਕਰਨੀ,
ਆਪਣਿਆਂ ਦੀ ਡਾਰ ਬੜੀ ਹੈ।
ਕਿਸ ਦੇ ਵਿਚ ਸੀ ਕੀ ਹਿੰਮਤ ਐਨੀ,
ਪੱਗ ਨੂੰ ਹੱਥ ਕੋਈ ਪਾ ਜਾਂਦਾ।
ਬੁੱਕਲ ਪਾਲੇ ਸੱਪ ਹੀ ਲੜ ਗਏ,
ਵਰਨਾ ਤਖਤ ਕੋਈ ਡਾਹ ਨਾ ਜਾਂਦਾ।

ਇੱਕ ਇੱਕ ਸਿੰਘ ਜੋ ਲੱਖਾਂ ਉਤੇ,
ਭਾਰੀ ਪੈਂਦਾ ਇਤਿਹਾਸ ਗਵਾਹ ਹੈ।
ਸੰਨ ਚੁਰਾਸੀ ਦੇ ਵਿਚ ਵੇਖਿਆ,
ਜ਼ਾਲਮਾਂ ਦੇ ਗਏ ਸੂਤੇ ਸਾਹ ਐ।
31 ਅਕਤੂਬਰ ਨੂੰ ਸਿੰਘਾਂ ਦੱਸ ਦਿੱਤਾ,
ਸੁੱਕਾ ਕੋਈ ਭਾਜੀ ਪਾਅ ਨਾ ਜਾਂਦਾ।
ਬੁੱਕਲ ਪਾਲੇ ਸੱਪ ਹੀ ਲੜ ਗਏ,
ਵਰਨਾ ਤਖਤ ਕੋਈ ਡਾਹ ਨਾ ਜਾਂਦਾ।

ਟੈਂਕ ਕਮਾਂਡੋ ਤੇ ਸਾਰੀ ਤਾਕਤ,
ਝੋਕ ਦਿੱਤੀ ਸੀ ਝੋਕਣੇ ਵਾਲੇ।
ਦੋ ਜਰਨੈਲ ਤੇ ਨਾਲ ਸੀ ਯੋਧੇ,
ਗਿਣਤੀ ਦੇ ਸਿੰਘ ਨਹੀਂ ਸੀ ਵਾਹਲੇ।
ਧਰਮੀ ਫੌਜੀ ਜੇ ਆ ਮਿਲਦੇ,
ਦੁਸ਼ਮਣ ਭੱਜ ਕਿਸੇ ਰਾਹ ਨਾ ਜਾਂਦਾ।
ਬੁੱਕਲ ਪਾਲੇ ਸੱਪ ਹੀ ਲੜ ਗਏ,
ਵਰਨਾ ਤਖਤ ਕੋਈ ਡਾਹ ਨਾ ਜਾਂਦਾ।

ਬੇ-ਇੰਤਹਾ ਜ਼ੁਲਮ ਹੋਏ ਨੇ,
ਅੱਜ ਤੱਕ ਵੀ ਏਹ ਜ਼ੁਲਮ ਨੇ ਜਾਰੀ।
ਸਿੱਖ ਕੌਮ ਨੇ ਸ਼ਹਾਦਤਾਂ ਕੀਮਤ,
ਅਜ਼ਾਦੀ ਲਈ ਵੀ ਦਿੱਤੀ ਭਾਰੀ।
ਨੌਵੇਂ ਗੁਰੂ ਜੇ ਪੁਕਾਰ ਨਾ ਸੁਣਦੇ,
ਧਰਮ ਤੂੰ ਕਦੇ ਬਚਾ ਨਾ ਪਾਂਦਾ।
ਬੁੱਕਲ ਪਾਲੇ ਸੱਪ ਹੀ ਲੜ ਗਏ,
ਵਰਨਾ ਤਖਤ ਕੋਈ ਡਾਹ ਨਾ ਜਾਂਦਾ।

ਦੇਸ਼ ਅਤੇ ਵਿਦੇਸ਼ਾਂ ਦੇ ਵਿਚ,
ਕੌਮ ਦੇ ਵਿਚ ਗੱਦਾਰ ਬੜੇ ਨੇ।
ਸੁਖਵਿੰਦਰ ਬੋਦਲਾਂ ਵਾਲਿਆ ਸੱਚਮੁੱਚ,
ਝੂਠੇ-ਮੂਠੇ ਸਰਦਾਰ ਬੜੇ ਨੇ।
ਗੁਰੂ ਦੇ ਨਾਲ ਏਹ ਲਫਜ਼ ਗੱਦਾਰੀ,
ਨਰਕਾਂ ਦੇ ਸਿੱਧਾ ਰਾਹ ਪਾ ਜਾਂਦਾ।
ਬੁੱਕਲ ਪਾਲੇ ਸੱਪ ਹੀ ਲੜ ਗਏ,
ਵਰਨਾ ਅਕਾਲ ਤਖਤ ਕੋਈ ਡਾਹ ਨਾ ਜਾਂਦਾ।

***-ਸੁਖਵਿੰਦਰ ਸਿੰਘ ਬੋਦਲਾਂ ਵਾਲਾ***
***ਫੋਨ: 360-281-2624***

---

### ਜ਼ਖਮ

ਦਿਤੇ ਨੇ ਜੋ ਜਖਮ ਤੂੰ,
ਹਮੇਸ਼ਾ ਰਿਸਦੇ ਰਹਿਣਗੇ
ਦਾਸਤਾਂ ਤੇਰੇ ਜ਼ੁਲਮ ਦੀ
ਬੇਖੌਫ ਹੋ ਹੋ ਕਹਿਣਗੇ।
ਸੋਚ ਨਾ ਤੇਰੇ ਖੌਫ ਤੋਂ
ਇਹ ਖੂਨ ਜੰਮ ਜਾਏਗਾ
ਠਾਠਾਂ ਮਾਰਦੇ ਖੂਨ ਦੇ ਰਗਾਂ 'ਚੋਂ
ਫੁਹਾਰੇ ਪੈਣਗੇ।
ਝੁਕ ਜਾਣ ਡਰਨ ਦੀ ਗੁੜ੍ਹਤੀ
ਸਾਨੂੰ ਮਿਲੀ ਨਹੀਂ
ਡਟ ਕੇ ਕਰਾਂਗੇ ਟਾਕਰੇ,
ਜਦੋਂ ਵੀ ਕਰਨੇ ਪੈਣਗੇ।

ਸਿਰ ਤਲੀ 'ਤੇ ਧਰਨ ਵਾਲੇ
ਮੌਤ ਤੋਂ ਨਹੀਂ ਡਰਦੇ
ਹੱਕ, ਸੱਚ ਦੇ ਪਾਂਧੀ
ਹਮੇਸ਼ਾ ਹੀ ਡਟਦੇ ਰਹਿਣਗੇ।
ਜਿੰਨਾ ਮਰਜ਼ੀ ਤੇਰੀ
ਤੂੰ ਸਿਤਮ ਕਮਾ ਲੈ ਰੱਜ ਕੇ
ਤੇਰੇ ਜ਼ਬਰ ਵਾ ਜ਼ੁਲਮ ਦੇ
ਸਭ ਪਾਸੇ ਪੁੱਠੇ ਪੈਣਗੇ।
ਸਰਬ ਦਾ ਭਲਾ ਚਾਹੁਣ ਵਾਲੇ
ਕਦੇ ਨਹੀਂ ਡੋਲਦੇ
ਸਿਤਮਗਰਾ ਸਿਤਮ ਤੇਰਾ
ਹੱਸ ਹੱਸ ਕੇ ਸਹਿਣਗੇ।

ਯੋਧੇ ਦਬਾਅ ਨਹੀਂ ਸਕਣੇ
ਤੇਰੇ ਬੰਬਾਂ, ਗੋਲਿਆਂ
ਕੁਕਨੂਸ ਵਾਂਗੂ ਸਵਾਹ ਦੀ
ਰਾਖ 'ਚੋਂ ਉਠ ਪੈਣਗੇ।
ਬੇਸ਼ੱਕ ਅਜ਼ਾਦੀ ਦੇ ਪ੍ਰਵਾਨੇ
ਬੰਦ ਨੇ ਵਿਚ ਪਿੰਜਰੇ
ਨਗਮੇ ਅਜ਼ਾਦੀ ਦੇ ਫਿਜ਼ਾਵਾਂ 'ਚ
ਗੂੰਜਦੇ ਰਹਿਣਗੇ।
ਆਪਣਾ ਘਰ, ਅਜ਼ਾਦੀ ਸਭ ਦਾ
ਮੁਢਲਾ ਹੱਕ ਹੈ
ਪਿੰਜਰਿਆਂ 'ਚ ਪੰਛੀ,
ਬੰਦ ਕਿੰਨਾ ਚਿਰ ਰਹਿਣਗੇ।
ਆਪਣੇ ਹੀ ਘਰ 'ਚ
ਬੇਗਾਨਗੀ ਦੇ ਅਹਿਸਾਸ ਦੀ
ਨਸੂਰ ਹਿਰਦੇ ਦੇ,
ਦਾਸਤਾਂ ਦੁਹਰਾਉਂਦੇ ਕਹਿਣਗੇ।
ਮੁਕਰਿਉਂ ਵਾਅਦਿਉਂ,
ਤੋੜਿਆ ਏ ਇਤਬਾਰ ਤੂੰ
ਦੱਸ ਹੋਰ ਕਿੰਨਾ ਚਿਰ
ਤੇਰੇ ਸਿਤਮ ਝਲਣੇ ਪੈਣਗੇ!
ਤੇਗ ਦੇ ਜਾਏ, ਤੁਫਾਨਾਂ ਦੇ ਹਾਣੀ,
ਰੋਕੇਂਗਾ ਕਿਵੇਂ
ਹੱਕ ਜਿਨ੍ਹਾਂ ਦੇ ਸਾਂਭੀ ਬੈਠਾ ਏਂ,
ਦੇਣੇ ਤੈਨੂੰ ਪੈਣਗੇ।

ਲਹੂ ਨਾਲ ਬਾਲੇ ਨੇ
ਇਹ ਚਿਰਾਗ ਜੋ ਅਜ਼ਾਦੀ ਦੇ
ਬੁਝਣੇ ਨਹੀਂ ਜ਼ੋਰ ਲਾ ਲੈ,
ਸਦਾ ਬਲਦੇ ਰਹਿਣਗੇ।
ਮਰ ਕੇ ਵੀ ਮਰਜੀਵੜੇ
ਜਿਉਂਦੇ ਨੇ ਸਦਾ ਜੱਗ 'ਤੇ
ਦਿਲਾਂ 'ਤੇ ਰਾਜ ਕਰਦੇ
ਸਦਾ ਹੀ ਕਰਦੇ ਰਹਿਣਗੇ।
ਜੋ ਹਾਰਦੇ ਨ੍ਹੀਂ ਹਿੰਮਤਾਂ
ਸਰ ਕਰਦੇ ਨੇ ਬੁਲੰਦੀਆਂ
ਝੱਖੜਾਂ ਮਾਰੂ ਤੁਫਾਨਾਂ 'ਚ ਵੀ
ਕਿਨਾਰੇ ਲੱਭ ਲੈਣਗੇ।

ਲਿਖਣਗੇ ਇਤਿਹਾਸ ਜਦੋਂ
ਕੁਝ ਕੁ ਬੇਗਰਜ਼ ਲੋਕ
ਲਾਹਨਤਾਂ ਦੇ ਤੌਕ ਵੇਖੀਂ,
ਗਲ ਤੇਰੇ ਵਿਚ ਪੈਣਗੇ।
ਪਾਪਾਂ ਦੇ ਬੋਝ ਥੱਲੇ
ਇਹ ਰੂਹ ਤੇਰੀ ਕੁਰਲਾਏਗੀ
ਕੀਤੀਆਂ ਦੇ ਹਿਸਾਬ ਤੈਨੂੰ
ਜਦ ਵੀ ਦੇਣੇ ਪੈਣਗੇ।
ਬੇਹੁਰਮਤੀ ਰੱਬ ਦੇ,
ਘਰ ਦੀ ਜਿਸ ਵੀ ਕੀਤੀ ਹੈ
ਇਤਿਹਾਸ ਪੜ੍ਹ ਕੇ ਵੇਖ
ਤੈਨੂੰ ਹਸ਼ਰ ਦਿੱਸ ਪੈਣਗੇ।

***-ਚੰਨ***
***ਫੋਨ:908-788-8427***

---

### ਸਭ ਥਾਂ ਤੂੰ

ਧੁੱਪ ਸੋਹਣੀ ਹੈ ਤੇਰੇ ਵਰਗੀ
ਹਵਾ ਮਨਮੋਹਕ ਹੈ ਬਿਲਕੁਲ ਤੇਰੇ ਵਾਂਗ
ਪਾਣੀ ਨਿਰਮਲ ਹੈ ਤੇਰੇ ਰੂਪ ਦੀ ਤਰ੍ਹਾਂ।
ਤੈਨੂੰ ਮੈਂ ਉਦੋਂ ਤੋਂ ਜਾਣਦਾ ਹਾਂ
ਜਦ ਮੈਂ ਆਪਣੀ ਮਾਂ ਦੇ ਗਰਭ 'ਚ ਸਾਂ।
ਮੈਂ ਆਪਣੀ ਮਾਂ ਦੇ ਦੁੱਧ ਵਿਚ
ਤੈਨੂੰ ਚੁੰਘਿਆ ਹੈ।

ਮੈਂ ਮਿੱਟੀ ਵਿਚੋਂ ਤੈਨੂੰ ਖਾਧਾ ਹੈ
ਮੈਂ ਹਰ ਖੇਡ ਵਿਚ
ਤੇਰਾ ਰੂਪ ਦੇਖਿਆ ਹੈ।
ਹਰੇਕ ਭਾਸ਼ਾ ਦਾ ਹਰ ਅੱਖਰ
ਤੇਰੇ ਰੰਗ ਜਿਹਾ ਹੈ।
ਫੱਟੀ 'ਤੇ ਲਾਈ ਗਾਚਣੀ 'ਚ ਵੀ
ਮੈਂ ਤੇਰੀ ਮਹਿਕ ਮਾਣੀ ਹੈ।
ਸਿਆਹੀ ਦਾ ਰੰਗ ਵੀ
ਤੇਰੇ ਜਿੰਨਾ ਸੋਹਣਾ ਹੈ।

ਹਰ ਕਿਤਾਬ ਤੇਰਾ ਰੂਪ ਹੈ।
ਹਰ ਵਿਸ਼ਾ ਤੇਰੀਆਂ ਗੱਲਾਂ ਨਾਲ ਸ਼ੁਰੂ ਹੁੰਦੈ
ਤੇ ਫਿਰ ਮੁੱਕ ਜਾਂਦਾ ਹੈ।
ਤੈਨੂੰ ਮੈਂ ਆਪਣੇ ਨਾਲ ਤੋਰ ਲਿਆ ਸੀ,
ਤੇ ਤੇਰੇ ਨਾਲ ਤੁਰ ਰਿਹਾ ਹਾਂ।
ਮਹਿੰਦੀ ਲੱਗੇ ਹੱਥਾਂ ਦੀਆਂ
ਤਲੀਆਂ ਵਿਚ
ਮੈਂ ਤੈਨੂੰ ਮਾਣਿਆ ਹੈ।

ਤੇਰਾ ਰੂਪ ਲੈ ਕੇ ਫੁੱਲ ਖਿੜੇ,
ਉਨ੍ਹਾਂ ਦੀ ਮਹਿਕ ਮੇਰੇ ਮਨ 'ਚ
ਤੇਰੇ ਜਿਹੇ ਚਾਅ ਤੇ
ਖੁਸ਼ੀਆਂ ਘੋਲ ਗਈ।
ਹਰ ਫਸਲ ਤੇਰਾ ਰੂਪ ਹੈ,
ਤੇਰਾ ਅਕਾਰ ਹੈ
ਫਸਲਾਂ ਤੇਰੇ ਵਾਂਗ ਹੀ ਤਾਂ
ਜੀਵਨ ਨੂੰ ਚਲਾਉਂਦੀਆਂ ਨੇ।

ਹੇ, ਪਿਆਰ!
ਤੈਨੂੰ ਮਨੁੱਖ ਪੂਰਨ ਰੂਪ 'ਚ
ਉਸ ਦਿਨ ਪਾ ਲਵੇਗਾ, ਜਦ ਤੈਨੂੰ
ਗੋਦੀ ਚੁੱਕ ਕੇ ਮੋਢੇ ਲਾਵੇਗਾ
ਤੇ ਤੇਰੀ ਲੋਰੀ ਗਾਵੇਗਾ।

***-ਗੁਰਮੇਲ ਬੀਰੋਕੇ***

# ਮਨੁੱਖ, ਧਰਮਤੰਤਰ ਤੇ ਈਸ਼ਵਰਵਾਦ

*ਪਿਛਲੇ ਅੰਕ ਵਿਚ ਹਰਜੀਤ ਦਿਓਲ (ਬਰੈਂਪਟਨ) ਨੇ ਈਸ਼ਵਰਵਾਦ ਦੇ ਕੁਝ ਨੁਕਤਿਆਂ ਬਾਰੇ ਸੰਖੇਪ ਜਿਹੀ ਚਰਚਾ ਕੀਤੀ ਸੀ। ਇਨ੍ਹਾਂ ਵਿਚੋਂ ਇਕ ਨੁਕਤੇ ਬਾਰੇ ਨੰਦ ਸਿੰਘ ਬਰਾੜ ਨੇ ਲੰਮੀ ਟਿੱਪਣੀ ਲਿਖ ਭੇਜੀ ਹੈ, ਜਿਸ ਵਿਚ ਉਨ੍ਹਾਂ ਨੇ ਮਨੁੱਖ, ਧਰਮ ਅਤੇ ਸੰਸਥਾਈ ਧਰਮ ਬਾਰੇ ਖੁੱਲ੍ਹ ਕੇ ਵਿਚਾਰ ਰੱਖੇ ਹਨ। ਇਹ ਅਸਲ ਵਿਚ ਧਰਮਤੰਤਰ ਬਾਰੇ ਕੀਤੀਆਂ ਉਹ ਵਿਚਾਰਾਂ ਹਨ, ਜਿਨ੍ਹਾਂ ਬਾਰੇ ਵਾਕਫੀਅਤ ਬੰਦੇ ਨੂੰ ਇਤਿਹਾਸ ਦੇ ਅਣਛੋਹੇ ਪੱਖਾਂ ਬਾਰੇ ਸੋਚਣ ਦੀ ਚਿਣਗ ਲਾਉਂਦੀ ਹੈ। -ਸੰਪਾਦਕ*

'ਪੰਜਾਬ ਟਾਈਮਜ਼' ਦੇ 23 ਮਈ ਦੇ ਅੰਕ ਵਿਚ ਹਰਜੀਤ ਦਿਓਲ, ਬਰੈਂਪਟਨ ਨੇ ਈਸ਼ਵਰਵਾਦ ਬਾਰੇ ਦਲੇਰੀ ਨਾਲ ਆਪਣਾ ਨਜ਼ਰੀਆ ਪੇਸ਼ ਕੀਤਾ ਹੈ। ਮੈਂ ਉਨ੍ਹਾਂ ਦੀਆਂ ਲਗਪਗ ਸਾਰੀਆਂ ਦਲੀਲਾਂ ਨਾਲ ਸਹਿਮਤ ਹਾਂ, ਪਰ ਉਨ੍ਹਾਂ ਦੀ ਆਖਰੀ ਪਹਿਰੇ ਵਿਚ ਪ੍ਰਗਟਾਈ ਦਲੀਲ ਨਾਲ ਮੈਂ ਸਹਿਮਤ ਨਹੀਂ ਹੋ ਸਕਿਆ ਕਿ ਮਨੁੱਖੀ ਵਿਕਾਸ ਦੇ ਸ਼ੁਰੂ ਵਿਚ ਕੁਝ ਮਹਾਪੁਰਸ਼ਾਂ ਨੇ ਧਰਮ ਸ਼ੁਰੂ ਕੀਤੇ।

ਜਦੋਂ ਅਸੀਂ ਇਤਿਹਾਸ ਵਿਚ ਵਿਚਰੇ ਕੁਝ ਮਹਾਪੁਰਸ਼ਾਂ-ਸੁਕਰਾਤ, ਮਨਸੂਰ, ਈਸਾ ਮਸੀਹ ਆਦਿ ਤੋਂ ਲੈ ਕੇ ਸਿੱਖ ਗੁਰੂਆਂ ਤੱਕ ਬਾਰੇ ਪੜ੍ਹਦੇ ਹਾਂ ਤਾਂ ਪਤਾ ਲਗਦਾ ਹੈ ਕਿ ਇਨ੍ਹਾਂ ਸਾਰਿਆਂ ਨੇ ਉਸ ਵੇਲੇ ਦੇ ਪ੍ਰਚਲਿਤ ਧਰਮਾਂ ਤੇ ਹਾਕਮਾਂ ਦੀ ਮਿਲੀਭੁਗਤ ਨੂੰ ਨੰਗਿਆਂ ਕੀਤਾ ਅਤੇ ਉਨ੍ਹਾਂ ਦੇ ਮਾਨਵਤਾ ਵਿਰੋਧੀ ਕਾਰਿਆਂ ਦਾ ਡਟ ਕੇ ਵਿਰੋਧ ਕੀਤਾ। ਇਸ ਦੇ ਨਾਲ ਹੀ ਉਨ੍ਹਾਂ ਪੁਜਾਰੀਆਂ ਅਤੇ ਹਾਕਮਾਂ ਨੇ ਉਨ੍ਹਾਂ ਮਹਾਪੁਰਸ਼ਾਂ ਦਾ ਖੁਰਾ ਖੋਜ ਮਿਟਾਉਣ ਦਾ ਹਰ ਕੋਝਾ ਢੰਗ ਵਰਤਿਆ।

**ਨੰਦ ਸਿੰਘ ਬਰਾੜ**
**ਫੋਨ: 916-501-3974**
**nandsbrar@gmail.com**

ਇਸ ਲਈ ਧਰਮ ਮਹਾਪੁਰਖਾਂ ਵਲੋਂ ਨਹੀਂ, ਸਗੋਂ ਇਉਂ ਲਗਦਾ ਹੈ ਕਿ ਕਬੀਲਾ ਯੁੱਗ ਤੋਂ ਅੱਗੇ ਜਦੋਂ ਛੋਟੇ-ਛੋਟੇ ਰਾਜ ਹੋਂਦ ਵਿਚ ਆਏ ਤਾਂ ਹਰ ਸਟੇਟ ਨੇ ਆਪਣੀ ਹੋਂਦ ਬਰਕਰਾਰ ਰੱਖਣ ਲਈ ਅਤੇ ਲੋਕਾਂ ਨੂੰ ਅਨੁਸ਼ਾਸਨ ਤੇ ਕੰਟਰੋਲ ਵਿਚ ਰੱਖਣ ਲਈ ਆਪਣੇ ਖਾਸ ਤੇ ਚੁਸਤ ਦਲਾਲਾਂ ਨਾਲ ਮਿਲ ਕੇ ਆਪਣੀ ਆਪਣੀ ਲੋੜ ਅਨੁਸਾਰ ਧਰਮ ਸਥਾਪਤ ਕੀਤੇ ਹੋਣਗੇ। ਸ਼ਾਇਦ ਉਸ ਵੇਲੇ ਕੋਈ ਕਾਨੂੰਨੀ ਸੰਸਥਾ ਨਾ ਹੋਣ ਕਰਕੇ ਇਸ ਦੀ ਲੋੜ ਵੀ ਹੋਵੇਗੀ, ਪਰ ਸਮੇਂ ਦੇ ਬੀਤਣ ਨਾਲ ਇਹ ਸੰਸਥਾ ਹਾਕਮਾਂ ਤੇ ਪੁਜਾਰੀਆਂ ਵਾਸਤੇ ਬਹੁਤ ਕਾਰਗਰ ਸਾਬਤ ਹੋਈ। ਇਸੇ ਕਰਕੇ ਉਨ੍ਹਾਂ ਨੇ ਇਸ ਸੰਸਥਾ ਨੂੰ ਲੰਮੇ ਸਮੇਂ ਵਾਸਤੇ ਕਾਇਮ ਰਖਿਆ ਤੇ ਬਹੁਤ ਸਾਰੇ ਤਾਂ ਅੱਜ ਵੀ ਰੱਖ ਰਹੇ ਹਨ।

ਮਾਨਵਤਾ ਦੀ ਭਲਾਈ ਵਾਸਤੇ ਆਪਣਾ ਸਭ ਕੁਝ ਨਿਛਾਵਰ ਕਰਨ ਵਾਲੇ ਮਹਾਪੁਰਸ਼ ਹੁੰਦੇ ਹਨ। ਇਹ ਸੱਚਾਈ ਹੈ ਕਿ ਸਮੁੱਚੇ ਸੰਸਾਰ ਦੇ ਮਹਾਪੁਰਖਾਂ ਨੇ ਕਦੇ ਵੀ ਕੋਈ ਸਥਾਪਤ ਧਰਮ ਸ਼ੁਰੂ ਨਹੀਂ ਕੀਤਾ, ਜਿਨ੍ਹਾਂ ਨਾਲ ਉਨ੍ਹਾਂ ਦਾ ਨਾਂ ਜੁੜਦਾ ਹੈ, ਸਗੋਂ ਇਹ ਸਥਾਪਤ ਧਰਮ ਤਾਂ ਉਨ੍ਹਾਂ ਤੋਂ ਸੈਂਕੜੇ ਸਾਲ ਪਿਛੋਂ ਹੋਂਦ ਵਿਚ ਆਏ। ਅਸੀਂ ਜਾਣਦੇ ਹਾਂ ਕਿ ਬਹੁਤੇ ਧਰਮਾਂ ਦੇ ਧਰਮ ਗ੍ਰੰਥ ਤਾਂ ਉਨ੍ਹਾਂ ਮਹਾਪੁਰਸ਼ਾਂ ਦੇ ਇਸ ਸੰਸਾਰ ਤੋਂ ਜਾਣ ਤੋਂ ਸਦੀਆਂ ਪਿੱਛੋਂ ਹੋਂਦ ਵਿਚ ਆਏ ਹਨ। ਇਸ ਕਰਕੇ ਲਗਦਾ ਹੈ ਕਿ ਸਾਡੇ ਕੋਲ ਉਨ੍ਹਾਂ ਦੀਆਂ ਅਸਲ ਸਿਖਿਆਵਾਂ ਨਾ ਹੋਣ ਕਾਰਨ ਹਾਕਮਾਂ ਨੇ ਪੁਜਾਰੀਆਂ ਦੀ ਮਿਲੀਭੁਗਤ ਨਾਲ ਉਨ੍ਹਾਂ ਮਹਾਪੁਰਸ਼ਾਂ ਸਬੰਧੀ ਗ੍ਰੰਥ ਅਤੇ ਉਨ੍ਹਾਂ ਦੇ ਨਾਂ 'ਤੇ ਸਥਾਪਤ ਧਰਮ ਹੋਂਦ ਵਿਚ ਲਿਆਂਦੇ ਹੋਣਗੇ।

ਉਪਰੋਕਤ ਸੱਚਾਈ ਕਿ ਮਨੁੱਖਤਾ ਦੀ ਭਲਾਈ ਵਾਸਤੇ ਜੂਝਣ ਵਾਲੇ ਮਹਾਪੁਰਸ਼ ਕਦੇ ਵੀ ਕੋਈ ਸਥਾਪਤ ਧਰਮ ਸ਼ੁਰੂ ਨਹੀਂ ਕਰਦੇ, ਨੂੰ ਸਾਬਤ ਕਰਨ ਵਾਸਤੇ ਸਾਡੇ ਕੋਲ ਸਭ ਤੋਂ ਨਵੇਂ ਸਥਾਪਤ ਸਿੱਖ ਧਰਮ ਨਾਲ ਸਬੰਧਤ ਪੈਂਤੀ ਮਹਾਪੁਰਖਾਂ ਦੀ ਆਪਣੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਹੈ। ਇਨ੍ਹਾਂ ਮਹਾਪੁਰਖਾਂ ਦੀ ਬਾਣੀ ਵਿਚੋਂ ਕੁਝ ਕੁ ਮਿਸਾਲਾਂ ਨਾਲ ਸਾਨੂੰ ਸਪਸ਼ਟ ਹੋ ਜਾਵੇਗਾ ਕਿ ਉਹ ਆਪਣੇ ਸਮੇਂ ਦੇ ਪ੍ਰਚਲਿਤ ਧਰਮਾਂ ਬਾਰੇ ਕੀ ਸਮਝਦੇ ਅਤੇ ਸਮਝਾਉਂਦੇ ਸਨ। ਇਥੇ ਹੀ ਮੈਂ ਇੱਕ ਗੱਲ ਆਪਣੀ ਸਮਝ ਅਨੁਸਾਰ ਲਿਖਣ ਲੱਗਾ ਹਾਂ। ਮੈਨੂੰ ਲਗਦਾ ਹੈ ਕਿ ਹਰ ਸਥਾਪਤ ਧਰਮ ਦੇ ਪੁਜਾਰੀ ਨੂੰ ਉਸ ਧਰਮ ਵਿਚ ਸਭ ਤੋਂ ਪਰਪੱਕ ਗਿਣਿਆ ਜਾਂਦਾ ਹੈ, ਇਸੇ ਲਈ ਉਸ ਧਰਮ ਵਿਚ ਉਸ ਦਾ ਰੁਤਬਾ ਇੰਨਾ ਉਚਾ ਬਣ ਜਾਂਦਾ ਹੈ ਕਿ ਪੁਜਾਰੀ ਦਾ ਕਹਿਣਾ ਹੀ ਧਰਮ ਸਮਝਿਆ ਜਾਂਦਾ ਹੈ। ਇਸ ਕਰਕੇ ਕਿਸੇ ਧਰਮ ਬਾਰੇ ਗੁਰਬਾਣੀ ਵਿਚ ਲਿਖਦਿਆਂ ਮਹਾਪੁਰਖਾਂ ਨੇ ਕਿਸੇ ਥਾਂ ਧਰਮ ਦਾ ਨਾਂ ਅਤੇ ਕਿਸੇ ਥਾਂ ਧਰਮ ਦੇ ਪੁਜਾਰੀ ਦਾ ਨਾਂ ਵਰਤ ਕੇ ਅਸਲੀਅਤ ਸਮਝਾਈ ਹੈ।

ਭਗਤ ਕਬੀਰ ਜੀ ਆਪਣੇ ਸਮੇਂ ਦੇ ਦੋਨੋਂ ਪ੍ਰਚਲਿਤ ਧਰਮਾਂ ਬਾਰੇ ਲਿਖਦੇ ਹਨ, "ਹਿੰਦੂ ਅੰਨਾ ਤੁਰਕੂ ਕਾਣਾ॥ ਦੁਹਾਂ ਤੇ ਗਿਆਨੀ ਸਿਆਣਾ॥" ਇਸ ਤੋਂ ਅੱਗੇ ਇਨ੍ਹਾਂ ਦੋਹਾਂ ਧਰਮਾਂ ਦੇ ਪੁਜਾਰੀਆਂ ਬਾਰੇ ਲਿਖਦੇ ਹਨ, "ਹਮਰਾ ਝਗਰਾ ਰਹਾ ਨ ਕੋਊ॥ ਪੰਡਿਤ ਮੁਲਾਂ ਛਾਡੇ ਦੋਊ॥" ਇਸ ਕਥਨ ਤੋਂ ਸਪਸ਼ਟ ਹੁੰਦਾ ਹੈ ਕਿ ਭਗਤ ਕਬੀਰ ਜੀ ਸਮਝਾਉਂਦੇ ਹਨ, ਇਨ੍ਹਾਂ ਦੋਹਾਂ ਧਰਮਾਂ ਅਤੇ ਉਨ੍ਹਾਂ ਦੇ ਪੁਜਾਰੀਆਂ-ਹਿੰਦੂਆਂ ਦੇ ਪੰਡਿਤ ਤੇ ਮੁਸਲਮਾਨਾਂ ਦੇ ਮੁੱਲਾਂ ਨੂੰ ਛੱਡਣ ਨਾਲ ਹੁਣ ਮੇਰਾ ਕਿਸੇ ਹੋਰ ਨਾਲ ਕੋਈ ਝਗੜਾ ਨਹੀਂ ਰਹਿ ਗਿਆ। ਭਗਤ ਕਬੀਰ ਜੀ ਦੱਸਣਾ ਚਾਹੁੰਦੇ ਹਨ ਕਿ ਉਨ੍ਹਾਂ ਨਾਲੋਂ ਸਿਰਫ ਨਾਤਾ ਹੀ ਨਹੀਂ ਤੋੜਿਆ ਸਗੋਂ ਉਨ੍ਹਾਂ ਦੋਹਾਂ ਦੀਆਂ ਲਿਖੀਆਂ ਹਦਾਇਤਾਂ, ਰਹਿਤਾਂ, ਮਰਿਆਦਾਵਾਂ ਆਦਿ ਵੀ ਸਭ ਛੱਡ ਦਿਤੀਆਂ; ਜਿਵੇਂ, "ਪੰਡਿਤ ਮੁਲਾਂ ਜੋ ਲਿਖਿ ਦੀਆ॥ ਛਾਡਿ ਚਲੇ ਹਮ ਕਛੂ ਨ ਲੀਆ॥" ਸਪਸ਼ਟ ਹੈ, ਭਗਤ ਕਬੀਰ ਜੀ ਨੇ ਦੋਨੋਂ ਪ੍ਰਚਲਿਤ ਧਰਮਾਂ ਤੇ ਉਨ੍ਹਾਂ ਦੇ ਪੁਜਾਰੀਆਂ ਨੂੰ ਛੱਡਣ ਬਾਰੇ ਤਾਂ ਸਮਝਾਇਆ, ਪਰ ਕਿਸੇ ਨਵੇਂ ਧਰਮ ਨੂੰ ਅਪਨਾਉਣ ਦੀ ਸਲਾਹ ਨਹੀਂ ਦਿੱਤੀ।

ਗੁਰੂ ਅਰਜਨ ਦੇਵ ਜੀ ਭੈਰਉ ਰਾਗ ਵਿਚ ਭਗਤ ਕਬੀਰ ਜੀ ਦੇ ਉਪਰੋਕਤ ਵਿਚਾਰਾਂ ਨੂੰ ਹੋਰ ਵੀ ਦ੍ਰਿੜ ਕਰਵਾਉਣ ਲਈ ਲਿਖਦੇ ਹਨ, "ਏਕੁ ਗੁਸਾਈ ਅਲਹੁ ਮੇਰਾ॥ ਹਿੰਦੂ ਤੁਰਕ ਦੁਹਾਂ ਨੇਬੇਰਾ॥" ਗੁਰੂ ਜੀ ਪ੍ਰਚਲਿਤ ਧਰਮਾਂ ਬਾਰੇ ਸਪਸ਼ਟ ਸ਼ਬਦਾਂ ਵਿਚ ਦੱਸਦੇ ਹਨ ਕਿ ਮੈਂ ਹਿੰਦੂ ਅਤੇ ਤੁਰਕ-ਦੋਹਾਂ ਨਾਲੋਂ ਹੀ ਸਾਂਝ ਮੁਕਾ ਲਈ ਹੈ। ਮੇਰਾ ਤਾਂ ਸਿਰਫ ਉਹ ਹੈ, ਜਿਸ ਨੂੰ ਹਿੰਦੂ ਗੁਸਾਈਂ ਅਤੇ ਮੁਸਲਮਾਨ ਅੱਲ੍ਹਾ ਆਖਦਾ ਹੈ। ਅੱਗੇ ਗੁਰੂ ਜੀ ਉਨ੍ਹਾਂ ਵਲੋਂ ਅਪਨਾਏ ਜਾਂਦੇ ਕਰਮਕਾਂਡਾਂ ਤੋਂ ਵੀ ਇਨਕਾਰ ਕਰਦੇ ਹਨ; ਜਿਵੇਂ, "ਪੂਜਾ ਕਰਉ ਨ ਨਿਵਾਜ ਗੁਜਾਰਉ॥ ਏਕ ਨਿਰੰਕਾਰ ਲੇ ਰਿਦੈ ਨਮਸਕਾਰਉ॥" ਭਾਵ ਸਪਸ਼ਟ ਹੈ ਕਿ ਮੈਂ ਨਾ ਹਿੰਦੂਆਂ ਵਾਂਗ ਪੂਜਾ ਕਰਦਾ ਹਾਂ ਅਤੇ ਨਾ ਮੁਸਲਮਾਨਾਂ ਵਾਂਗ ਨਮਾਜ਼ ਅਦਾ ਕਰਦਾ ਹਾਂ। ਮੈਂ ਤਾਂ ਸਿਰਫ ਨਿਰੰਕਾਰ ਨੂੰ ਹਿਰਦੇ ਵਿਚ ਵਸਾ ਕੇ ਸਿਰ ਨਿਵਾਉਂਦਾ ਹਾਂ।

ਇਸ ਤੋਂ ਅੱਗੇ ਤਾਂ ਗੁਰੂ ਜੀ ਕੋਈ ਭੁਲੇਖਾ ਹੀ ਨਹੀਂ ਰਹਿਣ ਦਿੰਦੇ, ਜਦੋਂ ਲਿਖਦੇ ਹਨ, "ਨਾ ਹਮ ਹਿੰਦੂ ਨ ਮੁਸਲਮਾਨ॥ ਅਲਹ ਰਾਮ ਕੇ ਪਿੰਡੁ ਪਰਾਨ॥" ਅਰਥ ਬੜੇ ਹੀ ਸਾਫ ਹਨ ਕਿ ਮੈਂ ਹਿੰਦੂ ਜਾਂ ਮੁਸਲਮਾਨ ਨਹੀਂ ਹਾਂ, ਮੇਰਾ ਸਰੀਰ ਤੇ ਜਿੰਦ ਉਸ ਇੱਕ ਦੀ ਹੈ, ਜਿਸ ਨੂੰ ਮੁਸਲਮਾਨ ਅੱਲ੍ਹਾ ਤੇ ਹਿੰਦੂ ਰਾਮ ਆਖਦਾ ਹੈ। ਗੁਰੂ ਅਰਜਨ ਦੇਵ ਜੀ ਨੇ ਵੀ ਪ੍ਰਚਲਿਤ ਧਰਮਾਂ, ਉਨ੍ਹਾਂ ਦੇ ਕਰਮਕਾਂਡਾਂ ਤੇ ਪੁਜਾਰੀਆਂ ਤੋਂ ਕਿਨਾਰਾ ਕਰਨ ਦੀ ਗੱਲ ਤਾਂ ਕੀਤੀ ਹੈ, ਪਰ ਕਿਸੇ ਨਵੇਂ ਧਰਮ ਨੂੰ ਅਪਨਾਉਣ ਦੀ ਗੱਲ ਨਹੀਂ ਕੀਤੀ।

ਗੁਰੂ ਨਾਨਕ ਦੇਵ ਜੀ ਨੇ ਵੀ ਆਪਣੀ ਬਾਣੀ 'ਚ ਪ੍ਰਚਲਿਤ ਧਰਮਾਂ ਦੇ ਖੋਖਲੇਪਨ ਤੇ ਪੁਜਾਰੀਆਂ ਵਲੋਂ ਫੈਲਾਏ ਜਾਂਦੇ ਵਹਿਮ ਅਤੇ ਅੰਧਵਿਸ਼ਵਾਸਾਂ ਦੇ ਚੰਗੀ ਤਰ੍ਹਾਂ ਪੋਲ ਖੋਲ੍ਹੇ ਹਨ। ਅਗਲੇ ਸ਼ਬਦ 'ਚ ਤਾਂ ਗੁਰੂ ਜੀ ਨੇ ਸਿਰਾ ਹੀ ਲਾ ਦਿੱਤਾ ਹੈ। ਇਸ ਸ਼ਬਦ ਵਿਚ ਉਨ੍ਹਾਂ ਨੇ ਪੁਜਾਰੀਆਂ ਦੇ ਕਮੀਨੇਪਨ ਤੇ ਅੰਨ੍ਹੇਪਣ ਦਾ ਪੋਲ ਤਾਂ ਖੋਲ੍ਹਿਆ ਹੀ ਹੈ, ਨਾਲ ਇਹ ਵੀ ਸਪਸ਼ਟ ਦੱਸਿਆ ਹੈ ਕਿ ਇਹ ਸਾਰੇ ਪੁਜਾਰੀ ਮਨੁੱਖਤਾ ਦੇ ਉਜਾੜੇ ਦਾ ਪ੍ਰਬੰਧ ਕਰਦੇ ਹਨ। ਗੁਰੂ ਜੀ ਲਿਖਦੇ ਹਨ, "ਕਾਦੀ ਕੂੜੁ ਬੋਲਿ ਮਲੁ ਖਾਇ॥ ਬ੍ਰਾਹਮਣੁ ਨਾਵੈ ਜੀਆ ਘਾਇ॥ ਜੋਗੀ ਜੁਗਤਿ ਨ ਜਾਣੈ ਅੰਧੁ॥ ਤੀਨੇ ਓਜਾੜੇ ਕਾ ਬੰਧੁ॥"

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੇ ਇਸ ਸ਼ਬਦ ਤੋਂ ਭਲੀਭਾਂਤ ਸਾਫ ਹੁੰਦਾ ਹੈ ਕਿ ਜਿਸ ਗੁਰੂ ਜੀ ਨੇ ਪ੍ਰਚਲਿਤ ਧਰਮਾਂ ਦੇ ਪੁਜਾਰੀਆਂ ਨੂੰ ਮਨੁੱਖਤਾ ਦਾ ਉਜਾੜਾ ਕਰਨ ਵਾਲੇ ਦੱਸਿਆ ਹੋਵੇ, ਉਨ੍ਹਾਂ ਵਲੋਂ ਕਿਸੇ ਹੋਰ ਨਵੇਂ ਸਥਾਪਤ ਧਰਮ ਨੂੰ ਸ਼ੁਰੂ ਕਰਕੇ ਹੋਰ ਨਵੇਂ ਪੁਜਾਰੀਆਂ ਨੂੰ ਮਨ ਮਾਨੀਆਂ ਕਰਨ ਦੇ ਮੌਕੇ ਪੈਦਾ ਕਰਨ ਬਾਰੇ ਸੋਚਣਾ ਵੀ ਕੋਈ ਸਿਆਣਪ ਨਹੀਂ ਲਗਦੀ।

ਅਸਲ ਵਿਚ ਕਿਸੇ ਧਰਮ ਨੂੰ ਸਥਾਪਤ ਕਰਨ ਵਾਸਤੇ ਰਾਜ ਦਾ ਹੋਣਾ ਜ਼ਰੂਰੀ ਹੈ। ਇਸ ਦੋਹਰੇ ਦਾ ਪਹਿਲਾ ਹਿੱਸਾ ਇਸੇ ਸੱਚਾਈ ਨੂੰ ਸਪਸ਼ਟ ਕਰਦਾ ਹੈ, "ਰਾਜ ਬਿਨਾ ਨਹਿ ਧਰਮ ਚਲੇ ਹੈਂ।" ਅਸੀਂ ਦੇਖਦੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬਾਨ ਤੋਂ ਬਿਨਾ ਹੋਰ ਬਹੁਤ ਸਾਰੇ ਮਹਾਪੁਰਖਾਂ ਦੀ ਬਾਣੀ ਵੀ ਦਰਜ ਹੈ। ਇਨ੍ਹਾਂ ਵਿਚੋਂ ਭਗਤ ਨਾਮਦੇਵ, ਭਗਤ ਰਵਿਦਾਸ, ਭਗਤ ਕਬੀਰ ਜੀ ਹੋਰਾਂ ਦੀ ਬਾਣੀ ਗੁਰੂ ਸਾਹਿਬਾਨ ਵਾਂਗ ਹੀ ਪੂਰੀ ਇਨਕਲਾਬੀ ਬਾਣੀ ਹੈ ਅਤੇ ਉਨ੍ਹਾਂ ਦੇ ਪੈਰੋਕਾਰ ਵੀ ਮੌਜੂਦ ਹਨ, ਪਰ ਇਨ੍ਹਾਂ ਮਹਾਪੁਰਖਾਂ ਦੇ ਨਾਂ 'ਤੇ ਕੋਈ ਧਰਮ ਸਥਾਪਤ ਨਹੀਂ ਹੋਇਆ, ਕਿਉਂਕਿ ਉਨ੍ਹਾਂ ਦੇ ਪੈਰੋਕਾਰਾਂ ਦਾ ਕਦੇ ਕੋਈ ਰਾਜ ਸਥਾਪਤ ਨਹੀਂ ਹੋਇਆ। ਸੋ, ਸਪਸ਼ਟ ਹੈ ਕਿ ਧਰਮ ਨੂੰ ਸਥਾਪਤ ਕਰਨ ਲਈ ਰਾਜ ਜ਼ਰੂਰੀ ਹੈ। ਅਸਲ ਵਿਚ ਕਿਹਾ ਜਾਵੇ ਤਾਂ ਸਥਾਪਤ ਧਰਮ ਹਾਕਮਾਂ ਦੀ ਲੋੜ ਹੁੰਦਾ ਹੈ ਜੋ ਉਹ ਪੁਜਾਰੀਆਂ ਦੀ ਮਦਦ ਨਾਲ ਹੋਂਦ ਵਿਚ ਲਿਆਉਂਦੇ ਹਨ।

ਅੱਗੇ ਵਧਣ ਤੋਂ ਪਹਿਲਾਂ ਕੁਝ ਵਿਚਾਰ ਧਰਮ ਅਤੇ ਸਥਾਪਤ ਧਰਮ ਦੇ ਅੰਤਰ ਬਾਰੇ ਕੁਝ ਸਮਝ ਲਈਏ। ਪਹਿਲੀ ਨਜ਼ਰੇ ਦੇਖਿਆਂ ਧਰਮ ਅਤੇ ਸਥਾਪਤ ਧਰਮ ਵਿਚ ਭਾਵੇਂ ਫਰਕ ਨਹੀਂ ਲਗਦਾ, ਪਰ ਗੌਰ ਨਾਲ ਦੇਖਿਆਂ ਇਨ੍ਹਾਂ ਵਿਚ ਬਹੁਤ ਅੰਤਰ ਹੁੰਦਾ ਹੈ ਅਤੇ ਬਹੁਤੀ ਵਾਰ ਤਾਂ ਇਹ ਇਕ ਦੂਜੇ ਦੇ ਵਿਰੁੱਧ ਖੜ੍ਹੇ ਨਜ਼ਰ ਆਉਂਦੇ ਹਨ। ਇਹ ਗੱਲ ਠੀਕ ਹੈ ਕਿ ਧਰਮ ਦਾ ਨਾਂ ਸੁਣ ਕੇ ਹਰ ਇਕ ਦੇ ਮਨ ਵਿਚ ਸਕੂਨ ਮਹਿਸੂਸ ਹੁੰਦਾ ਹੈ ਅਤੇ ਉਸ ਨੂੰ ਆਪਣਾ ਧਰਮ ਹੀ ਅਸਲੀ ਧਰਮ ਲਗਦਾ ਹੈ, ਜੋ ਅਸਲ ਵਿਚ ਇੱਕ ਸਥਾਪਤ ਧਰਮ ਹੁੰਦਾ ਹੈ।

ਸਥਾਪਤ ਧਰਮ ਅਸਲ ਵਿਚ ਕਿਸੇ ਇਕ ਜਾਂ ਦੂਜੇ ਵਰਗ ਜਾਂ ਸਭਿਆਚਾਰ ਲਈ ਹੁੰਦਾ ਹੈ ਅਤੇ ਇਹ ਉਸ ਵਰਗ ਦੀ ਅੰਦਰੂਨੀ ਤੇ ਬਾਹਰੀ ਸ਼ੈਲੀ ਨੂੰ ਦਰਸਾਉਂਦਾ ਹੈ, ਜਿਵੇਂ ਉਸ ਸਥਾਪਤ ਧਰਮ ਦੇ ਪ੍ਰਾਣੀਆਂ ਨੇ ਕਿਵੇਂ ਰਹਿਣਾ ਹੈ, ਕੀ ਖਾਣਾ ਹੈ, ਕਿਸ ਤਰ੍ਹਾਂ ਦਾ ਪਹਿਰਾਵਾ ਕਰਨਾ ਹੈ, ਕਿਸ ਤਰ੍ਹਾਂ ਆਪਣੇ ਜੀਵਨ ਦੇ ਬਾਕੀ ਕਾਰ ਵਿਹਾਰ ਅਤੇ ਸੰਸਕਾਰ ਕਰਨੇ ਹਨ, ਕਿਸ ਤਰ੍ਹਾਂ ਆਪਣੇ ਇਸ਼ਟ ਦੀ ਪੂਜਾ ਅਰਚਨਾ ਕਰਨੀ ਹੈ ਅਤੇ ਸਭ ਤੋਂ ਅਹਿਮ ਕਿਸ ਤਰ੍ਹਾਂ ਬਾਕੀ ਸੰਸਾਰ ਨਾਲੋਂ ਆਪਣੀ ਵੱਖਰੀ ਹੋਂਦ ਬਣਾ ਕੇ ਰੱਖਣੀ ਹੈ। ਸੋ ਜਿਥੇ ਧਰਮ ਸਮੁੱਚੀ ਮਾਨਵਤਾ ਵਿਚ ਪ੍ਰੇਮ ਪਿਆਰ ਅਤੇ ਇਕਸੁਰਤਾ ਬਣਾ ਕੇ ਸਮੁੱਚੇ ਸੰਸਾਰ ਨੂੰ ਬੇਗਮਪੁਰਾ ਬਣਿਆ ਲੋਚਦਾ ਹੈ, ਉਥੇ ਸਥਾਪਤ ਧਰਮ ਮਾਨਵਤਾ ਨੂੰ ਧੜਿਆਂ ਵਿਚ ਵੰਡਦਾ ਹੈ।

ਸਮੁੱਚੀ ਦੁਨੀਆਂ ਦੇ ਸਾਰੇ ਸਥਾਪਤ ਧਰਮਾਂ ਦੇ ਸਿਧਾਂਤ ਭਾਵੇਂ ਉਪਰੋਂ ਦੇਖਣ ਨੂੰ ਸੱਚੇ ਸੁੱਚੇ ਧਰਮ ਵਾਲੇ ਹੀ ਲਗਦੇ ਹਨ, ਪਰ ਹਕੀਕਤ ਵਿਚ ਉਹ ਓਦਾਂ ਦੇ ਬਣ ਜਾਂਦੇ ਹਨ, ਜਿਵੇਂ ਪੁਜਾਰੀ ਕਹਿੰਦਾ ਹੈ ਅਤੇ ਹੌਲੀ-ਹੌਲੀ ਪੁਜਾਰੀ ਹੀ ਧਰਮ ਦਾ ਸਭ ਕੁਝ ਬਣ ਜਾਂਦਾ ਹੈ (ਪੁਜਾਰੀ ਦਾ ਨਾਂ ਕੋਈ ਵੀ ਹੋ ਸਕਦਾ ਹੈ, ਜੋ ਸਥਾਪਤ ਧਰਮ ਦੇ ਅਨੁਸਾਰ ਬਦਲਦਾ ਰਹਿੰਦਾ ਹੈ)। ਧਰਮ ਜਦੋਂ ਪੂਰੀ ਤਰ੍ਹਾਂ ਸਥਾਪਤ ਹੋ ਜਾਂਦਾ ਹੈ ਤਾਂ ਪੈਰੋਕਾਰ ਤੇ ਆਮ ਲੋਕ ਜਿਨ੍ਹਾਂ ਵਾਸਤੇ ਮਹਾਪੁਰਖਾਂ ਨੇ ਕੁਰਬਾਨੀਆਂ ਕੀਤੀਆਂ ਹੁੰਦੀਆਂ ਹਨ, ਅਣਗੌਲੇ ਹੋ ਜਾਂਦੇ ਹਨ।

ਅਸਲ ਵਿਚ ਸਥਾਪਤ ਧਰਮ ਹਾਕਮਾਂ ਅਤੇ ਪੁਜਾਰੀਆਂ ਦੇ ਹੱਕ ਵਿਚ ਭੁਗਤਦਾ ਹੈ ਅਤੇ ਉਨ੍ਹਾਂ ਦੇ ਹੱਥਾਂ ਵਿਚ ਆਮ ਲੋਕਾਂ ਦੀ ਲੁੱਟ ਅਤੇ ਕੁੱਟ ਦਾ ਹਥਿਆਰ ਬਣ ਜਾਂਦਾ ਹੈ। ਉਪਰੋਕਤ ਦੋਹਰੇ ਦਾ ਦੂਜਾ ਹਿੱਸਾ ਇਸੇ ਸੱਚਾਈ ਨੂੰ ਸਪਸ਼ਟ ਕਰਦਾ ਹੈ, "ਧਰਮ ਬਿਨਾ ਸਭ ਦਲੇ ਮਲੇ ਹੈਂ।" ਇਸ ਤੋਂ ਵੀ ਅੱਗੇ ਜਦੋਂ ਮੌਕੇ ਦੀ ਹਕੂਮਤ ਦੀ ਮਿਲੀਭੁਗਤ ਨਾਲ ਸਥਾਪਤ ਧਰਮ, ਸੰਸਥਾਈ ਧਰਮ ਬਣ ਜਾਂਦਾ ਹੈ ਤਾਂ ਆਮ ਲੋਕ ਉਸ ਵਿਚੋਂ ਲਗਪਗ ਮਨਫੀ ਹੋ ਜਾਂਦੇ ਹਨ ਅਤੇ ਸੰਸਥਾਈ ਧਰਮ ਦੀ ਸਾਰੀ ਤਾਕਤ ਸਿਰਫ ਕੁਝ ਇਕ ਲੋਕਾਂ ਦੇ ਹੱਥ ਵਿਚ ਕੇਂਦ੍ਰਿਤ ਹੋ ਜਾਂਦੀ ਹੈ ਅਤੇ ਇਹ ਜ਼ਿਆਦਾ ਹਾਕਮਾਂ ਦੀ ਸੇਵਾ ਵਿਚ ਹਾਜ਼ਰ ਰਹਿੰਦਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦੇ ਅਨੁਸਾਰ ਚਲਣ ਵਾਲੀ ਇਨਕਲਾਬੀ ਲਹਿਰ ਦੁਆਰਾ ਪਹਿਲਾ ਸਥਾਈ ਅਤੇ ਪੱਕਾ ਰਾਜ ਮਹਾਰਾਜਾ ਰਣਜੀਤ ਸਿੰਘ ਦਾ ਸਥਾਪਤ ਹੋਇਆ ਹੈ। ਇਸ ਲਈ ਸਿੱਖ ਧਰਮ ਨੂੰ ਸਥਾਪਤ ਕਰਨ ਦੀ ਸ਼ੁਰੂਆਤ ਵੀ ਉਸੇ ਰਾਜ ਵਿਚ ਹੋਈ ਅਤੇ ਅੰਗਰੇਜ਼ੀ ਰਾਜ ਨੇ ਕਾਨੂੰਨ ਬਣਾ ਕੇ ਇਸ ਨੂੰ ਸੰਸਥਾਈ ਸਿੱਖ ਧਰਮ ਵਿਚ ਬਦਲ ਦਿੱਤਾ। ਸਥਾਪਤ ਜਾਂ ਸੰਸਥਾਈ ਧਰਮਾਂ ਸਬੰਧੀ ਇੱਕ ਹੋਰ ਬੁਰਾ ਪੱਖ ਵੀ ਹੈ।

ਜੇ ਧਿਆਨ ਨਾਲ ਦੇਖਿਆ ਜਾਵੇ ਤਾਂ ਕੋਈ ਵੀ ਸਥਾਪਤ ਜਾਂ ਸੰਸਥਾਈ ਧਰਮ ਆਪਣੇ ਪੈਰੋਕਾਰਾਂ ਲਈ ਮਦਦਗਾਰ ਦੀ ਥਾਂ ਬਹੁਤੀ ਵਾਰ ਬਲੀ ਦੇ ਬੱਕਰੇ ਬਣਨ ਦਾ ਕਾਰਨ ਬਣਦੇ ਹਨ।

> ***ਅਸਲ ਵਿਚ ਕਿਸੇ ਧਰਮ ਨੂੰ ਸਥਾਪਤ ਕਰਨ ਵਾਸਤੇ ਰਾਜ ਦਾ ਹੋਣਾ ਜ਼ਰੂਰੀ ਹੈ। ਇਸ ਦੋਹਰੇ ਦਾ ਪਹਿਲਾ ਹਿੱਸਾ ਇਸੇ ਸੱਚਾਈ ਨੂੰ ਸਪਸ਼ਟ ਕਰਦਾ ਹੈ, "ਰਾਜ ਬਿਨਾ ਨਹਿ ਧਰਮ ਚਲੇ ਹੈਂ।" ਅਸੀਂ ਦੇਖਦੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬਾਨ ਤੋਂ ਬਿਨਾ ਹੋਰ ਬਹੁਤ ਸਾਰੇ ਮਹਾਪੁਰਖਾਂ ਦੀ ਬਾਣੀ ਵੀ ਦਰਜ ਹੈ। ਇਨ੍ਹਾਂ ਵਿਚੋਂ ਭਗਤ ਨਾਮਦੇਵ, ਭਗਤ ਰਵਿਦਾਸ, ਭਗਤ ਕਬੀਰ ਜੀ ਹੋਰਾਂ ਦੀ ਬਾਣੀ ਗੁਰੂ ਸਾਹਿਬਾਨ ਵਾਂਗ ਹੀ ਪੂਰੀ ਇਨਕਲਾਬੀ ਬਾਣੀ ਹੈ ਅਤੇ ਉਨ੍ਹਾਂ ਦੇ ਪੈਰੋਕਾਰ ਵੀ ਮੌਜੂਦ ਹਨ, ਪਰ ਇਨ੍ਹਾਂ ਮਹਾਪੁਰਖਾਂ ਦੇ ਨਾਂ 'ਤੇ ਕੋਈ ਧਰਮ ਸਥਾਪਤ ਨਹੀਂ ਹੋਇਆ, ਕਿਉਂਕਿ ਉਨ੍ਹਾਂ ਦੇ ਪੈਰੋਕਾਰਾਂ ਦਾ ਕਦੇ ਕੋਈ ਰਾਜ ਸਥਾਪਤ ਨਹੀਂ ਹੋਇਆ। ਸੋ, ਸਪਸ਼ਟ ਹੈ ਕਿ ਧਰਮ ਨੂੰ ਸਥਾਪਤ ਕਰਨ ਲਈ ਰਾਜ ਜ਼ਰੂਰੀ ਹੈ। ਅਸਲ ਵਿਚ ਕਿਹਾ ਜਾਵੇ ਤਾਂ ਸਥਾਪਤ ਧਰਮ ਹਾਕਮਾਂ ਦੀ ਲੋੜ ਹੁੰਦਾ ਹੈ ਜੋ ਉਹ ਪੁਜਾਰੀਆਂ ਦੀ ਮਦਦ ਨਾਲ ਹੋਂਦ ਵਿਚ ਲਿਆਉਂਦੇ ਹਨ।***

ਪਿਛਲੇ ਥੋੜ੍ਹੇ ਸਮੇਂ ਦੀਆਂ ਕੁਝ ਘਟਨਾਵਾਂ ਇਹ ਤੱਥ ਸਾਬਤ ਕਰ ਦਿੰਦੀਆਂ ਹਨ; ਜਿਵੇਂ ਬੱਸ ਵਿਚੋਂ ਇੱਕ ਧਰਮ ਵਾਲਿਆਂ ਦਾ ਕਤਲ ਕਰ ਦਿੱਤਾ ਜਾਣਾ, ਦਿੱਲੀ ਤੇ ਹੋਰ ਅਨੇਕਾਂ ਥਾਂਵਾਂ 'ਤੇ ਇੱਕ ਧਰਮ ਦੇ ਹਜ਼ਾਰਾਂ ਪੈਰੋਕਾਰਾਂ ਨੂੰ ਮਾਰ ਕੇ ਉਨ੍ਹਾਂ ਦੇ ਘਰਾਂ-ਘਾਟਾਂ ਨੂੰ ਨੇਸਤੋਨਾਬੂਦ ਕਰ ਦੇਣਾ, ਕਿਸੇ ਇੱਕ ਧਰਮ ਵਾਲਿਆਂ ਨੂੰ ਕੁੱਟ-ਕੁੱਟ ਕੇ ਮਾਰ ਦੇਣਾ ਆਦਿ। ਅਜਿਹਾ ਹੋਣ 'ਤੇ ਕਈ ਵਾਰ ਬਦਲਾ ਵੀ ਲਿਆ ਜਾਂਦਾ ਹੈ, ਫਿਰ ਵੀ ਸ਼ਿਕਾਰ ਬਹੁਤੀ ਵਾਰ ਬੇਕਸੂਰ ਹੀ ਬਣਦੇ ਹਨ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਮਹਾਪੁਰਖਾਂ ਵਲੋਂ ਮਾਨਵਤਾ ਦੀ ਭਲਾਈ ਵਾਲੇ ਸਿਧਾਂਤ ਕਿਸ ਤਰ੍ਹਾਂ ਮਾਨਵਤਾ ਨੂੰ ਮੁੜ ਤੋਂ ਗੁਮਰਾਹ ਕਰਨ ਵਾਲੇ ਕਿਸੇ ਸਥਾਪਤ ਧਰਮ ਵਿਚ ਬਦਲ ਜਾਂਦੇ ਹਨ? ਮੈਂ ਇਸ ਨੂੰ ਇਸ ਲਿਖਤ ਤਹਿਤ ਸਮਝਣ ਦਾ ਯਤਨ ਕੀਤਾ ਹੈ। ਇਹ ਪਰਿਵਰਤਨ ਇਕਦਮ ਨਹੀਂ ਹੁੰਦਾ, ਸਗੋਂ ਲੰਮੇ ਸਮੇਂ ਦੀ ਸੋਚੀ ਸਮਝੀ ਸਕੀਮ ਅਧੀਨ ਕੀਤਾ ਜਾਂਦਾ ਹੈ।

ਅਸੀਂ ਜਾਣਦੇ ਹਾਂ ਕਿ ਮਹਾਪੁਰਖਾਂ ਨੇ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਦੀ ਰਚਨਾ ਆਮ ਲੋਕਾਂ ਦੀ ਸਮਝ ਵਿਚ ਆਉਣ ਵਾਲੀ ਅਤੇ ਉਨ੍ਹਾਂ ਦੀ ਆਪਣੀ ਬੋਲੀ ਵਿਚ ਕੀਤੀ ਤਾਂ ਕਿ ਆਉਣ ਵਾਲੇ ਸਮੇਂ ਵਿਚ ਵੀ ਲੋਕ ਉਸ ਤੋਂ ਸੇਧ ਲੈ ਕੇ ਪੁਜਾਰੀਆਂ ਦੀ ਲੁੱਟ ਦਾ ਸ਼ਿਕਾਰ ਨਾ ਹੋਣ; ਪਰ ਅਫਸੋਸ! ਜਿਉਂ ਹੀ ਪੁਜਾਰੀਆਂ ਦਾ ਸਮੇਂ ਦੇ ਹਾਕਮਾਂ ਦੀ ਸ਼ਹਿ 'ਤੇ ਜ਼ੋਰ ਚੱਲਿਆ ਤਾਂ ਉਨ੍ਹਾਂ ਸਭ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਨੂੰ ਹੀ ਲੋਕਾਂ ਦੀ ਪਹੁੰਚ ਤੋਂ ਦੂਰ ਕਰਨਾ ਸ਼ੁਰੂ ਕਰ ਦਿੱਤਾ ਅਤੇ ਇਸ ਵਾਸਤੇ ਤਰ੍ਹਾਂ-ਤਰ੍ਹਾਂ ਦੇ ਵਹਿਮ ਜਿਵੇਂ ਉਚਾਰਨ ਬਿਲਕੁਲ ਸ਼ੁੱਧ ਹੋਣਾ ਜਰੂਰੀ ਹੈ, ਤਾਬਿਆ ਵਿਚ ਬੈਠਣ ਵਾਲੇ ਦਾ ਪਾਕ ਪਵਿੱਤਰ ਹੋਣਾ ਲਾਜ਼ਮੀ ਹੈ ਅਤੇ ਹੋਰ ਕਈ ਵਹਿਮਾਂ, ਮਰਿਆਦਾਵਾਂ ਦੇ ਨਾਂ 'ਤੇ ਪ੍ਰਚਾਰ ਕਰਕੇ ਲੋਕਾਂ ਵਿਚ ਸਾਜ਼ਿਸ਼ੀ ਡਰ ਬੈਠਾ ਦਿੱਤਾ ਕਿ ਅਜਿਹਾ ਨਾ ਕਰਨ ਨਾਲ ਮਨੁੱਖ ਘੋਰ ਪਾਪਾਂ ਦਾ ਭਾਗੀ ਬਣਦਾ ਹੈ, ਜਿਨ੍ਹਾਂ ਦਾ ਕੋਈ ਤੋੜ ਨਹੀਂ ਲੱਭ ਸਕਦਾ।

ਉਨ੍ਹਾਂ ਦੀ ਇਹ ਤਰਕੀਬ ਉਨ੍ਹਾਂ ਵਾਸਤੇ ਬਹੁਤ ਕਾਰਗਰ ਸਾਬਤ ਹੋਈ, ਕਿਉਂਕਿ ਇਸ ਨਾਲ ਲੋਕ ਗੁਰੂ ਗ੍ਰੰਥ ਸਾਹਿਬ ਨੂੰ ਆਪ ਪੜ੍ਹ ਕੇ ਵਿਚਾਰਨਾ ਤਾਂ ਦੂਰ ਦੀ ਗੱਲ, ਇਸ ਦੀ ਤਾਬਿਆ ਬੈਠ ਕੇ ਚੌਰ ਕਰਨ ਤੋਂ ਵੀ ਮਾਨਸਿਕ ਤੌਰ 'ਤੇ ਖੌਫਜ਼ਦਾ ਹੁੰਦੇ ਗਏ ਅਤੇ ਉਹ ਸਿਰਫ ਸ਼ਰਧਾਂ ਨਾਲ ਮੱਥਾ ਟੇਕਣ ਤੱਕ ਸੀਮਤ ਹੋ ਗਏ। ਹੋ ਸਕਦਾ ਹੈ, ਇਸ ਨੂੰ ਮੱਥਾ ਟੇਕਣ ਤੇ ਪੂਜਣਯੋਗ ਬਣਾਉਣ ਵਾਸਤੇ ਹੀ ਉਨ੍ਹਾਂ ਪੰਜਵੇਂ ਗੁਰੂ ਸਾਹਿਬ ਗੁਰੂ ਅਰਜਨ ਦੇਵ ਜੀ ਦੀ ਪ੍ਰਵਾਹ ਨਾ ਕਰਦਿਆਂ ਉਨ੍ਹਾਂ ਵਲੋਂ ਥਾਪਿਆ ਪਵਿੱਤਰ ਨਾਂ 'ਪੋਥੀ' ਨੂੰ ਬਦਲ ਕੇ 'ਗ੍ਰੰਥ' ਰਖਿਆ ਹੋਵੇ, ਕਿਉਂਕਿ ਪੋਥੀ ਤੋਂ ਤਾਂ ਸਿਖਿਆ ਅਤੇ ਸੇਧ ਮਿਲ ਸਕਦੀ ਹੈ, ਪੂਜਾ ਤਾਂ ਗ੍ਰੰਥ ਦੇ ਨਾਂ 'ਤੇ ਹੀ ਹੋ ਸਕਦੀ ਹੈ।

ਇਹੀ ਨਹੀਂ, ਉਨ੍ਹਾਂ ਗੁਰੂ ਗ੍ਰੰਥ ਸਾਹਿਬ ਦੇ ਅਸਲੀ ਸਿਧਾਂਤਾਂ ਤੋਂ ਵੀ ਲੋਕਾਂ ਨੂੰ ਦੂਰ ਕਰਨ ਵਾਸਤੇ ਸਰਕਾਰ ਦੀ ਸਰਪ੍ਰਸਤੀ, ਮਿਲੀਭੁਗਤ ਅਤੇ ਮਦਦ ਨਾਲ ਗੁਰੂ ਸਾਹਿਬਾਨ ਅਤੇ ਗੁਰਇਤਿਹਾਸ ਨਾਲ ਜੋੜ ਕੇ ਤਰ੍ਹਾਂ ਤਰ੍ਹਾਂ ਦੀਆਂ ਮਨੋਕਲਪਿਤ, ਮਿਥਿਹਾਸਕ, ਵਹਿਮਾਂ ਭਰਮਾਂ ਅਤੇ ਕਰਾਮਾਤਾਂ ਨਾਲ ਭਰਪੂਰ ਕਥਾਵਾਂ ਵਾਲੀਆਂ ਲਿਖਤਾਂ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ, ਜਿਨ੍ਹਾਂ ਦਾ ਨਾ ਤਾਂ ਗੁਰੂ ਸਾਹਿਬਾਨ ਦੀਆਂ ਸਿਖਿਆਵਾਂ ਨਾਲ ਅਤੇ ਨਾ ਹੀ ਗੁਰੂ ਇਤਿਹਾਸ ਨਾਲ ਸਬੰਧ ਸੀ।

ਕਈ ਪੁਸਤਕਾਂ ਅਤੇ ਗ੍ਰੰਥਾਂ ਵਿਚ ਤਾਂ ਗੁਰੂ ਸਾਹਿਬਾਨ ਨੂੰ ਰਾਜਿਆਂ ਅਤੇ ਰਾਜਕੁਮਾਰਾਂ ਵਰਗੇ ਸ਼ੌਕ ਪਾਲਦੇ ਦਿਖਾਇਆ ਗਿਆ ਤਾਂ ਜੋ ਉਸ ਵੇਲੇ ਦੇ ਰਾਜਿਆਂ ਤੇ ਰਾਜਕੁਮਾਰਾਂ ਤੋਂ ਗੁਰੂ ਸਾਹਿਬਾਨ ਵਾਲਾ ਹੀ ਪ੍ਰਭਾਵ ਪਵੇ। ਇਸ ਤਰ੍ਹਾਂ ਦੇ ਅਤੇ ਅਜਿਹੇ ਹੋਰ ਪ੍ਰਚਾਰ ਅਤੇ ਪ੍ਰਸਾਰ ਨੇ ਲੋਕਾਂ ਨੂੰ ਗੁਰੂ ਸਾਹਿਬਾਨ ਦੇ ਸਿਧਾਂਤਾਂ ਤੇ ਸਿਖਿਆਵਾਂ ਦੇ ਉਲਟ ਫਿਰ ਤੋਂ ਵਹਿਮਾਂ ਭਰਮਾਂ, ਕਰਾਮਾਤਾਂ ਅਤੇ ਕਰਮਕਾਂਡਾਂ ਦੇ ਜਾਲ ਵਿਚ ਫਸਾਉਣ ਵਿਚ ਕੋਈ ਕਸਰ ਨਹੀਂ ਛੱਡੀ।

ਆਪਣੇ ਲੇਖ ਦੇ ਮੁੱਢ ਵਿਚ ਸ. ਦਿਓਲ ਨੂੰ ਬਹੁਗਿਣਤੀ ਤੋਂ, ਜੋ ਹਾਲੇ ਚਮਤਕਾਰੀ ਈਸ਼ਵਰ ਅਤੇ ਧਰਮ ਦੇ ਮੱਕੜਜਾਲ ਵਿਚੋਂ ਨਿਕਲਣ ਦੇ ਅਸਮਰਥ ਹਨ, ਨਾਲ ਨਿਰਾਸ਼ਾ ਮਹਿਸੂਸ ਹੋਈ ਹੈ, ਜੋ ਵਾਕਈ ਸੱਚਾਈ ਹੈ। ਇਸ ਤਰ੍ਹਾਂ ਦੇ ਅੰਧਵਿਸ਼ਵਾਸ ਵਿਦਿਆ ਦੇ ਪਸਾਰ ਨਾਲ ਦੂਰ ਹੋ ਸਕਦੇ ਹਨ, ਪਰ ਹਾਕਮ ਤੇ ਪੁਜਾਰੀ ਐਨੀਆਂ ਕੱਚੀਆਂ ਗੋਲੀਆਂ ਨਹੀਂ ਖੇਡੇ ਹੋਏ ਹੁੰਦੇ। ਵਿਦਿਆ ਰਾਹੀਂ ਫੈਲਣ ਵਾਲੇ ਪ੍ਰਕਾਸ਼ ਨੂੰ ਧੁੰਦਲਾ ਕਰਨ ਵਾਸਤੇ ਉਨ੍ਹਾਂ ਨੇ ਪਹਿਲਾਂ ਹੀ ਸਾਰੇ ਬੰਦੋਬਸਤ ਕਰ ਦਿੱਤੇ ਹਨ।

ਉਪਰੋਕਤ ਗ੍ਰੰਥਾਂ ਵਿਚਲੀਆਂ ਕਰਾਮਾਤੀ ਅਤੇ ਅੰਧਵਿਸ਼ਵਾਸੀ ਕਹਾਣੀਆਂ ਸਿਰਫ ਧਾਰਮਿਕ ਅਦਾਰਿਆਂ ਤੱਕ ਸੀਮਤ ਨਹੀਂ ਰੱਖੀਆਂ, ਸਗੋਂ ਹਾਕਮਾਂ ਨੇ ਆਪਣੇ ਚਾਪਲੂਸ ਵਿਦਵਾਨਾਂ ਦੀ ਕੋਝੀ ਮਿਲੀਭੁਗਤ ਨਾਲ ਅਨੇਕਾਂ ਕਰਾਮਾਤੀ ਕਹਾਣੀਆਂ ਜਿਵੇਂ ਸੱਪ ਵਲੋਂ ਛਾਂ ਕਰਨੀ, ਮੱਝਾਂ ਦੁਆਰਾ ਉਜਾੜੇ ਖੇਤ ਨੂੰ ਹਰਿਆ-ਭਰਿਆ ਕਰਨਾ ਜਾਂ ਕੋਧਰੇ ਦੀ ਰੋਟੀ ਵਿਚੋਂ ਦੁੱਧ ਅਤੇ ਪੂੜਿਆਂ ਵਿਚੋਂ ਲਹੂ ਕੱਢਣਾ ਆਦਿ ਆਦਿ ਸਕੂਲੀ ਪਾਠ ਪੁਸਤਕਾਂ ਵਿਚ ਸ਼ਾਮਲ ਕਰਵਾ ਕੇ ਉਨ੍ਹਾਂ ਨੇ ਘੋਰ ਪਾਪ ਕਮਾਇਆ ਹੈ। ਬੱਚਿਆਂ ਦੇ ਕੋਮਲ ਮਨਾਂ 'ਤੇ ਇਨ੍ਹਾਂ ਦਾ ਅਜਿਹਾ ਪ੍ਰਭਾਵ ਪਿਆ ਹੈ ਕਿ ਉਹ ਵਿਗਿਆਨ ਦੀਆਂ ਉਚੀਆਂ ਡਿਗਰੀਆਂ ਪ੍ਰਾਪਤ ਕਰਕੇ ਵੀ ਵਿਵੇਕ ਜਾਂ ਦਲੀਲ ਨਾਲ ਸਮਝਣ ਦੇ ਸਮਰੱਥ ਨਹੀਂ ਰਹੇ, ਆਮ ਲੋਕਾਂ ਦੀ ਤਾਂ ਗੱਲ ਹੀ ਕੀ ਕਰਨੀ ਹੈ!


ਪਿਛਲੀਆਂ ਦੋ ਸਦੀਆਂ ਤੋਂ ਵੱਧ ਸਮੇਂ ਤੋਂ ਪੀੜ੍ਹੀ-ਦਰ-ਪੀੜ੍ਹੀ ਤੋਂ ਅਜਿਹੀਆਂ ਕਥਾਵਾਂ ਦਾ ਪ੍ਰਚਾਰ ਅਤੇ ਇਨ੍ਹਾਂ ਕਥਾਵਾਂ ਦੀ ਸਕੂਲੀ ਪਾਠ ਪੁਸਤਕਾਂ ਵਿਚ ਸ਼ਮੂਲੀਅਤ ਦਾ ਅਸਰ ਇਹ ਹੋਇਆ ਹੈ ਕਿ ਸਾਡੇ ਮਨ ਮਸਤਕ ਦੇ ਧੁਰ ਅੰਦਰ ਤੱਕ ਗੁਰੂ ਸਾਹਿਬਾਨ ਅਤੇ ਗੁਰੂ ਗ੍ਰੰਥ ਸਾਹਿਬ ਬਾਰੇ ਉਸੇ ਤਰ੍ਹਾਂ ਦੀ ਧਾਰਨਾ ਪੱਕ ਗਈ ਹੈ, ਜਿਹੋ ਜਿਹੀ ਪੁਜਾਰੀ ਚਾਹੁੰਦੇ ਸਨ। ਇਉਂ ਲਗਦਾ ਹੈ, ਜਿਵੇਂ ਬਹੁਤ ਸਾਰੇ ਵਿਦਵਾਨਾਂ ਵਲੋਂ ਗੁਰਬਾਣੀ ਦੀ ਵਿਆਖਿਆ ਉਪਰ ਵੀ ਇਸੇ ਧਾਰਨਾ ਦਾ ਪ੍ਰਭਾਵ ਪਿਆ ਹੈ। ਇਸੇ ਧਾਰਨਾ ਕਰਕੇ ਹੀ ਪਿਛਲੇ ਕੁਝ ਸਮੇਂ ਤੱਕ ਇਸ ਧਾਰਨਾ ਤੋਂ ਥੋੜ੍ਹੀ ਜਿਹੀ ਵੀ ਪਾਸੇ ਦੀ ਗੱਲ ਸੁਣ ਕੇ ਚੌਂਕ ਜਾਂਦੇ ਸਾਂ, ਪਰ ਹੁਣ ਤਕਨੀਕ ਦੀ ਤਰੱਕੀ ਨਾਲ ਇੰਟਰਨੈਟ ਨੇ ਗੁਰਬਾਣੀ ਤੇ ਇਸ ਦੇ ਵੱਖ-ਵੱਖ ਸਟੀਕਾਂ ਤੱਕ ਪਹੁੰਚ ਆਸਾਨ ਹੋਣ ਕਰਕੇ ਸਾਨੂੰ ਅਸਲੀਅਤ ਸਮਝ ਆਉਣ ਲੱਗੀ ਹੈ। ਇਸ ਵੇਲੇ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਸੱਚਾਈ ਨੂੰ ਸਮਝ ਕੇ ਧਰਮਾਂ ਦੇ ਚੁੰਗਲਾਂ 'ਚੋਂ ਨਿਕਲ ਕੇ ਮਾਨਵਤਾ 'ਚ ਇਕਸੁਰਤਾ ਅਤੇ ਭਲਾਈ ਵਾਸਤੇ ਆਪਣਾ ਹਿੱਸਾ ਪਾਈਏ।

# ਗੜ੍ਹਕਦੀ ਅਵਾਜ਼ ਵਾਲਾ ਕਵੀ ਚਰਨ ਸਿੰਘ ਸਫਰੀ

***ਦਸੂਹਾ ਦੇ ਇਤਿਹਾਸਕ ਪਿੰਡ ਬੋਦਲ ਵਿਚ ਜਨਮੇ ਚਰਨ ਸਿੰਘ ਸਫਰੀ (5 ਅਪਰੈਲ 1918-5 ਜਨਵਰੀ 2006) ਨੂੰ ਧਾਰਮਿਕ ਗੀਤਾਂ ਦਾ ਬਾਦਸ਼ਾਹ ਵੀ ਕਿਹਾ ਜਾਂਦਾ ਹੈ। ਉਨ੍ਹਾਂ ਉਸਤਾਦ ਸ਼ਾਇਰ ਬਲਦੇਵ ਚੰਦਰ ਬੇਕਲ (ਲਾਲਾ ਧਨੀ ਰਾਮ ਚਾਤ੍ਰਿਕ ਦਾ ਭਾਣਜਾ) ਤੋਂ ਧਾਰਮਿਕ ਗੀਤ ਲਿਖਣ ਦੀ ਮੁਹਾਰਤ ਹਾਸਲ ਕੀਤੀ ਸੀ। ਨਿਊ ਯਾਰਕ (ਅਮਰੀਕਾ) ਵੱਸਦੇ ਲਿਖਾਰੀ ਪ੍ਰੇਮ ਮਾਨ ਨੇ ਆਪਣੇ ਇਸ ਲੇਖ ਵਿਚ ਉਨ੍ਹਾਂ ਦੀ ਗੀਤਕਾਰੀ ਅਤੇ ਜੀਵਨ ਦੇ ਕੁਝ ਪੱਖਾਂ ਉਤੇ ਝਾਤ ਪਾਈ ਹੈ। -ਸੰਪਾਦਕ***

ਪਹਿਲੀ ਵਾਰੀ ਮੈਂ ਚਰਨ ਸਿੰਘ ਸਫਰੀ ਨੂੰ 1969 ਵਿਚ ਮਿਲਿਆ ਸਾਂ। ਮੈਂ ਉਨ੍ਹਾਂ ਦੇ ਘਰ ਗਿਆ ਸਾਂ, ਤਰਸੇਮ ਸਿੰਘ ਨੂੰ ਮਿਲਣ। ਸਫਰੀ ਹੁਰੀਂ ਵਿਹੜੇ ਵਿਚ ਡੱਠੇ ਵਾਣ ਦੇ ਨੰਗੇ ਮੰਜੇ 'ਤੇ ਨੰਗੇ ਧੜ ਸਿਰਫ ਕਛਹਿਰਾ ਪਾਈ ਲੰਮੇ ਪਏ ਸਨ। ਕੋਲ ਪੱਖੀ ਪਈ ਸੀ। ਗਰਮੀਆਂ ਦੇ ਦਿਨ ਸਨ। ਮੇਰੇ ਆਉਣ 'ਤੇ ਉਹ ਉਠ ਕੇ ਬੈਠ ਗਏ। ਉਨ੍ਹਾਂ ਦੀ ਪਿੱਠ 'ਤੇ ਵਾਣ ਦੇ ਨਿਸ਼ਾਨ ਪਏ ਹੋਏ ਸਨ। ਤਰਸੇਮ ਨੇ ਮੇਰੇ ਬਾਰੇ ਦੱਸਿਆ ਤਾਂ ਉਨ੍ਹਾਂ ਮੈਨੂੰ ਬੈਠਣ ਲਈ ਆਖਿਆ। ਬੜੇ ਪਿਆਰ ਨਾਲ ਮਿਲੇ ਅਤੇ ਕਹਿਣ ਲੱਗੇ, "ਮੁੰਡੇ ਦੀ ਕੋਈ ਸੇਵਾ ਕਰੋ।" ਇਸ ਤੋਂ ਵੱਧ ਮੈਨੂੰ ਉਸ ਮਿਲਣੀ ਦੀਆਂ ਗੱਲਾਂ ਯਾਦ ਨਹੀਂ। ਮੈਂ ਉਦੋਂ ਹਾਲੇ ਕਾਲਜ ਵਿਚ ਪੜ੍ਹਦਾ ਸਾਂ।

ਚਰਨ ਸਿੰਘ ਸਫਰੀ ਦਸੂਹੇ ਨੇੜੇ ਛੋਟੇ ਜਿਹੇ ਪਿੰਡ ਬੋਦਲ ਵਿਚ ਜੰਮੇ-ਪਲੇ ਸਨ। ਮੈਂ ਇਸੇ ਪਿੰਡ ਗਿਆ ਸਾਂ। ਇਹ ਉਹੀ ਪਿੰਡ ਹੈ, ਜਿਥੋਂ ਦੇ ਪੰਜਾਬੀ ਸਾਹਿਤ ਦੇ ਸਮਰਥਕ ਡਾ. ਐਮ. ਐਸ. ਰੰਧਾਵਾ ਹੋਏ ਹਨ ਅਤੇ ਪ੍ਰਸਿੱਧ



**ਪ੍ਰੇਮ ਮਾਨ**
ਫੋਨ: 860-983-5002

ਕਲਾਸੀਕਲ ਕੀਰਤਨੀਏ ਦਿਲਬਾਗ ਸਿੰਘ-ਗੁਲਬਾਗ ਸਿੰਘ ਹਨ।

ਤਰਸੇਮ ਸਫਰੀ, ਜੋ ਆਪ ਬਹੁਤ ਵਧੀਆ ਸ਼ਾਇਰ ਸੀ, ਚਰਨ ਸਿੰਘ ਸਫਰੀ ਦਾ ਲੜਕਾ ਸੀ। ਤਰਸੇਮ ਮੇਰਾ 1968 ਤੋਂ ਬਹੁਤ ਪਿਆਰਾ ਅਤੇ ਨਿੱਘਾ ਦੋਸਤ ਸੀ, ਜਦੋਂ ਉਹ ਸਾਡੇ ਕਾਲਜ ਕਵਿਤਾ ਦੇ ਮੁਕਾਬਲੇ ਵਿਚ ਕਵਿਤਾ ਪੜ੍ਹਨ ਆਇਆ ਸੀ ਅਤੇ ਮੈਂ ਉਸ ਕਾਲਜ ਦੇ ਵਿਦਿਆਰਥੀਆਂ ਦੀ ਯੂਨੀਅਨ ਦਾ ਜਨਰਲ ਸਕੱਤਰ ਸਾਂ।

ਸਫਰੀ ਨਾਲ ਮੇਰੀ ਆਖਰੀ ਮਿਲਣੀ 1999 ਵਿਚ ਹੋਈ, ਜਦੋਂ ਉਹ ਅਮਰੀਕਾ ਆਏ ਸਨ। ਉਨ੍ਹਾਂ ਦਾ ਫੋਨ ਆਇਆ। ਉਹ ਨਿਊ ਯਾਰਕ ਵਿਚ ਸੋਨੀ ਵਰਿੰਦਰ ਅਤੇ ਨਿਊ ਜਰਸੀ ਵਿਚ ਕਿਰਪਾਲ ਬਿੱਲੂ ਹੁਰਾਂ ਕੋਲ ਠਹਿਰੇ ਸਨ। ਮੈਂ ਉਸ ਵਕਤ ਨਿਊ ਯਾਰਕ ਸ਼ਹਿਰ ਤੋਂ ਡੇਢ ਸੌ ਮੀਲ ਦੂਰ ਕਨੈਟੀਕਟ ਸੂਬੇ ਵਿਚ ਰਹਿੰਦਾ ਸੀ। ਮੈਂ ਉਨ੍ਹਾਂ ਨੂੰ ਨਿਊ ਯਾਰਕ ਤੋਂ ਕਨੈਟੀਕਟ ਲੈਣ ਗਿਆ, ਜਿਥੇ ਉਹ ਮੇਰੇ ਕੋਲ ਦੋ ਦਿਨ ਰਹੇ। ਖੂਬ ਗੱਲਾਂ ਕੀਤੀਆਂ। ਐਤਵਾਰ ਨੂੰ ਉਨ੍ਹਾਂ ਨੇ ਨੌਰਵਾਕ (ਕਨੈਟੀਕਟ) ਗੁਰਦੁਆਰੇ ਵਿਚ ਕਵਿਤਾਵਾਂ ਪੜ੍ਹਨੀਆਂ ਸਨ। ਉਸੇ ਸ਼ਾਮ ਮੈਂ ਉਨ੍ਹਾਂ ਨੂੰ ਨਿਊ ਜਰਸੀ ਛੱਡ ਆਇਆ। ਫਿਰ ਜਿਸ ਦਿਨ ਉਨ੍ਹਾਂ ਨੇ ਵਾਪਸ ਹਿੰਦੁਸਤਾਨ ਜਾਣਾ ਸੀ, ਮੈਂ ਉਨ੍ਹਾਂ ਨੂੰ ਨਿਊ ਯਾਰਕ ਏਅਰਪੋਰਟ ਉਤੇ ਮਿਲਣ ਗਿਆ।

ਚਰਨ ਸਿੰਘ ਸਫਰੀ ਜਿੰਨੀ ਸੋਹਣੀ ਕਵਿਤਾ ਲਿਖਦੇ ਸਨ, ਉਸ ਤੋਂ ਵੀ ਵਧੀਆ ਢੰਗ ਨਾਲ ਉਹ ਕਵਿਤਾ ਸਟੇਜ 'ਤੇ ਪੜ੍ਹਦੇ ਸਨ। ਉਨ੍ਹਾਂ ਕੋਲ ਕਵਿਤਾ ਲਿਖਣ ਦੀ ਕਲਾ ਸੀ ਅਤੇ ਕਵਿਤਾ ਪੜ੍ਹਨ ਦਾ ਹੁਨਰ ਸੀ। ਵਾਹਿਗੁਰੂ ਨੇ ਉਨ੍ਹਾਂ ਨੂੰ ਅਵਾਜ਼ ਵੀ ਕਮਾਲ ਦੀ ਦਿੱਤੀ ਸੀ। ਸਟੇਜ 'ਤੇ ਬੋਲਦੇ ਸਨ ਤਾਂ ਇੰਜ ਲੱਗਦਾ ਸੀ, ਜਿਵੇਂ ਜ਼ੋਰਦਾਰ ਬਿਜਲੀ ਕੜਕ ਰਹੀ ਹੋਵੇ। ਕਵਿਤਾ ਪੜ੍ਹਦੇ ਸਨ ਤਾਂ ਸਰੋਤਿਆਂ ਦੇ ਰੌਂਗਟੇ ਖੜ੍ਹੇ ਕਰ ਦਿੰਦੇ ਸਨ। ਜਦੋਂ 81 ਸਾਲ ਦੀ ਉਮਰ ਵਿਚ 1999 ਵਿਚ ਉਹ ਨੌਰਵਾਕ ਗੁਰਦੁਆਰੇ ਵਿਚ ਬੋਲੇ ਤਾਂ ਇੰਜ ਲਗਦਾ ਸੀ, ਜਿਵੇਂ ਹੁਣੇ ਗੁਰਦੁਆਰੇ ਦੀਆਂ ਕੰਧਾਂ ਹਿੱਲਣ ਲੱਗ ਪੈਣਗੀਆਂ। ਉਨ੍ਹਾਂ ਨੇ ਜਿਸ ਜੋਸ਼ ਨਾਲ ਕਵਿਤਾਵਾਂ ਪੜ੍ਹੀਆਂ, ਉਸ ਨੂੰ ਦੇਖ ਕੇ ਕੋਈ ਸੋਚ ਵੀ ਨਹੀਂ ਸੀ ਸਕਦਾ ਕਿ ਉਨ੍ਹਾਂ ਦੀ ਉਮਰ 81 ਸਾਲ ਦੀ ਹੋਵੇਗੀ।

ਉਨ੍ਹਾਂ ਨੂੰ ਦਾਰੂ ਪੀਣ ਦਾ ਬਹੁਤ ਸ਼ੌਕ ਸੀ। ਸੁਣਿਆ, ਇਕ ਵਾਰੀ ਉਨ੍ਹਾਂ ਨੇ ਇਕ ਕਵੀ ਦਰਬਾਰ 'ਤੇ ਲੁਧਿਆਣੇ ਜਾਣਾ ਸੀ। ਉਹ ਘਰੋਂ ਦਾਰੂ ਪੀ ਕੇ ਦਸੂਹੇ ਨੂੰ ਚੱਲ ਪਏ। ਸ਼ਰਾਬ ਦੇ ਨਸ਼ੇ ਵਿਚ ਦਸੂਹੇ ਤੋਂ ਲੁਧਿਆਣੇ ਦੀ ਥਾਂ ਪਠਾਨਕੋਟ ਵਾਲੀ ਗੱਡੀ ਫੜ ਲਈ। ਪਠਾਨਕੋਟ ਪਹੁੰਚਣ 'ਤੇ ਸੁਰਤ ਆਈ ਤਾਂ ਪਤਾ ਲੱਗਾ ਕਿ ਗਲਤ ਥਾਂ ਪਹੁੰਚ ਗਏ ਸਨ। ਉਹ ਕਵੀ ਦਰਬਾਰ 'ਤੇ ਪਹੁੰਚ ਹੀ ਨਾ ਸਕੇ।

ਸਫਰੀ ਨੇ ਜ਼ਿਆਦਾ ਧਾਰਮਿਕ ਗੀਤ ਅਤੇ ਕਵਿਤਾਵਾਂ ਲਿਖੀਆਂ। ਉਨ੍ਹਾਂ ਨੇ ਕੁਝ ਪਿਆਰ ਦੇ ਗੀਤ ਅਤੇ ਗਜ਼ਲਾਂ ਵੀ ਲਿਖੀਆਂ ਸਨ, ਪਰ ਉਤਨੀਆਂ ਨਹੀਂ। ਉਨ੍ਹਾਂ ਦੇ ਧਾਰਮਿਕ ਅਤੇ ਹੋਰ ਗੀਤ ਬਹੁਤ ਸਾਰੇ ਪੰਜਾਬੀ ਗਾਇਕਾਂ ਨੇ ਗਾਏ ਸਨ। ਕਈ ਗਾਇਕਾਂ ਦੀ ਮਸ਼ਹੂਰੀ ਅਤੇ ਸਫਲਤਾ ਪਿੱਛੇ ਸਫਰੀ ਦਾ ਹੱਥ ਸੀ। ਨਰਿੰਦਰ ਬੀਬਾ ਨੇ ਸਫਰੀ ਹੁਰਾਂ ਦੇ ਧਾਰਮਿਕ ਗੀਤ ਗਾ ਕੇ ਹੀ ਬਹੁਤ ਨਾਂ ਖੱਟਿਆ ਸੀ। ਕਹਿੰਦੇ ਹਨ ਕਿ ਹੰਸ ਰਾਜ ਹੰਸ ਵੀ ਉਨ੍ਹਾਂ ਦਾ ਲਿਖਿਆ ਗੀਤ (ਨਾਗਣੇ ਨੀ ਇਕ ਡੰਗ ਹੋਰ ਮਾਰ ਜਾ) ਗਾ ਕੇ ਹੀ ਚੜ੍ਹਿਆ ਸੀ। ਦੇਬੀ ਮਖਸੂਸਪੁਰੀ ਦੀ ਇਕ ਕੈਸੇਟ ਦਾ ਸਭ ਤੋਂ ਵਧੀਆ ਗਾਣਾ ਵੀ ਸਫਰੀ ਦਾ ਹੀ ਲਿਖਿਆ ਹੋਇਆ ਹੈ। ਇਸ ਗੀਤ ਦੇ ਬੋਲ ਹਨ,

ਅੱਖਾਂ 'ਚ ਸ਼ਰਾਬ ਗੋਰੀਏ,
ਨੀ ਤੂੰ ਸੁਰਮਾ ਪਾਉਣ ਨੂੰ ਕਹਿੰਦੀ।
ਮਹਿੰਦੀ ਵਾਲੇ ਹੱਥ ਨਾ ਕਰੀਂ,
ਅੱਗ ਉਡ ਕੇ ਨਸ਼ੇ ਨੂੰ ਪੈਂਦੀ।

ਕਵੀ ਚਿੱਤਰਕਾਰ ਵਾਂਗੂ ਹੈ। ਚਿੱਤਰਕਾਰ ਬੁਰਸ਼ ਅਤੇ ਰੰਗ ਲੈ ਕੇ ਤਸਵੀਰ ਬਣਾਉਂਦਾ ਹੈ; ਕਵੀ ਕਲਮ ਅਤੇ ਪੇਪਰ ਲੈ ਕੇ ਸ਼ਬਦਾਂ ਨੂੰ ਵਰਤ ਕੇ ਤਸਵੀਰ ਬਣਾਉਂਦਾ ਹੈ। ਸਫਲ ਕਵੀ ਉਹੋ ਹੀ ਹੈ, ਜਿਸ ਦੀ ਕਵਿਤਾ ਪੜ੍ਹ ਕੇ ਤੁਹਾਡਾ ਦਿਲ ਖਿੱਚਿਆ ਜਾਵੇ ਅਤੇ ਵਰਣਨ ਕੀਤੀ ਗੱਲ ਦੀ ਝਲਕੀ ਤੁਹਾਡੀਆਂ ਅੰਤਰ ਅੱਖਾਂ ਅੱਗਿਓਂ ਲੰਘ ਜਾਵੇ। ਸਫਰੀ ਦੀ ਕਵਿਤਾ ਵਿਚ ਇਹ ਗੁਣ ਆਮ ਮਿਲਦਾ ਹੈ। ਬਿੰਬ ਵਰਤਣ ਦੇ ਉਹ ਮਾਹਿਰ ਸਨ। ਹਰ ਗੱਲ ਨੂੰ ਸਾਧਾਰਨ, ਪਰ ਬਹੁਤ ਹੀ ਸੁਚੱਜੇ ਅਤੇ ਕਲਾਮਈ ਢੰਗ ਨਾਲ ਕਹਿਣਾ ਉਨ੍ਹਾਂ ਦੀ ਖੂਬੀ ਸੀ। ਕਵਿਤਾ ਵਿਚ ਸ਼ਬਦਾਂ ਨੂੰ ਮੋਤੀਆਂ ਵਾਗ ਪਰੋ ਦੇਣ ਦੀ ਕਲਾ ਉਨ੍ਹਾਂ ਨੂੰ ਰੱਬ ਨੇ ਬਹੁਤ ਬਖਸ਼ੀ ਸੀ। ਇਸ ਦੀਆਂ ਪ੍ਰਤੀਕ ਮਾਤਾ ਗੁਜਰੀ ਬਾਰੇ ਲਿਖੀ ਇਕ ਕਵਿਤਾ 'ਚੋਂ ਲਈਆਂ ਹੇਠ ਲਿਖੀਆਂ ਸਤਰਾਂ ਹਨ, ਜਿਨ੍ਹਾਂ ਵਿਚ ਮਾਤਾ ਗੁਜਰੀ ਜਲਾਦ ਨੂੰ ਜਵਾਬ ਦਿੰਦੀ ਹੈ,

ਮਾਤਾ ਗੁਜਰੀ ਅੱਗੋਂ ਜਵਾਬ ਦਿੱਤਾ,
ਮੇਰਾ ਨਾਂ ਗੁਜਰੀ ਮੇਰੀ ਅੱਲ ਗੁਜਰੀ।
ਇਹੋ ਜਿਹੀ ਕਹਾਰੀ ਤਾਂ ਮੇਰੇ ਉਤੇ,
ਘੜੀ-ਘੜੀ ਗੁਜਰੀ ਪਲ-ਪਲ ਗੁਜਰੀ।
ਪਹਿਲਾਂ ਪਤੀ ਦਿੱਤਾ ਫਿਰ ਮੈਂ ਪੋਤੇ ਦਿੱਤੇ,
ਆ ਹੁਣ ਮੌਤ ਮੈਨੂੰ ਕਹਿੰਦੀ ਚੱਲ ਗੁਜਰੀ।
ਗੁਜਰੀ ਲੋਕ ਮੈਨੂੰ ਤਾਹੀਓਂ ਆਖਦੇ ਨੇ,
ਜਿਹੜੀ ਆਈ ਸਿਰ 'ਤੇ
ਉਹ ਮੈਂ ਝੱਲ ਗੁਜਰੀ।

ਸਫਰੀ ਦੇ ਲਿਖਣ ਦਾ ਕਮਾਲ ਹੈ ਕਿ ਉਨ੍ਹਾਂ ਦੀਆਂ ਕਵਿਤਾਵਾਂ ਅਤੇ ਗੀਤਾਂ ਵਿਚ ਬਿਆਨ ਕੀਤੇ ਦ੍ਰਿਸ਼ ਇਹ ਕਵਿਤਾਵਾਂ ਤੇ ਗੀਤ ਪੜ੍ਹਦਿਆਂ ਅਤੇ ਸੁਣਦਿਆਂ ਤੁਹਾਡੀਆਂ ਅੱਖਾਂ ਅੱਗੇ ਆ ਜਾਂਦੇ ਹਨ। ਜਿਵੇਂ ਸਾਡੇ ਵਿਚੋਂ ਜਿਨ੍ਹਾਂ ਨੇ ਚਰਖੇ ਕੱਤਦੀਆਂ ਪੰਜਾਬਣਾਂ ਦੇਖੀਆਂ ਹਨ, ਇਹ ਗੀਤ ਪੜ੍ਹ-ਸੁਣ ਕੇ ਉਹ ਦ੍ਰਿਸ਼ ਝੱਟ ਸਾਡੀਆਂ ਅੰਤਰ-ਅੱਖਾਂ ਅੱਗਿਓਂ ਲੰਘ ਜਾਵੇਗਾ,

ਤੱਕਲੇ ਦੇ ਵਲ ਕੱਢ ਲੈ,
ਤੇਰਾ ਤੰਦ ਨਾ ਲਪੇਟਿਆ ਜਾਵੇ।

ਇਹ ਸਤਰਾਂ ਪੜ੍ਹਦਿਆਂ ਹੀ ਹੱਥ ਨਾਲ ਤੱਕਲੇ ਦੇ ਵੱਟ ਕੱਢਦੀ ਪੰਜਾਬਣ ਦੀ ਤਸਵੀਰ ਅੱਖਾਂ ਅੱਗੇ ਆ ਜਾਂਦੀ ਹੈ। ਇਸੇ ਤਰ੍ਹਾਂ ਦੇ ਕੁਝ ਹੋਰ ਗੀਤਾਂ ਦੇ ਬੋਲਾਂ ਦੀਆਂ ਮਿਸਾਲਾਂ ਹਨ,





ਚਰਨ ਸਿੰਘ ਸਫਰੀ ਦੀਆਂ ਦੋ ਤਸਵੀਰਾਂ।

ਸਾਡੇ ਲਾਗਿਓਂ ਦੀ ਲੰਘ ਜਾ,
ਬੁਲਾਈਂ, ਨਾ ਬੁਲਾਈਂ।
ਤੇਰਾ ਹੈ ਨਹੀਂ ਵੇ ਪਿਆਰ,
ਸੌਹਾਂ ਝੂਠੀਆਂ ਨਾ ਖਾਈਂ।

---

ਹਵਾ ਬੇਈਮਾਨ, ਬੜਾ ਔਂਤਰਾ ਜ਼ਮਾਨਾ ਏ।
ਕੱਲ੍ਹ ਜਿਹੜਾ ਆਪਣਾ ਸੀ,
ਅੱਜ ਉਹ ਬੇਗਾਨਾ ਏ।

---

ਚਿੱਟੇ ਦੰਦ ਬੁੱਲ੍ਹੀਂ ਲਾਲ ਦੰਦਾਸਾ,
ਹਾੜ੍ਹਾ ਓ ਰੱਬ ਖੈਰ ਕਰੇ।
ਹੱਥ ਅੱਲ੍ਹੜਾਂ ਦੇ ਤੇਜ਼ ਗੰਡਾਸਾ,
ਹਾੜ੍ਹਾ ਓ ਰੱਬ ਖੈਰ ਕਰੇ।

---

ਹੱਸ ਕੇ ਨਾ ਲੰਘ ਗੋਰੀਏ,
ਫੁੱਲ ਕਿਰ ਗਏ ਗਲੀ ਦੇ ਵਿਚ ਸਾਰੇ।

---

ਅੱਖਾਂ ਮੀਟ ਗਈ ਜਦੋਂ ਦੀ ਸਾਡੀ ਮਾਂ,
ਸਾਡਾ ਨੀ ਏਥੇ ਦਿਲ ਲਗਦਾ।
ਸਾਡਾ ਲਿਖ ਲਓ ਯਤੀਮਾਂ ਵਿਚ ਨਾਂ,
ਸਾਡਾ ਨੀ ਏਥੇ ਦਿਲ ਲਗਦਾ।

ਉਨ੍ਹਾਂ ਗਜ਼ਲਾਂ ਵੀ ਲਿਖੀਆਂ, ਪਰ ਬਹੁਤੀਆਂ ਨਹੀਂ। ਉਨ੍ਹਾਂ ਦੀ ਇਕ ਗਜ਼ਲ ਦਾ ਹੇਠਲਾ ਸ਼ੇਅਰ ਤਾਂ ਬਹੁਤ ਮਸ਼ਹੂਰ ਹੋਇਆ ਸੀ, ਜਿਸ 'ਚ ਮਾਸ਼ੂਕ ਦੇ ਨਾਤਾ ਤੋੜ ਜਾਣ 'ਤੇ ਕਵੀ ਸਫਰੀ ਆਪਣੇ ਆਪ ਨੂੰ ਅਜੀਬ ਢੰਗ ਨਾਲ ਹੌਸਲਾ ਦਿੰਦਾ ਹੈ,

ਬੜਾ ਅਫਸੋਸ ਸੱਜਣਾ 'ਤੇ,
ਵਿਗੜ ਗਏ ਗੈਰ ਦੇ ਆਖੇ।
ਤੂੰ ਰੱਖ ਕੁਝ ਹੌਸਲਾ 'ਸਫਰੀ',
ਕਈਆਂ ਦੇ ਮਰ ਵੀ ਜਾਂਦੇ ਨੇ।

ਉਨ੍ਹਾਂ ਨੂੰ ਗਜ਼ਲਾਂ ਲਿਖਣ ਵਿਚ ਬਹੁਤ ਨਿਪੁੰਨਤਾ ਸੀ। ਹੇਠ ਲਿਖੇ ਕੁਝ ਸ਼ੇਅਰ ਮਿਸਾਲ ਵਜੋਂ ਦੇਖੋ,

ਹੱਥ ਮਹਿੰਦੀ ਰੰਗਲੇ
ਕੋਈ ਫੁੱਲ ਤੋੜਨ ਜਾ ਰਿਹਾ,
ਪੋਟਿਆਂ ਵਿਚ ਅੱਗ ਹੈ,
ਨਾ ਫੂਕ ਦੇਵੇ ਗੁਲਜ਼ਾਰ ਨੂੰ।
ਖਤ ਹੁਸੀਨਾ ਦੇ ਹੀ
ਮੇਰੀ ਲਾਸ਼ ਉਤੇ ਪਾ ਦਿਓ,
ਕੌਣ ਕਫਨ ਲੈਣ ਸਾਡਾ
ਜਾਏਗਾ ਬਾਜ਼ਾਰ ਨੂੰ।

—

ਕਿਉਂ ਮਧਾਣੀ ਸੜੀ,
ਮੱਖਣ ਕਿਵੇਂ ਕੋਲੇ ਹੋ ਗਿਆ,
ਦੁੱਧ ਨੂੰ ਕਿਉਂ ਹੰਝੂਆਂ ਦਾ
ਜਾਗ ਲਾਇਆ ਕਿਸੇ ਨੇ।
ਖਾਬ ਵਿਚ ਮਹਿਬੂਬ 'ਸਫਰੀ'
ਹਾਲ ਪੁੱਛਦਾ ਰਹਿ ਗਿਆ,
ਅਫਸੋਸ ਸਾਨੂੰ ਸੁੱਤਿਆਂ ਨੂੰ
ਕਿਉਂ ਜਗਾਇਆ ਕਿਸੇ ਨੇ।

ਸਫਲ ਗਾਇਕਾਂ ਦੀ ਮਸ਼ਹੂਰੀ ਅਤੇ ਚੜ੍ਹਤ ਪਿੱਛੇ ਚੰਗੇ ਗੀਤ ਲੇਖਕਾਂ ਦਾ ਬਹੁਤ ਹੱਥ ਹੁੰਦਾ ਹੈ, ਪਰ ਬਦਕਿਸਮਤੀ ਇਹ ਹੈ ਕਿ ਚੰਗੇ ਗੀਤਾਂ ਲਈ ਲਗਭਗ ਸਾਰੀ ਸਲਾਹੁਣਾ ਗਾਇਕਾਂ ਦੀ ਝੋਲੀ ਵਿਚ ਹੀ ਪੈਂਦੀ ਹੈ। ਬਹੁਤੇ ਲੋਕਾਂ ਨੂੰ ਨਾ ਹੀ ਇਹ ਪਤਾ ਹੁੰਦਾ ਹੈ ਅਤੇ ਨਾ ਹੀ ਉਨ੍ਹਾਂ ਨੇ ਕਦੇ ਇਹ ਸੋਚਿਆ ਹੁੰਦਾ ਹੈ ਕਿ ਸਫਲ ਗੀਤ ਕਿਸ-ਕਿਸ ਗੀਤਕਾਰ ਨੇ ਲਿਖੇ ਹਨ। ਕਿੰਨੇ ਕੁ ਲੋਕ ਜਾਣਦੇ ਹਨ ਕਿ ਸੁਰਿੰਦਰ ਕੌਰ ਅਤੇ ਪ੍ਰਕਾਸ਼ ਕੌਰ ਦੇ ਗਾਏ ਗੀਤ 'ਇਕ ਮੇਰੀ ਅੱਖ ਕਾਸ਼ਣੀ, ਦੂਜਾ ਰਾਤ ਦੇ ਉਨੀਂਦਰੇ ਨੇ ਮਾਰਿਆ' ਅਤੇ 'ਮੈਨੂੰ ਹੀਰੇ ਹੀਰੇ ਆਖੇ, ਹਾਏ ਨੀ ਮੁੰਡਾ ਲੰਬੜਾਂ ਦਾ' ਸ਼ਿਵ ਕੁਮਾਰ ਬਟਾਲਵੀ ਨੇ ਲਿਖੇ ਸਨ? ਜਾਂ ਫਿਰ 'ਆ ਲੈ ਮਾਏਂ ਸਾਂਭ ਕੁੰਜੀਆਂ, ਧੀਆਂ ਕਰ ਚਲੀਆਂ ਸਰਦਾਰੀ' ਦੀਪਕ ਜੈਤੋਈ ਨੇ ਲਿਖਿਆ ਸੀ। ਮਸ਼ਹੂਰ ਗੀਤ 'ਗੋਰੀ ਦੀਆਂ ਝਾਂਜਰਾਂ ਬੁਲਾਉਂਦੀਆਂ ਗਈਆਂ, ਗਲੀ-ਗਲੀ ਵਿਚ ਡੰਡ ਪਾਉਂਦੀਆਂ ਗਈਆਂ' ਨੰਦ ਲਾਲ ਨੂਰਪੁਰੀ ਦੀ ਲਿਖਤ ਸੀ। ਬਹੁਤੇ ਗੀਤਕਾਰ ਭੁੱਖਾਂ ਨਾਲ ਜੂਝਦੇ ਜ਼ਿੰਦਗੀ ਗੁਜ਼ਾਰ ਜਾਂਦੇ ਹਨ। ਨੰਦ ਲਾਲ ਨੂਰਪੁਰੀ ਗਰੀਬੀ ਵਿਚ ਆਤਮ-ਹੱਤਿਆ ਕਰ ਗਿਆ ਸੀ, ਪਰ ਇਨ੍ਹਾਂ ਹੀ ਗੀਤਕਾਰਾਂ ਦੇ ਲਿਖੇ ਖੂਬਸੂਰਤ ਗੀਤ ਗਾ ਕੇ ਗਾਇਕ ਅਤੇ ਸੰਗੀਤ ਕੰਪਨੀਆਂ ਲੱਖਾਂ-ਕਰੋੜਾਂ ਰੁਪਏ ਕਮਾਉਂਦੀਆਂ ਹਨ।

ਮੈਂ 14 ਦਸੰਬਰ 2005 ਨੂੰ ਪੰਜਾਬ ਗਿਆ ਸਾਂ ਅਤੇ 5 ਜਨਵਰੀ 2006 ਨੂੰ ਵਾਪਸ ਅਮਰੀਕਾ ਆ ਗਿਆ ਸਾਂ। ਤਰਸੇਮ ਮੈਨੂੰ ਦੋ ਵਾਰੀ ਮਿਲਣ ਆਇਆ। ਮੈਂ ਇਕ ਵਿਆਹ ਵਿਚ ਰੁੱਝਾ ਹੋਣ ਕਰਕੇ ਅਤੇ ਕੁਝ ਹੋਰ ਰੁਝੇਵਿਆਂ ਕਾਰਨ ਸਫਰੀ ਹੁਰਾਂ ਨੂੰ ਮਿਲਣ ਨਾ ਜਾ ਸਕਿਆ, ਭਾਵੇਂ ਦਿਲ ਬਹੁਤ ਚਾਹੁੰਦਾ ਸੀ। ਇਹ ਵੀ ਨਹੀਂ ਸੀ ਪਤਾ ਕਿ ਉਹ ਛੇਤੀ ਹੀ ਤੁਰ ਜਾਣਗੇ। ਤਿੰਨ ਜਨਵਰੀ ਨੂੰ ਜਦੋਂ ਤਰਸੇਮ ਮਿਲਣ ਆਇਆ ਤਾਂ ਅਸੀਂ ਸਫਰੀ ਦੀਆਂ ਅਤੇ ਉਨ੍ਹਾਂ ਦੀ ਕਵਿਤਾ ਬਾਰੇ ਕਾਫੀ ਦੇਰ ਗੱਲਾਂ ਕਰਦੇ ਰਹੇ। ਮੈਂ ਸਫਰੀ ਦੀ ਸਿਹਤ ਬਾਰੇ ਪੁੱਛਿਆ ਤਾਂ ਤਰਸੇਮ ਨੇ ਸਰਸਰੀ ਜਿਹੀ ਆਖਿਆ, "ਪਿਤਾ ਜੀ ਥੋੜ੍ਹਾ ਢਿੱਲੇ ਰਹਿੰਦੇ ਹਨ। ਉਮਰ ਵੀ ਤਾਂ ਹੁਣ ਕਾਫੀ ਹੋ ਗਈ ਹੈ।" ਤਰਸੇਮ ਗੀਤ ਅਤੇ ਗਜ਼ਲਾਂ ਲਿਖਦਾ ਸੀ। ਉਹ ਧਾਰਮਿਕ ਕਵਿਤਾਵਾਂ ਨਹੀਂ ਸੀ ਲਿਖਦਾ। ਸਫਰੀ ਹੁਰਾਂ ਨੇ ਬਹੁਤੀਆਂ ਧਾਰਮਿਕ ਕਵਿਤਾਵਾਂ ਅਤੇ ਗੀਤ ਲਿਖੇ ਸਨ। ਇਸ ਗੱਲ 'ਤੇ ਪਿਉ-ਪੁੱਤਰ ਦਾ ਹਮੇਸ਼ਾ ਪਿਆਰ ਭਰਿਆ ਝਗੜਾ ਰਹਿੰਦਾ ਸੀ ਕਿ ਕੌਣ ਠੀਕ ਸੀ। ਸਫਰੀ ਸਾਹਿਬ ਹਮੇਸ਼ਾ ਤਰਸੇਮ ਨੂੰ ਕਹਿੰਦੇ ਕਿ ਗਜ਼ਲਾਂ ਤੇ ਪਿਆਰ ਦੇ ਗੀਤ ਲਿਖਣ ਦਾ ਕੋਈ ਫਾਇਦਾ ਨਹੀਂ, ਕਿਉਂਕਿ ਇਸ ਤੋਂ ਰੋਟੀ ਨਹੀਂ ਮਿਲਦੀ। ਉਨ੍ਹਾਂ ਨੇ ਧਾਰਮਿਕ ਕਵਿਤਾਵਾਂ ਅਤੇ ਗੀਤ ਲਿਖ ਕੇ ਅਤੇ ਸਟੇਜਾਂ 'ਤੇ ਪੜ੍ਹ ਕੇ ਆਪਣਾ ਬਹੁਤ ਵਧੀਆ ਗੁਜ਼ਾਰਾ ਕੀਤਾ ਸੀ।

***(ਬਾਕੀ ਅਗਲੇ ਸਫੇ 'ਤੇ)***

## ਚਰਨ ਸਿੰਘ ਸਫਰੀ ਦੇ ਦੋ ਗੀਤ

### ਚੰਨ ਮਾਤਾ ਗੁਜਰੀ ਦਾ

ਚੰਨ ਮਾਤਾ ਗੁਜਰੀ ਦਾ
ਸੁੱਤਾ ਕੰਡਿਆਂ 'ਤੇ ਸੇਜ ਵਿਛਾਈ।
ਸੀਨੇ ਨਾਲ ਤੇਗ ਲਾ ਲਈ
ਜਦੋਂ ਯਾਦ ਪੁੱਤਰਾਂ ਦੀ ਆਈ।

ਅਜੀਤ ਤੇ ਜੁਝਾਰ ਵੱਡੜੇ
ਜ਼ੋਰਾਵਰ ਤੇ ਫਤਿਹ ਸਿੰਘ ਛੋਟੇ।
ਤਾਰਿਆਂ ਨੇ ਰੋ ਕੇ ਪੁਛਿਆ
ਕਿੱਥੇ ਗਏ ਨੀ ਜਿਗਰ ਦੇ ਟੋਟੇ।
ਦੋ ਚਮਕੌਰ ਵਿਚ ਤੇ
ਦੋ ਨੇ ਕੰਧ 'ਚ ਸ਼ਹੀਦੀ ਪਾਈ।
ਚੰਨ ਮਾਤਾ ਗੁਜਰੀ ਦਾ...।

ਅੱਡੀਆਂ ਗੁਲਾਬ ਰੰਗੀਆਂ
ਸੋਜ ਪੈ ਕੇ ਫਟਣ ਨੂੰ ਆਈਆਂ।
ਛੰਭ ਦਿਆਂ ਕੰਡਿਆਂ ਨੇ
ਉਹਦੇ ਪੱਬਾਂ 'ਤੇ ਬੂਟੀਆਂ ਪਾਈਆਂ।
ਧੂੜ ਉਹਦੇ ਕਦਮਾਂ ਦੀ
ਲੋਕਾਂ ਚੁੱਕ ਕੇ ਮੱਥੇ 'ਤੇ ਲਾਈ।
ਚੰਨ ਮਾਤਾ ਗੁਜਰੀ ਦਾ...।

ਕਾਲਜੇ ਨੂੰ ਧੂਹ ਪੈਂਦੀ
ਕੌਣ ਲਿਖੀਆਂ ਵਿਧਾਤਾ ਦੀਆਂ ਮੋੜੇ।
ਜ਼ਾਲਮਾਂ ਨੇ ਹਿੰਦੀਆਂ ਦੇ
ਖਿੱਚ ਖਿੱਚ ਕੇ ਜਨੇਊ ਤੋੜੇ।
ਆਂਦਰਾਂ ਦੀ ਡੋਰ ਵੱਟ ਕੇ
ਉਨ੍ਹਾਂ ਬਾਹਮਣਾਂ ਦੇ ਗਲ ਵਿਚ ਪਾਈ।
ਚੰਨ ਮਾਤਾ ਗੁਜਰੀ ਦਾ...।

ਪੰਧ ਪਏ 'ਸਫਰੀ' ਨੂੰ
ਪਿਆ ਦੁੱਖੜੇ 'ਤੇ ਦੁੱਖੜਾ ਸਹਿਣਾ।
ਯਾਰੜੇ ਦਾ ਸੱਥਰ ਚੰਗਾ
ਸਾਨੂੰ ਭੱਠ ਖੇੜਿਆਂ ਦਾ ਰਹਿਣਾ।
ਸੀਨੇ ਵਿਚ ਲੈ ਕੇ ਸੌਂ ਗਿਆ
ਦਿਲ ਆਪਣੇ 'ਤੇ ਪੀੜ ਪਰਾਈ।

ਚੰਨ ਮਾਤਾ ਗੁਜਰੀ ਦਾ
ਸੁੱਤਾ ਕੰਡਿਆਂ 'ਤੇ ਸੇਜ ਵਿਛਾਈ।
ਸੀਨੇ ਨਾਲ ਤੇਗ ਲਾ ਲਈ
ਜਦੋਂ ਯਾਦ ਪੁੱਤਰਾਂ ਦੀ ਆਈ।

### ਚੰਨ ਚਮਕੇ ਤੇ ਮੱਥਾ ਪਿਆ ਦਮਕੇ

ਚੰਨ ਚਮਕੇ ਤੇ ਮੱਥਾ ਪਿਆ ਦਮਕੇ
ਅੱਜ ਪਟਨੇ ਸ਼ਹਿਰ ਰੁਸ਼ਨਾਈਆਂ।
ਮਾਤਾ ਗੁਜਰੀ ਨੂੰ ਦਿਓ ਨੀ ਵਧਾਈਆਂ।

ਨਾਲੇ ਪਿਤਾ ਲਾਲ ਉਤੋਂ ਲਾਲ ਪਏ ਵਾਰਦੇ।
ਨੇਕੀਆਂ ਦੀ ਵਾਅ ਵਗੀ ਵਿਚ ਸੰਸਾਰ ਦੇ।
ਅੱਜ ਪਟਨੇ ਸ਼ਹਿਰ ਉਠੀ ਖੁਸ਼ੀ ਦੀ ਲਹਿਰ
ਫੁੱਲ ਪੱਤੀਆਂ ਅੰਬਰ ਬਰਸਾਈਆਂ।
ਮਾਤਾ ਗੁਜਰੀ ਨੂੰ ਦਿਓ ਨੀ ਵਧਾਈਆਂ।

ਡਰ ਦੇਣ ਵਾਲਿਆਂ ਦਾ ਡੇਰਾ ਦੂਰ ਹੋ ਗਿਆ।
ਅੱਖ ਪੱਟੀ ਚੰਨ ਨੇ ਹਨੇਰਾ ਦੂਰ ਹੋ ਗਿਆ।
ਪੀੜ ਦਿਲ ਦੀ ਹਰਨ ਨਾਲੇ ਸਜਦੇ ਕਰਨ
ਉਹਦੇ ਦਰ 'ਤੇ ਚਕੋਰਾਂ ਆਈਆਂ।
ਮਾਤਾ ਗੁਜਰੀ ਨੂੰ ਦਿਓ ਨੀ ਵਧਾਈਆਂ।

ਥੰਮ੍ਹੀਆਂ ਦੀ ਥਾਂ ਉਹਨੇ ਪੁੱਤਾਂ ਦੀਆਂ ਹੱਡੀਆਂ।
ਸਿੱਖੀ ਦੇ ਮਹੱਲ ਥੱਲੇ ਚਾਈਂ ਚਾਈਂ ਗੱਡੀਆਂ।
ਦੇਖ ਪੁੱਤਾਂ ਦਾ ਸ਼ਿੰਗਾਰਾ ਉਹਨੇ ਦੇ ਕੇ ਸਹਾਰਾ
ਗਊਆਂ ਛੁਰੀਆਂ ਦੇ ਹੇਠੋਂ ਸੀ ਛੁਡਾਈਆਂ।
ਮਾਤਾ ਗੁਜਰੀ ਨੂੰ ਦਿਓ ਨੀ ਵਧਾਈਆਂ।

ਗੁਜਰੀ ਦੇ ਲਾਲ ਤੇਰਾ ਜਿਹਾ ਕੋਈ ਲਾਲ ਨਾ।
ਸਾਰੇ ਜੱਗ ਵਿਚ ਕੋਈ ਲੱਭਦੀ ਮਿਸਾਲ ਨਾ।
ਕੀਤੀ ਵੈਰੀਆਂ ਦੀ ਗਤ ਗਾਉਂਦਾ ਜੱਗ ਪਿਆ ਜੱਸ
ਤਾਹੀਂਉਂ 'ਸਫਰੀ' ਨੇ ਸਿਫਤਾਂ ਗਾਈਆਂ।
ਮਾਤਾ ਗੁਜਰੀ ਨੂੰ ਦਿਓ ਨੀ ਵਧਾਈਆਂ।
ਮਾਤਾ ਗੁਜਰੀ ਨੂੰ ਦਿਓ ਨੀ ਵਧਾਈਆਂ।


# ਸ਼ਾਲੀਮਾਰ ਬਾਗ



ਲਾਹੌਰ ਦਾ ਸ਼ਾਲੀਮਾਰ ਬਾਗ਼।

ਹਰ ਧਰਮ ਦੇ ਬਾਨੀ ਨੇ ਸਵਰਗ-ਨਰਕ ਦੀ ਕਲਪਨਾ ਆਪਣੇ ਆਲੇ-ਦੁਆਲੇ, ਆਪਣੀਆਂ ਲੋੜਾਂ ਅਤੇ ਇੱਛਾਵਾਂ ਮੁਤਾਬਿਕ ਹੀ ਕੀਤੀ ਹੈ। ਇਸੇ ਲਈ ਵੱਖ-ਵੱਖ ਧਰਮਾਂ ਦੇ ਕਲਪਿਤ ਸਵਰਗ/ਨਰਕ ਵਿਚ ਮਿਲਣ ਵਾਲੀਆਂ ਨਿਆਮਤਾਂ/ਯਾਤਨਾਵਾਂ ਵੱਖ-ਵੱਖ ਹਨ। ਜੋ ਕੁਝ ਉਨ੍ਹਾਂ ਨੂੰ ਪ੍ਰਾਪਤ ਸੀ, ਉਹ ਉਨ੍ਹਾਂ ਲਈ ਆਮ ਸਥਿਤੀ ਸੀ। ਇਸ ਨਾਲੋਂ ਬਿਹਤਰ ਦੀ ਕਲਪਨਾ ਉਨ੍ਹਾਂ ਦਾ ਸਵਰਗ ਸੀ ਅਤੇ ਇਸ ਨਾਲੋਂ ਮਾੜਾ ਨਰਕ ਸੀ।

ਇਸਲਾਮ ਧਰਮ ਦਾ ਜਨਮ ਸਾਊਦੀ ਅਰਬ ਦੇ ਰੇਗਿਸਤਾਨ ਵਿਚ ਹੋਇਆ, ਜਿਥੇ ਹਰਿਆਵਲ ਅਤੇ ਪਾਣੀ ਦੀ ਬਹੁਤ ਥੁੜ ਸੀ। ਇਸੇ ਲਈ ਇਸ ਧਰਮ ਦੇ ਪੈਰੋਕਾਰਾਂ ਲਈ ਉਨ੍ਹਾਂ ਦੇ ਧਰਮ ਗ੍ਰੰਥ ਕੁਰਾਨ ਸ਼ਰੀਫ ਵਿਚ ਬਹਿਸ਼ਤ ਜਾਂ ਜੰਨਤ (ਸਵਰਗ) ਦੀ ਕਲਪਨਾ ਨਿਆਮਤਾਂ ਨਾਲ ਭਰਪੂਰ ਹਰੇ-ਭਰੇ ਬਾਗਾਂ ਦੇ ਰੂਪ ਵਿਚ ਕੀਤੀ ਗਈ ਹੈ, ਜਿਨ੍ਹਾਂ ਵਿਚ ਮੌਤ ਮਗਰੋਂ ਸੱਚੇ ਮੁਸਲਮਾਨ ਗਲੀਚਿਆਂ ਅਤੇ ਵਡਮੁੱਲੇ ਦੁਰਲੱਭ ਵਿਛਾਉਣਿਆਂ ਉਤੇ ਤਕੀਏ ਲਾਈ ਆਹਮੋ-ਸਾਹਮਣੇ ਬੈਠੇ ਹੋਣਗੇ। ਉਹ ਬਿਨਾ ਕੰਡਿਆਂ ਦੀਆਂ ਬੇਰੀਆਂ, ਤਹਿ-ਦਰ-ਤਹਿ ਚੜ੍ਹੇ ਹੋਏ ਕੇਲਿਆਂ (ਦੇ ਬੂਟਿਆਂ), ਦੂਰ ਤਕ ਫੈਲੀਆਂ ਹੋਈਆਂ ਛਾਂਵਾਂ, ਹਰ ਵੇਲੇ ਵਗਦੇ ਪਾਣੀਆਂ, ਅਮੁੱਕ ਬਹੁਲਤਾ ਤੇ ਬੇਰੋਕ-ਟੋਕ ਮਿਲਣ ਵਾਲੇ ਫਲਾਂ ਵਿਚਕਾਰ ਰਹਿਣਗੇ। ਉਥੇ ਖਜੂਰਾਂ ਅਤੇ ਅਨਾਰਾਂ ਦੀ ਬਹੁਤਾਤ ਹੋਵੇਗੀ। ਬਹਿਸ਼ਤ ਦਾ ਇਸ ਨਾਲ ਮਿਲਦਾ ਜੁਲਦਾ ਵੇਰਵਾ ਕੁਰਾਨ ਸ਼ਰੀਫ ਵਿਚ ਸੌ ਤੋਂ ਵੱਧ ਥਾਂਵਾਂ 'ਤੇ ਹੈ। ਬਾਦਸ਼ਾਹਾਂ ਅਤੇ ਅਨੇਕਾਂ ਅਮੀਰ ਲੋਕਾਂ ਨੂੰ ਮਹਿਸੂਸ ਹੁੰਦਾ ਹੋਵੇਗਾ ਕਿ ਉਹ ਕੁਰਾਨ ਸ਼ਰੀਫ ਵਿਚ ਵਰਣਤ ਬਹਿਸ਼ਤ ਆਪਣੇ ਲਈ ਧਰਤੀ 'ਤੇ ਵੀ ਸਿਰਜ ਸਕਦੇ ਸਨ ਅਤੇ ਸਿਰਜ ਲੈਂਦੇ ਵੀ ਸਨ। ਮੁਗਲ ਬਾਦਸ਼ਾਹਾਂ ਅਤੇ ਹੋਰ ਅਹਿਲਕਾਰਾਂ ਦੇ ਥਾਂ-ਥਾਂ 'ਤੇ ਲੁਆਏ ਦਿਲਕਸ਼ ਬਾਗ ਉਨ੍ਹਾਂ ਲਈ ਜ਼ਮੀਨੀ ਸਵਰਗ ਸਨ। ਲਾਹੌਰ ਦਾ ਸ਼ਾਲੀਮਾਰ ਬਾਗ ਬਾਦਸ਼ਾਹ ਸ਼ਾਹਜਹਾਂ ਲਈ ਧਰਤੀ 'ਤੇ ਉਸਾਰਿਆ ਸਵਰਗ ਹੀ ਸੀ। ਉਹ ਲਾਹੌਰ ਅਕਸਰ ਆਉਂਦਾ ਰਹਿੰਦਾ ਸੀ, ਕਿਉਂਕਿ ਮੱਧਕਾਲ ਵਿਚ ਇਸ ਸ਼ਹਿਰ ਦਾ ਰੁਤਬਾ ਰਾਜ ਦੀ ਦੂਜੀ ਰਾਜਧਾਨੀ ਵਰਗਾ ਸੀ। ਇਥੇ ਉਹ ਇਸ ਬਾਗ ਵਿਚ ਕਿਆਮ ਕਰਦਾ।



**ਸੁਭਾਸ਼ ਪਰਿਹਾਰ**
ਫੋਨ: +91-98728-22417

ਸ਼ਾਹਜਹਾਂ ਦਾ ਦਰਬਾਰੀ ਇਤਿਹਾਸਕਾਰ ਅਬਦੁਲ ਹਮੀਦ ਲਾਹੌਰੀ ਲਿਖਦਾ ਹੈ ਕਿ ਸ਼ਾਹਜਹਾਂ ਨੇ ਅਨੇਕਾਂ ਇਮਾਰਤਾਂ ਵਾਲਾ ਇਹ ਬਾਗ ਇਸ ਲਈ ਲੁਆਇਆ ਕਿ ਲਾਹੌਰ ਵਿਖੇ ਠਹਿਰ ਸਮੇਂ ਨਾਲ ਆਏ ਸ਼ਾਹੀ ਪਰਿਵਾਰ ਦੀਆਂ ਬੇਗਮਾਂ ਲਈ ਖੇਮੇ ਲਾਉਣ ਦੀ ਲੋੜ ਨਾ ਪਵੇ। ਆਪਣੀ ਲਿਖਤ ਵਿਚ ਉਹ ਇਸ ਬਾਗ ਦਾ ਜ਼ਿਕਰ 'ਫਰਾਹ ਬਖਸ਼' (ਖੁਸ਼ੀਆਂ ਬਖਸ਼ਣ ਵਾਲਾ) ਅਤੇ 'ਫੈਜ਼ ਬਖਸ਼' (ਬਹੁਤ ਜ਼ਿਆਦਾ ਲਾਭ ਬਖਸ਼ਣ ਵਾਲਾ) ਨਾਂ ਨਾਲ ਕਰਦਾ ਹੈ। ਸ਼ਾਲੀਮਾਰ ਬਾਗ ਦੇ ਨਾਂ ਬਾਰੇ ਕਈ ਕਿਆਸ-ਅਰਾਈਆਂ ਹਨ। ਵਖ-ਵਖ ਲੇਖਕਾਂ ਨੇ ਸ਼ਬਦ 'ਸ਼ਾਲੀਮਾਰ' ਦਾ ਮੂਲ ਸੰਸਕ੍ਰਿਤ, ਤੁਰਕੀ ਅਤੇ ਕਸ਼ਮੀਰੀ ਭਾਸ਼ਾਵਾਂ ਵਿਚ ਖੋਜਣ ਦਾ ਯਤਨ ਕੀਤਾ ਹੈ, ਪਰ ਹਾਲੇ ਵੀ ਇਸ ਬਾਰੇ ਨਿਸ਼ਚਿਤ ਤੌਰ 'ਤੇ ਕੁਝ ਨਹੀਂ ਕਿਹਾ ਜਾ ਸਕਦਾ।

ਲਾਹੌਰ ਦੇ ਇਸ ਬਾਗ ਤੋਂ ਪਹਿਲਾਂ ਵੀ ਇਸੇ ਨਾਂ ਦਾ ਇਕ ਬਾਗ ਜਹਾਂਗੀਰ ਬਾਦਸ਼ਾਹ ਨੇ ਸ੍ਰੀਨਗਰ ਵਿਚ ਡੱਲ ਝੀਲ ਦੇ ਕੰਢੇ ਲੁਆਇਆ ਸੀ ਅਤੇ ਇਸ ਪਿਛੋਂ ਵੀ ਇਸੇ ਨਾਂ ਦਾ ਇਕ ਬਾਗ ਸ਼ਾਹਜਹਾਂ ਦੀ ਇਕ ਬੇਗਮ ਨੇ ਦਿੱਲੀ ਵਿਖੇ ਵੀ ਉਸਰਵਾਇਆ। ਲੱਗਦਾ ਹੈ ਕਿ ਸ੍ਰੀਨਗਰ ਵਾਲਾ ਬਾਗ ਇੰਨਾ ਖੂਬਸੂਰਤ ਸੀ ਕਿ ਇਸ ਦਾ ਨਾਂ 'ਸ਼ਾਲੀਮਾਰ ਬਾਗ' ਖੂਬਸੂਰਤੀ ਦਾ ਪ੍ਰਤੀਕ ਬਣ ਗਿਆ ਅਤੇ ਇਹ ਇਸ ਪਿਛੋਂ ਦੇ ਉਚਕੋਟੀ ਦੇ ਸ਼ਾਹੀ ਬਾਗਾਂ ਲਈ ਵਰਤਿਆ ਗਿਆ। ਉਨ੍ਹੀਵੀਂ ਸਦੀ ਵਿਚ ਜਦੋਂ ਲਾਹੌਰ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਰਾਜਧਾਨੀ ਬਣ ਗਿਆ ਤਾਂ ਉਸ ਨੇ ਇਸ ਦਾ ਨਾਂ ਬਦਲ ਕੇ 'ਸ਼ਾਹਲਾ ਬਾਗ' ਕਰ ਦਿੱਤਾ। ਉਸ ਦਾ ਮੰਨਣਾ ਸੀ ਕਿ ਇਸ ਦੇ ਆਮ ਬੋਲਚਾਲ ਦੇ ਨਾਂ 'ਸ਼ਾਲਾਮਾਰ' ਦਾ ਮਤਲਬ 'ਰੱਬ ਦਾ ਸਰਾਪ' ਹੁੰਦਾ ਹੈ। ਉਨ੍ਹੀਵੀਂ ਸਦੀ ਦੇ ਅੰਤਿਮ ਦਹਾਕਿਆਂ ਦੌਰਾਨ ਇਸੇ ਨਾਂ ਦਾ ਇਕ ਬਾਗ ਮਹਾਰਾਜਾ ਕਪੂਰਥਲਾ ਨੇ ਆਪਣੇ ਸ਼ਹਿਰ ਵਿਖੇ ਵੀ ਲੁਆਇਆ ਸੀ।

ਦਰਅਸਲ, ਸ਼ਾਲੀਮਾਰ ਬਾਗ ਜਿਓਮੈਟਰੀ ਆਧਾਰਤ ਵਿਵਸਥਿਤ ਬਾਗ ਲਾਉਣ ਦੀ ਉਸ ਲੰਮੀ ਪਰੰਪਰਾ ਦਾ ਹਿੱਸਾ ਹੈ, ਜਿਸ ਦੀ ਭਾਰਤ ਵਿਚ ਨੀਂਹ ਪਹਿਲੇ ਮੁਗਲ ਬਾਦਸ਼ਾਹ ਬਾਬਰ ਨੇ ਰੱਖੀ ਸੀ। ਇਸ ਤੋਂ ਪਹਿਲਾਂ ਭਾਰਤ ਵਿਚ ਬਾਗ ਝਿੜੀ/ਰੁੱਖਾਂ ਦੇ ਝੁੰਡ ਦੇ ਰੂਪ ਵਿਚ ਹੁੰਦੇ ਸਨ। ਬਾਬਰ ਦਾ ਪਿਛੋਕੜ ਮੱਧ ਏਸ਼ੀਆ ਤੋਂ ਸੀ, ਜਿੱਥੇ ਅਜਿਹੇ ਬਾਗ ਲਾਉਣ ਦੀ ਪਰੰਪਰਾ ਇਰਾਨ ਤੋਂ ਗਈ ਸੀ। ਮੁਗਲ ਕਾਲ ਦੌਰਾਨ ਬਾਗ ਉਸਾਰਨ ਦੀ ਇਸ ਵਿਦੇਸ਼ੀ ਸ਼ੈਲੀ ਨੇ ਸਥਾਨਕ ਭਾਰਤੀ ਤੱਤਾਂ ਨਾਲ ਮਿਲ ਕੇ ਮੁਗਲ ਸ਼ੈਲੀ ਨੂੰ ਜਨਮ ਦਿੱਤਾ, ਜਿਸ ਨੂੰ ਦੁਨੀਆਂ ਭਰ ਦੀਆਂ ਬਿਹਤਰੀਨ ਬਾਗ-ਸ਼ੈਲੀਆਂ ਵਿਚ ਗਿਣਿਆ ਜਾਂਦਾ ਹੈ।

ਲਗਭਗ ਸਾਰੇ ਹੀ ਮੁਗਲ ਬਾਗ ਇਕ ਨਿਸ਼ਚਿਤ ਜਿਓਮੈਟਰੀਕਲ ਡਿਜ਼ਾਈਨ 'ਤੇ ਆਧਾਰਤ ਹੁੰਦੇ ਸਨ। ਇਨ੍ਹਾਂ ਦੀ ਲੰਬਾਈ, ਚੌੜਾਈ ਨਾਲੋਂ ਦੁੱਗਣੀ-ਤਿੱਗਣੀ ਹੁੰਦੀ ਸੀ। ਆਮ ਤੌਰ 'ਤੇ ਇਨ੍ਹਾਂ ਲਈ ਢਾਲੂ ਥਾਂ ਚੁਣੀ ਜਾਂਦੀ ਸੀ ਤਾਂ ਜੋ ਬਾਗ ਦੀ ਉਸਾਰੀ ਅਨੇਕ ਉਚੀਆਂ-ਨੀਵੀਆਂ ਮੰਜ਼ਿਲਾਂ ਦੇ ਰੂਪ ਵਿਚ ਕੀਤੀ ਜਾ ਸਕੇ। ਅਜਿਹੇ ਬਾਗ ਵਿਚ ਸਿੰਜਾਈ ਦਾ ਪ੍ਰਬੰਧ ਵਧੇਰੇ ਸੌਖਿਆਂ ਅਤੇ ਮੋਹਕ ਰੂਪ ਵਿਚ ਕੀਤਾ ਜਾ ਸਕਦਾ ਸੀ। ਹਰ ਬਾਗ ਦੇ ਵਿਚਕਾਰ ਲੰਮੇ-ਦਾਅ, ਫੁਹਾਰਿਆਂ ਨਾਲ ਜੜੀ ਇਕ ਚੌੜੀ ਨਹਿਰ ਹੁੰਦੀ ਸੀ, ਜਿਸ ਵਿਚ ਪਾਣੀ ਸਭ ਤੋਂ ਉਤਲੇ ਭਾਗ ਤੋਂ ਸ਼ੁਰੂ ਹੋ ਕੇ ਦਰਖਤਾਂ ਅਤੇ ਬੂਟਿਆਂ ਨੂੰ ਸਿੰਜਦਾ ਹੋਇਆ ਇਕ ਲੈਵਲ ਤੋਂ ਦੂਜੇ ਲੈਵਲ 'ਤੇ ਫੁਹਾਰਿਆਂ ਵਿਚਦੀ ਫੁੱਟਦਾ ਅਤੇ ਝਲਾਰਾਂ (ਆਬਸ਼ਾਰਾਂ) ਉਪਰਦੀ ਕਲ-ਕਲ ਕਰਦਾ ਵਹਿੰਦਾ ਸੀ। ਨਾਲ ਹੀ ਇਹ ਵਗਦਾ ਪਾਣੀ ਵਾਤਾਵਰਨ ਨੂੰ ਵੀ ਠੰਢਾ ਕਰਦਾ ਰਹਿੰਦਾ ਸੀ। ਸ਼ਾਲੀਮਾਰ ਬਾਗ ਲਈ ਪਾਣੀ ਸਪਲਾਈ ਕਰਨ ਲਈ ਬਾਦਸ਼ਾਹ ਦੇ ਹੁਕਮ ਨਾਲ ਪੰਜਾਬ ਦੇ ਇਰਾਨੀ ਮੂਲ ਦੇ ਸੂਬੇਦਾਰ ਅਲੀ ਮਰਦਾਨ ਖਾਨ ਨੇ ਦੋ ਲੱਖ ਰੁਪਏ ਦੀ ਲਾਗਤ ਨਾਲ ਰਾਵੀ ਦਰਿਆ ਤੋਂ ਵਿਸ਼ੇਸ਼ ਨਹਿਰ ਖੁਦਵਾਈ।

ਲਾਹੌਰ ਦੇ ਕਿਲ੍ਹੇ ਦੇ ਛੇ ਕਿਲੋਮੀਟਰ ਪੂਰਬ ਵਲ ਸਥਿਤ ਲਗਭਗ 40 ਏਕੜ ਰਕਬੇ ਵਿਚ ਫੈਲਿਆ ਹੋਇਆ ਸ਼ਾਲੀਮਾਰ ਬਾਗ ਹੋਰ ਮੁਗਲ ਬਾਗਾਂ ਵਾਂਗੂ ਹੀ ਉਚੀ ਚਾਰਦੀਵਾਰੀ ਨਾਲ ਘਿਰਿਆ ਹੈ। ਪਿੰਜੌਰ ਦੇ ਬਾਗ ਨੂੰ ਛੱਡ ਕੇ ਬਾਕੀ ਸਾਰੇ ਮੁਗਲ ਬਾਗਾਂ ਵਿਚ ਪ੍ਰਵੇਸ਼ ਸਭ ਤੋਂ ਹੇਠਲੇ ਪੱਧਰ ਤੋਂ ਹੁੰਦਾ ਸੀ। ਸ਼ਾਲੀਮਾਰ ਬਾਗ ਦਾ ਮੁੱਖ ਦਰਵਾਜ਼ਾ ਵੀ ਸਭ ਤੋਂ ਹੇਠਲੀ ਮੰਜ਼ਿਲ 'ਤੇ ਕਿਲੇ ਤੋਂ ਆਉਣ ਵਾਲੀ ਪੁਰਾਤਨ ਸੜਕ 'ਤੇ ਖੁੱਲ੍ਹਦਾ ਸੀ, ਪਰ ਹੁਣ ਸੈਲਾਨੀਆਂ ਦੀ ਸਹੂਲਤ ਲਈ ਪ੍ਰਵੇਸ਼ ਪਿਛਲੀ ਕੰਧ ਭੰਨ ਕੇ ਬਣਾਇਆ ਹੋਇਆ ਹੈ ਤਾਂ ਜੋ ਵਰਤਮਾਨ ਜੀ. ਟੀ. ਰੋਡ ਤੋਂ ਸਿੱਧਾ ਹੀ ਅੰਦਰ ਜਾਇਆ ਜਾ ਸਕੇ। ਇਸੇ ਲਈ ਸੈਲਾਨੀ ਹੁਣ ਸਭ ਤੋਂ ਪਹਿਲਾਂ ਬਾਗ ਦੀ ਉਪਰਲੀ ਮੰਜ਼ਿਲ 'ਤੇ ਪਹੁੰਚਦੇ ਹਨ, ਜੋ ਉਸ ਸਮੇਂ ਬਾਦਸ਼ਾਹ ਦੇ ਹਰਮ ਦੀਆਂ ਬੇਗਮਾਂ ਲਈ ਸੁਰੱਖਿਅਤ ਸੀ। ਇਸ ਮੰਜ਼ਿਲ ਦੇ ਸਿਰੇ 'ਤੇ ਰੰਗਮਹਿਲ ਦੀ ਇਮਾਰਤ ਹੈ। ਵਿਚਲੀ ਨਹਿਰ ਦਾ ਪਾਣੀ ਇਸ ਇਮਾਰਤ ਵਿਚਦੀ ਲੰਘਦਾ ਹੋਇਆ ਇਕ ਵੱਡੀ ਝਲਾਰ ਉਤੋਂ ਦੀ ਹੋ ਕੇ ਬਾਗ ਦੀ ਦੂਜੀ ਮੰਜ਼ਿਲ 'ਤੇ ਡਿੱਗਦਾ ਹੈ। ਕਹਿੰਦੇ ਹਨ ਕਿ ਬਾਦਸ਼ਾਹ ਔਰੰਗਜ਼ੇਬ ਦੀ ਸ਼ਾਇਰ ਧੀ ਜ਼ੇਬੁਨਿਸਾ ਨੇ ਇਸ ਝਲਾਰ ਉਪਰਦੀ ਵਹਿੰਦੇ ਪਾਣੀ ਨੂੰ ਸੰਬੋਧਿਤ ਹੋ ਕੇ ਫਾਰਸੀ ਵਿਚ ਇਹ ਬੰਦ ਰਚਿਆ ਸੀ,

ਐ ਆਬਸ਼ਾਰ ਨੋਹਾ ਗਰ
ਅਜ਼ ਬਹਿਰ ਕੀਸਤੀ
ਚੀਂ ਬਰ ਜਬੀਂ 'ਫਗੰਦੇ 'ਜ਼ ਅੰਦੋਹ ਕੀਸਤੀ
ਆਯਾ ਚੇ ਦਰਦ ਬੂਦ
ਕਿ ਚੂੰ ਮਾ ਤਮਾਮ ਸ਼ਬ
ਸਰ ਰਾ ਬ'ਸੰਗ ਮੀ ਜ਼ਦੀ ਵਾ ਮੀ ਗਿਰੀਸਤੀ

(ਐ ਆਬਸ਼ਾਰ, ਤੂੰ ਕਿਸ ਦੇ ਲਈ ਰੋ ਰਿਹਾ ਹੈਂ; ਕਿਸ ਦੀ ਦੁੱਖ ਭਰੀ ਯਾਦ ਵਿਚ ਤੇਰੇ ਮੱਥੇ 'ਤੇ ਵੱਟ ਹਨ; ਕਿਹੜੀ ਪੀੜ ਸੀ ਜਿਸ ਨਾਲ ਤੂੰ ਮੇਰੇ ਵਾਂਙ ਸਾਰੀ ਰਾਤ ਆਪਣਾ ਸਿਰ ਪੱਥਰ 'ਤੇ ਮਾਰਦਾ ਹੰਝੂ ਵਹਾਉਂਦਾ ਰਿਹਾ?)

ਬਾਗ ਦੀ ਦੂਜੀ ਮੰਜ਼ਿਲ ਸਭ ਤੋਂ ਖੂਬਸੂਰਤ ਹੈ। ਇਸ ਦੇ ਵਿਚਕਾਰ ਵਿਸ਼ਾਲ ਤਲਾਬ ਹੈ, ਜਿਸ ਵਿਚ ਕਿਸੇ ਸਮੇਂ ਕਮਲ ਦੇ ਫੁੱਲਾਂ ਦੇ ਰੂਪ ਵਿਚ ਤਰਾਸ਼ੇ ਹੋਏ ਸੰਗਮਰਮਰ ਦੇ ਫੁਹਾਰੇ ਜੜੇ ਹੋਏ ਸਨ। ਝਲਾਰ ਅਤੇ ਤਲਾਬ ਦੇ ਵਿਚਕਾਰ ਸੰਗਮਰਮਰ ਦਾ ਬਣਿਆ ਸ਼ਾਹੀ ਤਖਤ ਹੈ। ਇਕ ਚਬੂਤਰਾ ਤਲਾਬ ਦੇ ਵਿਚਕਾਰ ਹੈ, ਜਿਸ ਨੂੰ ਕੰਢਿਆਂ ਤੋਂ ਦੋ ਰਸਤੇ ਜਾਂਦੇ ਹਨ। ਤਲਾਬ ਦੇ ਆਸੇ-ਪਾਸੇ ਲਾਲ ਪੱਥਰ ਦੀਆਂ ਦੋ ਇਮਾਰਤਾਂ ਹਨ, ਜਿਨ੍ਹਾਂ ਨੂੰ ਸਾਵਨ-ਭਾਦੋਂ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸੇ ਮੰਜ਼ਿਲ 'ਤੇ ਹੀ ਪੂਰਬੀ ਕੰਧ ਕੋਲ ਸ਼ਾਹੀ ਹਮਾਮ ਸਨ, ਜਿਨ੍ਹਾਂ ਵਿਚ ਗਰਮ ਅਤੇ ਠੰਢੇ ਪਾਣੀ ਨਾਲ ਇਸ਼ਨਾਨ ਕਰਨ ਦਾ ਪ੍ਰਬੰਧ ਸੀ।

ਬਾਗ ਦੀ ਦੂਜੀ ਮੰਜ਼ਿਲ ਤੋਂ ਤੀਜੀ ਮੰਜ਼ਿਲ 'ਤੇ ਡਿੱਗਦੀ ਪਾਣੀ ਦੀ ਚਾਦਰ ਦੇ ਪਿੱਛੇ ਦੀਵਾਰ ਵਿਚ ਚੀਨੀਖਾਨੇ ਬਣੇ ਹੋਏ ਹਨ, ਜਿਨ੍ਹਾਂ ਵਿਚ ਰਾਤ ਸਮੇਂ ਜਗਦੀਆਂ ਖੁਸ਼ਬੂਦਾਰ ਮੋਮਬੱਤੀਆਂ ਦੀ ਝਿਲਮਿਲਾਉਂਦੀ ਲੋਅ ਦਿਲ-ਟੁੰਬਵਾਂ ਦ੍ਰਿਸ਼ ਪੇਸ਼ ਕਰਦੀ ਸੀ।

ਬਾਗ ਦੀ ਅਸਲ ਸੋਭਾ ਤਾਂ ਇਸ ਦੇ ਫਲਦਾਰ ਦਰਖਤ ਅਤੇ ਫੁੱਲਦਾਰ ਬੂਟੇ ਹੁੰਦੇ ਹਨ। ਇਤਿਹਾਸਕਾਰ ਲਾਹੌਰੀ ਦੇ ਲਿਖਣ ਮੁਤਾਬਿਕ ਸ਼ਾਹਜਹਾਂ ਨੇ ਇਸ ਬਾਗ ਲਈ ਬ੍ਰਿਛ ਕਾਬਲ-ਕੰਧਾਰ ਤੋਂ ਮੰਗਵਾਏ, ਜਿਨ੍ਹਾਂ ਵਿਚ ਅੰਬ, ਚੈਰੀ, ਆੜੂ, ਆਲੂਬੁਖਾਰੇ, ਸੇਬ, ਬਦਾਮ, ਸੰਤਰੇ, ਸ਼ਹਿਤੂਤ ਆਦਿ ਦੇ ਦਰਖਤ ਸ਼ਾਮਿਲ ਸਨ।

ਪੰਜਾਬ ਵਿਚ ਅਠਾਰ੍ਹਵੀਂ ਸਦੀ ਦੇ ਅੱਧ ਮਗਰੋਂ ਹੋਈ ਰਾਜਸੀ ਉਥਲ-ਪੁਥਲ ਸਮੇਂ ਇਸ ਬਾਗ ਦਾ ਬਹੁਤ ਨੁਕਸਾਨ ਹੋਇਆ। ਇਸ ਦੀਆਂ ਇਮਾਰਤਾਂ ਤੋਂ ਸੰਗਮਰਮਰ ਪੁੱਟ ਲਿਆ ਗਿਆ। ਬਾਗ ਵਿਚ ਇੱਟਾਂ ਦੀਆਂ ਬਣੀਆਂ ਵਰਤਮਾਨ ਇਮਾਰਤਾਂ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੀਆਂ ਹਨ। 1981 ਵਿਚ ਯੂਨੈਸਕੋ ਵਲੋਂ ਇਸ ਬਾਗ ਨੂੰ 'ਵਿਸ਼ਵ ਵਿਰਾਸਤ' ਐਲਾਨ ਦਿੱਤਾ ਗਿਆ, ਕਿਉਂਕਿ ਇਸ ਨੂੰ ਮੁਗਲ ਬਾਗ-ਉਸਾਰੀ ਕਲਾ ਦਾ ਸਿਖਰ ਮੰਨਿਆ ਗਿਆ।

# ਗੜ੍ਹਕਦੀ ਅਵਾਜ਼ ਵਾਲਾ ਕਵੀ

(ਪਿਛਲੇ ਸਫੇ ਦੀ ਬਾਕੀ)

ਤਰਸੇਮ ਕਹਿੰਦਾ ਸੀ ਕਿ ਧਾਰਮਿਕ ਗੀਤਾਂ ਦੀ ਜ਼ਿੰਦਗੀ ਲੰਮੀ ਨਹੀਂ ਹੁੰਦੀ। ਉਸ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਤੁਰ ਜਾਣ ਪਿਛੋਂ ਕਿਸ ਨੇ ਉਨ੍ਹਾਂ ਦੀਆਂ ਧਾਰਮਿਕ ਕਵਿਤਾਵਾਂ ਤੇ ਗੀਤ ਪੜ੍ਹਨੇ ਹਨ ਅਤੇ ਇਨ੍ਹਾਂ ਦੀ ਗੱਲ ਕਰਨੀ ਹੈ? ਦੋਵੇਂ ਆਪੋ-ਆਪਣੇ ਥਾਂ ਠੀਕ ਸਨ। ਸਫਰੀ ਕੋਲ ਕਵਿਤਾ ਲਿਖਣ ਦੀ ਜਿੰਨੀ ਕਲਾ ਸੀ, ਜੇ ਉਹ ਪਿਆਰ ਦੀ ਕਵਿਤਾ ਲਿਖਦੇ ਤਾਂ ਸ਼ਾਇਦ ਆਪਣਾ ਬਹੁਤ ਨਾਂ ਬਣਾ ਜਾਂਦੇ। ਸਫਰੀ ਦਾ ਧਾਰਮਿਕ ਕਵਿਤਾਵਾਂ ਅਤੇ ਗੀਤਾਂ 'ਚ ਭਾਵੇਂ ਬਹੁਤ ਉਚਾ ਅਸਥਾਨ ਹੈ, ਪਰ ਮੈਂ ਕੁਝ ਹੱਦ ਤੱਕ ਤਰਸੇਮ ਨਾਲ ਸਹਿਮਤ ਹਾਂ।

ਸਫਰੀ ਨੇ ਮਿਰਜ਼ਾ-ਸਾਹਿਬਾਂ, ਹੀਰ-ਰਾਂਝੇ ਅਤੇ ਸੱਸੀ-ਪੁਨੂੰ ਬਾਰੇ ਵੀ ਗੀਤ ਤੇ ਕਵਿਤਾਵਾਂ ਲਿਖੀਆਂ। ਮਿਰਜ਼ਾ-ਸਾਹਿਬਾਂ 'ਤੇ ਲਿਖੀ ਉਨ੍ਹਾਂ ਦੀ ਕਵਿਤਾ ਵਿਚੋਂ ਕੁਝ ਸਤਰਾਂ ਪੇਸ਼ ਹਨ,

ਇਕ ਪਾਸੇ ਮਿਰਜ਼ਾ ਯਾਰ ਹੈ,
ਇਕ ਪਾਸੇ ਵੀਰ ਸਿਆਲ।
ਵੇ ਮੈਂ ਦੋਹ ਪੁੜਾਂ ਵਿਚ ਪਿਸ ਗਈ,
ਮੇਰਾ ਮਿਰਜ਼ਿਆ ਮੰਦੜਾ ਹਾਲ।
ਨੀ ਮੈਂ ਮਿਰਜ਼ਾ ਸਾਫ ਜ਼ਮੀਰ ਦਾ,
ਤੂੰ ਖੇਖਣ ਹੱਥੀਂ ਰੰਡ।
ਤੂੰ ਭਾਈਆਂ ਵਲ ਦੀ ਹੋ ਗਈ,
ਇਕ ਯਾਰ ਦੀ ਲਾ ਕੇ ਕੰਡ।
ਮੇਰਾ ਤਰਕਸ਼ ਭੰਨਿਆ ਵੈਰਨੇ,
ਰਹੇ ਪੰਛੀ ਪਾਉਂਦੇ ਭੰਡ।
ਕਿਸ ਦਗਾਬਾਜ਼ 'ਨਾ ਲਾ ਲਈਆਂ,
ਮੈਨੂੰ ਤਾਅਨੇ ਦਿੰਦਾ ਜੰਡ।

ਮੈਂ 5 ਜਨਵਰੀ 2006 ਨੂੰ ਹਿੰਦੁਸਤਾਨ ਤੋਂ ਵਾਪਸ ਅਮਰੀਕਾ ਪਹੁੰਚਿਆ ਸਾਂ। 6 ਜਨਵਰੀ 2006 ਦੀ ਸ਼ਾਮ ਨੂੰ ਮੈਨੂੰ ਪਤਾ ਲੱਗਾ ਕਿ ਸਫਰੀ ਹੁਰੀਂ ਪੂਰੇ ਹੋ ਗਏ ਹਨ। ਸੁਣ ਕੇ ਦੁੱਖ ਹੋਇਆ, ਪਰ ਖੁਸ਼ੀ ਇਸ ਗੱਲ ਦੀ ਸੀ ਕਿ ਉਹ ਲੰਮੀ ਅਤੇ ਖੁਸ਼ਹਾਲ ਜ਼ਿੰਦਗੀ ਭੋਗ ਕੇ ਤੁਰਦੇ-ਫਿਰਦੇ ਹੀ ਇਸ ਦੁਨੀਆਂ ਤੋਂ ਗਏ ਸਨ। ਪੰਜਾਬੀ ਸਾਹਿਤ, ਸਿੱਖ ਧਰਮ ਤੇ ਪੰਜਾਬੀ ਗੀਤਕਾਰੀ ਨੂੰ ਉਨ੍ਹਾਂ ਦੀ ਦੇਣ ਛੇਤੀ ਮਿਟਣ ਵਾਲੀ ਨਹੀਂ। ਅਖੀਰ 'ਚ ਉਨ੍ਹਾਂ ਦੀ ਇਕ ਗਜ਼ਲ ਦਾ ਸ਼ਿਅਰ ਪੇਸ਼ ਹੈ,

ਸੁਖੀ ਵਸੋ ਬੁਲਬੁਲੋ,
ਤੇ ਮੌਜ ਮਾਣੋ ਭੌਰਿਓ!
ਜਾ ਰਿਹਾ ਹੈ ਇਕ 'ਸਫਰੀ'
ਚਮਨ ਵਿਚੋਂ ਜਾ ਰਿਹਾ!

ਤਰਸੇਮ ਮੈਨੂੰ ਦਸੰਬਰ 2015 ਵਿਚ ਮੇਰੀ ਭਤੀਜੀ ਦੇ ਵਿਆਹ 'ਤੇ ਮਿਲਣ ਆਇਆ ਸੀ। ਉਸ ਦੀ ਹਾਲਤ ਚੰਗੀ, ਵਧੀਆ ਨਹੀਂ ਸੀ ਲੱਗ ਰਹੀ। ਉਹ ਕੁਝ ਗੁਆਚਾ-ਗੁਆਚਾ ਜਿਹਾ ਲੱਗ ਰਿਹਾ ਸੀ। ਮੇਰੇ ਪੁੱਛਣ 'ਤੇ ਉਸ ਨੇ ਦੱਸਿਆ ਕਿ ਉਹ ਬਹੁਤ ਪ੍ਰੇਸ਼ਾਨ ਸੀ, ਕਿਉਂਕਿ ਉਸ ਦੇ ਬੱਚੇ ਉਸ ਦੇ ਕਹਿਣੇ ਵਿਚ ਨਹੀਂ ਸਨ। ਮੈਂ ਉਸ ਨੂੰ ਸਮਝਾਇਆ ਕਿ ਬੱਚੇ ਸਭ ਜੁਆਨ ਸਨ ਅਤੇ ਉਸ ਨੂੰ ਬੱਚਿਆਂ ਦਾ ਫਿਕਰ ਛੱਡ ਕੇ ਆਪਣਾ ਫਿਕਰ ਕਰਨਾ ਚਾਹੀਦਾ ਹੈ, ਪਰ ਤਰਸੇਮ ਦੀ ਇਸ ਪ੍ਰੇਸ਼ਾਨੀ ਨੇ ਉਸ ਨੂੰ ਡਿਪਰੈਸ਼ਨ ਦੀ ਬਿਮਾਰੀ ਲਾ ਦਿੱਤੀ। ਇਸ ਬਿਮਾਰੀ ਨਾਲ ਲੜਦਾ 2017 ਵਿਚ 70 ਕੁ ਸਾਲ ਦੀ ਉਮਰ ਵਿਚ ਪੂਰਾ ਹੋ ਗਿਆ।

###

## ਦੂਰੋਂ ਸਲਾਮ

ਨਵੀਨ ਵਸਤਾਂ, ਮਹਿੰਗੇ ਤੋਹਫੇ,
ਵੰਨ-ਸੁਵੰਨੇ ਰੰਗਾਂ ਡਿਜ਼ਾਈਨਾਂ ਦੇ
ਰੀਝਾਂ ਨਾਲ ਵਿਦੇਸ਼ ਤੋਂ ਲਿਆਂਦੇ,
ਦੋਸਤਾਂ ਪ੍ਰੇਮੀਆਂ ਰਿਸ਼ਤੇਦਾਰਾਂ ਦੇ,
ਸ਼ੁਕਰਾਨੇ ਖਾਤਰ, ਆਭਾਰ ਮਨਾਉਣ ਲਈ
ਐਂਕਾਤ ਪ੍ਰਤਿਸ਼ਠਾ ਪ੍ਰਦਰਸ਼ਨ ਲਈ,
ਤਰਸ ਰਹੇ ਬਾਹਰ ਨਿਕਲਣ ਨੂੰ ਉਤਾਵਲੇ।
ਕੋਈ ਪਾਵੇ, ਵਰਤੇ, ਤਨ ਤੇ ਹੰਢਾਵੇ।
ਬੰਦ ਪਏ ਮਜਬੂਰਨ,
ਵਿਚਾਰੇ ਬੇਕਦਰੇ ਕਰਮਾਂ ਮਾਰੇ,
ਪਟਾਰੀ ਦੇ ਸੱਪ ਵਾਂਗ ਡੱਕੇ,
ਰਹਿ ਗਏ ਧਰੇ ਧਰਾਏ,
ਉਸੇ ਅਟੈਚੀ ਵਿਚ ਇਕਾਂਤਵਾਸ,
ਜਿਸ ਵਿਚ ਹਜ਼ਾਰਾਂ ਮੀਲਾਂ ਦਾ
ਯਖ ਸਫਰ ਤੈਅ ਕਰਕੇ ਪਹੁੰਚੇ ਹਨ।

ਕਰੋਨਾ ਦੀ ਦਹਿਸ਼ਤ ਭਰੀ ਦਸਤਕ,
ਬੇਤਹਾਸ਼ਾ ਕਹਿਰ
ਰੰਗ, ਧਰਮ, ਜਾਤ, ਮਜ਼ਹਬ
ਹੱਦਾਂ-ਸਰਹੱਦਾਂ ਤੋਂ ਪਾਰ
ਆਂਢੀਆਂ ਗਵਾਂਢੀਆਂ ਵਿਚਕਾਰ
ਅੰਧਾਧੁੰਦ ਕੋਵਿਡ ਦੀ ਮਾਰ।
ਸੰਸੇ ਵਿਚ ਸੰਸਾਰ।
ਖਬਰਾਂ ਵਿਚ ਵਹਿਸ਼ੀ ਜ਼ਹਿਰ,
ਹਰ ਮਾਣਸ ਭੈਭੀਤ ਬੇਸਬਰ।

ਭਿਆਨਕ ਛੂਤ ਗਤੀ ਰੋਕਣ ਖਾਤਰ
ਸਰਕਾਰੀ ਪੇਸ਼ਬੰਦੀ, ਤਾਲਾਬੰਦੀ,
ਕਰਫਿਊ ਘੋਸ਼ਿਤ...।
ਮੈਂ ਵੀ ਅਦਨਾ ਲਾਚਾਰ
ਨਿਆਸਰਾ ਹੋਰਾਂ ਵਾਂਗ,
ਜਬਰਨ ਠੋਸੇ ਇਕਾਂਤਵਾਸ
ਕੈਂਪ 'ਚ ਨਜ਼ਰਬੰਦ!
ਤਰਸ ਰਿਹਾ ਪਿੰਜਰੇ ਵਿਚ
ਸ਼ੇਰ ਦੀ ਜੂਨ ਭੋਗਦਾ।
ਆਪਣੀ ਕਿਸਮਤ ਨੂੰ ਝੂਰਦਾ ਹਾਂ
ਨਿਗਦਿਆਂ ਨੂੰ ਫੋਨ ਕਰਦਾ ਹਾਂ।
'ਤੁਹਾਡੇ ਵਾਸਤੇ ਘੜੀ ਲਿਆਂਦੀ ਹੈ,
ਫੋਨ ਲਿਆਇਆ ਹਾਂ, ਲੈਪਟਾਪ ਆਏ ਨੇ,
ਤੁਹਾਡੀ ਅਮਾਨਤ ਸਾਂਭੀ ਹੈ
ਸੁਰੱਖਿਅਤ ਮੇਰੇ ਕੋਲ,
ਜਲਦੀ ਆ ਕੇ ਲੈ ਜਾਓ।
ਜਾਂ ਫੁਰਸਤ/ਰਿਹਾਈ ਮਿਲੀ ਜਦ
ਮੈਂ ਦੇ ਜਾਵਾਂਗਾ।'

'ਨਾ ਜੀ ਨਾ, ਭਾ ਜੀ!
ਤੁਹਾਡੀ ਬੜੀ ਮਿਹਰਬਾਨੀ!
ਆਉਣ ਦੀ ਖੇਚਲ ਨਾ ਕਰਿਓ,
ਇਹ ਤੋਹਫੇ ਅਸੀਂ ਦੇਹਲੀ ਨਹੀਂ ਚੜ੍ਹਾਉਣੇ,
ਹੱਥ, ਮੂੰਹ ਨਹੀਂ ਲਾਉਣੇ।
ਐਨ. ਆਰ. ਆਈ. ਦੀ ਤਾਂ
ਗਹਿਨ ਪੁੱਛ ਪੜਤਾਲ ਹੋ ਰਹੀ ਹੈ,
ਕਹਿੰਦੇ ਜਹਾਜ਼ਾਂ ਰਾਹੀਂ
ਕਰੋਨਾ ਬੰਬ ਲੈ ਆਏ ਨੇ।
ਸਾਹ ਖਿੱਚ ਲੈਂਦੀ
ਬੜੀ ਭਿਆਨਕ ਮੌਤੇ ਮਾਰਦੀ ਹੈ,
ਲਾਗ ਦੀ ਇਹ ਛੂਤ ਸੰਚਾਰੀ
ਮਹਾ ਘਾਤਕ ਬਿਮਾਰੀ।
ਮਿਹਰ ਰੱਖਿਓ ਸਾਡੇ 'ਤੇ,
ਤੁਹਾਨੂੰ ਦੂਰੋਂ ਹੀ ਸਲਾਮ!'

ਬਿਗਾਨਾ ਪਿੰਜਰਾ ਬਣ ਗਿਆ ਆਪਣਾ ਘਰ,
ਪਰਦੇਸ ਹੋ ਗਿਆ ਮੇਰਾ ਦੇਸ!
ਸਿਰ 'ਤੇ ਹੱਥ ਧਰਨ ਵਾਲੇ,
ਹੱਥੀਂ ਪਾਣੀ ਭਰਨ ਵਾਲੇ,
ਅੱਖਾਂ ਫੇਰ ਰਹੇ ਨੇ, ਮੂੰਹ ਮੋੜ ਰਹੇ ਨੇ।
ਕਾਫੂਰ ਹੋ ਗਏ ਮਨ ਦੇ ਅਰਮਾਨ।
ਅਜਨਬੀ ਹੋ ਗਏ ਜਜਮਾਨ ਮੇਜ਼ਬਾਨ।
ਚਾਹੁਣ ਵਾਲੇ ਮਿੱਤਰ ਮਿਹਰਬਾਨ!
ਅਣਕਿਆਸੀ ਮੌਕਾ-ਮੇਲ
ਕੁਦਰਤ ਦਾ ਵਿਚਿੱਤਰ ਖੇਲ।
ਖੁਦਗਰਜ਼ ਬੇਕਿਰਕ ਉਲਟਫੇਰ!
ਪਰਲੋ ਹੈ ਜਾਂ ਘੁੱਪ ਹਨੇਰ!
ਟਰਸਟ ਚੂਰੋ-ਚੂਰ,
ਤਵੱਕਲ ਤੋਂ ਦੂਰ...।

**-ਚਰਨਜੀਤ ਸਿੰਘ ਪੰਨੂ**

---

## ਮੁਹੱਬਤ

ਤੂੰ ਰੁੱਸਣ ਲੱਗਿਆ ਸੀ
ਤੇ ਮੈਂ ਕਿਹਾ, ਕੀ ਫਾਇਦਾ!
ਘੰਟੇ ਨੂੰ ਫੇਰ ਬੁਲਾ ਲੈਣਾ ਏ
ਤੇ ਤੂੰ ਹੱਸਿਆ ਸੀ
ਕਿੰਨਾ ਮੋਹ ਸੀ ਤੇਰੇ ਹਾਸੇ ਵਿਚ।
ਨਹੀਂ! ਇਸ ਨੂੰ ਮੈਂ
ਸਾਗਰਾਂ ਵਿਚਲੇ ਪਾਣੀ ਜਾਂ
ਧਰਤੀ ਤੋਂ ਅੰਬਰ ਵਿਚਲੀ ਦੂਰੀ ਦੀ
ਉਪਮਾ ਨਹੀਂ ਦੇਣੀ
ਇਹ ਤਾਂ ਤੇਰਾ ਦਿਲ ਜਾਣਦਾ
ਜਾਂ ਮੇਰਾ...।

**-ਸ਼ਮਿੰਦਰ**
ਫੋਨ: 91-75268-08047

# ਪਾਕਿਪਟਨ ਦੀ ਜ਼ੁੰਬਿਸ਼

**ਰਮੀਜ਼ ਵਾਹਦਤ ਜਦੋਂ ਗਾਉਂਦਾ ਹੈ ਤਾਂ ਜਾਪਦਾ ਹੈ ਜਿਵੇਂ ਕਾਇਨਾਤ ਨੱਚਣ ਲੱਗ ਪਈ ਹੋਵੇ। ਉਸ ਦੀਆਂ ਗਾਈਆਂ ਗਜ਼ਲਾਂ ਬੰਦੇ ਨੂੰ ਮੰਤਰ-ਮੁਗਧ ਕਰ ਦਿੰਦੀਆਂ ਹਨ।**



## ਕਲਾ ਪਰਿਕਰਮਾ

ਵਾਹਦਤ ਰਮੀਜ਼ ਕਲਾਸੀਕਲ, ਸੂਫੀ ਅਤੇ ਲੋਕ ਗਾਇਕ ਹੈ ਜਿਹੜਾ ਸੂਫੀਆਂ ਦੇ ਚਿਸ਼ਤੀ ਸਿਲਸਿਲੇ ਦੇ ਗੜ੍ਹ ਪਾਕਿਪਟਨ ਤੋਂ ਹੈ। ਉਸ ਦੇ ਗਾਇਨ ਵਿਚ ਰਵਾਇਤੀ ਸੰਗੀਤ ਅਤੇ ਅਜੋਕੀ ਸਿਰਜਣਾਤਮਿਕਤਾ ਦਾ ਸੁਮੇਲ ਬਹੁਤ ਬਾਖੂਬੀ ਨਾਲ ਹੋਇਆ ਮਿਲਦਾ ਹੈ। ਉਸ ਨੇ ਰੂਹ ਤੱਕ ਅਸਰ ਕਰਨ ਵਾਲੀ ਆਪਣੀ ਆਵਾਜ਼ ਦੇ ਜ਼ਰੀਏ ਸੂਫੀ ਮੇਲਿਆਂ ਵਿਚ ਆਪਣੇ ਲਈ ਇਕ ਥਾਂ ਬਣਾ ਲਈ ਹੋਈ ਹੈ। ਉਹ ਜਦੋਂ ਗਾਉਂਦਾ ਹੈ ਤਾਂ ਜਾਪਦਾ ਹੈ ਜਿਵੇਂ ਕਾਇਨਾਤ ਨੱਚਣ ਲੱਗ ਪਈ ਹੋਵੇ। ਉਸ ਦੀਆਂ ਗਾਈਆਂ ਗਜ਼ਲਾਂ ਬੰਦੇ ਨੂੰ ਮੰਤਰ-ਮੁਗਧ ਕਰ ਦਿੰਦੀਆਂ ਹਨ। ਪੇਸ਼ ਹੈ ਉਸ ਨਾਲ ਹੋਏ ਸਵਾਲਾਂ-ਜਵਾਬਾਂ ਦਾ ਇਕ ਸਿਲਸਿਲਾ:

**ਗੁਰਜੋਤ ਸਿੰਘ ਜੋਸ਼**

**ਆਪਣੀ ਸੰਗੀਤ ਸਿਖਲਾਈ ਬਾਰੇ ਕੁੱਝ ਚਾਨਣਾ ਪਾਓ?**

-ਮੇਰੇ ਸੰਗੀਤ ਕਰੀਅਰ ਵਿਚ ਮੇਰੇ ਅੱਬਾ ਡਾਕਟਰ ਨਿਆਜ਼ ਅਤੇ ਮੇਰੇ ਵੱਡੇ ਭਰਾ ਤੌਹੀਦ ਅਹਿਮਦ (ਉਹ ਐਮ.ਏ. ਸੰਗੀਤ ਵਿਚ ਗੋਲਡ ਮੈਡਲਿਸਟ ਹਨ) ਬਹੁਤ ਅਹਿਮ ਰੋਲ ਨਿਭਾਇਆ ਹੈ। ਮੇਰੇ ਅੱਬਾ ਨਾਲ ਮੈਨੂੰ ਕੌਮਾਂਤਰੀ ਸੂਫੀ ਮੇਲਿਆਂ ਵਿਚ ਆਪਣੀ ਕਲਾ ਦੇ ਜੌਹਰ ਦਿਖਾਉਣ ਦਾ ਮੌਕਾ ਮਿਲਿਆ। ਮੈਂ ਉਸਤਾਦ ਗੁਲਾਮ ਹੁਸੈਨ ਸ਼ਗਨ ਅਤੇ ਉਸਤਾਦ ਬਦਰ-ਉਰ-ਜ਼ਮਾਨ ਤੋਂ ਸੰਗੀਤ ਦੀ ਸਿਖਲਾਈ ਹਾਸਲ ਕੀਤੀ।

**ਸੰਗੀਤ ਨੂੰ ਕਿਸ ਤਰ੍ਹਾਂ ਸਮਝਦੇ ਹੋ?**

-ਮੈਨੂੰ ਮਹਿਦੀ ਹਸਨ ਅਤੇ ਨੁਸਰਤ ਫਤਿਹ ਅਲੀ ਖਾਨ ਦੀਆਂ ਆਵਾਜ਼ਾਂ ਨੇ ਸਮਝੋ ਕੀਲ ਹੀ ਲਿਆ ਸੀ। ਸੰਗੀਤ ਪਤਾ ਨਹੀਂ ਕਿਸ ਤਰ੍ਹਾਂ ਆਪਣਾ ਅਸਰ ਛੱਡਦਾ ਹੈ। ਇਹ ਸਾਨੂੰ ਉਂਗਲੀ ਫੜ ਕੇ ਅਗਾਂਹ ਲਿਜਾਂਦਾ ਹੈ ਅਤੇ ਅਗਾਂਹ ਸਾਡੇ ਰਿਸ਼ਤੇ ਸਮੁੱਚੀ ਕਾਇਨਾਤ ਨਾਲ ਜੋੜਦਾ ਹੈ। ਤਕਰੀਬਨ ਤਿੰਨ ਸਾਲ ਪਹਿਲਾਂ ਮੈਂ ਹਜ਼ਰਤ ਸ਼ਾਹ ਹੁਸੈਨ ਸਰਕਾਰ ਦਾ ਕਲਾਮ ਗਾਇਆ ਜਿਸ ਨੂੰ ਸੰਗੀਤ ਪ੍ਰੇਮੀਆਂ ਨੇ ਬਹੁਤ ਸਲਾਹਿਆ। ਇਊਂ ਪਰਫਾਰਮ ਕਰਨ ਦੇ ਹੋਰ ਮੌਕੇ ਮਿਲਦੇ ਗਏ ਅਤੇ ਲੋਕਾਂ ਤੱਕ ਪੁੱਜਣ ਦਾ ਮੌਕਾ ਮੁਹੱਈਆ ਹੋਇਆ। ਸੰਗੀਤ ਦੀ ਕੋਈ ਸੀਮਾ ਨਹੀਂ। ਹੁਣ ਦੇਖੋ, ਮੈਂ ਸਨਮ ਮਾਰਵੀ ਨਾਲ ਗਾਇਆ ਹੈ। ਮਸਲਾ ਇਹ ਬਣਿਆ ਕਿ ਲੜੀਵਾਰ ਡਰਾਮੇ 'ਪਿਆਰ ਕੀ ਡੋਰ' ਲਈ ਗੀਤ ਦੀ ਜ਼ਰੂਰਤ ਸੀ। ਇਸ ਡਰਾਮੇ ਦੇ ਨਿਰਮਾਤਾ ਡਾਕਟਰ ਮਜ਼ਹਰ ਹੁਸੈਨ ਅਤੇ ਡਿਆਨ ਭਰਾ ਸਨ। ਉਨ੍ਹਾਂ ਵਲੋਂ ਇਹ ਗੀਤ ਗਾਵਣ ਦੀ ਪੇਸ਼ਕਸ਼ ਹੋਈ ਅਤੇ ਇਹ ਤਜਰਬਾ ਵੀ ਖੂਬ ਰਿਹਾ।



ਵਾਹਦਤ ਰਮੀਜ਼ ਅਤੇ ਹੁਸਨੈਨ।

**ਪਾਕਿਸਤਾਨ ਦੀ ਸੰਗੀਤ ਸਨਅਤ ਵਿਚ ਕਿਹੜੀਆਂ ਤਬਦੀਲੀਆਂ ਮਹਿਸੂਸ ਕਰ ਰਹੇ ਹੋ?**


-ਮੈਂ ਪਹਿਲਾਂ ਹੀ ਕਿਹਾ ਹੈ ਕਿ ਸੰਗੀਤ ਜਾਂ ਕਿਸੇ ਕਲਾਕਾਰ ਦੀ ਕੋਈ ਸੀਮਾ ਨਹੀਂ। ਇਸੇ ਤਰ੍ਹਾਂ ਇਨ੍ਹਾਂ ਨੂੰ ਭੂਗੋਲਿਕ ਹੱਦਾਂ-ਸਰਹੱਦਾਂ ਵਿਚ ਨਹੀਂ ਬੰਨ੍ਹਿਆ ਜਾ ਸਕਦਾ। ਇਤਿਹਾਸ ਗਵਾਹ ਹੈ ਕਿ ਸੰਗੀਤ ਨੇ ਸਦਾ ਹੀ ਸਮਾਜਿਕ ਮੇਲ-ਮਿਲਾਪ ਲਈ ਰਾਹ ਮੋਕਲੇ ਕੀਤੇ ਹਨ। ਪਾਕਿਸਤਾਨ ਅੰਦਰ ਸਮੱਸਿਆ ਇਹ ਬਣੀ ਹੋਈ ਹੈ ਕਿ ਵੱਖ-ਵੱਖ ਖੇਤਰਾਂ ਅਤੇ ਰਵਾਇਤਾਂ ਨਾਲ ਜੁੜੇ ਸੰਗੀਤਕਾਰਾਂ ਨੂੰ ਮੋਕਲਾ ਸੰਗੀਤ ਮੰਚ ਦਿੱਤਾ ਨਹੀਂ ਜਾ ਸਕਿਆ। ਸਭ ਆਪੋ-ਆਪਣੇ ਹਿਸਾਬ ਨਾਲ ਲੱਗੇ ਹੋਏ ਹਨ। ਦੇਖੋ, ਸੰਗੀਤ ਦੀ ਪਰਵਾਜ਼ ਬਹੁਤ ਉਚੀ ਹੁੰਦੀ ਹੈ। ਸੰਗੀਤ ਦਾ ਭਾਵ ਕਾਇਨਾਤ ਵਿਚ ਫੈਲ ਜਾਣਾ ਹੁੰਦਾ ਹੈ। ਇਸ ਖੇਤਰ ਲਈ ਨਿੱਤ ਨਵੇਂ ਰਾਹ ਖੁੱਲ੍ਹਣੇ ਚਾਹੀਦੇ ਹਨ। ਹੁਣ ਜਿਵੇਂ ਫਿਲਮਾਂ ਦਾ ਹੀ ਮਸਲਾ ਹੈ; ਕਿਉਂ ਨਾ ਫਿਲਮ ਸਨਅਤ ਵਿਚ ਸੰਗੀਤ ਦੇ ਵੱਧ ਤੋਂ ਵੱਧ ਮੌਕੇ ਮਿਲਣ। ਮੁੱਖ ਮਸਲਾ ਤਾਂ ਲੋਕਾਂ ਤਕ ਪਹੁੰਚਣ ਦਾ ਹੀ ਹੈ। ਬੱਸ ਕੋਈ ਜ਼ਰੀਆ ਬਣਨਾ ਚਾਹੀਦਾ ਹੈ। ਇਹ ਜ਼ਰੀਆ ਕੋਈ ਵੀ ਮੰਚ ਹੋ ਸਕਦਾ ਹੈ।

**ਕੀ ਤੁਹਾਨੂੰ ਇਹ ਮਹਿਸੂਸ ਹੁੰਦਾ ਹੈ ਕਿ ਅੱਜਕੱਲ੍ਹ ਸੰਗੀਤ ਕਲਾ ਨਾਲੋਂ ਫੈਸ਼ਨ ਵਧੇਰੇ ਬਣ ਰਿਹਾ ਹੈ?**

ਮੈਂ ਇਸ ਵਿਚਾਰ ਨਾਲ ਬਹੁਤਾ ਸਹਿਮਤ ਨਹੀਂ ਹਾਂ। ਕਲਾਸੀਕਲ ਸੰਗੀਤ ਇਕ ਤਰ੍ਹਾਂ ਨਾਲ ਇਬਾਦਤ ਨਾਲ ਜੁੜਿਆ ਹੋਇਆ ਹੈ। ਇਸ ਦੇ ਆਪਣੇ ਗੁਣ ਹਨ, ਇਸ ਦੇ ਆਪਣੇ ਹਾਸਲ ਹਨ। ਇਸ ਨੇ ਭੂਗੋਲਿਕ, ਸਮਾਜਿਕ ਸਭ ਹੱਦਾਂ ਤੋੜੀਆਂ ਹਨ ਅਤੇ ਦੁਨੀਆਂ ਨੂੰ ਇਕ ਮਾਲਾ ਵਿਚ ਪਰੋਇਆ ਹੈ। ਇਹ ਲੋਕਾਂ ਦੀਆਂ ਭਾਵਨਾਵਾਂ ਨੂੰ ਇਕ-ਦੂਜੇ ਤਕ ਅੱਪੜਦੀਆਂ ਕਰਨ ਦਾ ਜ਼ਰੀਆ ਬਣਿਆ ਹੈ। ਇਹ ਅਜਿਹੀ ਰੀਤ ਹੈ ਜਿਹੜੀ ਲਗਾਤਾਰ ਚੱਲ ਰਹੀ ਹੈ। ਇਸ ਦੀ ਲਗਾਤਾਰਤਾ ਵਿਚ ਹੀ ਸੰਗੀਤ ਦੀ ਤਾਕਤ ਲੁਕੀ ਹੋਈ ਹੈ। ਇਸ ਨੂੰ ਕਦੀ ਵੀ ਘਟਾ ਕੇ ਨਹੀਂ ਦੇਖਿਆ ਜਾ ਸਕਦਾ।

**ਤੁਹਾਨੂੰ ਭਾਰਤ ਦੇ ਵਿਰਾਸਤ ਮੇਲੇ ਵਿਚ ਜਾਣ ਦਾ ਵੀ ਮੌਕਾ ਮਿਲਿਆ। ਇਸ ਬਾਰੇ ਕੁਝ ਦੱਸੋ?**

-ਵਿਰਾਸਤ ਮੇਲਾ ਅਜਿਹਾ ਭਾਰਤੀ ਮੇਲਾ ਹੈ ਜਿਸ ਵਿਚ ਮੁਲਕ ਦੀ ਸਭਿਆਚਾਰਕ ਵਿਰਾਸਤ ਨੂੰ ਮੁੱਖ ਰੱਖਿਆ ਜਾਂਦਾ ਹੈ। ਮੁਲਕ ਭਰ ਦੇ 500 ਤੋਂ ਉਪਰ ਕਲਾਕਾਰਾਂ ਨੇ ਇਸ ਵਿਚ ਹਿੱਸਾ ਲਿਆ। ਮੈਂ ਵੀ ਇਨ੍ਹਾਂ ਵਿਚੋਂ ਇਕ ਸਾਂ। ਉਥੇ ਸਰੋਤਿਆਂ ਨੇ ਜਿਸ ਤਰ੍ਹਾਂ ਦਾ ਹੁੰਗਾਰਾ ਭਰਿਆ, ਉਹ ਮੇਰੇ ਜੀਵਨ ਦੀ ਅਭੁੱਲ ਯਾਦ ਬਣ ਗਿਆ ਹੈ। ਵੱਖ-ਵੱਖ ਕਲਾ ਨਾਲ ਜੁੜੇ ਲੋਕਾਂ ਨੇ ਸ਼ਲਾਘਾ ਕੀਤੀ। ਇਹ ਅਸਲ ਵਿਚ ਕਲਾ ਨੂੰ ਸਲਾਮ ਸੀ। ਅਸਲ ਵਿਚ ਅਜਿਹੇ ਮੇਲੇ ਹੀ ਅਗਾਂਹ ਰਾਹ ਖੋਲ੍ਹਦੇ ਹਨ, ਇਕ-ਦੂਜੇ ਦੇ ਨੇੜੇ ਢੁੱਕਣ ਦਾ ਮੌਕਾ ਮੁਹੱਈਆ ਕਰਦੇ ਹਨ। ਇਹ ਲਾਮਡੋਰੀ ਸਦਾ ਚੱਲਦੀ ਰਹਿਣੀ ਚਾਹੀਦੀ ਹੈ। ਇਹੀ ਸਾਂਝ ਹੈ। ਸੰਗੀਤ ਦਾ ਸੁਨੇਹਾ ਵੀ ਸਾਂਝ ਹੀ। ਜਦੋਂ ਸੰਗੀਤ ਦੀਆਂ ਸੁਰਾਂ ਛਿੜਦੀਆਂ ਹਨ ਤਾਂ ਸਮੁੱਚੀ ਕਾਇਨਤਾ ਇਕਮਿਕ ਹੋ ਜਾਂਦੀ ਹੈ। ਫਿਰ ਕੋਈ ਦੂਈ ਦਵੈਤ ਨਹੀਂ। ਮਨੁੱਖ ਜਾਤੀ ਨੂੰ ਸੰਗੀਤ ਅਤੇ ਸੁਰਾਂ ਉਤੇ ਮਾਣ ਹੈ ਕਿ ਬੰਦੇ ਨੂੰ ਇਕ ਲੜੀ ਵਿਚ ਜੋੜਦਾ ਹੈ।





ਰਮੀਜ਼ ਵਾਹਦਤ ਅਤੇ (ਸੱਜੇ) ਸਾਜ਼ਾਂ ਦੀ ਮਹਿਫਿਲ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 13 ਜੂਨ 2020 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-433



*ਨਵ ਵਿਆਹੀ ਜੋੜੀ ਨੇ ਸਾਈਕਲ 'ਤੇ ਤੋਤਿਆਂ ਵਾਲਾ ਝੋਲਾ ਟੰਗਿਆ।*
*ਮੱਥੇ ਹੱਥ ਮੁਟਿਆਰ ਮਾਰਦੀ, ਕਿਉਂ ਨਾ ਕਿਸੇ ਦਾ ਸਕੂਟਰ ਮੰਗਿਆ!*

## ਕੈਪਸ਼ਨ ਮੁਕਾਬਲਾ-431



ਸੁਖ ਆਪਣੇ ਦੀ ਖਾਤਰ ਲੋਕਾਂ
ਬੱਚੇ ਐਸੀ ਲਾਈਨ 'ਤੇ ਲਾਏ।
ਆਨ-ਲਾਈਨ ਹੋ ਗਏ ਹਾਜਮੇ
ਬਿਨਾ ਨੈਟ ਨਾ ਹੁਣ ਪੌਟੀ ਆਏ।
***-ਜਗਮੀਤ ਸਿੰਘ ਪੰਧੇਰ***

---

ਪੌਟੀ ਟਰੇਨਿੰਗ ਹੋ ਗਈ ਡਿਜੀਟਲ
ਨਾ ਕੋਈ ਚੱਕਰ, ਨਾ ਕੋਈ ਖੇਚਲ।
ਥੈਂਕਸ ਟੂ ਨੈੱਟ ਐਂਡ ਗੂਗਲ ਬਾਬਾ
ਜ਼ਿੰਦਗੀ ਕਰ'ਤੀ ਕਿੰਨੀ ਸਿੰਪਲ।
***-ਇੰਦਰਜੀਤ ਮੰਗਾ ਪਿਟਸਬਰਗ***

---

ਔਨਲਾਈਨ ਨੇ ਮਾਪੇ ਰਹਿੰਦੇ,
ਔਨਲਾਈਨ ਹੀ ਨਿਆਣੇ।
ਔਨਲਾਈਨ ਗਰੌਸਰੀ ਆਵੇ
ਫਾਸਟ ਫੂਡ ਤੇ ਸਾਰੇ ਖਾਣੇ।
ਦੇ ਕਮਾਂਡ ਬਿਠਾਇਆ ਸੀਟੇ
ਲੈਪਟੌਪ ਹੈ ਪਿਆ ਵੇਂਹਦਾ।
ਬੱਚਾ ਔਨਲਾਈਨ ਹੋ ਗਿਆ
ਛੇਤੀਂ ਆ ਟੱਟੀ ਨੂੰ ਕਹਿੰਦਾ।
***-ਸੇਵਾ ਸਿੰਘ ਨੂਰਪੁਰੀ***

---

ਗੂਗਲ ਬਾਬਾ ਬਣਿਆ ਗਿਆਨ ਵਿਧਾਤਾ
ਟੱਬਰ ਦਾ ਹਰ ਜੀਅ ਰੁਝੇਵਿਆਂ 'ਚ ਪਾ'ਤਾ
ਨਵੀਂ ਪੀੜ੍ਹੀ ਨੂੰ ਮਿਲਦੀ ਊਰਜਾ
ਜਾਗਣਾ, ਸੌਣਾ ਬਣਿਆ ਟੈਬਲੈਟ
ਨੀਂਦ ਉਸ ਬਿਨਾ ਨਾ ਆਵੇ।
ਜੇ ਕਿਧਰੇ ਲੁਕੋਅ ਕੇ ਰੱਖ ਦਿਓ
ਰੁੱਸ ਕੇ ਪਖਾਨੇ ਵੀ ਨਾ ਜਾਵੇ।
***-ਅਮਰਜੀਤ ਸਿੰਘ ਤੂਰ***

---

ਪੁੱਠੇ ਮੂੰਹ ਮਾਂ ਬਾਲ ਬਿਠਾਵੇ
ਗੱਲ ਅਕਲ ਦੀ ਦੱਸੂ ਕੌਣ?
ਵਰਜਿਸ਼ ਦੀ ਖੇਡ ਖਿਡਾ ਜੌਰ ਲੁਆ
ਕੰਮ ਨਿਬੜੂ ਅੱਖ ਦਾ ਫੋਰ।
ਪੁੱਠੇ ਰਾਹ ਜਦ ਮਾਂ ਦਿਖਾਵੇ
ਰਾਖਾ ਬਣੂ ਤੇਰਾ ਕੌਨ?
***-ਕਿਰਪਾਲ ਕੌਰ, ਸ਼ਿਕਾਗੋ***
***ਫੋਨ: 815-356-9535***

---

ਕੀ ਬੱਚਾ ਕੀ ਬੁੱਢਾ ਨੈੱਟ ਦੇ
ਮੱਕੜ ਜਾਲ 'ਚ ਫਸ ਚੁਕਾ।
ਕੀ ਕਰਦਾ, ਕੀ ਸੋਚਦਾ
ਉਹੀ ਕੁਝ ਪਰੋਸਿਆ ਜਾ ਰਿਹਾ।
ਪਰੋਸ ਮੁਫਤ ਗੇਮਾਂ ਖੇਡਾਂ,
ਦਿਮਾਗ ਕਾਬੂ ਹੋ ਰਿਹਾ
ਐਸਾ ਚਸਕਾ ਭਾਵੇਂ ਮੈਦਾਨ ਮਾਰ ਰਿਹਾ
ਨੈੱਟ ਨਾਲ ਬੱਝੇ ਰਹਿਣਾ,
ਤਨ ਹੀ ਨਹੀਂ, ਮਨ ਵੀ ਗੁਲਾਮ ਹੋ ਚੁਕਾ
ਗਰੀਬ ਮਰ ਰਿਹਾ, ਕਰੋਨਾ ਵਾਇਰਸ ਨਾਲ
'ਨੈੱਟਵਰਕ' ਮਾਲਾ ਮਾਲ ਹੋ ਰਿਹਾ।
***-ਦਰਸ਼ਨਪਾਲ ਦੋਸਾਂਝ***

---

ਘਰ ਘਰ ਨੈੱਟਾਂ ਦੀ ਆਈ ਬਿਮਾਰੀ
ਧੱਕੇ ਚੜ੍ਹ ਗਈ ਦੁਨੀਆਂ ਸਾਰੀ।
ਹੁਣ ਨਹੀਂ ਕੋਈ ਵਿਹਲਾ
ਸਾਰਾ ਦਿਨ ਫੋਨਾਂ ਨਾਲ ਮੱਥਾ ਜਾਂਦੇ ਮਾਰੀ।
ਚਾਹੇ ਕੋਈ ਤੁਰਿਆ ਜਾਂਦਾ ਹੋਵੇ
ਜਾਂ ਕਰੇ ਬੱਸ ਦੀ ਸਵਾਰੀ।
ਨੈੱਟ ਖੋਲ੍ਹ ਕੇ ਸਰਚਾਂ ਹੁੰਦੀਆਂ
ਫੇਸਬੁੱਕ 'ਤੇ ਦੋਸਤਾਂ ਦੀ ਭਰਮਾਰ ਭਾਰੀ।
ਕੋਈ ਨਹੀਂ ਬਚਿਆ ਇਸ ਤੋਂ
ਬੱਚਾ, ਬੁੱਢਾ ਨਾ ਨਰ ਤੇ ਨਾਰੀ।
ਚਾਹੇ ਵਿਆਹਿਆ ਜਾਂ ਹੋਵੇ ਕੁਆਰੀ।
ਲੱਗਦਾ ਅੱਗੇ ਹੋਰ ਇਹ ਵਧੂ ਬਿਮਾਰੀ
ਕਰੋਨਾ ਨਾਲੋਂ ਇਸ ਦੀ ਮਾਰ ਹੈ ਭਾਰੀ।
***-ਗੋਰਾ ਪ੍ਰਜਾਪਤ, ਨਿਊ ਯਾਰਕ***

---

ਪੱਪੂ ਸਿੰਘਾਸਣ 'ਤੇ ਬਿਰਾਜਮਾਨ ਹੈ
ਕਾਰਟੂਨਾਂ ਵਿਚ ਪੂਰਾ ਧਿਆਨ ਹੈ।
ਫਿਰ ਮਾਣੋ ਬਿੱਲੀ ਆਊਗੀ,
ਪੱਪੂ ਨੂੰ ਗਾਣੇ ਸੁਣਾਊਗੀ,
ਨਾਲੇ ਪੌਟੀ ਟ੍ਰੇਨਿੰਗ ਕਰਾਊਗੀ!
***-ਕਰਮ ਲੁਧਿਆਣਵੀ***
***ਫੋਨ: 1-832-766-8742***

# ਇਕੱਲ



**ਕਰੋਨਾ ਵਾਇਰਸ ਨੇ ਮਨੁੱਖਾ ਜੀਵਨ ਨੂੰ ਵੱਡੇ ਪੱਧਰ 'ਤੇ ਪ੍ਰਭਾਵਿਤ ਕੀਤਾ ਹੈ। ਵਿਦਵਾਨ ਲੋਕ ਇਸ ਵਾਇਰਸ ਕਾਰਨ ਪੈਦਾ ਹੋਈ ਬਿਮਾਰੀ 'ਕੋਵਿਡ-19' ਦੇ ਸਾਡੇ ਜੀਵਨ ਦੇ ਵੱਖ-ਵੱਖ ਪੱਖਾਂ ਉਤੇ ਪਏ ਅਸਰਾਂ ਬਾਰੇ ਆਪੋ-ਆਪਣੀਆਂ ਰਾਵਾਂ ਦੇ ਰਹੇ ਹਨ। ਇਨ੍ਹਾਂ ਸਾਰੇ ਪੱਖਾਂ ਤੋਂ ਇਲਾਵਾ ਇਸ ਵਾਇਰਸ ਨੇ ਮਨੁੱਖ ਦੀ ਰਹਿਣ-ਅਵਸਥਾ ਉਤੇ ਵੱਡਾ ਅਸਰ ਪਾਇਆ ਹੈ ਅਤੇ ਮਨੁੱਖ ਇਕੱਲ ਵਲ ਧੱਕਿਆ ਗਿਆ ਹੈ। ਪੰਜਾਬੀ ਸ਼ਾਇਰ ਅਤੇ ਆਲੋਚਕ ਗੁਰਦੇਵ ਚੌਹਾਨ ਨੇ ਆਪਣੇ ਇਸ ਲੇਖ ਵਿਚ ਇਕੱਲ ਦੇ ਦਾਰਸ਼ਨਿਕ ਪੱਖ ਬਾਰੇ ਚਰਚਾ ਕੀਤੀ ਹੈ। ਉਨ੍ਹਾਂ ਮਨੁੱਖ ਦੇ ਜੀਵਨ ਨਾਲ ਜੁੜੀ ਇਕੱਲ ਬਾਰੇ ਆਪਣੀ ਗੱਲ ਇੰਨੇ ਸੌਖੇ ਅਤੇ ਸਰਲ ਢੰਗ ਨਾਲ ਪਾਠਕ ਤਕ ਅੱਪੜਦੀ ਕੀਤੀ ਹੈ ਕਿ ਪਾਠਕ ਆਪਣੇ ਜੀਵਨ ਦੇ ਬਹੁਤ ਸਾਰੇ ਅਣਗੌਲੇ ਪੱਖਾਂ ਬਾਰੇ ਸੋਚਣ ਦੇ ਆਹਰੇ ਲੱਗ ਜਾਂਦਾ ਹੈ। -ਸੰਪਾਦਕ**



ਗੁਰਦੇਵ ਚੌਹਾਨ

ਸ਼ਬਦ 'ਇਕੱਲ' ਬੋਲਦਿਆਂ ਹੀ ਬੰਦਾ ਮਾਸੂਮ, ਜਰਜਰੀ ਅਤੇ ਅਸਥਿਰ ਅਵਸਥਾ ਵਿਚ ਘਿਰ ਗਿਆ ਮਹਿਸੂਸ ਕਰਦਾ ਹੈ। ਇਕ ਅਕਾਰਹੀਣ ਪਰ ਤੀਬਰ ਫਿਕਰ, ਡਰ, ਤੌਖਲਾ, ਹਕੀਕਤ ਅਤੇ ਮਲੂਕ ਸਥਿਤੀ ਵਿਚ ਵਿਚਰਨ ਲੱਗ ਪੈਂਦਾ ਹੈ। ਆਖਰ ਇਹ ਕੀ ਹੈ, ਜੋ ਹੋਂਦ, ਅਸਤਿਤਵ, ਇਕਾਈ, ਇਕੱਲ ਵਿਚਾਲੇ ਸਾਂਝਾ ਅਤੇ ਵੱਖਰਾ ਹੈ? ਇਹ ਕੀ ਹੈ, ਜੋ ਬੰਦੇ ਦਾ ਪਰਛਾਵੇਂ ਵਾਂਗ ਪਿੱਛਾ ਕਰਦਾ ਹੈ; ਹਰ ਵਕਤ, ਹਰ ਥਾਂ, ਹਰ ਅਵਸਥਾ ਵਿਚ, ਹਰ ਉਮਰ ਵਿਚ ਅਤੇ ਹਰ ਪਲ ਵਿਚਕਾਰ।

ਬੰਦਾ ਹਰ ਸਾਹ ਲੈਣ ਵੇਲੇ ਇਕੱਲਾ ਹੁੰਦਾ ਹੈ ਅਤੇ ਆਖਰੀ ਸਾਹ ਲੈਣ ਵੇਲੇ ਵੀ। ਨੁਕਤਾ, ਬਿੰਦੂ, ਪਾਣੀ ਦਾ ਤੁਪਕਾ, ਰੇਤੇ ਦਾ ਕਣ, ਸਾਗਰ ਦੀ ਛੱਲ, ਜ਼ਿੰਦਗੀ ਅਤੇ ਕੁਦਰਤ ਦੇ ਹਜ਼ਾਰਾਂ ਝੱਖੜਾਂ ਅਤੇ ਹਨੇਰੀਆਂ ਵਿਚ ਬੰਦੇ ਦਾ ਲਿਆ ਨਿੱਕਾ ਜਿਹਾ ਸਾਹ, ਇਹ ਸਾਰੇ ਇਕੱਲੇ ਹਨ। ਇਕੱਲੇ ਅਤੇ ਉਦਾਸੇ ਉਦਾਸੀਨਤਾ ਦਾ ਅਹਿਸਾਸ ਜਗਾਉਂਦੇ ਹਨ। ਇਕੱਲ ਦਾ, ਇਕੱਲੇ ਹੋਣ ਦਾ, ਕਿਸੇ ਹੋਰ ਜਿਹਾ ਨਾ ਹੋਣ ਦਾ, ਕਿਸੇ ਹੋਰ ਦਾ ਤੁਹਾਡੀ ਥਾਂ ਨਾ ਲੈ ਸਕਣ ਦਾ। ਸੰਸਾਰ ਵਿਚ ਜਿੰਨੇ ਵੀ ਨੰਨੇ ਹਨ-ਉਹ ਮਨੁੱਖ ਦੀ ਇਕੱਲ ਨੂੰ ਬੁਣਦੇ ਹਨ, ਮਿਣਦੇ ਹਨ, ਘੜਦੇ ਹਨ, ਉਜਾਗਰ ਕਰਦੇ ਹਨ।

ਬਿੰਦੂ, ਤੁਪਕਾ ਅਤੇ ਰੇਤ ਦਾ ਕਣ ਅਤੇ ਦੂਜੇ ਪਾਸੇ ਬ੍ਰਹਿਮੰਡ ਦੀ ਤਸਵੀਰ ਸਾਗਰ ਅਤੇ ਰੇਗਿਸਤਾਨ। ਸਫਰ ਬਹੁਤ ਲੰਮਾ ਹੈ। ਅਨੇਕਾਂ ਮਨੁੱਖਾਂ, ਜੀਵ ਜੰਤੂਆਂ ਨਾਲ ਭਰੀ ਦੁਨੀਆਂ ਵਿਚ ਮਨੁੱਖ ਸਿਰਫ ਆਪਣੇ ਬਦਨ ਦੀ ਦੀਵਾਰ ਦੇ ਸਹਾਰੇ ਖਲੋਤਾ ਹੈ। ਭਲਾ ਇਕ ਬਿੰਦੂ ਵਿਚ ਕਿੰਨੀ ਕੁ ਤਸਵੀਰ ਹੁੰਦੀ ਹੈ; ਇਕ ਤੁਪਕੇ ਵਿਚ ਕਿੰਨਾ ਕੁ ਸਾਗਰ ਹੁੰਦਾ ਹੈ ਅਤੇ ਰੇਤ ਦੇ ਇਕ ਕਣ ਵਿਚ ਕਿੰਨਾ ਕੁ ਰੇਗਿਸਤਾਨ ਹੁੰਦਾ ਹੈ? ਕਲਪਨਾ ਪਥਰਾ ਜਾਂਦੀ ਹੈ; ਅੰਕੜੇ ਗਿਰ ਜਾਂਦੇ ਹਨ; ਪਰਛਾਵਾਂ ਹੋਰ ਵੀ ਧੁੰਦਲਾ ਹੋ ਜਾਂਦਾ ਹੈ ਅਤੇ ਇਕੱਲ ਹੋਰ ਵੀ ਗਾੜ੍ਹੀ। ਉਦਾਸੀ ਮਨ ਦੀਆਂ ਕੰਦਰਾਂ ਵਿਚੋਂ ਨਿਕਲ ਕੇ ਤੁਹਾਡੇ ਹੱਥਾਂ ਦਿਆਂ ਪੋਟਿਆਂ ਤੀਕ ਆ ਜਾਂਦੀ ਹੈ।

ਇਕੱਲ-ਮਨੁੱਖ ਹੋਣ ਦੀ ਸਜ਼ਾ, ਸ਼ਾਇਦ ਨਾਲ ਹੀ ਮਨੁੱਖ ਹੋਣ ਦਾ ਵਰਦਾਨ। ਸਾਰਤਰ ਕਹਿੰਦਾ ਹੈ, "ਮਨੁੱਖ ਜਨਮ ਤੋਂ ਹੀ ਇਕੱਲ ਦੀ ਸਜ਼ਾ ਭੋਗਦਾ ਹੈ। ਉਸ ਨੂੰ ਇਕੱਲ ਦੀ ਕਦੀਮੀ ਸਜ਼ਾ ਦਿੱਤੀ ਗਈ ਹੈ। ਸਿਰਫ ਉਹ ਬੰਦਾ ਹੀ ਆਜ਼ਾਦ ਹੁੰਦਾ ਹੈ, ਜਿਸ ਨੂੰ ਫਾਂਸੀ ਦੇਣ ਲਈ ਲਿਜਾਇਆ ਜਾ ਰਿਹਾ ਹੁੰਦਾ ਹੈ।" ਕੀ ਅਜਿਹੇ ਮਨੁੱਖ ਨੂੰ ਉਸ ਦੀ ਇਕੱਲ ਤੋਂ ਵੀ ਨਾਲ ਹੀ ਆਜ਼ਾਦੀ ਮਿਲ ਗਈ ਹੁੰਦੀ ਹੈ। ਉਤਰ ਯਕੀਨਨ ਨਾਂਹ ਵਿਚ ਹੋਵੇਗਾ। ਇਕੱਲ ਵਿਯੋਗੀ ਹੋਣ ਦਾ ਦੂਜਾ ਨਾਂ ਹੈ, ਹਾਸ ਦਾ ਦੂਜਾ ਨਾਂ। ਇਕੱਲ ਮੌਤ ਅਤੇ ਜਨਮ ਵਿਚਾਲੇ ਮਨੁੱਖ ਨੂੰ ਉਸ ਦੀ ਹੋਂਦ ਦਾ ਅਹਿਸਾਸ ਕਰਾਉਂਦੀ ਹੈ। ਹੋਂਦ-ਚੇਤਨਤਾ ਹੀ ਇਕ ਤਰ੍ਹਾਂ ਨਾਲ ਇਕੱਲ ਹੈ, ਪਰ ਇਕੱਲ ਚੇਤਨਤਾ ਤੋਂ ਅੱਗੇ ਪਿੱਛੇ ਸਫਰ ਜਾਂਦੀ ਹੈ। ਇਹ ਵੱਧ ਸਫਰ ਕਰਦੀ ਹੈ ਅਤੇ ਜ਼ਿੰਦਗੀ ਦਾ ਵੱਧ ਥਾਂ ਘੇਰਦੀ ਅਤੇ ਵੱਧ ਵਜ਼ਨ ਚੁਕਦੀ ਹੈ।

ਇਕੱਲ ਬੱਚੇ ਦੀ ਪਹਿਲੀ ਚੀਕ ਨਾਲ ਹੀ ਜੰਮਦੀ ਹੈ; ਇਹ ਉਸ ਨਾਲ ਪੰਘੂੜੇ ਵਿਚ ਖੇਡਦੀ ਹੈ; ਬਾਲ ਵਰੇਸ ਵਿਚ ਗੇਂਦ-ਬੱਲਾ ਚੁੱਕ ਲੈਂਦੀ ਹੈ। ਜਵਾਨੀ ਵੇਲੇ ਕਿਸੇ ਨਾਲ ਆਢਾ ਲਾਉਂਦੀ ਹੈ। ਵਧਦੀ ਉਮਰ ਦੇ ਸਾਰੇ ਅਨੰਦਾਂ, ਫਿਕਰਾਂ ਅਤੇ ਅਵਸਥਾਵਾਂ ਵਿਚੋਂ ਲੰਘਦੀ ਹੈ। ਇਕੱਲ ਬਿਮਾਰ ਨਾਲ ਬਿਮਾਰ ਹੁੰਦੀ ਹੈ ਅਤੇ ਤਕੜੇ ਨਾਲ ਤਕੜਾ। ਫਿਰ ਆਖਰਕਾਰ ਇਹ ਮਨੁੱਖ ਦੀ ਮੌਤ ਨਾਲ ਆਪਣਾ ਗਲਾ ਵੀ ਘੁੱਟ ਲੈਂਦੀ ਹੈ। ਇਸ ਤਰ੍ਹਾਂ ਹਰ ਬੰਦੇ ਦੀ ਇਕੱਲ ਉਸ ਦੇ ਨਾਲ ਹੀ ਦਫਨ ਕਰ ਦਿੱਤੀ ਜਾਂਦੀ ਹੈ।

ਹਾਂ, ਇਕੱਲ ਦਾ ਭਾਰ ਹੁੰਦਾ ਹੈ। ਇਹ ਬੰਦੇ ਦੇ ਮਨ ਨੂੰ ਉਸ ਦੇ ਸਰੀਰ ਵਾਂਗ ਚੁੱਕਣਾ ਪੈਂਦਾ ਹੈ। ਇਕੱਲ ਵਸਤਰ ਵਾਂਗ ਨਹੀਂ ਹੁੰਦੀ, ਜਿਸ ਨੂੰ ਪਹਿਨਿਆ, ਉਤਾਰਿਆ ਜਾਂ ਬਦਲਿਆ ਜਾ ਸਕੇ। ਇਕੱਲ ਕਮਜ਼ੋਰੀ ਵੀ ਨਹੀਂ ਹੈ। ਹਾਂ, ਕਮਜ਼ੋਰ ਮਨੁੱਖ ਦੀ ਇਕੱਲ ਵੀ ਕਮਜ਼ੋਰ ਅਤੇ ਬਿਮਾਰ ਹੋ ਜਾਂਦੀ ਹੈ। ਕਈ ਬੰਦੇ ਇਕੱਲ ਤੋਂ ਘਬਰਾ ਕੇ ਭੀੜ ਦਾ ਅੰਗ ਬਣ ਜਾਂਦੇ ਹਨ, ਵਸਤ ਵਾਂਗ। ਦੂਜੇ ਬੰਨੇ ਕੋਈ ਕਮਜ਼ੋਰ ਬੰਦਾ ਆਪਣੀ ਇਕੱਲ ਵਿਚ ਸ਼ਰਨ ਲੈ ਲੈਂਦਾ ਹੈ। ਆਪਣੀ ਜ਼ਿੰਦਗੀ ਦੇ ਅਸਲੀ ਪਿੜ ਨੂੰ ਛੱਡ ਆਪਣੀ ਇਕੱਲ ਵਿਚ ਪਨਾਹ ਲੈ ਲੈਣਾ ਕਮਜ਼ੋਰੀ ਹੈ। ਤਕੜਾ ਮਨੁੱਖ ਆਪਣੀ ਜ਼ਿੰਦਗੀ ਦੀ ਲੜਾਈ ਲੜਦਾ ਆਪਣੀ ਇਕੱਲ ਨਾਲ ਵੀ ਜੂਝਣ ਲੱਗਦਾ ਹੈ। ਉਹ ਆਪਣੀ ਇਕੱਲ ਤਿਆਗਦਾ ਨਹੀਂ, ਸਗੋਂ ਆਪਣੀ ਇਕੱਲ ਨੂੰ ਆਪਣੀ ਅਸਲੀ ਮੁਕਤੀ ਅਤੇ ਆਜ਼ਾਦੀ ਬਣਾ ਲੈਂਦਾ ਹੈ। ਅਜਿਹੇ ਬੰਦੇ ਦੀ ਇਕੱਲ ਜ਼ਿੰਦਾ-ਦਿਲੀ ਦੇ ਵਲਵਲੇ ਵਾਂਗ ਮਘਦੀ ਅਤੇ ਜਗਦੀ ਹੈ। ਇਹ ਉਸ ਦਾ ਅੰਤਰੀਵ ਰੌਸ਼ਨ ਕਰ ਦਿੰਦੀ ਹੈ। ਇਕੱਲ ਅਜਿਹੇ ਸਮੇਂ ਉਸ ਦੀ ਰੂਹ ਦੀ ਅਵਾਜ਼ ਬਣ ਜਾਂਦੀ ਹੈ। ਅਜਿਹੇ ਬੰਦੇ ਦੀ ਇਕੱਲ ਮਧੂ ਮੱਖੀ ਦੀ ਇਕੱਲ ਜਿਹੀ ਹੈ, ਜੋ ਇਤਨੀ ਹਲਕੀ ਹੋ ਜਾਂਦੀ ਹੈ ਕਿ ਉਹ ਉਡਦੀ ਹੋਈ ਸ਼ਹਿਦ ਦੀ ਬੂੰਦ ਲਈ ਜੰਗਲਾਂ, ਖੇਤਾਂ ਵਿਚ ਉਗੇ ਫੁੱਲ ਲੱਭ ਲੈਂਦੀ ਹੈ।

ਅਸਲ ਵਿਚ ਬੰਦੇ ਨੂੰ ਆਪਣੀ ਇਕੱਲ ਦਾ ਅਹਿਸਾਸ ਵੱਧ ਤੀਬਰਤਾ ਨਾਲ ਉਸ ਵੇਲੇ ਹੁੰਦਾ ਹੈ, ਜਦ ਉਹ ਦੁਨੀਆਂ ਦੀ ਭੀੜ ਵਿਚ ਘਿਰ ਜਾਂਦਾ ਹੈ। ਸ਼ਹਿਰ ਦੀ ਗਹਿਮਾ-ਗਹਿਮੀ ਵੇਲੇ, ਜੰਞਾਂ, ਛਿੰਜਾਂ ਤੇ ਮੇਲਿਆਂ ਦੀ ਚੜ੍ਹਤ ਅਤੇ ਵਿਛੜਨ ਵੇਲੇ, ਜਲਸਿਆਂ, ਜਲੂਸਾਂ, ਕੀਰਤਨ ਦਰਬਾਰਾਂ, ਖੇਡ-ਮੈਦਾਨਾਂ, ਯੁੱਧਾਂ, ਤਬਾਹੀਆਂ, ਬਰਬਾਦੀਆਂ, ਜਿੱਤਾਂ ਤੇ ਹਾਰਾਂ ਵਿਚਾਲੇ ਇਕੱਲ ਮਘਣ ਲਗ ਪੈਂਦੀ ਹੈ। ਅਜਿਹੇ ਸਮਿਆਂ ਅਤੇ ਹਾਲਾਤ ਵਿਚ ਬੰਦਾ ਮਹਿਸੂਸ ਕਰਦਾ ਹੈ ਕਿ ਉਹ ਭਿਆਨਕ ਢੰਗ ਨਾਲ ਇਕੱਲਾ ਹੈ। ਕੋਈ ਉਸ ਦਾ ਸਾਥ ਨਹੀਂ ਦੇ ਸਕਦਾ। ਇਕੱਲ ਅਜਿਹੇ ਛਿਣਾਂ ਵਿਚਾਲੇ ਅਸੁਰੱਖਿਅਤ ਸਮੇਂ ਦੇ ਭੈਅ ਅਤੇ ਕਹਿਰ ਦਾ ਖਿਆਲ ਉਪਜਾਉਂਦੀ ਹੈ।

ਇਕੱਲ ਛੋਟੀ ਵੱਡੀ ਨਹੀਂ ਹੁੰਦੀ। ਇਸ ਦੀ ਆਪਣੀ ਵੰਨਗੀ, ਅਹਿਸਾਸ ਮਾਤਰਾ, ਸ਼ਾਨ, ਅਲਹਿਦਗੀ ਅਤੇ ਜ਼ਰਖੇਜ਼ਤਾ ਹੁੰਦੀ ਹੈ। ਜਿਵੇਂ ਜੰਗਲ ਵਿਚ ਸੁੱਤੇ ਸ਼ੇਰ ਦੀ ਇਕੱਲ; ਰਾਜੇ ਦੀ ਭਰੇ ਦਰਬਾਰ ਵਿਚ ਇਕੱਲ, ਜਦ ਲੋਕੀਂ ਉਸ ਨੂੰ ਝੁਕ ਕੇ ਸਲਾਮ ਕਰ ਰਹੇ ਹੋਣ; ਸਰਕਸ ਦੇ ਜੋਕਰ ਦੀ ਇਕੱਲ, ਜਦ ਉਹ ਦਰਸ਼ਕਾਂ ਦੀ ਵਾਹ-ਵਾਹ ਵਿਚਾਲੇ ਆਪਣੀ ਅੰਦਰਲੀ ਖਾਈ ਨੂੰ ਮੁਖਾਤਬ ਹੁੰਦਾ ਹੈ; ਰੋਗੀ ਦੀ ਇਕੱਲ, ਜਿਸ ਦੀ ਅਰੋਗਤਾ ਉਸ ਨੂੰ ਸਜ਼ਾ ਸੁਣਾਉਂਦੀ ਹੈ; ਕਾਤਲ ਦੀ ਇਕੱਲ, ਜੋ ਹਰ ਮਨੁੱਖੀ ਚੀਕ ਜਾਂ ਦਰਦੀਲੀ ਅਵਾਜ਼ ਤੋਂ ਚੌਂਕ ਜਾਂਦੀ ਹੈ ਅਤੇ ਹਰ ਆਸ਼ਕ ਦੀ ਇਕੱਲ, ਜੋ ਆਪਣੇ ਭੇਤ ਤੇ ਗ਼ਮ ਨੂੰ ਚੋਰ ਵਾਂਗ ਸਾਂਭ ਕੇ ਰੱਖਦਾ ਹੈ, ਇਤਿਆਦ।

ਇਕੱਲ ਇਕ ਸ਼ਬਦ ਨਹੀਂ, ਦੋ ਸ਼ਬਦਾਂ ਦੇ ਵਿਚਾਲੇ ਖਾਲੀ ਥਾਂ ਹੈ, ਖਾਲੀ ਸਪੇਸ। ਫਿਰ ਵੀ ਹਾਸ਼ੀਏ 'ਤੇ ਪਈ ਵਸਤ ਨਹੀਂ। ਭਰੇ ਹੋਏ ਪੰਨੇ ਦਾ ਖਾਲੀਪਣ। ਇਕੱਲ ਖਾਲੀ ਬਰਤਨ ਵਾਂਗ ਹੈ, ਜੋ ਭਰੇ ਜਾਣ ਦੀ ਸੰਭਾਵਨਾ ਨਾਲ ਭਰਿਆ ਹੁੰਦਾ ਹੈ। ਇਹ ਨਾ ਉਛਲਦੀ ਹੈ, ਨਾ ਖਾਲੀ ਹੁੰਦੀ ਹੈ...ਇਹ ਨਾ ਥੋੜ੍ਹੀ ਹੈ, ਤੇ ਨਾ ਫਾਲਤੂ ਕਰਾਰ ਦਿੱਤੀ ਹੋਈ ਬਹੁਲਤਾ। ਇਹ ਸਾਹ ਜਿੰਨੀ ਨਿੱਕੀ ਅਤੇ ਅਹਿਮ ਹੈ। ਦਿਲ ਜਿੰਨੀ ਵਿਸ਼ਾਲ ਅਤੇ ਵਿਰਾਟ। ਇਕੱਲ ਮਨੁੱਖ ਦਾ ਖਾਸਾ ਹੈ। ਇਹ ਮਨੁੱਖ ਨੂੰ ਪਸੂ ਤੋਂ ਵੱਖ ਕਰਦੀ ਹੈ। ਸਮਾਜ ਤਾਂ ਪਸੂਆਂ ਦਾ ਵੀ ਹੁੰਦਾ ਹੈ- ਇੱਜੜ, ਵੱਗ, ਕੀੜੀਆਂ ਦਾ ਭੌਣ, ਕੂੰਜਾਂ ਦੀ ਡਾਰ, ਮਧੂ ਮੱਖੀਆਂ ਦਾ ਛੱਤਾ, ਮੱਛੀਆਂ ਦਾ ਪੁੰਜ, ਹਾਥੀਆਂ ਦਾ ਝੁੰਡ।

ਤੁਸੀਂ ਇਕੱਲ ਨੂੰ ਆਪਣਾ ਰੰਗ ਦੇ ਸਕਦੇ ਹੋ, ਆਪਣੀ ਮਹਿਕ। ਇਸ ਦਾ ਅਹਿਸਾਸ ਇਸ ਗੱਲ ਜਾਂ ਤੱਥ ਵਿਚੋਂ ਆਉਂਦਾ ਹੈ ਕਿ ਮਨੁੱਖ ਆਪਣੀ ਜ਼ਿੰਦਗੀ ਨੂੰ ਜਿਉਣ ਲਈ ਇਕੱਲਾ ਹੈ। ਕੋਈ ਉਸ ਦਾ ਭਾਰ ਇਸ ਤਰ੍ਹਾਂ ਨਹੀਂ ਵੰਡਾ ਸਕਦਾ ਕਿ ਉਸ ਦੀ ਇਕੱਲ ਹਮੇਸ਼ਾ ਲਈ ਖਤਮ ਹੋ ਜਾਵੇ। ਭਰਾ-ਭੈਣ, ਮਾਂ-ਪਿਓ, ਧੀ-ਪੁੱਤਰ, ਪਤੀ-ਪਤਨੀ, ਰਿਸ਼ਤੇਦਾਰ, ਸੰਗੀ-ਸਾਥੀ ਉਸ ਦੀ ਜ਼ਿੰਦਗੀ ਵਿਚ ਕਾਫੀ ਹੱਦ ਤੀਕ ਹਿੱਸਾ ਪਾਉਂਦੇ ਹਨ। ਦੁਖਾਂ ਸੁੱਖਾਂ ਵਿਚ ਉਸ ਦੇ ਨਾਲ ਖੜ੍ਹਦੇ ਹਨ, ਪਰ ਇਸ ਸਾਰਾ ਕੁਝ ਇਕ ਹੱਦ ਤੀਕ ਹੀ ਉਹ ਕਰ ਸਕਦੇ ਹਨ। ਬੜਾ ਕੁਝ ਬਚ ਜਾਂਦਾ ਹੈ, ਜੋ ਵੰਡਿਆ-ਵੰਡਾਇਆ ਨਹੀਂ ਜਾ ਸਕਦਾ। ਤੁਸੀਂ ਦੂਜੇ ਦੇ ਮੂੰਹ ਨਾਲ ਆਪਣਾ ਹਾਸਾ ਨਹੀਂ ਹੱਸ ਸਕਦੇ। ਇਕੱਲ ਤਾਂ ਖਾਜ ਵਾਂਗ ਹੈ ਜਾਂ ਲਸੂੜੇ ਦੀ ਗਿਟਕ ਵਾਂਗ ਹੈ, ਜੋ ਤੁਹਾਡੇ ਨਾਲ ਚਿੰਬੜ ਜਾਂਦੀ ਹੈ। ਇਕੱਲ ਤੁਹਾਡੇ ਸਰੀਰ ਨਾਲ ਸਰੀਰ ਦੀ ਚਮੜੀ ਵਾਂਗ ਚਿੰਬੜੀ ਹੋਈ ਹੈ।

ਇਕੱਲ ਸਮੁੱਚੀ ਚੀਜ਼ ਹੈ। ਇਹ ਦੋਫਾੜ ਨਹੀਂ ਹੋ ਸਕਦੀ। ਇਸ ਨੂੰ ਹਿੱਸਾ ਜਾਂ ਭਾਗ ਨਹੀਂ ਬਣਾਇਆ ਜਾ ਸਕਦਾ। ਇਹ ਵਸਤੂ ਵੀ ਨਹੀਂ ਹੈ। ਇਸ ਦੀ ਆਪਣੀ ਸਵੈ-ਇੱਛਤ ਹੋਂਦ ਹੈ, ਆਪਣੀ ਸਵੈ-ਕੇਂਦਰਤਾ। ਇਸ ਦੀ ਆਪਣੀ ਉਤਮਪੁਰਖਤਾ ਹੈ। ਇਹ ਵਿਹਲ ਅਤੇ ਫੁਰਸਤ ਦੀ ਵੀ ਸਮਅਰਥੀ ਨਹੀਂ। ਇਹ ਦਾਰਸ਼ਨਿਕ ਸੰਬੋਧ ਹੈ। ਹੈਡੇਗਰ ਦੀ ਹੋਂਦ ਦਾ ਸੰਕਲਪ ਕਾਫੀ ਹੱਦ ਤੀਕ ਇਸ ਦੇ ਅਰਥਾਂ ਨੂੰ ਢਕਦਾ ਹੈ। ਅਸਲ ਵਿਚ ਇਹ ਇਕਹਿਰੀ ਚੀਜ਼ ਨਹੀਂ ਹੈ, ਇਹ ਬਹੁ-ਦਿਸ਼ਾਵੀ ਅਤੇ ਬਹੁ-ਪਰਤੀ ਵਸਤ ਹੈ। ਤੁਸੀਂ ਇਸ ਬਾਰੇ ਇਹ ਨਹੀਂ ਕਹਿ ਸਕਦੇ, ਦੇਖੋ ਇਕੱਲ ਇਹ ਹੁੰਦੀ ਹੈ, ਪਰ ਅਸੀਂ ਇਸ ਦਾ ਨਾਮਕਰਨ ਕਰ ਸਕਦੇ ਹਾਂ। ਉਂਜ, ਇਹ ਵਿਆਖਿਆ ਨਾਲ ਖਤਮ ਨਹੀਂ ਕੀਤੀ ਜਾ ਸਕਦੀ। ਇਸ ਦੀ ਤਹਿ ਦਾ ਪਿਆਜ਼ ਵਾਂਗ ਕੋਈ ਅੰਤ ਜਾਂ ਅਰੰਭ ਨਹੀਂ। ਇਕੱਲ ਵਰਗ, ਕਾਰਜ, ਸਾਲ, ਕਾਰਨ, ਗੁਣਾਂ ਅਤੇ ਗਿਣਤੀਆਂ ਵਿਚ ਨਹੀਂ ਪੈਂਦੀ। ਇਹ ਮੰਡੀ ਦੀ ਵਸਤ ਨਹੀਂ ਹੈ। ਜ਼ਿੰਦਗੀ ਵਾਂਗ ਇਹ ਸਮੁੱਚੀ ਕੱਥ ਵਿਚ ਆਉਂਦੀ ਹੈ।

ਇਕੱਲ ਸਾਡੀ ਜਗੀਰ ਹੈ, ਜ਼ਿੰਦਗੀ ਦਾ ਹਾਸਲ। ਬੰਦਾ ਆਪਣੀ ਇਕੱਲ ਵਿਚ ਇਸ ਤਰ੍ਹਾਂ ਮਹਿਸੂਸ ਕਰਦਾ ਹੈ, ਜਿਵੇਂ ਕੱਛੂ ਆਪਣੀ ਸਖਤ ਚਮੜੀ ਦੇ ਖੋਲ ਵਿਚ ਸੁਰੱਖਿਅਤ ਮਹਿਸੂਸ ਕਰਦਾ ਹੈ।


ਇਹ ਅਜਿਹੀ ਸੁਰੰਗ ਹੈ, ਜਿਸ ਦਾ ਦੂਜਾ ਸਿਰਾ ਰੌਸ਼ਨੀ ਵਿਚ ਨਾ ਖੁੱਲ੍ਹਦਾ ਹੋਵੇ। ਇਹ ਅੰਨ੍ਹੀ ਗੁਫਾ ਅਤੇ ਅੰਨ੍ਹੇ ਖੂਹ ਵਾਂਗ ਹੈ, ਜਿਸ ਦਾ ਖਾਣ ਵਾਲਾ ਮੂੰਹ ਜ਼ਿੰਦਗੀ ਵੱਲ ਖੁੱਲ੍ਹਾ ਰਹਿੰਦਾ ਹੋਵੇ। ਇਹ ਦੋ ਮਨੁੱਖਾਂ ਵਿਚਕਾਰ ਫਰਕ, ਵਿੱਥ, ਖਾਈ, ਚੁੱਪ ਅਤੇ ਹਨੇਰੇ ਦਾ ਨਾਂ ਹੈ। ਇਸ ਦੇ ਬਾਵਜੂਦ ਬਹੁਤ ਸਾਰੇ ਮਨੁੱਖਾਂ ਵਿਚਕਾਰ ਬਹੁਤ ਕੁਝ ਸਾਂਝਾ ਹੈ। ਮਨੁੱਖ ਦੀ ਸਮਾਜਕਤਾ ਇਕ ਸਭਿਆਚਾਰਕ ਪ੍ਰਕਾਰਜ ਹੈ। ਇਸ ਪ੍ਰਕਾਰਜ ਵਿਚ ਇਕੱਲ ਦਾ ਅਹਿਸਾਸ ਘਟ ਜਾਂਦਾ ਹੈ। ਇਕੱਲ ਦਾ ਸਮਾਜੀਕਰਨ ਹੀ ਮਨੁੱਖ ਨੂੰ ਰਿਸ਼ਤਿਆਂ, ਵੰਡਾਂ ਵਿਚ ਪਾਉਂਦਾ ਹੈ। ਬੰਦੇ ਦੀ ਇਕੱਲ ਵਾਂਗ ਇਕ ਸਮਾਜਕ ਜਾਤੀ ਦੀ ਵੀ ਇਕੱਲ ਹੁੰਦੀ ਹੈ, ਜੋ ਦੂਜੇ ਸਮਾਜ ਸਮੂਹਾਂ ਨਾਲੋਂ ਵੱਖਰੀ ਹੋਂਦ ਰੱਖਣ ਵੱਲ ਰੁਚਿਤ ਹੁੰਦੀ ਹੈ। ਇਸ ਤਰ੍ਹਾਂ ਇਕੱਲ ਰਾਜਨੀਤਕ ਸਰੋਕਾਰਾਂ ਵਿਚ ਖੰਡਿਤ ਅਤੇ ਖਚਿਤ ਹੋ ਜਾਂਦੀ ਹੈ, ਪਰ ਮਨੁੱਖੀ ਇਕੱਲ ਫਿਰ ਵੀ ਆਪਣੀ ਕੜੀ ਵਿਅਕਤੀ ਵਿਸ਼ੇਸ਼ ਨੂੰ ਬਣਾਉਂਦੀ ਹੈ। ਬੰਦਾ ਹੀ ਇਕੱਲ ਦੀ ਉਮਰ ਕੈਦ ਭੁਗਤਦਾ ਹੈ।

ਇਕੱਲ ਆਪਣੇ ਪੈਰਾਂ 'ਤੇ ਘੁੰਮਦੀ ਵਸਤੂ ਦਾ ਨਾਂ ਹੈ। ਇਸ ਦਾ ਨਾ ਕੋਈ ਅਰੰਭ ਹੁੰਦਾ ਹੈ ਅਤੇ ਨਾ ਕੋਈ ਅੰਤ। ਇਹ ਇਕ ਘੇਰੇ ਵਾਂਗ ਹੈ, ਗੋਲ ਚੱਕਰ ਵਾਂਗ ਹੈ। ਚੱਕਰ ਦੇ ਅਰੰਭ ਅਤੇ ਅੰਤ ਬਿੰਦੂ ਗੁਆਚ ਜਾਂਦੇ ਹਨ। ਇਨ੍ਹਾਂ ਦੀ ਨਿਸ਼ਾਨਦੇਹੀ ਕਰਨੀ ਫਜ਼ੂਲ ਹੈ, ਕਿਉਂਕਿ ਗੋਲ ਚੱਕਰ ਤਦ ਹੀ ਗੋਲ ਚੱਕਰ ਬਣਦਾ ਹੈ, ਜਦ ਉਸ ਦਾ ਅਰੰਭ, ਅੰਤ ਵਿਚ ਸਮਾਅ ਜਾਂਦਾ ਹੈ ਅਤੇ ਅੰਤ ਅਰੰਭ ਵਿਚ। ਹੁਣ ਇਹ ਕਹਿਣਾ ਕਠਿਨ ਹੈ ਕਿ ਕਿਸ ਥਾਂ 'ਤੇ ਚੱਕਰ ਦਾ ਅੰਤ ਵੱਧ ਹੈ ਜਾਂ ਅਰੰਭ ਕੁਝ ਕੁ ਵੱਧ। ਠੀਕ ਜਿਵੇਂ ਪਿਆਜ਼ ਦਿਆਂ ਛਿਲਕਿਆਂ ਵਿਚ ਪਿਆਜ਼ ਲੁਕਿਆ ਹੁੰਦਾ ਹੈ ਅਤੇ ਇਹ ਕਹਿਣਾ ਕਠਿਨ ਹੁੰਦਾ ਹੈ ਕਿ ਕਿਸ ਛਿਲਕੇ ਵਿਚ ਪਿਆਜ਼ ਵੱਧ ਅਵਸਥਾ ਜਾਂ ਮਿਕਦਾਰ ਵਿਚ ਹੈ। ਉਂਜ, ਪਿਆਜ਼ ਦੇ ਛਿਲਕਿਆਂ ਦੇ ਅਰੰਭ ਅਤੇ ਅੰਤ ਤੀਕ ਪਹੁੰਚਿਆ ਜਾ ਸਕਦਾ ਹੈ, ਪਰ ਇਕੱਲ ਦਾ ਆਦਿ ਅਤੇ ਅੰਤ ਨਹੀਂ। ਇਕੱਲ ਆਪਣੇ ਕੇਂਦਰ ਵੱਲ ਪ੍ਰੇਰਿਤ ਨਹੀਂ ਹੁੰਦੀ। ਅਸਲ ਵਿਚ ਇਕੱਲ ਆਪਣੇ ਅਰੰਭ ਅਤੇ ਅੰਤ ਤੋਂ ਵਿਯੋਗਤ ਹੋਣ 'ਤੇ ਹੀ ਹੋਂਦ ਵਿਚ ਆਉਂਦੀ ਹੈ। ਇਹ ਇਕਾਈ ਦਾ ਸਮੁੱਚੀ ਮਨੁੱਖੀ ਜ਼ਿੰਦਗੀ ਨਾ ਹੋਣ ਦਾ ਸੰਤਾਪ ਹੈ। ਇਕ ਭਾਗ ਦਾ ਆਪਣੇ ਸਮੁੱਚ ਤੋਂ ਵਿਯੋਗ।

ਇਕੱਲ ਦਾ ਸੁਚਾਰੂ ਪੱਖ ਬਹੁਤ ਅਹਿਮ ਹੈ। ਇਕੱਲ ਆਪਣੇ ਆਪ ਨੂੰ ਇਕੱਠਿਆਂ ਕਰਨਾ ਹੈ। ਇਹ ਧਿਆਨ, ਭਗਤੀ ਅਤੇ ਅਰਪਨ ਹੈ। ਇਹ ਕੱਛੂ ਦੀ ਆਪਣੀ ਦੀ ਦੇਹੀ ਦੀ ਬਣੀ ਢਾਲ ਹੈ। ਇਹ ਰੂਹ ਦਾ ਵਾਸਾ ਹੈ। ਤੁਹਾਡੇ ਉਹ ਦੁੱਖ-ਸੁੱਖ, ਜੋ ਤੁਹਾਡੇ ਤੋਂ ਇਲਾਵਾ ਹੋਰ ਸਰੋਕਾਰ ਗੁਆ ਬੈਠੇ ਹੁੰਦੇ ਹਨ। ਨਿਰੋਲ ਤੁਹਾਡੇ ਆਪਣੇ ਅਤੇ ਆਪਣੇ ਲਈ ਬਚਾਏ, ਵਿਹਾਜੇ, ਹੰਡਾਏ ਹੋਏ ਦੁੱਖਾਂ ਸੁੱਖਾਂ ਦੇ ਅਹਿਸਾਸ।

ਵਿਹਲ ਅਤੇ ਫੁਰਸਤ ਦੇ ਛਿਣਾਂ 'ਚ ਤਨਹਾਈ ਦੇ ਬੀਜ ਹੁੰਦੇ ਹਨ। ਇਹ ਤਨਹਾਈ ਮਨੁੱਖ ਦੀ ਇਕੱਲ ਦੇ ਬਹੁਤ ਕੋਲ ਸਫਰ ਕਰਦੀ ਹੈ। ਇਹ ਨਿਰੋਲ ਆਪਣੇ ਲਈ ਜੀਣ ਦੇ ਪਲਾਂ ਦਾ ਨਾਂ ਹੈ। ਇਨ੍ਹਾਂ ਪਲਾਂ ਦਾ ਕੋਈ ਹਿਸਾਬ ਕਿਤਾਬ ਨਹੀਂ ਹੁੰਦਾ ਅਤੇ ਨਾ ਹੀ ਕੋਈ ਗਿਣਤੀ ਅਤੇ ਮਿਣਤੀ। ਅਜਿਹੇ ਪਲਾਂ ਵਿਚ ਵਕਤ ਫੈਲ ਜਾਂਦਾ ਹੈ ਜਾਂ ਵਕਤ ਦੀ ਚੇਤਨਾ ਫੈਲ ਜਾਂਦੀ ਹੈ। ਸਭ ਕਾਸੇ ਦਾ ਮੂੰਹ ਅਜਿਹੀ ਅਸਤਿਤਵੀ ਖਾਈ ਵੱਲ ਹੈ, ਜੋ ਕਦੇ ਭਰੀ ਨਹੀਂ ਜਾ ਸਕਦੀ। ਮਨੁੱਖ ਕਦੇ ਵੀ ਨਾ ਭਰੀ ਜਾਣ ਵਾਲੀ ਮਾਨਸਿਕ ਖਾਈ ਅਤੇ ਕਦੇ ਨਾ ਬੀਤਣ ਵਾਲੀ ਵਕਤ ਦੀ ਸਜ਼ਾ ਭੁਗਤਦਾ ਹੈ। ਅਜਿਹੇ ਸਮੇਂ ਅਸਲ ਜ਼ਿੰਦਗੀ ਕਦੇ ਸੁਪਨਾ ਲਗਦੀ ਹੈ ਅਤੇ ਕਦੇ ਸੁਪਨਾ ਅਸਲ ਜ਼ਿੰਦਗੀ। ਇਕ ਅੱਖ-ਝਪਕ ਜਿਉਣ ਅਹਿਸਾਸ। ਇਕ ਪਲ ਦੀ ਅਸੀਮਤਾ ਜਾਂ ਅਸੀਮਤਾ ਦਾ ਇਕ ਪਲ। ਜ਼ਿੰਦਗੀ ਇਕ ਦਰਿਆ ਹੈ, ਜਿਸ ਦੇ ਕੰਢੇ ਉਤੇ ਤੁਰਦਿਆਂ ਵਕਤ ਬੀਤ ਜਾਂਦਾ ਹੈ। ਇਕੱਲ ਆਪਣੇ ਜੁੱਤੇ ਤੇ ਮੌਜੇ ਉਤਾਰ ਦਿੰਦੀ ਹੈ ਅਤੇ ਚਿਰਾਂ ਪਿਛੋਂ ਆਪਣੇ ਵੱਲ ਉਛਲਦੇ ਦਰਿਆ ਵਿਚ ਛਾਲ ਮਾਰ ਦਿੰਦੀ ਹੈ। ਹਰ ਬੰਦੇ ਦੇ ਪੈਰਾਂ ਨਾਲ ਜ਼ਿੰਦਗੀ ਦਾ ਕੁਝ ਸਫਰ ਚਿਪਕਿਆ ਹੋਇਆ ਹੈ ਅਤੇ ਕੁਝ ਕੁ ਇਕੱਲ ਦੀ ਮੌਤ ਦੀ ਛਲਾਂਘ ਦਾ ਰੁਮਾਂਸ ਅਤੇ ਸੰਤਾਪ। ਹਰ ਜ਼ਿੰਦਗੀ ਆਪਣੀ ਮੌਤ ਵੱਲ ਰੁਚਿਤ ਅਤੇ ਉਲਰੀ ਹੁੰਦੀ ਹੈ, ਜਿਵੇਂ ਹਰ ਗਾਗਰ ਆਪਣੇ ਸਾਗਰ ਵੱਲ। ਇਕੱਲ ਅਜਿਹੀ ਹੀ ਇਕ ਗਾਗਰ ਹੈ।

**ਤੁਸੀਂ ਇਕੱਲ ਨੂੰ ਆਪਣਾ ਰੰਗ ਦੇ ਸਕਦੇ ਹੋ, ਆਪਣੀ ਮਹਿਕ। ਇਸ ਦਾ ਅਹਿਸਾਸ ਇਸ ਗੱਲ ਜਾਂ ਤੱਥ ਵਿਚੋਂ ਆਉਂਦਾ ਹੈ ਕਿ ਮਨੁੱਖ ਆਪਣੀ ਜ਼ਿੰਦਗੀ ਨੂੰ ਜਿਉਣ ਲਈ ਇਕੱਲਾ ਹੈ। ਕੋਈ ਉਸ ਦਾ ਭਾਰ ਇਸ ਤਰ੍ਹਾਂ ਨਹੀਂ ਵੰਡਾ ਸਕਦਾ ਕਿ ਉਸ ਦੀ ਇਕੱਲ ਹਮੇਸ਼ਾ ਲਈ ਖਤਮ ਹੋ ਜਾਵੇ। ਭਰਾ-ਭੈਣ, ਮਾਂ-ਪਿਓ, ਧੀ-ਪੁੱਤਰ, ਪਤੀ-ਪਤਨੀ, ਰਿਸ਼ਤੇਦਾਰ, ਸੰਗੀ-ਸਾਥੀ ਉਸ ਦੀ ਜ਼ਿੰਦਗੀ ਵਿਚ ਕਾਫੀ ਹੱਦ ਤੀਕ ਹਿੱਸਾ ਪਾਉਂਦੇ ਹਨ। ਦੁਖਾਂ ਸੁੱਖਾਂ ਵਿਚ ਉਸ ਦੇ ਨਾਲ ਖੜ੍ਹਦੇ ਹਨ, ਪਰ ਇਸ ਸਾਰਾ ਕੁਝ ਇਕ ਹੱਦ ਤੀਕ ਹੀ ਉਹ ਕਰ ਸਕਦੇ ਹਨ। ਬੜਾ ਕੁਝ ਬਚ ਜਾਂਦਾ ਹੈ, ਜੋ ਵੰਡਿਆ-ਵੰਡਾਇਆ ਨਹੀਂ ਜਾ ਸਕਦਾ। ਤੁਸੀਂ ਦੂਜੇ ਦੇ ਮੂੰਹ ਨਾਲ ਆਪਣਾ ਹਾਸਾ ਨਹੀਂ ਹੱਸ ਸਕਦੇ। ਇਕੱਲ ਤਾਂ ਖਾਜ ਵਾਂਗ ਹੈ ਜਾਂ ਲਸੂੜੇ ਦੀ ਗਿਟਕ ਵਾਂਗ ਹੈ, ਜੋ ਤੁਹਾਡੇ ਨਾਲ ਚਿੰਬੜ ਜਾਂਦੀ ਹੈ। ਇਕੱਲ ਤੁਹਾਡੇ ਸਰੀਰ ਨਾਲ ਸਰੀਰ ਦੀ ਚਮੜੀ ਵਾਂਗ ਚਿੰਬੜੀ ਹੋਈ ਹੈ।**



# ਬੀਬਾ! ਦੇਰ ਨਾ ਕਰਿਓ

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਉਨ੍ਹਾਂ ਵਲਵਲਿਆਂ ਦੀ ਗੱਲ ਕੀਤੀ ਸੀ, ਜੋ ਸਰਘੀ ਵੇਲੇ ਘਾਹ ਉਤੇ ਪਈ ਤਰੇਲ ਵਾਂਗ ਚੰਗੇ ਚੰਗੇ ਲੱਗਦੇ ਹਨ। ਉਨ੍ਹਾਂ ਕਿਹਾ ਸੀ, "ਪਰਿੰਦਿਆਂ ਦੀ ਚੋਹਲ-ਮੋਹਲ, ਰੁੰਡ-ਮਰੁੰਡ ਰੁੱਖ ਦੀ ਟਾਹਣੀ 'ਤੇ ਲਗਰਾਂ ਦਾ ਫੁੱਟਣਾ, ਪੱਤਝੜ ਪਿਛੋਂ ਬਹਾਰ ਦਾ ਆਉਣਾ ਅਤੇ ਪੱਤਿਆਂ ਵਿਚੋਂ ਦੀ ਰੁਮਕਦੀ ਹਵਾ ਦਾ ਜ਼ਿੰਦਗੀ ਦੇ ਗੀਤ ਗਾਉਣਾ ਭਲਾ ਕਿਹਨੂੰ ਚੰਗਾ ਨਹੀਂ ਲੱਗਦਾ!" ਹਥਲੇ ਲੇਖ ਵਿਚ ਉਨ੍ਹਾਂ ਨਸੀਹਤ ਕੀਤੀ ਹੈ ਕਿ ਕਈ ਵਾਰ ਦੇਰੀ ਕੀਤਿਆਂ ਅਹਿਮ ਮੌਕੇ ਜਾਂ ਚੰਗੀਆਂ ਸੰਭਾਵਨਾਵਾਂ ਹੱਥੋਂ ਨਿਕਲ ਜਾਂਦੀਆਂ, ਜਿਨ੍ਹਾਂ ਨੇ ਸੁਪਨ-ਨਗਰੀ ਨੂੰ ਜਾਂਦਾ ਰਾਹ ਬਣਨਾ ਹੁੰਦਾ। ਡਾ. ਭੰਡਾਲ ਕਹਿੰਦੇ ਹਨ, "ਯਾਦ ਰੱਖਣਾ! ਜੀਵਨ ਇਕ ਵਾਰ ਮਿਲਦਾ ਅਤੇ ਉਸਾਰੂ ਰੂਪ ਵਿਚ ਮਨ ਦੀਆਂ ਮੌਜਾਂ ਦੀ ਪੂਰਤੀ ਅਤੇ ਜ਼ਿੰਦਗੀ ਨੂੰ ਆਪਣੇ ਰੰਗ-ਢੰਗ ਨਾਲ ਜਿਉਣ ਵਿਚ ਕਦੇ ਦੇਰੀ ਨਾ ਕਰਿਓ।" ਉਨ੍ਹਾਂ ਦੀ ਇਹ ਸਲਾਹ ਕਿੰਨੀ ਨੇਕ ਹੈ, "ਦੇਰੀ ਕਰਨੀ ਹੈ ਤਾਂ ਗਲਤ ਰਾਹਾਂ 'ਤੇ ਤੁਰਨ ਤੋਂ ਕਰਿਓ, ਕਿਉਂਕਿ ਅਜਿਹੀ ਦੇਰੀ ਤੁਹਾਨੂੰ ਸੋਚਣ ਅਤੇ ਸੰਭਲਣ ਦਾ ਮੌਕਾ ਪ੍ਰਦਾਨ ਕਰਦੀ ਹੈ।" -ਸੰਪਾਦਕ***

ਦੇਰ, ਹਨੇਰ ਵੀ ਹੁੰਦਾ ਅਤੇ ਅੰਧੇਰ ਵੀ। ਦੇਰ ਹੋਣ 'ਤੇ ਅਣਹੋਣੀ ਵੀ ਵਾਪਰਦੀ ਅਤੇ ਅਣਕਿਹਾ ਵੀ ਹੋ ਜਾਂਦਾ। ਦੇਰੀ ਹੋਣਾ ਸੰਭਵ ਹੁੰਦਾ, ਪਰ ਦੇਰ ਕਰਨੀ ਗੁਨਾਹ ਹੁੰਦਾ, ਕਿਉਂਕਿ ਜਾਣ-ਬੁੱਝ ਕੇ ਕੀਤੀ ਦੇਰ, ਕਦੇ ਮੁਆਫ ਨਹੀਂ ਕੀਤੀ ਜਾ ਸਕਦੀ।

ਦੇਰੀ ਕਈ ਮੌਕਿਆਂ ਤੇ ਰੂਪਾਂ ਵਿਚ ਜ਼ਿੰਦਗੀ ਦੇ ਦਰ 'ਤੇ ਦਸਤਕ ਦਿੰਦੀ। ਇਹ ਦੇਰੀ ਕਈ ਵਾਰ ਅਵੇਸਲਾਪਣ ਹੁੰਦਾ। ਕਈ ਵਾਰ ਇਹ ਜਾਣ ਬੁੱਝ ਕੇ ਆਪਣੀ ਮਹੱਤਤਾ ਦਿਖਾਉਣ ਵਾਸਤੇ ਵੀ ਹੁੰਦੀ। ਅਜਿਹੇ ਲੋਕ ਦੇਰੀ ਨੂੰ ਦਰੁਸਤ ਸਾਬਤ ਕਰਨ ਲਈ ਕਈ ਬਹਾਨੇ ਘੜਦੇ, ਪਰ ਦੇਰੀ ਤਾਂ ਆਖਰ ਦੇਰੀ ਹੀ ਹੁੰਦੀ।

ਕਈ ਵਾਰ ਦੇਰੀ ਕੀਤਿਆਂ ਅਹਿਮ ਮੌਕੇ ਜਾਂ ਚੰਗੀਆਂ ਸੰਭਾਵਨਾਵਾਂ ਹੱਥੋਂ ਨਿਕਲ ਜਾਂਦੀਆਂ, ਜਿਨ੍ਹਾਂ ਨੇ ਸੁਪਨ-ਨਗਰੀ ਨੂੰ ਜਾਂਦਾ ਰਾਹ ਬਣਨਾ ਹੁੰਦਾ।

ਕਈ ਵਾਰ ਦੇਰੀ ਨੂੰ ਸਮਝਿਆ ਜਾ ਸਕਦਾ। ਕੁਝ ਬੇਕਾਬੂ ਕਾਰਨਾਂ ਕਰਕੇ, ਕੁਝ ਮਜ਼ਬੂਰੀਆਂ ਕਰਕੇ ਜਾਂ ਅਣਸੁਖਾਵੇਂ ਹਾਲਤਾਂ ਕਰਕੇ, ਪਰ ਕਈ ਵਾਰ ਦੇਰੀ ਦੇ ਬਹੁਤੇ ਮਾਅਨੇ ਨਹੀਂ ਹੁੰਦੇ। ਕੁਝ ਕੰਮਾਂ ਜਾਂ ਮੌਕਿਆਂ 'ਤੇ ਦੇਰੀ ਕੋਈ ਅਰਥ ਨਹੀਂ ਰੱਖਦੀ, ਜਦ ਹਾਜ਼ਰੀ ਜਾਂ ਗੈਰ-ਹਾਜ਼ਰੀ ਇਕ ਬਰਾਬਰ ਹੀ ਹੁੰਦੀ; ਪਰ ਕੁਝ ਅਜਿਹਾ ਵਕਤ ਜਾਂ ਖਾਸ ਕਾਰਨ ਹੁੰਦੇ, ਜਦ ਦੇਰੀ ਦਾ ਕਿਆਸਣਾ ਵੀ ਪਾਪ ਹੁੰਦਾ। ਇਹ ਪਾਪ ਸਾਰੀ ਉਮਰ ਇਕ ਟੀਸ ਬਣ ਕੇ ਰੜਕਦਾ ਰਹਿੰਦਾ ਅਤੇ ਇਸ ਦੀ ਚਸਕ ਵਿਚ ਜਿਉਣਾ ਹੀ ਦੁੱਭਰ ਹੋ ਜਾਂਦਾ।

ਦੇਰੀ ਬਹੁਤ ਘਾਤਕ ਹੁੰਦੀ, ਜਦ ਅਸੀਂ ਆਪਣੇ ਸੁਪਨੇ ਲੈਣ ਵਿਚ ਘਾਲੋਂ ਕਰਦੇ ਹਾਂ। ਕਦੇ ਵੀ ਸੁਪਨੇ ਲੈਣ ਵਿਚ ਦੇਰੀ ਨਾ ਕਰੋ ਅਤੇ ਇਨ੍ਹਾਂ ਦੀ ਪੂਰਤੀ ਕਰਨ ਤੋਂ ਅਵੇਸਲੇ ਨਾ ਹੋਵੋ ਕਿਉਂਕਿ ਸਮਾਂ ਕਿਸੇ ਦੀ ਉਡੀਕ ਨਹੀਂ ਕਰਦਾ। ਦੇਰੀ ਕਾਰਨ ਹੱਥੋਂ ਤਿਲਕ ਚੁਕਾ ਸੁਪਨਾ ਮੁੜ ਨਹੀਂ ਥਿਆਉਂਦਾ। ਪਿਛੋਂ ਅਸੀਂ ਸੁਪਨਿਆਂ ਦਾ ਸੋਗ ਮਨਾਉਣ ਜੋਗੇ ਹੀ ਰਹਿ ਜਾਂਦੇ ਹਾਂ, ਕਿਉਂਕਿ ਸੁਪਨੇ ਲੈਣ ਅਤੇ ਇਨ੍ਹਾਂ ਦੀ ਪੂਰਤੀ ਦਾ ਖਾਸ ਸਮਾਂ ਹੁੰਦਾ। ਕਈ ਵਾਰ ਹਾਲਾਤ ਸਾਜ਼ਗਾਰ ਨਾ ਹੋਣ 'ਤੇ ਕੁਝ ਅਜਿਹੇ ਵੀ ਸੁਪਨੇ ਹੁੰਦੇ, ਜਿਨ੍ਹਾਂ ਨੂੰ ਕੁਝ ਸਮੇਂ ਲਈ ਘੱਟ ਅਹਿਮੀਅਤ ਦਿਤੀ ਜਾ ਸਕਦੀ, ਪਰ ਇਹ ਕਦੇ ਵੀ ਮਨ ਵਿਚੋਂ ਨਹੀਂ ਨਿਕਲਦੇ। ਇਹ ਸੁਪਨਾ ਕਿਸੇ ਕਲਾ ਨੂੰ ਅਪਨਾਉਣ ਦਾ ਹੋਵੇ, ਉਚੇਰੀ ਵਿਦਿਆ ਪ੍ਰਾਪਤੀ ਦਾ ਹੋਵੇ, ਦੂਰ-ਦੇਸਾਂਤਰਾਂ ਦੀ ਸੈਰ ਕਰਨ ਦਾ ਹੋਵੇ ਜਾਂ ਆਪਣੇ ਹਿੱਸੇ ਦੀ ਜ਼ਿੰਦਗੀ ਜਿਉਣ ਦਾ ਹੋਵੇ-ਇਸ ਵਿਚ ਕਦੇ ਦੇਰੀ ਨਾ ਕਰਿਓ, ਕਿਉਂਕ ਮੌਤ ਅਤੇ ਮਾਤਮ ਦਾ ਕੋਈ ਵਸਾਹ ਨਹੀਂ। ਆਖਰ ਨੂੰ ਇਕ ਮਰਸੀਆ ਹੀ ਸਾਡੀ ਲਈ ਅਕੀਦਤ ਹੋ ਨਿਬੜਨਾ ਏ। ਜਿਹੜੇ ਲੋਕ ਆਪਣੇ ਸ਼ੌਕ ਪੂਰੇ ਕਰਨ, ਫੱਕਰਤਾ ਨੂੰ ਮਾਣਨ ਜਾਂ ਦਰਵੇਸ਼ਾਂ ਜਿਹੀ ਰੂਹ-ਰਵਾਨਗੀ ਬਣਾਉਣ ਤੋਂ ਦੇਰੀ ਕਰਦੇ, ਉਹ ਆਖਰ ਨੂੰ ਇਕ ਹਨੇਰਾ ਪੱਲੇ ਬੰਨ, ਇਸ ਜਹਾਨ ਤੋਂ ਰੁਖਸਤ ਹੋ ਜਾਂਦੇ ਅਤੇ ਇਸ ਰੁਖਸਤਗੀ ਦਾ ਕਿਸੇ ਨੂੰ ਕੋਈ ਘਾਟਾ ਨਹੀਂ ਪੈਂਦਾ। ਯਾਦ ਰੱਖਣਾ! ਜੀਵਨ ਇਕ ਵਾਰ ਮਿਲਦਾ ਅਤੇ ਉਸਾਰੂ ਰੂਪ ਵਿਚ ਮਨ ਦੀਆਂ ਮੌਜਾਂ ਦੀ ਪੂਰਤੀ ਅਤੇ ਜ਼ਿੰਦਗੀ ਨੂੰ ਆਪਣੇ ਰੰਗ-ਢੰਗ ਨਾਲ ਜਿਉਣ ਵਿਚ ਕਦੇ ਦੇਰੀ ਨਾ ਕਰਿਓ। ਭਾਵੇਂ ਕੋਈ ਸਮਾਜਕ ਭਲਾਈ ਦਾ ਕਾਰਜ ਹੋਵੇ, ਖਾਸ ਉਦੇਸ਼ ਨੂੰ ਸਮਰਪਿਤ ਹੋਣਾ ਹੋਵੇ ਜਾਂ ਨਵੀਂ ਸੇਧ ਦੇਣ ਪ੍ਰਤੀ ਖੁਦ ਨੂੰ ਸਮਰਪਿਤ ਕਰਨਾ ਹੋਵੇ। ਅਜਿਹੇ ਕਾਰਜਾਂ ਵਿਚ ਦੇਰੀ ਕਾਰਨ, ਸੁਪਨਿਆਂ ਦੇ ਸੱਚ ਦਾ ਅਧੂਰਾ ਰਹਿਣ ਦਾ ਬਹੁਤ ਡਰ ਹੁੰਦਾ।

ਕਦੇ ਵੀ ਆਪਣੇ ਦੋਸਤਾਂ-ਮਿੱਤਰਾਂ ਨੂੰ ਮਿਲਣ ਜਾਂ ਸੁੱਖ-ਸਾਂਦ ਪੁੱਛਣ ਵਿਚ ਦੇਰ ਨਾ ਕਰਿਓ। ਸਮਾਂ ਕੱਢ ਕੇ ਉਨ੍ਹਾਂ ਨਾਲ ਬੀਤੇ ਹੋਏ ਵਕਤ ਨੂੰ ਜੀਵੋ। ਬਚਪਨੀ ਗੱਲਾਂ ਕਰੋ। ਨਿਰ-ਉਚੇਚ ਬਾਤਾਂ ਦੇ ਹੁੰਗਾਰਿਆਂ ਵਿਚੋਂ ਤੁਹਾਨੂੰ ਬਚਪਨੀ ਬਾਦਸ਼ਾਹਤ ਦੇ ਪਲ ਮਿਲਣਗੇ, ਜੋ ਤੁਹਾਡੇ ਚੇਤਿਆਂ ਵਿਚੋਂ ਵੀ ਖੁਰ ਚੁਕੇ ਨੇ। ਉਨ੍ਹਾਂ ਦੇ ਪਰਿਵਾਰਾਂ ਤੇ ਕਾਰੋਬਾਰ ਬਾਰੇ, ਪੁਰਾਣੇ ਸਕੂਲ ਤੇ ਪਿੰਡ ਦੇ ਦਿਨਾਂ ਬਾਰੇ ਨਿੱਕੀਆਂ ਗੱਲਾਂ ਵਿਚੋਂ ਜੀਵਨ ਦਾ ਹੁਸਨ ਨਜ਼ਰ ਆਵੇਗਾ। ਜੀਵਨ ਦੇ ਰੂਹਾਨੀ ਵੇਲਿਆਂ ਨੂੰ ਯਾਦ ਕਰਕੇ, ਖੁਦ 'ਤੇ ਹੱਸੋਗੇ ਵੀ ਅਤੇ ਖੁਦ ਦਾ ਮਜ਼ਾਕ ਵੀ ਬਣਾਉਗੇ ਕਿ ਕਿਹੋ ਜਿਹੇ ਸਨ ਉਹ ਬਚਪਨ ਦੇ ਦਿਨ, ਉਹ ਸ਼ਰਾਰਤਾਂ ਅਤੇ ਅਲਮਸਤੀ। ਪਤਾ ਨਹੀਂ ਜੀਵਨੀ ਸਫਰ ਦੇ ਕਿਸ ਮੋੜ 'ਤੇ ਕਿਸ ਦਾ ਸਾਥ ਛੁੱਟ ਜਾਵੇ? ਕਿਹੜੀ ਸਵਾਰੀ ਕਿਸ ਜੱਗ-ਸਟੇਸ਼ਨ 'ਤੇ ਉਤਰ ਜਾਵੇ? ਕਿਹੜਾ ਸੱਜਣ ਦੁਨੀਆਂ ਦੇ ਭਰੇ ਮੇਲੇ ਵਿਚੋਂ ਸਦਾ ਲਈ ਗਵਾਚ ਜਾਵੇ? ਇਸ ਲਈ ਜਰੂਰੀ ਹੈ ਕਿ ਸੱਜਣ- ਮਿਲਣੀਆਂ, ਚਿੱਠੀਆਂ ਪਾਉਣ ਜਾਂ ਫੋਨ ਕਰਨ ਵਿਚ ਕੁਤਾਹੀ ਨਾ ਕਰਨਾ। ਅਜਿਹੀ ਦੇਰੀ ਕਾਰਨ ਬਹੁਤ ਕੁਝ ਖੁੱਸ ਜਾਂਦਾ, ਜੋ ਸਾਡੀ ਵਿਰਾਸਤ ਹੁੰਦਾ। ਵਿਰਾਸਤ ਨਾਲੋਂ ਟੁੱਟਣ ਵਾਲੇ ਜਾਂ ਅਣਦੇਖੀ ਕਰਨ ਵਾਲਿਆਂ ਦੀਆਂ ਸਿੱਲੀਆਂ ਅੱਖਾਂ ਵਿਚ ਨੁੱਚੜਦੀ ਰਹਿੰਦੀ ਹੈ, ਪੁਰਾਣੀਆਂ ਯਾਦਾਂ ਦੀ ਦਾਸਤਾਨ।

ਕਦੇ ਵੀ ਦੇਰ ਨਾ ਕਰਿਓ ਰੁੱਸਿਆਂ ਨੂੰ ਮਨਾਉਣ, ਗਿਲੇ ਸ਼ਿਕਵਿਆਂ ਨੂੰ ਦੂਰ ਕਰਨ, ਗਲਤਫਹਿਮੀਆਂ ਦਾ ਬੀਜ ਨਾਸ਼ ਕਰਨ ਅਤੇ ਮਨਾਂ ਦੀਆਂ ਵਿੱਥਾਂ ਨੂੰ ਮਿਟਾਉਣ ਲਈ। ਇਹ ਗਲਤਫਹਿਮੀਆਂ, ਰੋਸੇ, ਸ਼ਿਕਵੇ ਜਾਂ ਗੁੱਸੇ-ਗਿੱਲੇ ਨਿਚੋੜ ਲੈਂਦੇ ਨੇ ਖੂਨ, ਤਿੱੜਕ ਕਰਕੇ ਟੁੱਟ ਜਾਂਦੀਆਂ ਨੇ ਉਮਰਾਂ ਦੀਆਂ ਸਕੀਰੀਆਂ, ਤੂਤ ਦੇ ਮੋਛੇ ਵਰਗੇ ਸਾਕ ਹੋ ਜਾਂਦੇ ਟੋਟਾ-ਟੋਟਾ ਅਤੇ ਜਾਨ ਵਾਰਨ ਵਾਲੇ ਹੀ ਬਣ ਜਾਂਦੇ ਨੇ ਜਾਨ ਦੇ ਦੁਸ਼ਮਣ। ਇਹ ਜਾਇਦਾਦਾਂ, ਧਨ-ਦੌਲਤ, ਬੰਗਲੇ/ਕੋਠੀਆਂ ਜਾਂ ਕਾਰਾਂ ਸਕੀਆਂ ਨਹੀਂ ਹੁੰਦੀਆਂ। ਇਹ ਅਜਿਹੇ ਸਬੰਧ ਨਹੀਂ ਹੁੰਦੇ, ਜਿਨ੍ਹਾਂ ਵਿਚ ਅਹਿਸਾਸ ਜਾਂ ਭਾਵਨਾਵਾਂ ਹੋਣ, ਜੋ ਦੁੱਖ-ਦਰਦ ਵੰਡਾ ਸਕਣ, ਜਿਨ੍ਹਾਂ ਦੇ ਮੋਢੇ ਲੱਗ ਕੇ ਦਿਲ ਦਾ ਦਰਦ ਫਰੋਲਿਆ ਜਾ ਸਕੇ, ਜੋ ਸਿਸਕੀਆਂ ਨੂੰ ਸਮਝਣ, ਹਉਕਿਆਂ ਦਾ ਹੁੰਗਾਰਾ ਬਣ ਜਾਣ ਜਾਂ ਤੁਹਾਡੇ ਜ਼ਖਮਾਂ ਨੂੰ ਸਹਿਲਾਅ, ਮਰ੍ਹਮ ਦਾ ਬੰਦੋਬਸਤ ਕਰ ਸਕਣ। ਸਿਰਫ ਆਪਣੇ ਹੀ ਹੁੰਦੇ, ਜੋ ਤੁਹਾਡੇ ਸਾਹਾਂ ਨੂੰ ਸੰਦਲੀ ਰੰਗਤ ਬਖਸ਼ਦੇ, ਜੋ ਸੁੱਖਾਂ ਮੰਗਦੇ ਤੇ ਤੁਹਾਡੀ ਸਦੀਵਤਾ ਵਿਚੋਂ ਆਪਣੀ ਹੋਂਦ ਲੋਚਦੇ। ਰਸੋਈ ਵਿਚ ਪਏ ਭਾਂਡੇ ਖੜਕਦੇ ਨੇ, ਪਰ ਟੁੱਟਣੇ ਨਹੀਂ ਚਾਹੀਦੇ। ਰੋਸੇ-ਗਿਲੇ ਮਿਲ ਬੈਠ ਕੇ ਦੂਰ ਕਰੋ। ਜੀਵਨ ਬਹੁਤ ਹੀ ਸੁੰਦਰ ਅਤੇ ਸੁਹੰਢਣਾ ਹੋ ਜਾਵੇਗਾ। ਇਹ ਰੋਸੇ-ਸ਼ਿਕਵੇ, ਭੈਣ-ਭਰਾਵਾਂ, ਮੀਆਂ-ਬੀਵੀ, ਸਕੇ-ਸਬੰਧੀਆਂ ਜਾਂ ਨੇੜਲੀਆਂ ਰਿਸ਼ਤੇਦਾਰੀਆਂ 'ਚ ਅਕਸਰ ਹੀ ਹੁੰਦੇ। ਇਨ੍ਹਾਂ ਨੂੰ ਕੰਡਿਆਲੀ ਦੀਵਾਰ ਨਾ ਬਣਾਓ, ਸਗੋਂ ਇਸ ਵਿਚ ਮਘੋਰਾ ਜਰੂਰ ਰੱਖੋ, ਆਉਣ-ਜਾਣ ਲਈ ਜਾਂ ਇਕ ਪੌੜੀ ਹੋਵੇ, ਇਕ ਦੂਜੇ ਦੀ ਸੁੱਖ-ਸਾਂਦ ਪੁੱਛਣ ਤੇ ਸਾਰ ਲੈਣ ਲਈ। ਅਜਿਹੇ ਨੇਕ ਕਾਰਜ ਵਿਚ ਕੀਤੀ ਦੇਰੀ ਸਮਾਜਕ ਤਾਣੇ-ਬਾਣੇ ਨੂੰ ਉਧੇੜ ਦਿੰਦੀ ਏ। ਟੁੱਟੇ ਰਿਸ਼ਤਿਆਂ ਦੇ ਜੁੜਨ 'ਤੇ ਪਈ ਗੰਢ ਹਮੇਸ਼ਾ ਰੜਕਦੀ ਰਹਿੰਦੀ ਹੈ। ਕਦੇ ਵੀ ਟੁੱਟਣ ਦੀ ਨੌਬਤ ਨਾ ਆਉਣ ਦਿਓ। ਵੇਲੇ ਸਿਰ ਕੁਝ ਅਜਿਹਾ ਕਰੋ ਕਿ ਸੁੰਦਰ ਜੀਵਨ ਨੂੰ ਹੋਰ ਸੁਹੱਪਣ, ਸੁਚਿਆਰਾਪਣ, ਸੁਹਜ ਅਤੇ ਸਦੀਵਤਾ ਦਾ ਸ਼ਗਨ ਮਿਲੇ।

> ***ਇਹ ਜਾਇਦਾਦਾਂ, ਧਨ-ਦੌਲਤ, ਬੰਗਲੇ/ਕੋਠੀਆਂ ਜਾਂ ਕਾਰਾਂ ਸਕੀਆਂ ਨਹੀਂ ਹੁੰਦੀਆਂ। ਇਹ ਅਜਿਹੇ ਸਬੰਧ ਨਹੀਂ ਹੁੰਦੇ, ਜਿਨ੍ਹਾਂ ਵਿਚ ਅਹਿਸਾਸ ਜਾਂ ਭਾਵਨਾਵਾਂ ਹੋਣ, ਜੋ ਦੁੱਖ-ਦਰਦ ਵੰਡਾ ਸਕਣ, ਜਿਨ੍ਹਾਂ ਦੇ ਮੋਢੇ ਲੱਗ ਕੇ ਦਿਲ ਦਾ ਦਰਦ ਫਰੋਲਿਆ ਜਾ ਸਕੇ, ਜੋ ਸਿਸਕੀਆਂ ਨੂੰ ਸਮਝਣ, ਹਉਕਿਆਂ ਦਾ ਹੁੰਗਾਰਾ ਬਣ ਜਾਣ ਜਾਂ ਤੁਹਾਡੇ ਜ਼ਖਮਾਂ ਨੂੰ ਸਹਿਲਾਅ, ਮਰ੍ਹਮ ਦਾ ਬੰਦੋਬਸਤ ਕਰ ਸਕਣ। ਸਿਰਫ ਆਪਣੇ ਹੀ ਹੁੰਦੇ, ਜੋ ਤੁਹਾਡੇ ਸਾਹਾਂ ਨੂੰ ਸੰਦਲੀ ਰੰਗਤ ਬਖਸ਼ਦੇ, ਜੋ ਸੁੱਖਾਂ ਮੰਗਦੇ ਤੇ ਤੁਹਾਡੀ ਸਦੀਵਤਾ ਵਿਚੋਂ ਆਪਣੀ ਹੋਂਦ ਲੋਚਦੇ।***

ਜੀਵਨ ਦੁਸ਼ਵਾਰੀਆਂ ਅਤੇ ਸੁੱਖਦ ਪਲਾਂ ਦਾ ਮਿਲਗੋਭਾ। ਦੁੱਖਾਂ ਅਤੇ ਸੁੱਖਾਂ ਦਾ ਸੰਗਮ। ਮਿਲਾਪ ਅਤੇ ਵਿਛੋੜੇ ਦੀ ਸੁਰ-ਸਾਂਝ। ਆਪਣੇ ਅਤੇ ਪਰਾਇਆਂ ਦਾ ਸਮਤੋਲ। ਗਲਤ ਅਤੇ ਸਹੀ ਰਾਹਾਂ ਦਾ ਜੰਕਸ਼ਨ। ਜੇ ਕਦੇ ਅਣਜਾਣੇ ਵਿਚ ਗਲਤ ਰਾਹ 'ਤੇ ਤੁਰ ਪਵੋ ਤਾਂ ਇਸ ਰਾਹ 'ਤੇ ਸਦਾ ਨਾ ਤੁਰੋ। ਰੁਕੋ, ਸੋਚੋ, ਸੰਭਲੋ ਅਤੇ ਜੀਵਨੀ ਤੋਰ ਨੂੰ ਸੁਖਾਵਾਂ ਮੋੜ ਦਿਓ। ਬਦਲੀਆਂ ਤਰਜ਼ੀਹਾਂ ਅਤੇ ਤਦਬੀਰਾਂ ਨੂੰ ਤਕਦੀਰ ਬਣਾਓ। ਮੋੜ ਕੱਟਣ ਵਿਚ ਕਦੇ ਵੀ ਦੇਰੀ ਨਾ ਕਰੋ, ਕਿਉਂਕਿ ਅਜਿਹੀ ਦੇਰੀ ਵਿਨਾਸ਼ ਹੋ ਸਕਦੀ, ਜੋ ਕਿਸੇ ਰਸਾਤਲ ਵਿਚ ਧਕੇਲ ਸਕਦੀ। ਕਿਸੇ ਖੂਹ-ਖਾਤੇ ਵਿਚ ਡਿੱਗਣ, ਘੁੱਪ ਹਨੇਰਿਆਂ ਵਿਚ ਜੀਵਨੀ ਕਾਲਖ ਹੰਢਾਉਣ ਤੋਂ ਬਿਹਤਰ ਹੁੰਦਾ ਕਿ ਕੁਝ ਪਲ ਲਈ ਰੁਕੋ, ਸਰਘੀ ਦੀ ਉਡੀਕ ਕਰੋ ਅਤੇ ਫਿਰ ਉਗਦੇ ਸੂਰਜ ਦੀ ਲੋਅ ਵਿਚ ਆਪਣੇ ਰਾਹਾਂ ਨੂੰ ਅਜਿਹਾ ਮੋੜਾ ਦਿਓ, ਜੋ ਸਰਘੀ ਨੂੰ ਜਾਂਦਾ ਮਾਰਗ ਹੋਵੇ ਅਤੇ ਜੋ ਕਰਮ-ਰੇਖਾਵਾਂ ਨੂੰ ਕਲਾਮਈ, ਕਰਤਾਰੀ ਅਤੇ ਕ੍ਰਿਸ਼ਮਈ ਕਰਦਾ ਹੋਵੇ। ਗਲਤ ਰਾਹਾਂ 'ਤੇ ਤੁਰਨ ਵਾਲੇ ਗਲਤ ਲੋਕ, ਸਮਾਜ ਲਈ ਨਮੋਸ਼ੀ ਹੁੰਦੇ; ਪਰ ਗਲਤ ਰਾਹਾਂ ਤੋਂ ਪਾਸਾ ਵੱਟ ਕੇ, ਚਾਨਣ ਵੰਡਦੀਆਂ ਰਾਹਾਂ ਨੂੰ ਮਕਸਦ ਬਣਾਉਣ ਵਾਲਿਆਂ ਨੂੰ ਲੋਕ ਸਲਾਮਾਂ ਕਰਦੇ। ਗਲਤੀ ਹੋ ਜਾਂਦੀ ਹੈ, ਪਰ ਗਲਤੀ ਨੂੰ ਦਰੁਸਤ ਕਰਨ ਵਿਚ ਕੀਤੀ ਦੇਰੀ ਮੁਆਫ ਨਹੀਂ ਹੋ ਸਕਦੀ। ਸੋ ਲੋੜ ਹੈ, ਜਲਦੀ ਜਲਦੀ ਤੋਂ ਜਲਦੀ ਗਲਤੀ ਸੁਧਾਰ ਕੇ ਚੰਗੀਆਂ ਰਾਹਾਂ, ਚੰਗੇਰੇ ਵਿਚਾਰਾਂ ਅਤੇ ਸੂਰਜ-ਮੰਡਲ ਤੋਂ ਆਉਂਦੀਆਂ ਕਿਰਨਾਂ ਨਾਲ ਸਾਂਝ ਪਾਓ। ਅੰਤਰੀਵ ਰੁਸ਼ਨਾਓ ਅਤੇ ਆਲੇ-ਦੁਆਲੇ ਵੀ ਚਾਨਣਾਂ ਦਾ ਜਾਗ ਲਾਓ।

ਬੱਚਿਆਂ ਨੂੰ ਅਣਗੌਲੇ ਕੀਤਿਆਂ ਬੱਚੇ ਗਵਾਚ ਜਾਂਦੇ ਨੇ। ਮਾਪਿਆਂ ਤੋਂ ਬਹੁਤ ਦੂਰ ਚਲੇ ਜਾਂਦੇ ਅਤੇ ਫਿਰ ਇਨ੍ਹਾਂ ਦਾ ਵਾਪਸ ਪਰਤਣਾ ਬਹੁਤ ਮੁਸ਼ਕਿਲ ਹੁੰਦਾ। ਇਸ ਤੋਂ ਪਹਿਲਾਂ ਕਿ ਬੱਚੇ ਮਾਪਿਆਂ ਤੋਂ ਦੂਰੀ ਬਣਾਉਣ, ਉਨ੍ਹਾਂ ਦੇ ਮਨਾਂ ਵਿਚ ਮਾਪਿਆਂ ਪ੍ਰਤੀ ਤਲਖੀ ਪੈਦਾ ਹੋਵੇ ਅਤੇ ਅਪਣੱਤ ਖਤਮ ਹੋ ਜਾਵੇ, ਬੱਚਿਆਂ ਨੂੰ ਸੰਭਾਲੋ। ਬੁੱਕਲ ਵਿਚ ਲਓ ਅਤੇ ਆਪਣੇ ਖੰਭਾਂ ਹੇਠ ਲੈ ਕੇ ਉਡਣ ਦੀ ਜਾਚ ਸਿਖਾਓ। ਜੀਵਨ ਦੀਆਂ ਤਲਖ ਹਕੀਕਤਾਂ ਦਾ ਸਾਹਮਣਾ ਕਰਨਾ ਸਿਖਾਓ। ਇਸ ਵਿਚ ਕਦੇ ਦੇਰੀ ਨਾ ਕਰਿਓ। ਇਹ ਦੇਰੀ ਬਹੁਤ ਮਹਿੰਗੀ ਹੁੰਦੀ। ਬੱਚੇ, ਘਰ ਅਤੇ ਮਾਪਿਆਂ ਤੋਂ ਉਚਾਟ ਹੋ ਜਾਂਦੇ। ਘਰ ਦਾ ਮਾਹੌਲ ਭਾਰੀ ਹੋ ਜਾਂਦਾ। ਘਰ ਅਤੇ ਘਰ ਵਾਲਿਆਂ ਤੋਂ ਦੂਰੀ ਹੀ ਉਨ੍ਹਾਂ ਨੂੰ ਨਸ਼ਿਆਂ ਵਿਚੋਂ ਸਕੂਨ ਭਾਲਣ ਲਈ ਮਜ਼ਬੂਰ ਕਰਦੀ। ਕਦੇ ਉਹ ਗਲਤ ਸੰਗਤ ਵਿਚ ਦਿਲ ਦੀ ਚੀਸ ਨੂੰ ਲੁਕਾਉਣ ਦਾ ਯਤਨ ਕਰਦੇ। ਦੇਰ ਤੀਕ ਘਰ ਨਾ ਪਰਤਣਾ, ਬੰਦ-ਕਮਰੇ ਤੀਕ ਹੀ ਖੁਦ ਨੂੰ ਸੀਮਤ ਕਰਨਾ ਅਤੇ ਫੋਨ ਤੇ ਕੰਪਿਊਟਰ ਦੁਆਲੇ ਹੀ ਕੇਂਦ੍ਰਿਤ ਕਰਨ ਵਾਲੇ ਬੱਚਿਆਂ ਦਾ ਮਾਪਿਆਂ ਨਾਲ ਕੋਈ ਮੋਹ ਨਹੀਂ ਹੁੰਦਾ। ਅਜਿਹੇ ਬੱਚਿਆਂ ਨੂੰ ਪਲੋਸੋ, ਹਮਦਰਦ ਬਣੋ, ਉਨ੍ਹਾਂ ਦੀਆਂ ਖੇਡਾਂ ਵਿਚ ਸ਼ਾਮਲ ਹੋਵੋ ਅਤੇ ਆਪਣਾ ਯਾਰ ਤੇ ਹਮਜੋਲੀ ਬਣਾਓ। ਨਿੱਕੀਆਂ ਬਾਤਾਂ ਕਰਦਿਆਂ ਉਸ ਦੀ ਚੇਤਨਾ ਵਿਚ ਪਨਪ ਰਹੇ ਵਿਚਾਰਾਂ ਦੀ ਸੂਹ ਲਓ। ਫਿਰ ਅਚੇਤ ਰੂਪ ਵਿਚ ਇਨ੍ਹਾਂ ਵਿਚਾਰਾਂ ਨੂੰ ਸੁਚਾਰੂ ਪਾਸੇ ਵੰਨੀ ਮੋੜਾ ਦਿਓ। ਬੱਚਿਆਂ ਨੂੰ ਆਪਣਾ ਆਪ, ਘਰ ਅਤੇ ਮਾਪੇ ਚੰਗੇ ਲੱਗਣ ਲੱਗ ਪੈਣਗੇ। ਇਸ ਉਸਾਰੂ ਅਤੇ ਪਾਕ ਕਾਰਜ ਵਿਚ ਦੇਰੀ ਕਿਉਂ? ਜਿਹੜੇ ਮਾਪੇ ਇਸ ਵਿਚ ਦੇਰੀ ਕਰਦੇ ਨੇ, ਉਹ ਸਾਰੀ ਉਮਰ ਇਕ ਪਛਤਾਵਾ ਢੋਣ ਜੋਗੇ ਰਹਿ ਜਾਂਦੇ। ਜਦ ਬੱਚੇ ਘਰ ਨੂੰ ਬੇਦਾਵਾ ਦੇ ਜਾਂਦੇ ਅਤੇ ਭਾਂ ਭਾਂ ਕਰਦੇ ਕਮਰੇ ਤੇ ਕੰਧਾਂ ਕਬਰਾਂ ਜਿਹੀਆਂ ਲੱਗਦੀਆਂ। ਭਲਾ ਕਬਰਾਂ ਵਰਗੀ ਚੁੱਪ ਵਿਚ ਬੰਦਾ ਕਿੰਨਾ ਕੁ ਚਿਰ ਜੀਅ ਸਕਦਾ? ਅਜਿਹੀ ਸੁੰਨਸਾਨ ਨੂੰ ਮੁਖਾਤਬ ਹੋਣ ਤੋਂ ਚੰਗਾ ਹੈ ਕਿ ਬੱਚਿਆਂ ਦੀਆਂ ਕਿੱਲਕਾਰੀਆਂ, ਉਨ੍ਹਾਂ ਦੇ ਲੜਾਈਆਂ-ਝਗੜਿਆਂ ਅਤੇ ਖੇਲ-ਤਮਾਸ਼ਿਆਂ ਨੂੰ ਘਰ ਦੀਆਂ ਕੰਧਾਂ ਵਿਚ ਜ਼ੀਰਨ ਦਿਓ। ਜਦ ਉਹ ਆਪ ਉਡਾਰੀ ਭਰ ਕੇ, ਨਵਾਂ ਸੰਸਾਰ ਵਸਾਉਣ ਲਈ ਉਡਾਰੀ ਮਾਰਨਗੇ ਤਾਂ ਉਨ੍ਹਾਂ ਦੀਆਂ ਗੱਲਾਂ, ਸ਼ਰਾਰਤਾਂ ਅਤੇ ਕਮਰਿਆਂ ਵਿਚਲੀ ਬਚਪਨੀ ਮਹਿਕ ਦੀ ਲਬਰੇਜ਼ਤਾ, ਤੁਹਾਡੇ ਜੀਵਨ ਵਿਚ ਸੰਤੁਸ਼ਟੀ, ਸਬਰ ਅਤੇ ਸੰਤੋਖੀਪੁਣਾ ਭਰਦੀ, ਜੀਵਨ-ਧੰਨਭਾਗਤਾ ਬਣ ਜਾਵੇਗੀ।

ਬੁੱਢੇ ਘਰ ਦੇ ਦਰਾਂ ਵਿਚ ਬੈਠਾ ਬਾਪ ਵੀ ਬੁੱਢੇ-ਵਾਰੇ ਆਪਣੀ ਔਲਾਦ ਨੂੰ ਉਡੀਕਦਾ ਏ, ਮਨ ਦੀਆਂ ਪਰਤਾਂ ਫਰੋਲਣ ਲਈ ਅਤੇ ਔਲਾਦ ਵਿਚੋਂ ਚੰਗਿਆਈ ਤੇ ਭਲਿਆਈ ਦੇ ਨਕਸ਼ ਨਿਹਾਰਨ ਲਈ। ਆਪਣੇ ਬੱਚਿਆਂ ਦੀਆਂ ਕੀਰਤੀਆਂ ਵਿਚੋਂ ਇਕ ਸੰਤੋਖ ਅਤੇ ਸੰਪੂਰਨਤਾ, ਮਨ-ਜੂਹੇ ਉਪਜਾਉਣ ਲਈ। ਬਿਰਧ ਬਾਪ ਨੂੰ ਮਿਲਣ ਲਈ ਬਹਾਨੇ ਨਾ ਬਣਾਓ ਅਤੇ ਨਿੱਤ ਨਵੀਂ ਤਰੀਖ ਨਾ ਪਾਓ, ਕਿਉਂਕਿ ਬਾਪ ਦੇ ਦੀਦਿਆਂ ਵਿਚ ਗੁਜ਼ਰਦਾ ਹਰ ਦਿਨ ਇਕ ਆਸ ਧਰਦਾ ਏ। ਇਸ ਆਸ ਦਾ ਬੇਵਾ ਹੋ ਜਾਣਾ ਬਹੁਤ ਪੀੜਤ ਕਰਦਾ ਏ ਬਾਪ ਨੂੰ। ਫਿਰ ਉਹ ਆਪਣੀਆਂ ਆਂਦਰਾਂ ਤੋਂ ਹੀ ਬਹੁਤ ਦੂਰ ਹੋ ਜਾਂਦਾ ਏ। ਹਤਾਸ਼ ਅਤੇ ਨਿਰਾਸ਼ ਹੋਇਆ ਬਾਪ, ਜਦ ਚੁਗਾਠ ਦੇ ਗਲ ਲੱਗ ਆਪਣਾ ਦਰਦ ਫਰੋਲਦਾ ਏ ਤਾਂ ਦਰ ਬੋੜ੍ਹੇ ਹੋ ਜਾਂਦੇ ਨੇ। ਬਾਪ ਦੀ ਵਿਰਦ-ਵੇਦਨਾ, ਬਹੁਤ ਕੁਝ ਉਸ ਘਰ ਦੇ ਨਾਮ ਕਰ ਜਾਂਦੀ ਏ, ਜਿਸ ਵਿਚੋਂ ਉਡਾਰੂ ਹੋ ਕੇ ਬੱਚੇ, ਬਾਪ ਦੀ ਬਾਤ ਪੁੱਛਣ ਤੋਂ ਵੀ ਆਨਾ-ਕਾਨੀ ਕਰਦੇ ਨੇ। ਬਾਪ-ਰੂਪੀ ਬਿਰਖ ਦੀ ਛਾਂ ਖੁੱਸਣ 'ਤੇ ਲੂੰਹਦੀਆਂ ਨੇ ਤਿੱਖੜ-ਦੁਪਹਿਰਾਂ। ਬੁੱਕਲ ਦਾ ਨਿੱਘ ਦੂਰ ਤੁਰ ਜਾਣ 'ਤੇ ਠਰੇ ਪਲਾਂ ਦਾ ਦੰਦੋੜਿਕਾ ਬਹੁਤ ਮੁਹਾਲ ਕਰਦਾ ਏ ਜਿਉਣਾ। ਜਿਉਂਦੇ-ਜੀਅ ਬਾਪ ਦੀ ਆਸ ਨੂੰ ਪੂਰਾ ਨਾ ਕਰਨ ਵਾਲਾ ਅਤੇ ਆਖਰੀ ਰਸਮਾਂ ਵਿਚ ਹਾਜ਼ਰ ਹੋਣ ਵਾਲਾ, ਪਿਛੋਂ ਕਬਰਾਂ ਦੀ ਚੁੱਪ ਨੂੰ ਹੀ ਆਪਣੀਆਂ ਸੋਚਾਂ ਵਿਚ ਭਰਦਾ ਏ, ਕਿਉਂਕਿ ਬਾਪ ਦੇ ਗੁੰਮ ਗਏ ਬੋਲਾਂ ਨੇ ਵਾਪਸ ਨਹੀਂ ਪਰਤਣਾ ਹੁੰਦਾ। ਇਹ ਸੁੰਨ ਸਾਰੀ ਉਮਰ ਬੰਦੇ ਨੂੰ ਜਿਉਣੀ ਪੈਂਦੀ। ਬੋਲਾਂ ਵਿਚ ਸਦੀਵੀ ਹਉਕਾ ਅਤੇ ਹੇਰਵਾ ਧਰ ਜਾਂਦੀ। ਜਿਉਂਦੇ-ਜੀਅ ਬਾਪ ਨਾਲ ਕੀਤੀਆਂ ਨਿੱਕੀਆਂ ਨਿੱਕੀਆਂ ਗੱਲਾਂ, ਉਨ੍ਹਾਂ ਦੇ ਝੁਰੜੀਆਂ ਭਰੇ ਹੱਥਾਂ ਨੂੰ ਸਹਿਲਾਉਣਾ, ਆਖਰੀ ਪਲਾਂ ਵਿਚ ਕੀਤੀ ਗਈ ਟਹਿਲ-ਸੇਵਾ ਨੂੰ ਉਨ੍ਹਾਂ ਦੇ ਤੁਰ ਜਾਣ ਪਿਛੋਂ ਵੀ ਜਦ ਯਾਦ ਕਰੋਗੇ ਤਾਂ ਇਕ ਸੁਖਨ-ਸਬੂਰੀ ਤੁਹਾਡੀ ਰੂਹ ਵਿਚ ਨਾਦ ਪੈਦਾ ਕਰੇਗੀ। ਜੇ ਬਾਪ ਬੇ-ਇਲਾਜਾ, ਲਾਵਾਰਸ ਜਾਂ ਬਜੁਰਗ ਘਰ ਵਿਚ ਹੀ ਦਮ ਤੋੜ ਗਿਆ ਤਾਂ ਕਿਵੇਂ ਪਤਾ ਲੱਗੇਗਾ ਕਿ ਆਖਰੀ ਸਾਹ ਲੈਣ ਵੇਲੇ ਬਾਪ ਦੇ ਨੈਣਾਂ ਵਿਚ ਕੀ ਸੀ? ਕਿਵੇਂ ਉਸ ਨੇ ਆਲੇ-ਦੁਆਲੇ ਬੈਠੀ ਔਲਾਦ ਨੂੰ ਨਿਹਾਰਿਆ ਸੀ? ਕਿਸ ਰੂਪ ਜਾਂ ਹਾਲਾਤ ਵਿਚ ਜ਼ਿੰਦਗੀ ਦੇ ਸਫਰ ਨੂੰ ਮੁਕਾਇਆ ਸੀ? ਕਿਵੇਂ ਆਖਰੀ ਸਾਹ ਰਾਹੀਂ ਜੀਵਨ ਨੂੰ ਸੰਪੂਰਨਤਾ ਬਖਸ਼ੀ ਸੀ? ਬਹੁਤ ਯਾਦਾਂ ਜੁੜ ਜਾਂਦੀਆਂ ਨੇ ਮਾਪਿਆਂ ਨਾਲ, ਆਖਰੀ ਵੇਲੇ ਦੀਆਂ। ਮਾਪਿਆਂ ਨੂੰ ਵੀ ਚੰਗਾ ਲੱਗਦਾ ਹੈ ਕਿ ਆਖਰੀ ਸਾਹ ਲੈਣ ਵੇਲੇ ਬੱਚਿਆਂ ਦਾ ਕੋਲ ਹੋਣਾ। ਉਨ੍ਹਾਂ ਦਾ ਹੱਥ ਪਕੜਿਆਂ-ਪਕੜਿਆਂ, ਹੌਲੀ ਹੌਲੀ ਹੱਥ ਖਿਸਕਾ ਕੇ, ਸੁੰਨ-ਸਮਾਧੀ ਵਿਚ ਲੀਨ ਹੋ ਜਾਣਾ। ਅਜਿਹੇ ਯਾਦਗਾਰੀ ਪਲਾਂ ਨੂੰ ਜਿਉਣ ਅਤੇ ਬਾਪ ਦੇ ਆਖਰੀ ਪਲਾਂ ਦੇ ਖਜਾਨੇ ਨਾਲ ਭਰਪੂਰ ਹੋਣ ਵਿਚ ਕਦੇ ਦੇਰ ਨਾ ਕਰਿਓ। ਬਾਪ ਤੁਰ ਜਾਵੇ ਤਾਂ ਮੁੱਕ ਜਾਂਦੀਆਂ ਨੇ ਜੀਵਨ-ਭਰ ਦੀਆਂ ਸਾਂਝਾਂ, ਤਿੜਕ ਜਾਂਦੀਆਂ ਨੇ ਰਿਸ਼ਤਿਆਂ ਦੀਆਂ ਮਾਹੀਨ ਤੰਦਾਂ। ਕਈ ਵਾਰ ਤਾਂ ਬਾਪ ਦੀਆਂ ਅਸਥੀਆਂ ਦੀ ਵੰਡ-ਵੰਡਾਈ ਤੀਕ ਵੀ ਨੌਬਤ ਆ ਜਾਂਦੀ ਏ ਕਿਉਂਕਿ ਕੁਝ ਦੀ ਨੀਅਤ ਤਾਂ ਬਾਪ ਦੀ ਰਾਖ ਦੀ ਵੰਡ ਵਿਚੋਂ ਜਾਇਦਾਦ ਨੂੰ ਹੜੱਪਣ ਦੀ ਜੁ ਹੁੰਦੀ ਆ। ਵਾਸਤਾ ਈ! ਕਦੇ ਵੀ ਬਾਪ ਮਿਲਣ ਲਈ ਤਰਲਾ ਕਰੇ ਤਾਂ ਦੇਰ ਨਾ ਕਰਿਓ, ਕਿਉਂਕਿ ਬਾਪ ਜਦ ਰਿਸੀਵਰ ਵਿਚ ਹਉਕਾ ਧਰਦਾ ਏ ਤਾਂ ਬਹੁਤ ਕੁਝ ਇਸ ਹੌਕੇ ਦੇ ਸੇਕ ਵਿਚ ਹੀ ਝੁਲਸ ਗਿਆ ਹੁੰਦਾ ਏ ਅਤੇ ਤੁਹਾਡੀ ਆਮਦ ਨੇ ਉਸ ਸੇਕ 'ਤੇ ਪਾਣੀ ਤ੍ਰੌਂਕਣਾ ਹੁੰਦਾ। ਬਾਪ ਦੀ ਉਡੀਕ ਅਤੇ ਉਮੀਦ ਨੂੰ ਕਦੇ ਵੀ ਬੇਵਾ ਨਾ ਹੋਣ ਦੇਣਾ। ਗਾਹੇ-ਬਗਾਹੇ ਹੁੰਗਾਰਾ ਜਰੂਰ ਭਰਦੇ ਰਹਿਣਾ।

ਉਸ ਮਾਂ ਨੂੰ ਮਿਲਣ ਲਈ ਦੇਰ ਨਾ ਕਰਿਓ, ਜੋ ਪਰਦੇਸੀ ਪੁੱਤਰ ਦੀ ਉਡੀਕ ਵਿਚ ਦਰਾਂ 'ਤੇ ਧਰਨਾ ਲਾਈ ਬੈਠੀ ਹੈ। ਜੋ ਕੰਧਾਂ 'ਤੇ ਲੀਕਾਂ ਮਾਰ ਕੇ ਅੱਕ ਚੁਕੀ ਹੈ। ਜੋ ਆਪਣੇ ਬੱਚਿਆਂ ਨੂੰ ਯਾਦ ਕਰਦੀ ਕਦੇ ਗੁੱਡੀਆਂ-ਪਟੋਲਿਆਂ ਨਾਲ ਗੱਲਾਂ ਕਰਦੀ ਹੈ, ਕਦੇ ਖਿਡੌਣਿਆਂ ਵਿਚ ਉਨ੍ਹਾਂ ਦੀ ਛੋਹ ਮਾਣਦੀ ਹੈ, ਕਦੀ ਨਿੱਕੇ ਨਿੱਕੇ ਝੱਗਿਆਂ ਤੇ ਪੋਤੜਿਆਂ ਵਿਚੋਂ ਬਚਪਨੀ ਸੂਰਤ ਕਿਆਸਦੀ ਹੈ ਅਤੇ ਕਦੇ ਪੁਰਾਣੀਆਂ ਕਿਤਾਬਾਂ, ਕਾਪੀਆਂ, ਪੈਨਸਿਲਾਂ ਨੂੰ ਫਰੋਲਦੀ, ਉਨ੍ਹਾਂ ਦੇ ਨੈਣਾਂ ਵਿਚ ਉਗੀ ਗਿਆਨ-ਜੋਤ ਵਿਚੋਂ ਆਪਣਾ ਬਿੰਬ ਦੇਖਣਾ ਲੋਚਦੀ ਹੈ। ਮਾਂ ਜੋ ਘਰ ਦੀ ਚਾਰ-ਦੀਵਾਰੀ ਦੀ ਸਲਾਮਤੀ ਦਾ ਖਿਆਲ ਕਰਦੀ ਕਰਦੀ, ਹੁਣ ਆਖਰੀ ਸਾਹਾਂ 'ਤੇ ਹੈ। ਪਤਾ ਨਹੀਂ ਕਦ ਭੌਰ ਉਡਾਰੀ ਮਾਰ ਜਾਵੇ ਅਤੇ ਉਹ ਆਪਣੇ ਬੱਚਿਆਂ ਦੇ ਦੀਦਾਰ ਤੋਂ ਵਾਂਝੀ ਹੀ ਇਸ ਦੁਨੀਆਂ ਤੋਂ ਤੁਰ ਜਾਵੇ। ਇਸ ਤੋਂ ਪਹਿਲਾਂ ਕਿ ਮਾਂ ਸਦੀਵੀ ਵਿਛੋੜਾ ਦੇ ਜਾਵੇ, ਮਾਂ ਨੂੰ ਮਿਲਣ ਲਈ ਦੇਰੀ ਨਾ ਕਰਿਓ। ਮਾਂਵਾਂ ਨੇ ਸਦਾ ਨਹੀਂ ਰਹਿਣਾ। ਮਾਂ ਦੇ ਜਾਣ ਪਿਛੋਂ ਹੀ ਪਤਾ ਲੱਗਦਾ ਕਿ ਮਾਂ ਦੀ ਮਮਤਾ ਦੇ ਕੀ ਅਰਥ ਹੁੰਦੇ? ਮਾਂਵਾਂ ਬੱਚਿਆਂ ਪ੍ਰਤੀ ਕਿੰਨੀਆਂ ਫਿਕਰਮੰਦ ਹੁੰਦੀਆਂ ਅਤੇ ਕਿੰਨਾ ਪਿਆਰ ਜਿਤਾਉਣਾ ਲੋਚਦੀਆਂ? ਉਨ੍ਹਾਂ ਦੇ ਜਿਉਂਦੇ-ਜੀਅ ਅਸੀਸਾਂ ਲੈਣਾ। ਉਸ ਦੇ ਹੱਥਾਂ ਦੀ ਪਕਾਈ ਹੋਈ ਰੋਟੀ ਅਤੇ ਬਣਾਈਆਂ ਪਿੰਨੀਆਂ ਦੀ ਲਜ਼ੀਜ਼ਤਾ ਨੂੰ ਮਾਣ ਲੈਣਾ, ਕਿਉਂਕਿ ਮਾਂ ਦੇ ਜਾਣ ਪਿਛੋਂ ਇਕ ਪਛਤਾਵਾ ਬਾਕੀ ਨਾ ਰਹਿ ਜਾਵੇ। ਇਹ ਕਾਰੋਬਾਰ, ਰੁਝੇਵੇਂ ਤੇ ਦੁਨੀਆਂਦਾਰੀ ਨੇ ਚੱਲਦੇ ਰਹਿਣਾ। ਜੇ ਨਹੀਂ ਰਹਿਣਾ ਤਾਂ ਮਾਂ ਨੇ ਨਹੀਂ ਰਹਿਣਾ ਅਤੇ ਮਾਂ ਪਿਛੋਂ ਕਿਸੇ ਨੇ ਨਹੀਂ ਕਹਿਣਾ ਕਿ ਰੋਟੀ ਖਾਧੀ ਹੈ ਕਿ ਨਹੀਂ? ਵੇ ਪੁੱਤ ਕਦੋਂ ਆਉਣਾ ਏ? ਮਾਂ ਦੇ ਜਾਣ ਪਿਛੋਂ ਘਰ ਬੇਗਾਨਾ ਹੋ ਜਾਂਦਾ ਅਤੇ ਇਸ ਬੇਗਾਨਗੀ

*(ਬਾਕੀ ਅਗਲੇ ਸਫੇ 'ਤੇ)*

# ਖਾਲਿਸਤਾਨੀ ਵਿਚਾਰਧਾਰਾ ਦਾ ਸਰੋਤ

## ਪ੍ਰਤੀਕਰਮ

***ਸੀਨੀਅਰ ਪੱਤਰਕਾਰ ਕਰਮਜੀਤ ਸਿੰਘ ਚੰਡੀਗੜ੍ਹ ਦੀ ਲਿਖਤ 'ਖਾਲਿਸਤਾਨ ਦਾ ਐਲਾਨਨਾਮਾ: ਪ੍ਰਚੰਡ ਜਜ਼ਬਿਆਂ ਦੀ ਨਵੀਂ ਸਵੇਰ, ਨਵੀਂ ਬਹਾਰ' ਬਾਰੇ ਪਿਛਲੇ ਅੰਕਾਂ ਵਿਚ ਅਸੀਂ ਹਜ਼ਾਰਾ ਸਿੰਘ ਮਿਸੀਸਾਗਾ, ਹਰਜੀਤ ਦਿਓਲ ਬਰੈਂਪਟਨ, ਗੁਰਬਚਨ ਸਿੰਘ, ਡਾ. ਬਲਕਾਰ ਸਿੰਘ, ਅਮਰਜੀਤ ਸਿੰਘ ਮੁਲਤਾਨੀ ਅਤੇ ਕਮਲਜੀਤ ਸਿੰਘ ਬਾਸੀ, ਫਰੀਮਾਂਟ ਦੇ ਪ੍ਰਤੀਕਰਮ ਛਾਪ ਚੁਕੇ ਹਾਂ। ਇਨ੍ਹਾਂ ਵਿਚਾਰਕਾਂ ਨੇ ਪੰਜਾਬ ਦੀ ਸਿਆਸਤ ਬਾਰੇ ਕੁਝ ਅਹਿਮ ਨੁਕਤਿਆਂ ਦੀ ਨਿਸ਼ਾਨਦੇਹੀ ਕੀਤੀ। ਇਸ ਵਾਰ ਅਸੀਂ ਸ. ਹਾਕਮ ਸਿੰਘ ਦੇ ਵਿਚਾਰ ਪਾਠਕਾਂ ਦੇ ਰੂ-ਬ-ਰੂ ਕਰ ਰਹੇ ਹਾਂ। -ਸੰਪਾਦਕ***

ਪੰਜਾਬ ਟਾਈਮਜ਼ ਦੇ 2 ਮਈ 2020 ਦੇ ਅੰਕ ਵਿਚ ਸ. ਕਰਮਜੀਤ ਸਿੰਘ ਨੇ "ਖਾਲਿਸਤਾਨ ਦਾ ਐਲਾਨਨਾਮਾ" ਵਿਚ ਖਾਲਿਸਤਾਨੀ ਲਹਿਰ ਦੇ ਸਾਰੇ ਪੱਖਾਂ ਬਾਰੇ ਨਿਰਪੱਖ ਵਿਦਵਾਨਾਂ ਅਤੇ ਪੜ੍ਹੇ ਲਿਖੇ ਤੇ ਸੁਲਝੇ ਨੌਜਵਾਨਾਂ ਨੂੰ ਲਿਖਣ ਲਈ ਸਦਾ ਦਿੱਤਾ ਹੈ। ਉਸ ਲਹਿਰ ਨੇ ਪੰਜਾਬ ਨੂੰ ਬਹੁਤ ਪ੍ਰਭਾਵਤ ਕੀਤਾ ਹੈ ਅਤੇ ਸਿੱਖ ਜਗਤ ਦੀ ਤਾਂ ਕਾਇਆ ਹੀ ਪਲਟ ਦਿੱਤੀ ਹੈ। ਉਸ ਦਾ ਸਾਰੇ ਪੱਖਾਂ ਤੋਂ ਨਿਰਪੱਖ ਅਤੇ

**ਹਾਕਮ ਸਿੰਘ**
**hak1270@yahoo.com**

ਸਹੀ ਮੁਲੰਕਣ ਹੋਣਾ ਬਹੁਤ ਜ਼ਰੂਰੀ ਹੈ। ਲਹਿਰ ਨਾਲ ਇਨਸਾਫ ਕਰਨ ਲਈ ਵਿਦਵਾਨਾਂ ਨੂੰ ਖਾਲਿਸਤਾਨੀ ਵਿਚਾਰਧਾਰਾ ਦੇ ਸੋਮੇ, ਵਿਚਾਰਧਾਰਾ ਦੀ ਉਤਪਤੀ, ਖਾਲਿਸਤਾਨ ਲਹਿਰ ਦੇ ਉਪਾਸ਼ਕਾਂ ਦੀਆਂ ਕਾਰਵਾਈਆਂ, ਪ੍ਰਾਪਤੀਆਂ ਤੇ ਅਸਫਲਤਾਵਾਂ ਦਾ ਪੂਰਾ ਲੇਖਾ-ਜੋਖਾ ਕਰਨਾ ਪਵੇਗਾ ਅਤੇ ਖਾਲਿਸਤਾਨ ਦੇ ਐਲਾਨਨਾਮੇ ਦੀ ਲਹਿਰ ਨਾਲ ਪ੍ਰਸੰਗਕਤਾ 'ਤੇ ਵਿਚਾਰ ਕਰਨੀ ਪਵੇਗੀ। ਸਿੱਖ ਧਰਮ ਦੀ ਲਹਿਰ ਹੋਣ ਕਾਰਨ ਇਹ ਵੀ ਦੱਸਣਾ ਪਵੇਗਾ ਕਿ ਉਸ ਲਹਿਰ ਵਿਚ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਉਪਦੇਸ਼ਾਂ ਦੀ ਪਾਲਣਾ ਕਦੋਂ, ਕਿੱਥੇ ਅਤੇ ਕਿਵੇਂ ਹੋਈ ਸੀ।

ਖਾਸ ਤੌਰ 'ਤੇ ਇਹ ਸਪਸ਼ਟ ਕਰਨਾ ਪਵੇਗਾ ਕਿ ਗੁਰਬਾਣੀ ਵਲੋਂ ਧਾਰਮਕ ਜੀਵਨ ਲਈ ਨਿਰਧਾਰਤ ਸੰਤੋਖ, ਦਇਆ, ਜਤ, ਸਤ, ਹਲੀਮੀ, ਸਾਂਝੀਵਾਲਤਾ ਅਤੇ ਬਰਾਬਰੀ ਦੇ ਗੁਣਾਂ ਦੀ ਪਾਲਣਾ ਕਰਨ ਲਈ ਲਹਿਰ ਵਿਚ ਕੀ ਵਿਵਸਥਾ ਕੀਤੀ ਗਈ ਸੀ? ਇਨ੍ਹਾਂ ਗੁਰਫੁਰਮਾਨਾਂ ਨੂੰ, "ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥" (ਪੰਨਾ 97) ਅਤੇ "ਅਵਲਿ ਅਲਹੁ ਨੂਰ ਉਪਾਇਆ ਕੁਦਰਤ ਕੇ ਸਭ ਬੰਦੇ॥ ਏਕ ਨੂਰ ਤੇ ਸਭ ਜਗ ਉਪਜਿਆ ਕਉਨ ਭਲੇ ਕਉਨ ਮੰਦੇ॥" (ਪੰਨਾ 1349) ਲਹਿਰ ਵਿਚ ਕਿਵੇਂ ਲਾਗੂ ਕੀਤਾ ਗਿਆ ਸੀ? ਲਹਿਰ ਦਾ ਅੰਤ ਕਿਵੇਂ ਹੋਇਆ ਅਤੇ ਵਿਦੇਸ਼ਾਂ ਵਿਚ ਗਏ ਲੀਡਰਾਂ ਨੇ ਖਾਲਿਸਤਾਨੀ ਵਿਚਾਰਧਾਰਾ ਤੇ ਖਾੜਕੂਵਾਦ ਨੂੰ ਕਿਵੇਂ ਬਰਕਰਾਰ ਰਖਿਆ? ਪੰਜਾਬ ਅਤੇ ਦੂਜੇ ਰਾਜਾਂ ਦੇ ਲੋਕਾਂ ਦੇ ਲਹਿਰ ਬਾਰੇ ਕੀ ਵਿਚਾਰ ਸਨ? ਲਹਿਰ ਦਾ ਹਰ ਪੱਖ ਤੋਂ ਸਹੀ ਅਤੇ ਤੱਥਾਂ 'ਤੇ ਆਧਾਰਤ ਨਿਰਪੱਖ ਵਿਸ਼ਲੇਸ਼ਣ ਹੋਣਾ ਚਾਹੀਦਾ ਹੈ। "ਖਾਲਿਸਤਾਨ ਦਾ ਐਲਾਨਨਾਮਾ" ਦਾ ਲੇਖਕ ਤੇ ਪ੍ਰਭੂਸੱਤਾ ਸੰਪਨ ਖਾਲਸਾ ਰਾਜ ਦੀ ਰੂਪ ਰੇਖਾ ਦੇ ਐਲਾਨਨਾਮੇ ਨੂੰ ਸ਼ਗਨਾਂ ਭਰੀ ਸਵੇਰ ਆਖਦਾ ਹੈ, ਪਰ ਬਹੁਤੇ ਵਿਦਵਾਨ ਖਾਲਿਸਤਾਨੀ ਲਹਿਰ ਨੂੰ ਐਸੀ ਕੋਈ ਸੰਗਿਆ ਦੇਣ ਤੋਂ ਸੰਕੋਚ ਕਰਦੇ ਹਨ।

ਲੇਖਕ ਨੇ ਖਾਲਿਸਤਾਨ ਦੇ ਸੰਕਲਪ ਨੂੰ ਸਿੱਖ ਇਤਿਹਾਸ ਨਾਲ ਜੋੜਨ ਦਾ ਯਤਨ ਕੀਤਾ ਹੈ। ਇਤਿਹਾਸ ਪ੍ਰਵਾਨਤ ਤੱਥਾਂ 'ਤੇ ਆਧਾਰਤ ਅਤੀਤ ਦਾ ਵਰਣਨ ਹੁੰਦਾ ਹੈ। ਉਸ ਨੂੰ ਸਿੱਖ ਇਤਿਹਾਸ ਦੇ ਐਸੇ ਤੱਥ ਪੇਸ਼ ਕਰਨੇ ਚਾਹੀਦੇ ਸਨ, ਜਿਨ੍ਹਾਂ ਵਿਚ ਪੂਰਨ ਪ੍ਰਭੂਸੱਤਾ ਸੰਪਨ ਖਾਲਿਸਤਾਨ ਦੀ ਮੰਗ ਕੀਤੀ ਗਈ ਹੋਵੇ ਜਾਂ ਉਸ ਮੰਗ ਦਾ ਸਮਰਥਨ ਕੀਤਾ ਗਿਆ ਹੋਵੇ; ਪਰ ਉਸ ਨੇ ਐਸਾ ਕੋਈ ਤੱਥ ਪੇਸ਼ ਨਹੀਂ ਕੀਤਾ। ਸੱਚਾਈ ਇਹ ਹੈ ਕਿ 1980 ਤਕ ਦੇ ਸਿੱਖ ਇਤਿਹਾਸ ਵਿਚ ਖਾਲਿਸਤਾਨ ਦੀ ਮੰਗ ਦਾ ਕੋਈ ਜ਼ਿਕਰ ਨਹੀਂ ਮਿਲਦਾ।

ਲੇਖਕ ਨੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਸਿੱਖ ਰਾਜ ਦੀ ਰੂਪ ਰੇਖਾ ਦੇ ਗੰਭੀਰ ਸੰਕੇਤ ਹੋਣ ਦਾ ਦਾਅਵਾ ਕੀਤਾ ਹੈ, ਪਰ ਉਨ੍ਹਾਂ ਸੰਕੇਤਾਂ ਦਾ ਵੇਰਵਾ ਦੇਣ ਦੀ ਥਾਂ "ਇਸ ਵਿਸ਼ੇ 'ਤੇ ਅਸੀਂ ਕਿਸੇ ਹੋਰ ਸਮੇਂ ਵਿਚਾਰ ਕਰਾਂਗੇ" ਕਹਿ ਕੇ ਟਾਲ ਦਿੱਤਾ ਹੈ। ਮੇਰੀ ਜਾਣਕਾਰੀ ਅਨੁਸਾਰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਸਿੱਖ ਰਾਜ ਦੀ ਰੂਪ ਰੇਖਾ ਦਾ ਕੋਈ ਸੰਕੇਤ ਨਹੀਂ ਹੈ। ਉਸ ਵਿਚ ਤੇ ਸਿੱਖ ਰਾਜ ਦਾ ਆਧਾਰ ਮੰਨੇ ਜਾਂਦੇ ਸਿੱਖ ਸਮਾਜ, ਕੌਮ ਅਤੇ ਪੰਥ ਦੇ ਸੰਕਲਪਾਂ ਦਾ ਵੀ ਕੋਈ ਜ਼ਿਕਰ ਨਹੀਂ ਹੈ। ਗੁਰਬਾਣੀ ਤਾਂ ਸੰਬੋਧਤ ਹੀ ਵਿਅਕਤੀ ਨੂੰ ਹੈ ਅਤੇ ਉਸ ਨੂੰ ਆਪਣਾ ਮਨ ਸਾਧਣ ਦਾ ਉਪਦੇਸ਼ ਕਰਦੀ ਹੈ, ਸਮਾਜ ਸੁਧਾਰ ਜਾਂ ਸਿੱਖ ਰਾਜ ਦੀ ਸਥਾਪਨਾ ਨਾਲ ਉਸ ਦਾ ਕੋਈ ਵਾਸਤਾ ਨਹੀਂ ਹੈ।

ਗੁਰਬਾਣੀ ਇਹ ਦੱਸਦੀ ਹੈ ਕਿ ਪ੍ਰਭੂ ਨੇ ਮਨੁੱਖਤਾ ਨੂੰ ਭਰਮਾਉਣ ਲਈ ਸੰਸਾਰ ਵਿਚ ਮਾਇਆ ਦੀ ਖੇਡ ਰਚੀ ਹੋਈ ਹੈ ਅਤੇ ਉਸ ਵਿਚ ਪੰਜ ਵਿਸ਼ੇ ਵਿਕਾਰ-ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਪਾ ਕੇ ਉਨ੍ਹਾਂ ਨੂੰ ਸੰਸਾਰ ਵਿਚ ਵਿਆਪਕ ਤੇ ਪ੍ਰਭਾਵਸ਼ਾਲੀ ਬਣਾਇਆ ਹੋਇਆ ਹੈ। ਸਾਰੀਆਂ ਸੰਸਾਰਕ ਸੰਸਥਾਵਾਂ ਅਤੇ ਰਾਜ ਪ੍ਰਬੰਧ ਮਾਇਆ ਦੇ ਵਿਆਪਕ ਪ੍ਰਭਾਵ ਅਧੀਨ ਵਿਚਰਦੇ ਹਨ। ਸੰਸਾਰ ਵਿਚ ਪ੍ਰਭੂ ਵਲੋਂ ਪਾਏ ਮਾਇਆ ਦੇ ਪ੍ਰਭਾਵ ਨੂੰ ਖਤਮ ਕਰਨ ਦੀ ਸਮਰਥਾ ਕਿਸੇ ਮਨੁੱਖ ਜਾਂ ਸੰਸਥਾ ਵਿਚ ਨਹੀਂ ਹੈ। ਖਾਲਿਸਤਾਨੀ ਰਾਜ ਵਿਚ ਵੀ ਮਾਇਆ ਦਾ ਪੂਰਾ ਪ੍ਰਭਾਵ ਹੋਣਾ ਹੈ। ਇਸ ਪਖੋਂ ਉਹ ਦੂਜੇ ਰਾਜਾਂ ਨਾਲੋਂ ਵਖਰਾ ਜਾਂ ਬਿਹਤਰ ਨਹੀਂ ਹੋਣਾ।

ਗੁਰਬਾਣੀ ਅਨੁਸਾਰ ਰੱਬ ਨੇ ਮਨੁੱਖ ਨੂੰ ਹਉਮੈ ਦਾ ਰੋਗ ਵੀ ਲਾਇਆ ਹੋਇਆ ਹੈ। ਹਉਮੈ ਕਾਰਨ ਮਨੁੱਖ ਰੱਬ ਨੂੰ ਵਿਸਾਰ ਕੇ ਆਪਣੇ ਆਪ ਨੂੰ ਮਹਾਨ ਸਿੱਧ ਕਰਨ ਲਈ ਸਮਾਜ ਦੀ ਸ਼ਾਂਤੀ ਭੰਗ ਕਰਦਾ ਆ ਰਿਹਾ ਹੈ। ਗੁਰਬਾਣੀ ਮਨੁੱਖ ਨੂੰ ਆਪਣੀ ਹਉਮੈ ਮਾਰ ਕੇ ਰੱਬ ਦੀ ਬੰਦਗੀ ਅਤੇ ਮਾਨਵਤਾ ਦੀ ਸੇਵਾ ਕਰਨ ਦਾ ਉਪਦੇਸ਼ ਕਰਦੀ ਹੈ। ਗੁਰਬਾਣੀ ਦੇ ਇਨ੍ਹਾਂ ਮੂਲ ਉਪਦੇਸ਼ਾਂ ਦਾ ਪ੍ਰਭੂਸੱਤਾ ਸੰਪਨ ਸਿੱਖ ਰਾਜ ਦੇ ਸੰਕਲਪ ਨਾਲ ਕੋਈ ਸਬੰਧ ਨਹੀਂ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਧਿਆਤਮਕ ਗਿਆਨ ਹੈ ਅਤੇ ਮਨੁੱਖਾ ਜੀਵਨ ਦਾ ਮਨੋਰਥ ਧਰਮ ਦੇ ਮਾਰਗ 'ਤੇ ਚਲਦਿਆਂ ਨਾਮ ਸਿਮਰਣ ਅਤੇ ਸ਼ਬਦ ਦੀ ਓਟ ਲੈ ਕੇ ਪ੍ਰਭੂ ਦੇ ਗਿਆਨ ਦੀ ਪ੍ਰਾਪਤੀ ਰਾਹੀਂ ਉਸ ਨਾਲ ਮਿਲਾਪ ਦੱਸਦਾ ਹੈ, ਕਿਸੇ ਰਾਜ ਨੂੰ ਹਥਿਆਉਣ ਦੀ ਸਲਾਹ ਨਹੀਂ ਦਿੰਦਾ। ਗੁਰਬਾਣੀ ਦਾ ਮੂਲ ਉਪਦੇਸ਼ ਲੇਖਕ ਦੇ ਗੁਰਬਾਣੀ ਵਿਚ ਸਿੱਖ ਰਾਜ ਦੀ ਰੂਪ ਰੇਖਾ ਦੇ ਗੰਭੀਰ ਸੰਕੇਤ ਮਿਲਣ ਦੇ ਦਾਅਵੇ ਦੀ ਪ੍ਰੋੜ੍ਹਤਾ ਨਹੀਂ ਕਰਦਾ।

ਅਸਲ ਵਿਚ ਧਰਮ ਅਤੇ ਸਿਆਸਤ ਦੋ ਵੱਖਰੇ ਅਤੇ ਕਾਫੀ ਹੱਦ ਤਕ ਅਸਬੰਧਤ ਕਿੱਤੇ ਹਨ। ਸਿਆਸਤ ਸਮਾਜ ਪ੍ਰਬੰਧ ਦਾ ਕਿੱਤਾ ਹੈ। ਇਸ ਦੇ ਵਿਰੁਧ ਸਮਾਜਕ ਧਰਮ ਦਾ ਮਨੋਰਥ ਸ਼ਰਧਾਲੂਆਂ ਨੂੰ ਸੁਰਗ ਵਿਚ ਥਾਂ ਦਿਵਾਉਣ ਦਾ ਪ੍ਰਬੰਧ ਅਤੇ ਅਧਿਆਤਮਕ ਧਰਮ ਦਾ ਪ੍ਰਭੂ ਦੇ ਗਿਆਨ ਰਾਹੀਂ ਉਸ ਦੇ ਦਰਸ਼ਨਾਂ ਦੀ ਵਿਵਸਥਾ ਕਰਨਾ ਹੈ। ਇਨ੍ਹਾਂ ਦੋ ਵੱਖਰੇ ਅਤੇ ਅਸਬੰਧਤ ਕਿਤਿਆਂ ਨੂੰ ਰਲਗੱਡ ਕਰਨ ਨਾਲ ਦੋਹਾਂ ਦਾ ਨੁਕਸਾਨ ਹੁੰਦਾ ਹੈ। ਯੂਰਪੀ ਦੇਸ਼ਾਂ ਦੇ ਇਤਿਹਾਸ ਦੇ ਅਧਿਐਨ ਤੋਂ ਪਤਾ ਚਲਦਾ ਹੈ ਕਿ ਉਥੇ ਧਰਮ ਅਤੇ ਸਿਆਸਤ ਆਪਸ ਵਿਚ ਕਈ ਸੌ ਸਾਲ ਲੜਦੇ-ਝਗੜਦੇ ਰਹੇ ਸਨ। ਝਗੜਾ ਮਿਟਾਉਣ ਲਈ ਯੂਰਪ ਵਿਚ ਦੋ ਤਲਵਾਰਾਂ ਦੇ ਸੰਕਲਪ ਰਾਹੀਂ ਧਰਮ ਨੂੰ ਸਿਆਸਤ ਨਾਲੋਂ ਵੱਖ ਕਰਨ ਦਾ ਯਤਨ ਵੀ ਕੀਤਾ ਗਿਆ ਸੀ, ਜੋ ਬਹੁਤਾ ਸਫਲ ਨਾ ਹੋ ਸਕਿਆ। ਪੁਨਰ ਜਾਗ੍ਰਿਤੀ ਕਾਲ (Renaissance) ਵਿਚ ਯੂਰਪੀ ਚਿੰਤਕਾਂ ਅਤੇ ਫਿਲਾਸਫਰਾਂ ਨੇ ਵੱਡੀ ਗਿਣਤੀ ਵਿਚ ਮਨੁੱਖ ਤੇ ਸਮਾਜ ਦੇ ਸਬੰਧਾਂ ਅਤੇ ਸਮਾਜਕ ਪ੍ਰਬੰਧ ਬਾਰੇ ਡੂੰਘੀ ਤੇ ਵਿਸਤ੍ਰਿਤ ਵਿਚਾਰ ਕੀਤੀ ਸੀ ਅਤੇ ਇਸ ਨਤੀਜੇ 'ਤੇ ਪਹੁੰਚੇ ਸਨ ਕਿ ਸਿਆਸਤ ਵਿਚ ਧਰਮ ਦਾ ਦਖਲ ਨਹੀਂ ਹੋਣਾ ਚਾਹੀਦਾ। ਇਨ੍ਹਾਂ ਵਿਚਾਰਾਂ ਤੋਂ ਸੇਧ ਲੈ ਕੇ ਯੂਰਪੀ ਦੇਸ਼ਾਂ ਨੇ ਆਪਣੇ ਸੰਵਿਧਾਨਾਂ ਵਿਚ ਧਰਮ ਨੂੰ ਸਿਆਸਤ ਵਿਚ ਦਖਲ ਦੇਣ ਤੋਂ ਵਰਜਿਤ ਕਰ ਦਿੱਤਾ ਹੈ।

ਇਸ ਦੇ ਉਲਟ ਅੰਗਰੇਜ਼ਾਂ ਨੇ 1909 ਦੇ ਐਕਟ ਰਾਹੀਂ, ਜਿਸ ਨੂੰ ਮੋਰਲੇ-ਮਿੰਟੋ ਰਿਫਾਰਮ (Morley-Minto Reform) ਵੀ ਆਖਿਆ ਜਾਂਦਾ ਹੈ, ਹਿੰਦੋਸਤਾਨ ਵਿਚ ਵੈਸਟਮਿਨਿਸਟਰ ਮਾਡਲ (Westminster Model) ਦੇ ਅਨੁਕੂਲ ਸਰਕਾਰੀ ਢਾਂਚਾ ਬਣਾਉਣ ਲਈ ਸੈਪਰੇਟ ਇਲੈਕਟੋਰੇਟ (Separate electorate) ਜਾਂ ਕਮਯੂਨਲ ਰਿਪਰੈਜ਼ੈਂਟੇਸ਼ਨ (Communal representation) ਰਾਹੀਂ ਧਰਮ 'ਤੇ ਆਧਾਰਤ ਚੋਣ ਖੇਤਰਾਂ ਦੀ ਵਿਵਸਥਾ ਕਰ ਦਿੱਤੀ ਸੀ। ਇਸ ਨਾਲ ਧਰਮ ਤੇ ਆਧਾਰਤ ਸਿਆਸੀ ਪਾਰਟੀਆਂ ਜ਼ੋਰ ਫੜ ਗਈਆਂ। ਮੁਸਲਮਾਨਾਂ ਵਿਚ ਮੁਸਲਿਮ ਲੀਗ ਪ੍ਰਸਿਧ ਹੋ ਗਈ ਅਤੇ ਕਾਂਗਰਸ ਵਿਚ ਹਿੰਦੂਤਵੀ ਸ਼ਕਤੀਆਂ ਭਾਰੂ ਹੋ ਗਈਆਂ। ਗੁਰਦੁਆਰਾ ਲਹਿਰ ਸਮੇਂ ਸਿੱਖਾਂ ਨੇ ਵੀ 1909 ਅਤੇ 1919 ਦੇ ਐਕਟ ਅਧੀਨ ਚੋਣਾਂ ਵਿਚ ਲਾਭ ਲੈਣ ਤੇ ਸਿੱਖਾਂ ਦੇ ਸਿਅਸੀ ਭਵਿਖ ਦੀ ਬਿਹਤਰੀ ਲਈ ਧਰਮ ਦੇ ਆਧਾਰ 'ਤੇ ਸਿਅਸੀ ਪਾਰਟੀ ਅਕਾਲੀ ਦਲ ਬਣਾ ਲਿਆ। ਪਾਕਿਸਤਾਨ ਦੀ ਨੀਂਹ 1909 ਦੇ ਐਕਟ ਵਿਚ ਰੱਖੀ ਗਈ ਮੰਨੀ ਜਾਂਦੀ ਹੈ ਅਤੇ ਸਿੱਖਾਂ ਵਿਚ ਵਖਰੇਪਣ ਦੀ ਭਾਵਨਾ ਵੀ ਉਨ੍ਹਾਂ ਵਿਧਾਨਾਂ ਦੀ ਹੀ ਦੇਣ ਸੀ, ਜਿਸ ਵਖਰੇਵੇਂ ਨੂੰ ਆਰੀਆ ਸਮਾਜੀਆਂ ਨੇ ਹੋਰ ਵਧਾ ਦਿੱਤਾ ਸੀ।

ਲੇਖਕ ਨੇ ਸਿੱਖ ਧਰਮ ਨਾਲ ਸਬੰਧਤ ਚਾਰ ਇਤਿਹਾਸਕ ਲਹਿਰਾਂ ਨੂੰ ਖਾਲਿਸਤਾਨ ਨਾਲ ਜੋੜਿਆ ਹੈ। ਉਸ ਦਾ ਗਿਲਾ ਹੈ ਕਿ ਉਨ੍ਹਾਂ ਲਹਿਰਾਂ ਵਿਚ ਸਿੱਖਾਂ ਵਲੋਂ ਦਿੱਤੀਆਂ "ਬੇਮਿਸਾਲ ਕੁਰਬਾਨੀਆਂ ਬ੍ਰਾਹਮਣਵਾਦੀ ਹਕੂਮਤ ਵਲੋਂ ਹਿੰਦੁਸਤਾਨ ਦੀ ਜੰਗ-ਏ-ਆਜ਼ਾਦੀ ਲਈ ਵਰਤ ਲਈਆਂ ਗਈਆਂ।" ਉਨ੍ਹਾਂ ਲਹਿਰਾਂ ਬਾਰੇ ਕਈ ਉਚ ਕੋਟੀ ਦੇ ਇਤਿਹਾਸਕਾਰਾਂ ਨੇ ਪ੍ਰਮਾਣਿਕ ਇਤਿਹਾਸਕ ਪੁਸਤਕਾਂ ਲਿਖੀਆਂ ਹਨ। ਉਨ੍ਹਾਂ ਵਿਚੋਂ ਕਿਸੇ ਵੀ ਇਤਿਹਾਸਕਾਰ ਨੇ ਉਨ੍ਹਾਂ ਲਹਿਰਾਂ ਨੂੰ ਖਾਲਿਸਤਾਨ ਜਾਂ ਸੁਤੰਤਰ ਸਿੱਖ ਰਾਜ ਦੇ ਸੰਕਲਪ ਨਾਲ ਨਹੀਂ ਜੋੜਿਆ ਹੈ। ਜਿਥੋਂ ਤਕ ਉਨ੍ਹਾਂ ਲਹਿਰਾਂ ਵਿਚ ਦਿੱਤੀਆਂ ਕੁਰਬਾਨੀਆਂ ਨੂੰ ਜੰਗ-ਏ-ਆਜ਼ਾਦੀ ਲਈ ਵਰਤਣ ਦਾ ਸਵਾਲ ਹੈ, ਉਹ ਹਿੰਦੋਸਤਾਨ ਦੇ ਇਤਿਹਾਸ ਦੀਆਂ 1950 ਤਕ ਛਪੀਆਂ ਪੁਸਤਕਾਂ ਤੋਂ ਸਪਸ਼ਟ ਹੋ ਜਾਂਦਾ ਹੈ। ਕਿਸੇ ਵੀ ਇਤਿਹਾਸ ਦੀ ਪ੍ਰਚਲਿਤ ਪੁਸਤਕ ਵਿਚ ਕੂਕਾ, ਗਦਰ ਅਤੇ ਬੱਬਰ ਅਕਾਲੀ ਲਹਿਰ ਦਾ ਜ਼ਿਕਰ ਕੀਤਾ ਨਹੀਂ ਮਿਲਦਾ। ਜਿਨ੍ਹਾਂ ਕੁਰਬਾਨੀਆਂ ਨੂੰ ਹਿੰਦੋਸਤਾਨੀ ਸਮਾਜ ਆਪਣੇ ਇਤਿਹਾਸ ਵਿਚ ਮਾਨਤਾ ਦੇਣ ਲਈ ਤਿਆਰ ਨਹੀਂ, ਉਸ ਨੇ ਉਨ੍ਹਾਂ ਨੂੰ ਜੰਗ-ਏ-ਆਜ਼ਾਦੀ ਲਈ ਕੀ ਵਰਤਿਆ ਹੋਵੇਗਾ?

ਡਾ. ਫੌਜਾ ਸਿੰਘ ਨੇ ਕੂਕਾ ਲਹਿਰ 'ਤੇ ਪ੍ਰਮਾਣਿਕ ਪੁਸਤਕ ਲਿਖੀ ਹੈ। ਕੂਕਾ ਲਹਿਰ 19ਵੀਂ ਸਦੀ ਵਿਚ ਉਠੀ ਇੱਕ ਨਿਰੋਲ ਸਿੱਖ ਧਾਰਮਿਕ ਲਹਿਰ ਸੀ। ਅੰਗਰੇਜ਼ ਸਰਕਾਰ ਨੇ ਬਹੁਤ ਸਾਰੇ ਕੂਕਿਆਂ ਨੂੰ ਤੋਪਾਂ ਨਾਲ ਬੰਨ੍ਹ ਕੇ ਉਡਾ ਦਿੱਤਾ ਸੀ। ਉਦੋਂ ਸਿੱਖ ਰਾਜ ਜਾਂ ਖਾਲਿਸਤਾਨ ਜੈਸੇ ਕਿਸੇ ਸੰਕਲਪ ਨੇ ਜਨਮ ਨਹੀਂ ਸੀ ਲਿਆ। ਕੂਕਾ ਲਹਿਰ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੋਂ ਪ੍ਰਭਾਵਤ ਸੀ। ਕੂਕੇ ਉਸ ਨੂੰ ਸਿੱਖ ਧਰਮ ਦਾ ਰਾਜ ਨਹੀਂ ਸਮਝਦੇ ਸਨ।

ਗਦਰ ਪਾਰਟੀ ਦੇ ਸੰਘਰਸ਼ ਦੀ ਅਗਵਾਈ ਸੋਹਣ ਸਿੰਘ ਭਕਨਾ ਨੇ ਕੀਤੀ ਸੀ। ਉਹ ਇੱਕ ਸੂਝਵਾਨ ਤੇ ਪ੍ਰਸਿਧ ਕਮਿਊਨਿਸਟ ਲੀਡਰ ਸਨ ਅਤੇ ਸਿੱਖ ਰਾਜ ਜਾਂ ਖਾਲਿਸਤਾਨ ਦੇ ਸਮਰਥਕ ਨਹੀਂ। ਗਦਰੀ ਬਾਬੇ ਐਲਾਨੀਆ ਅੰਗਰੇਜ਼ਾਂ ਦੀ ਗੁਲਾਮੀ ਵਿਰੁਧ ਸੰਘਰਸ਼ ਕਰ ਰਹੇ ਸਨ।

ਬੱਬਰ ਅਕਾਲੀ ਲਹਿਰ ਸਿੱਖ ਧਰਮ ਦੇ ਉਪਾਸ਼ਕਾਂ ਦਾ ਅੰਗਰੇਜ਼ੀ ਰਾਜ ਤੋਂ ਆਜ਼ਾਦੀ ਲਈ ਹਥਿਆਰਬੰਦ ਸੰਘਰਸ਼ ਸੀ, ਪਰ ਉਸ ਦਾ ਮਨੋਰਥ ਵੱਖਰੇ ਸਿੱਖ ਰਾਜ ਦੀ ਸਥਾਪਨਾ ਨਹੀਂ ਸੀ। ਬੱਬਰ ਅਕਾਲੀਆਂ ਨੇ ਕਦੇ ਵੀ ਵੱਖਰੇ ਆਜ਼ਾਦ ਸਿੱਖ ਰਾਜ ਜਾਂ ਖਾਲਿਸਤਾਨ ਦੀ ਮੰਗ ਨਹੀਂ ਸੀ ਕੀਤੀ।

ਗੁਰਦੁਆਰਾ ਸੁਧਾਰ ਲਹਿਰ ਦਾ ਮਨੋਰਥ ਇਤਿਹਾਸਕ ਗੁਰਦੁਆਰਿਆਂ ਨੂੰ ਮਹੰਤਾਂ ਦੇ ਕਬਜ਼ੇ ਤੋਂ ਆਜ਼ਾਦ ਕਰਵਾਉਣਾ ਸੀ। ਗੁਰਦੁਆਰੇ ਧਰਮ ਪ੍ਰਚਾਰ ਦੇ ਟਿਕਾਣੇ ਸਨ, ਕਿਸੇ ਵਿਅਕਤੀ ਦੀ ਨਿਜੀ ਸੰਪਤੀ ਨਹੀਂ ਸਨ। ਅੰਗਰੇਜ਼ ਸਰਕਾਰ ਮਹੰਤਾਂ ਦਾ ਵਿਰੋਧ ਕਰ ਰਹੇ ਸਿੱਖ ਜਥਿਆਂ 'ਤੇ ਤਸ਼ੱਦਦ ਕਰਨ ਲੱਗ ਪਈ। ਵੱਡੀ ਗਿਣਤੀ ਵਿਚ ਸਿੱਖ ਜੇਲ੍ਹਾਂ ਵਿਚ ਕੈਦ ਕਰ ਦਿੱਤੇ ਗਏ। ਗੁਰਦੁਆਰਾ ਸੁਧਾਰ ਲਹਿਰ ਦੀ ਅਗਵਾਈ ਬਾਬਾ ਖੜਗ ਸਿੰਘ ਕਰ ਰਹੇ ਸਨ। ਉਹ ਸਿੱਖ ਰਾਜ ਜਾਂ ਖਾਲਿਸਤਾਨ ਦੇ ਸਮਰਥਕ ਨਹੀਂ ਸਨ। ਉਸ ਲਹਿਰ ਦਾ ਕੋਈ ਸਿਆਸੀ ਮਨੋਰਥ ਨਹੀਂ ਸੀ ਅਤੇ ਨਾ ਹੀ ਉਸ ਲਹਿਰ ਦੀ ਜਿੱਤ 'ਤੇ ਸਿੱਖਾਂ ਨੇ ਕੋਈ ਸਿਆਸੀ ਲਾਹਾ ਲੈਣ ਦਾ ਯਤਨ ਕੀਤਾ ਸੀ। ਉਸ ਸਮੇਂ ਦੇ ਹਾਲਾਤ ਨੂੰ ਮੁੱਖ ਰਖਦਿਆਂ ਸਿੱਖਾਂ ਨੇ ਆਪਣੀ ਵੱਖਰੀ ਸਿਆਸੀ ਪਾਰਟੀ ਅਕਾਲੀ ਦਲ ਬਣਾਇਆ ਸੀ। ਅਕਾਲੀ ਦਲ ਨੇ ਕਦੇ ਵੀ ਸੁਤੰਤਰ ਸਿੱਖ ਰਾਜ ਦੀ ਮੰਗ ਨਹੀਂ ਕੀਤੀ ਅਤੇ ਨਾ ਹੀ ਖਾਲਿਸਤਾਨ ਦੀ ਮੰਗ ਦਾ ਸਮਰਥਨ ਕੀਤਾ ਹੈ।

ਲੇਖਕ ਨੇ ਤੱਥਾਂ ਦੀ ਥਾਂ ਭਾਵਨਾਵਾਂ ਦੇ ਆਧਾਰ 'ਤੇ ਸਿੱਖ ਇਤਿਹਾਸ ਅਤੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਖਾਲਿਸਤਾਨੀ ਵਿਚਾਰਧਾਰਾ ਦੇ ਸਰੋਤ ਸਿੱਧ ਕਰਨ ਦਾ ਯਤਨ ਕੀਤਾ ਹੈ। ਅਸਲ ਵਿਚ ਖਾਲਿਸਤਾਨੀ ਵਿਚਾਰਧਾਰਾ ਅੰਗਰੇਜ਼ੀ ਰਾਜ ਵਲੋਂ ਲਾਗੂ ਕੀਤਾ 1909 ਐਕਟ ਦੀ ਉਪਜ ਸੀ, ਨਾ ਕਿ ਸਿੱਖ ਇਤਿਹਾਸ ਜਾਂ ਗੁਰਬਾਣੀ ਦੀ। ਉਸ ਐਕਟ ਨੇ ਹਿੰਦੋਸਤਾਨੀ ਮੁਸਲਮਾਨਾਂ ਦੀ ਵੱਖਰਾ ਪਾਕਿਸਤਾਨ ਬਣਾਉਣ ਵਿਚ ਮਦਦ ਕੀਤੀ ਅਤੇ ਸਿੱਖਾਂ ਨੂੰ ਸਿਆਸੀ ਵਖਰੇਵੇਂ ਦੇ ਭੰਬਲਭੂਸੇ ਵਿਚ ਪਾ ਦਿੱਤਾ। ਧਰਮ ਨੂੰ ਸਿਆਸਤ ਦਾ ਪਲੈਟਫਾਰਮ ਬਣਾ ਕੇ ਅੱਜ ਤਕ ਕੋਈ ਵੀ ਦੇਸ਼ ਜਾਂ ਕੌਮ ਤਰੱਕੀ ਨਹੀਂ ਕਰ ਸਕੀ ਹੈ, ਕਿਉਂਕਿ ਸਮਾਜਕ ਤਰੱਕੀ ਲਈ ਮੰਤਵ ਵਿਚ ਇਕਮਾਤਰਤਾ ਅਤੇ ਸਪਸ਼ੱਟਤਾ ਹੋਣੀ ਜ਼ਰੂਰੀ ਹੁੰਦੀ ਹੈ।

# ਬੀਬਾ! ਦੇਰ ਨਾ ਕਰਿਓ

*(ਪਿਛਲੇ ਸਫੇ ਦੀ ਬਾਕੀ)*

ਨੂੰ ਹੰਢਾਉਂਦਿਆਂ, ਮਾਂ ਦੀ ਯਾਦ ਵਿਚ ਨੈਣੀਂ ਭਰੇ ਖਾਰੇ ਪਾਣੀ ਨੇ ਵੀ ਮਾਂ ਨੂੰ ਵਾਪਸ ਨਹੀਂ ਲਿਆਉਣਾ। ਇਸ ਤੋਂ ਪਹਿਲਾਂ ਕਿ ਦੀਦਿਆਂ ਦੀ ਸੈਲਾਬ ਨੂੰ ਜੀਵਨ-ਸਾਥੀ ਬਣਾਉਣ ਦੀ ਨੌਬਤ ਆਵੇ, ਮਾਂ ਨੂੰ ਮਿਲਣ ਲਈ ਸਮਾਂ ਜਰੂਰ ਕੱਢਣਾ। ਇਸ ਵਿਚ ਕੀਤੀ ਦੇਰੀ ਕਾਰਨ ਰਾਖ ਦੀ ਢੇਰੀ ਹੀ ਤੁਹਾਨੂੰ ਉਡੀਕੇਗੀ, ਜਿਸ ਨੇ ਤੁਹਾਡੀ ਹਿਚਕੀਆਂ ਨਹੀਂ ਸੁਣਨੀਆਂ। ਮਾਂ ਦੀ ਹਾਕ ਦਾ ਹੁੰਗਾਰਾ ਭਰਦੇ ਰਹਿਣਾ ਕਿਉਂਕਿ ਸਾਰਾ ਜੀਵਨ ਬੱਚਿਆਂ ਦੇ ਲੇਖੇ ਲਾਉਣ ਵਾਲੀ ਮਾਂ ਦਾ ਵੀ ਕੁਝ ਹੱਕ ਏ ਕਿ ਉਸ ਨੂੰ ਵੀ ਕੁਝ ਸਮਾਂ ਮਿਲੇ। ਉਸ ਦੀ ਸੇਵਾ ਵਿਚੋਂ ਸਕੂਨ ਅਤੇ ਸੁਖਨ ਨੂੰ ਜੀਵਨ ਦਾ ਤੱਤਸਾਰ ਬਣਾਉਣ ਦੀ ਲੋੜ ਹੈ।

ਚੰਗੇ ਕਦਮ ਉਠਾਉਣ, ਚੰਗੇ ਵਿਚਾਰ ਮਨ-ਬਗੀਚੇ ਵਿਚ ਉਗਾਉਣ, ਕੋਈ ਨਵੀਂ ਕਿਰਤ, ਕਲਾ ਜਾਂ ਕਾਰਜ ਕਰਨ ਵਿਚ ਕਦੇ ਦੇਰੀ ਨਾ ਕਰੋ, ਕਿਉਂਕਿ ਅਜਿਹੇ ਕੰਮਾਂ ਵਿਚ ਦੇਰੀ ਦਲਿੱਦਰ ਹੁੰਦੀ, ਜੋ ਮਨੁੱਖੀ ਸਮਰੱਥਾ ਅਤੇ ਸ਼ਕਤੀ ਨੂੰ ਨਿਗੁਣਾ ਕਰਦਾ। ਦੇਰੀ ਕਰਨੀ ਹੈ ਤਾਂ ਗਲਤ ਰਾਹਾਂ 'ਤੇ ਤੁਰਨ ਤੋਂ ਕਰਿਓ। ਕੁਤਾਹੀਆਂ, ਕਮੀਨਗੀਆਂ ਨੂੰ ਪੈਦਾ ਕਰਨ ਤੋਂ ਹੱਟਕਿਓ। ਗਲਤ ਲੋਕਾਂ ਦੀ ਸੰਗਤ, ਮਾੜੇ ਲੋਕਾਂ ਦੀ ਰਹਿਬਰੀ ਅਤੇ ਕੁ-ਕਰਮੀਆਂ ਤੋਂ ਸਦਾ ਦੂਰੀ ਬਣਾਈ ਰੱਖੋ। ਅਜਿਹੀ ਦੇਰੀ ਤੁਹਾਨੂੰ ਸੋਚਣ ਅਤੇ ਸੰਭਲਣ ਦਾ ਮੌਕਾ ਪ੍ਰਦਾਨ ਕਰਦੀ ਹੈ।

ਮੰਜ਼ਿਲ ਵੱਲ ਵਧਦੇ ਕਦਮਾਂ ਲਈ ਦੇਰੀ ਨਾ ਕਰੋ। ਸਗੋਂ ਦਰੁਸਤੀ, ਦਲੇਰੀ, ਦਮਖਮ ਅਤੇ ਦਮਦਾਰੀ ਦਾ ਸਰੂਰ ਇਨ੍ਹਾਂ ਦੇ ਨਾਮ ਕਰੋ। ਤੁਹਾਡੇ ਕਦਮ ਦਿਸਹੱਦਿਆਂ ਦਾ ਸਿਰਨਾਂਵਾਂ ਬਣਨਗੇ। ਚਾਨਣ ਭਰੀਆਂ ਭਰੀਆਂ ਰਾਹਾਂ ਵਿਚੋਂ ਹੀ ਸੂਰਜਾਂ ਦੀ ਸੰਗਤਾ ਨਸੀਬ ਹੁੰਦੀ ਹੈ।

# ਜ਼ਿੰਦਗੀ ਕਿ ਪੈਸਾ!

**ਮਿਨੀ ਕਹਾਣੀ**

ਜ਼ਿੰਦਗੀ ਦੇ ਕਈ ਸਾਲ ਪੈਸਾ, ਪੈਸਾ ਤੇ ਬੱਸ ਪੈਸੇ ਦਾ ਹਿਸਾਬ ਕਰਦਿਆਂ ਹੀ ਲੰਘ ਗਏ, ਪਰ ਅੱਜ ਮੈਂ ਜਦ ਆਪਣੀ ਗੈਰਾਜ਼ ਵਿਚ ਪਏ ਫ੍ਰੀਸ ਵਾਲੇ ਮੇਜ਼ 'ਤੇ ਕੁਝ ਨੋਟ ਪਏ ਦੇਖੇ ਤਾਂ ਇਕਦਮ ਡਰ ਗਈ। ਜਲਦੀ ਨਾਲ ਪੜਤਾਲ ਸ਼ੁਰੂ ਕੀਤੀ, ਆਪਣੇ ਪਤੀ ਨੂੰ ਪੁੱਛਿਆ ਕਿ ਇਹ ਨੋਟ ਤੁਸੀਂ ਰੱਖੇ ਆ?

ਜੁਆਬ ਮਿਲਿਆ, "ਆਹੋ, ਮੈਂ ਰੱਖੇ ਆ।"

"ਕਿੱਥੋਂ ਆਏ? ਕਿਸ ਨੇ ਦਿੱਤੇ?"

"ਟੈਕਸੀ ਵਿਚ ਬੈਠੇ ਯਾਤਰੀ ਨੇ ਕਿਰਾਇਆ ਦਿੱਤਾ।" ਇਹ ਸੁਣਦਿਆਂ ਹੀ ਮੇਰੀ ਚਿੰਤਾ ਵੱਧ ਗਈ। ਮੈਂ ਫਿਰ ਸਵਾਲਾਂ ਦੀ ਝੜੀ ਲਾ ਦਿੱਤੀ, "ਕਿੱਦਾਂ ਦਾ ਸੀ ਯਾਤਰੀ? ਕਿੱਥੋਂ ਚੜ੍ਹਿਆ? ਕਿੱਥੇ ਉਤਰਿਆ? ਕੀ ਦਸਤਾਨੇ ਪਾ ਕੇ ਨੋਟ ਫੜੇ ਸਨ? ਕਿੰਨੀ ਕੁ ਦੂਰੀ ਤੋਂ ਫੜੇ ਸੀ?"

"ਓ ਹੋ! ਕੀ ਹੋ ਗਿਆ, ਮੈਂ ਬਹੁਤ ਧਿਆਨ ਰੱਖਦਾਂ, ਮੈਂ ਇਹ ਨੋਟ ਸੈਨੇਟਾਈਜ਼ ਕਰ ਲਏ ਹਨ।"

ਮੇਰੀ ਫਿਰ ਵੀ ਤੱਸਲੀ ਨਾ ਹੋਈ, ਮੈਂ ਜਲਦੀ ਨਾਲ ਦਸਤਾਨੇ ਪਾਏ ਤੇ ਰਸੋਈ ਵਿਚੋਂ ਇੱਕ ਡੱਬਾ ਕੱਢ ਕੇ ਆਪਣੇ ਪਤੀ ਨੂੰ ਦਿੱਤਾ। ਮੈਂ ਕਿਹਾ ਨੋਟ ਇਸ ਵਿਚ ਪਾ ਕੇ ਉਪਰ ਰੱਖ ਦੇਵੋ ਤਾਂ ਜੋ ਬੱਚਿਆਂ ਦਾ ਹੱਥ ਨਾ ਪਹੁੰਚੇ। ਫ੍ਰੀਸ ਵਾਲਾ ਮੇਜ਼ ਅਤੇ ਆਲੇ-ਦੁਆਲੇ ਪਿਆ ਸਮਾਨ ਸੈਨੇਟਾਈਜ਼ ਕਰਕੇ ਤੇ ਮੈਂ ਬੱਚਿਆਂ ਦੇ ਹੱਥ ਸਾਬਣ ਨਾਲ ਧੋਤੇ। ਮੈਂ ਨੋਟਾਂ ਨੂੰ ਹੱਥ ਵੀ ਨਾ ਲਾਇਆ।

ਮੈਨੂੰ ਉਹ ਨੋਟ ਕਰੋਨਾ ਵਾਇਰਸ ਜਿਹੇ ਲੱਗ ਰਹੇ ਸਨ। ਜ਼ਿੰਦਗੀ ਵਿਚ ਪਹਿਲੀ ਵਾਰ ਅਹਿਸਾਸ ਹੋਇਆ ਕਿ ਜ਼ਿੰਦਗੀ ਬਹੁਤ ਅਣਮੁੱਲੀ ਦਾਤ ਹੈ ਤੇ ਇਸ ਦੇ ਸਾਹਮਣੇ ਡਾਲਰਾਂ ਦੀ ਕੀਮਤ ਕੁਝ ਵੀ ਨਹੀਂ।

***-ਕੰਵਲਪ੍ਰੀਤ ਕੌਰ ਪੰਨੂ***
***ਨਿਊ ਜ਼ੀਲੈਂਡ***

# ਕਵਿਤਾ ਦੀ ਭਾਵਨਾ

ਹਨੇਰੇ ਵਿਚ
ਚਿਰਾਗ ਬਲ ਰਿਹਾ ਸੀ
ਏਧਰੋਂ ਜਾਂ ਓਧਰੋਂ
ਖੌਰੇ ਕਿੱਧਰੋਂ, ਕੌਣ ਆਇਆ
ਤੇ ਉਸ ਕੌਣ ਨੇ ਹਨੇਰੇ ਵਿਚ
ਬਲਦੇ ਚਿਰਾਗ ਨੂੰ
ਆਪਣੇ ਹੱਥ ਵਿਚ ਉਠਾਇਆ
ਤੇ ਉਸ ਨੂੰ ਬੁਝਾਉਣ ਖਾਤਰ
ਆਪਣੀ ਪੂਰੀ ਤਾਕਤ ਝੋਕ ਦਿੱਤੀ
ਪਰ ਚਿਰਾਗ ਫਿਰ ਵੀ ਬਲਦਾ ਰਿਹਾ।

ਚੂੰਕਿ ਦਿਸ਼ਾਹੀਣ ਹਵਾਵਾਂ
ਤੇ ਕਾਲੀਆਂ ਹਨੇਰੀਆਂ ਕੋਲ
ਸ਼ਕਤੀ ਪ੍ਰਦਰਸ਼ਨ ਤਾਂ ਹੁੰਦਾ ਹੈ,
ਚਿਰਾਗਾਂ ਨੂੰ ਬੁਝਾਉਣ ਦੀ ਤਕਨੀਕ
ਉਹ ਕਿੱਥੋਂ ਲਿਆਉਣਗੀਆਂ?
ਚੂੰਕਿ ਕੇਵਲ ਹਿੰਮਤਾਂ ਤੇ
ਹੌਸਲਿਆਂ ਨਾਲ ਹੀ
ਕਵਿਤਾ ਨਹੀਂ ਬਣਦੀ
ਚਿਰਾਗਾਂ ਨੂੰ ਪ੍ਰਚੰਡ ਕਰਨ ਲਈ
ਕਵਿਤਾ ਦੀ ਭਾਵਨਾ
ਜਗਾਉਣੀ ਪੈਂਦੀ ਹੈ।

***-ਸੁਖਮਿੰਦਰ ਸੇਖੋਂ, ਪਟਿਆਲਾ***
***ਫੋਨ: 91-98145-07693***

## ਗੁਰਬਾਣੀ ਗਿਆਨ

# ਅਸੰਖ ਜਪ ਅਸੰਖ ਭਾਉ

**ਡਾ. ਗੋਬਿੰਦਰ ਸਿੰਘ ਸਮਰਾਓ**
ਫੋਨ: 408-634-2310

'ਮੰਨੇ ਕੀ ਗਤਿ ਕਹੀ ਨ ਜਾਇ' ਲਿਖ ਕੇ ਗੁਰੂ ਸਾਹਿਬ ਨੇ ਮੱਧ ਕਾਲੀ ਮਨੁੱਖੀ ਸੋਚ ਵਿਚ ਇਕ ਨਵਾਂ ਇਨਕਲਾਬ ਪੈਦਾ ਕੀਤਾ। ਫਿਰ ਪੰਚਾਂ ਤੇ ਧਵਲੇ ਦੀਆਂ ਮਿਸਾਲਾਂ ਦੇ ਕੇ ਉਨ੍ਹਾਂ ਨੇ ਮੰਨੇ ਦੀ ਤਰਕ-ਵਿਵੇਕੀ ਤੇ ਵਿਸ਼ਲੇਸ਼ਣਾਤਮਕ ਪਹੁੰਚ (Rational and analytical thinking) ਨਾਲ ਵਿਸ਼ਵਾਸ ਤੇ ਬਣੀਆਂ ਮਨਘੜਤ ਮਾਨਤਾਵਾਂ ਨੂੰ ਢਹਿ ਢੇਰੀ ਕਰ ਕੇ ਦਿਖਾਇਆ। ਉਨ੍ਹਾਂ ਨੇ ਨਾ ਸਿਰਫ ਸਤਿ-ਵਿਚਾਰ ਨੂੰ ਅੰਧ-ਵਿਸ਼ਵਾਸ ਦੀ ਜਕੜ ਤੋਂ ਸੁਤੰਤਰ ਕੀਤਾ, ਸਗੋਂ ਪੂਰਬ ਵਿਚ ਪੁਨਰ ਜਾਗ੍ਰਿਤੀ ਦਾ ਇਤਿਹਾਸ ਅਰੰਭਿਆ। 'ਸਿੱਖਾਂ ਦਾ ਮਨ ਨੀਵਾ ਮਤ ਉਚੀ' ਦੀ ਗੱਲ ਉਨ੍ਹਾਂ ਦੇ ਵਿਚਾਰਾਂ ਦਾ ਸਹੀ ਪ੍ਰਗਟਾਵਾ ਹੈ। ਇਹੀ 'ਮੰਨੇ ਕੀ ਗਤਿ ਕਹੀ ਨ ਜਾਇ' ਦਾ ਅਸਲ ਅਨੁਵਾਦ ਹੈ ਤੇ ਇਹੀ ਉਨ੍ਹਾਂ ਦੀ ਸਿੱਖ-ਕ੍ਰਾਂਤੀ ਦਾ ਸਹੀ ਨਾਹਰਾ ਹੈ।

ਗੁਰੂ ਸਾਹਿਬ ਨੇ 'ਸੁਣਿਐ', 'ਮੰਨੇ' ਤੇ 'ਪੰਚ' ਵਾਲੀਆਂ ਪਉੜੀਆਂ ਲਿਖ ਕੇ ਆਪਣੇ ਆਪ ਨੂੰ ਦੁਨੀਆਂ ਦੇ ਸਭ ਰਿਸ਼ੀਆਂ ਮੁਨੀਆਂ, ਪੀਰ ਪੈਗੰਬਰਾਂ ਤੇ ਦਾਨਿਸ਼ਵਰਾਂ ਤੋਂ ਵੱਖਰਾ ਹੀ ਨਹੀਂ, ਸਗੋਂ ਉਚਾ ਸਾਬਤ ਕੀਤਾ। ਉਨ੍ਹਾਂ ਨੇ ਸੱਚ ਦੀ ਵਿਧੀ ਨੂੰ ਅਕਲ ਦੀ ਵਰਤੋਂ ਨਾਲ ਜੋੜ ਕੇ ਉਹ ਕਮਾਲ ਕੀਤਾ, ਜੋ ਕੋਈ ਹੋਰ ਨਹੀਂ ਕਰ ਸਕਿਆ। ਉਨ੍ਹਾਂ ਨੇ ਜਿੱਥੇ ਵੀ ਲੋੜ ਪਈ, ਵਿਚਾਰਪੂਰਨ ਦਲੀਲਾਂ ਦਿੱਤੀਆਂ ਤੇ ਕਿਤੇ ਵੀ ਭਾਵੁਕ ਆਧਾਰ 'ਤੇ ਗੱਲ ਨਹੀਂ ਕੀਤੀ। ਜੇ ਧਾੜਵੀ ਬਾਬਰ ਨੂੰ ਉਲਾਂਭਾ ਦਿੱਤਾ, ਮਿੰਨਤਦਾਰੀ ਵਾਲਾ ਨਹੀਂ, ਸਗੋਂ ਬਰਾਬਰ ਦਿਆਂ ਨਾਲ ਬਰਾਬਰ ਦਾ ਸਲੂਕ ਕਰਨ ਦੀ ਵੰਗਾਰ ਵਾਲਾ ਦਿੱਤਾ। ਔਰਤ ਦੇ ਸਨਮਾਨ ਦੀ ਗੱਲ ਕੀਤੀ, ਉਹ ਵੀ ਹਮਦਰਦੀ ਵਜੋਂ ਵਿਚਾਰੀ ਦੱਸ ਕੇ ਨਹੀਂ, ਸਗੋਂ 'ਭੰਡਿ ਜੰਮੀਐ ਭੰਡਿ ਨਿੰਮੀਐ' ਦਾ ਤਰਕ ਦੇ ਕੇ ਕੀਤੀ। ਉਹ ਤਰਕ ਨੂੰ ਗਣਿੱਤੀ ਪੱਧਰ 'ਤੇ ਲੈ ਕੇ ਗਏ ਤੇ ਦਲੀਲ ਨੂੰ ਬੌਧਿਕ ਵਿਚਾਰ ਦੇ ਪੱਧਰ 'ਤੇ। ਗੱਲ ਕੀ, ਉਹ ਹਰ ਕੰਮ ਨੂੰ ਕਾਇਦੇ ਅਨੁਸਾਰ ਕਰ ਕੇ ਗਏ ਅਤੇ ਵਿਧੀ ਵਿਧਾਨ ਦੀ ਸਿੱਖਿਆ ਦੇ ਕੇ ਗਏ।

ਪਰ ਅਜੋਕੇ ਸਿੱਖ ਵਿਦਵਾਨ ਉਨ੍ਹਾਂ ਦੀ ਇਸ ਦੇਣ ਨੂੰ ਝੁਠਲਾ ਕੇ ਉਨ੍ਹਾਂ ਨੂੰ ਬਿਲਕੁਲ ਉਲਟ ਖੇਮੇ ਵਿਚ ਖੜ੍ਹਾ ਕਰਦੇ ਹਨ। ਉਹ ਉਨ੍ਹਾਂ ਨੂੰ ਵਿਸ਼ਵਾਸ ਤੇ ਭਗਤੀ ਦਾ ਉਪਾਸ਼ਕ ਦੱਸ ਕੇ ਆਪਣੇ ਸਵਾਰਥਾਂ ਨੂੰ ਪੂਰਦੇ ਹਨ। ਇਸ ਦੀ ਮਿਸਾਲ ਇਕ ਸਿੱਖ ਬੁੱਧੀਜੀਵੀ ਦਾ ਹੁਣੇ ਹੀ ਜਾਰੀ ਕੀਤਾ ਇਕ ਯੂ-ਟਿਊਬ ਵੀਡੀਓ ਹੈ। ਆਪਣੇ ਆਪ ਨੂੰ ਉਘਾ ਸਿੱਖ ਇਤਿਹਾਸਕਾਰ ਦੱਸਣ ਵਾਲਾ ਇਹ ਵਿਦਵਾਨ ਆਪਣੇ "ਡਾ. ...ਢਿੱਲੋਂ ਦਾ ਖੁਲ੍ਹਾ ਚੈਲੰਜ..." ਜਿਹੇ ਨਾਂ ਵਾਲੇ ਵੀਡੀਓ ਵਿਚ ਕਹਿੰਦਾ ਹੈ ਕਿ ਗੁਰੂ ਨਾਨਕ ਦੇ ਸਿੱਖੀ ਸਿਧਾਂਤ ਦੀ ਜੜ ਵਿਸ਼ਵਾਸ ਵਿਚ ਹੈ। ਉਸ ਅਨੁਸਾਰ ਅਜੋਕਾ ਸਿੱਖ ਸਮਾਜ ਕੁਝ ਅਜਿਹੇ ਪ੍ਰਚਾਰਕ ਭਾਈਆਂ ਦੀ ਮਾਰ ਹੇਠ ਆ ਗਿਆ ਹੈ, ਜੋ ਤਰਕ ਪ੍ਰਚਾਰ ਕਰ ਕੇ ਲੋਕਾਂ ਦੇ ਵਿਸ਼ਵਾਸ ਨੂੰ ਢਾਹ ਲਾ ਰਹੇ ਹਨ। ਉਸ ਅਨੁਸਾਰ ਵਿਸ਼ਵਾਸ ਦੇ ਜੋਰ ਅੰਗਰੇਜ਼ ਇਸਾਈਆਂ ਨੇ ਬਾਈਬਲ ਹੱਥ ਵਿਚ ਫੜ ਕੇ ਵਿਸ਼ਵ-ਵਿਆਪੀ ਬਰਤਾਨਵੀ ਸਾਮਰਾਜ ਸਥਾਪਿਤ ਕੀਤਾ ਤੇ ਇਸੇ ਤਰ੍ਹਾਂ ਯਹੂਦੀਆਂ ਨੇ ਆਪਣਾ ਇਜ਼ਰਾਇਲੀ ਰਾਜ; ਪਰ ਇਸ ਦੇ ਉਲਟ ਤਰਕ ਪ੍ਰਚਾਰ ਦਾ ਸ਼ਿਕਾਰ ਹੋਏ ਤੇ ਵਿਸ਼ਵਾਸ ਤੋਂ ਡੋਲੇ ਸਿੱਖ ਹਰ ਰਾਜਸੀ ਲੜਾਈ ਹਾਰੇ ਹਨ। ਉਹ ਕਹਿੰਦਾ ਹੈ ਕਿ ਜੇ ਉਹ ਹੁਣ ਵੀ ਵਿਸ਼ਵਾਸ ਦੇ ਝੰਡੇ ਹੇਠ ਇੱਕਠੇ ਨਾ ਹੋਏ ਤਾਂ ਉਨ੍ਹਾਂ ਦੇ ਰਾਜਸੀ ਸੁਪਨਿਆਂ ਦਾ ਖੇਰੂੰ-ਖੇਰੂੰ ਹੋਣਾ ਨਿਸ਼ਚਿਤ ਹੈ।

ਆਪੂੰ ਬਣੇ ਇਸ ਸਿੱਖ ਇਤਿਹਾਸਕਾਰ ਨੇ ਇਤਿਹਾਸ ਨੂੰ ਮਰੋੜੇ ਤਾਂ ਕਈ ਹੋਰ ਵੀ ਦਿੱਤੇ ਹਨ, ਪਰ ਉਸ ਦਾ ਸਭ ਤੋਂ ਚਿੱਟਾ ਤੇ ਹੈਰਾਨੀਜਨਕ ਝੂਠ ਇਹ ਹੈ ਕਿ ਦੁਨੀਆਂ ਦੇ ਸਭ ਤੋਂ ਵੱਡੇ ਵਿਗਿਆਨੀ ਆਈਨਸਟੀਨ ਦਾ ਆਪਣੇ ਯਹੂਦੀ ਧਰਮ ਵਿਚ ਪੱਕਾ ਵਿਸ਼ਵਾਸ ਸੀ। ਉਹ ਕਹਿੰਦਾ ਹੈ ਕਿ ਆਈਨਸਟੀਨ ਹਰ ਸਾਲ ਇਜ਼ਰਾਈਲ ਜਾਂਦਾ ਸੀ, ਜਿਥੇ ਉਹ ਦੂਜੇ ਯਹੂਦੀ ਸ਼ਰਧਾਲੂਆਂ ਵਾਂਗ ਜੇਰੋਸਲਮ ਵਿਚ ਰੋਮਨ ਸਾਸ਼ਕਾਂ ਰਾਹੀਂ ਹਜ਼ਾਰਾਂ ਸਾਲ ਪਹਿਲਾਂ ਢਾਹੇ ਯਹੂਦੀ ਮੰਦਿਰ ਦੀ ਬਚੀ "ਪੱਛਮੀ ਕੰਧ" ਨਾਲ ਮੱਥਾ ਭੰਨਦਾ ਸੀ ਤੇ ਵੈਣ ਪਾ ਪਾ ਰੋਂਦਾ ਸੀ।

ਜੇ ਇਹ ਵਿਦਵਾਨ ਥੋੜਾ ਵੀ ਸਮਝਦਾਰ ਹੁੰਦਾ ਤਾਂ ਉਹ ਆਪਣੇ ਤੱਥਾਂ ਨੂੰ ਦ੍ਰਿੜਤਾ ਨਾਲ ਖੋਜਦਾ ਤੇ ਝੂਠ ਬੋਲ ਕੇ ਸਿੱਖ ਸੰਗਤਾਂ ਨੂੰ ਇਕ ਨਵੇਂ "ਸਿੱਖ ਸਾਮਰਾਜ" ਲਈ ਨਾ ਵਰਗਲਾਉਂਦਾ। ਸੱਚ ਇਹ ਹੈ ਕਿ ਆਈਨਸਟੀਨ ਨੇ ਬਚਪਨ ਵਿਚ ਹੀ ਯਹੂਦੀ ਧਰਮ ਨੂੰ ਤਿਲਾਂਜਲੀ ਦੇ ਦਿੱਤੀ ਸੀ। ਉਹ ਆਪਣੀ ਸਵੈਜੀਵਨੀ "Biographical Notes" ਵਿਚ ਲਿਖਦਾ ਹੈ, "ਵਿਗਿਆਨਕ ਸਾਹਿਤ ਪੜ੍ਹਨ ਨਾਲ 12 ਸਾਲਾਂ ਦੀ ਉਮਰ ਵਿਚ ਹੀ ਮੇਰੇ ਧਾਰਮਿਕ ਵਿਚਾਰਾਂ ਦਾ ਪੱਕਾ ਭੋਗ ਪੈ ਗਿਆ ਸੀ।" 1952 ਵਿਚ ਉਸ ਨੇ ਬਿਟਰੀਸ ਫਰੌਲਿਕ (Beatrice Frohlich) ਨੂੰ ਇਕ ਖਤ ਲਿਖ ਕੇ ਦੱਸਿਆ, "ਰੱਬ ਦੀ ਧਾਰਨਾ ਮੇਰੇ ਲਈ ਓਪਰੀ ਹੀ ਨਹੀਂ, ਬਿਲਕੁਲ ਬਚਗਾਨੀ ਹੈ।" 1954 ਵਿਚ ਉਸ ਨੇ ਨਿਊ ਜਰਸੀ ਦੇ ਇਕ ਮਜ਼ਦੂਰ ਦੀ ਚਿੱਠੀ ਦਾ ਜਵਾਬ ਦਿੰਦਿਆ ਲਿਖਿਆ, "ਲੋਕ ਮੇਰੀ ਧਾਰਮਿਕ ਮਾਨਤਾ ਬਾਰੇ ਕੋਰਾ ਝੂਠ ਫੈਲਾ ਰਹੇ ਹਨ। ਉਹ ਇਸ ਨੂੰ ਗਿਣੇ-ਮਿੱਥੇ ਢੰਗ ਨਾਲ ਵਾਰ ਵਾਰ ਦੁਹਰਾ ਰਹੇ ਹਨ। ਮੈਂ ਕਿਸੇ ਵੀ ਵਿਅਕਤੀਗਤ ਰੱਬ ਵਿਚ ਵਿਸ਼ਵਾਸ ਨਹੀਂ ਰੱਖਦਾ। ਜੇ ਮੇਰੇ ਵਿਚ ਕੋਈ ਗੱਲ ਧਰਮ ਵਾਲੀ ਕਹੀ ਜਾ ਸਕਦੀ ਹੈ, ਉਹ ਇਹ ਹੈ ਕਿ ਮੈਂ ਹੁਣ ਤੀਕ ਦੀ ਵਿਗਿਆਨਕ ਖੋਜ ਰਾਹੀਂ ਦਰਸਾਏ ਸੰਸਾਰਕ ਢਾਂਚੇ ਦੀ ਭਰਪੂਰ ਸ਼ਲਾਘਾ ਕਰਦਾ ਹਾਂ।"

1954 ਵਿਚ ਹੀ ਉਸ ਨੇ ਆਪਣੇ ਇਕ ਸਹਿਕਰਮੀ ਦੀ ਸਲਾਹ 'ਤੇ ਯਹੂਦੀ ਧਾਰਮਿਕ ਮਾਨਤਾਵਾਂ ਬਾਰੇ ਐਰਿਕ ਗੁਡਕਾਈਂਡ (Eric Goodkind) ਦੀ ਪੁਸਤਕ ਪੜ੍ਹੀ ਤੇ ਜਵਾਬ ਵਿਚ ਉਸ ਨੂੰ ਲਿਖਿਆ, "ਸ਼ਬਦ ਰੱਬ ਮੇਰੇ ਲਈ ਮਨੁੱਖੀ ਕਮਜ਼ੋਰੀਆਂ ਦੀ ਪੈਦਾਇਸ਼ ਤੇ ਪ੍ਰਗਟਾਵੇ ਤੋਂ ਵੱਧ ਕੁਝ ਵੀ ਨਹੀਂ। ਬਾਈਬਲ ਇਕ ਸਤਿਕਾਰਤ ਕਥਾਵਾਂ ਦਾ ਸੰਗ੍ਰਿਹ ਹੈ, ਜੋ ਅਸਲ ਵਿਚ ਅਤਿ-ਪੁਰਾਤਨ ਤੇ ਬੱਚਿਆਂ ਨੂੰ ਬਹਿਲਾਉਣ ਵਾਲੀਆਂ ਹਨ। ਮੇਰੇ ਲਈ ਤਾਂ ਯਹੂਦੀ ਧਰਮ ਵੀ ਦੂਜੇ ਸਾਰੇ ਧਰਮਾਂ ਵਾਂਗ ਬਚਗਾਨੇ ਭਰਮਾਂ ਦਾ ਸੰਗ੍ਰਿਹ ਹੀ ਹੈ।" ਆਇਨਸਟੀਨ ਦਾ ਗੁਡਕਾਈਂਡ ਨੂੰ ਲਿਖਿਆ ਇਹ ਖਤ 2018 ਵਿਚ 2.9 ਮਿਲੀਅਨ ਡਾਲਰ ਦਾ ਵਿਕਿਆ। ਆਪਣੀ ਪੁਸਤਕ "Ideas and Opinions" ਵਿਚ ਉਹ ਇੱਥੋਂ ਤੀਕ ਲਿਖਦਾ ਹੈ ਕਿ ਨੈਤਿਕਤਾ ਦੀ ਭਾਲ ਕਰਦੇ ਅਜੋਕੇ ਧਾਰਮਿਕ ਆਗੂਆਂ ਨੂੰ ਹੁਣ ਡਰ ਤੇ ਵਿਸ਼ਵਾਸ ਦੇ ਬਲ ਬੂਤੇ ਖੜ੍ਹੇ ਕੀਤੇ ਉਸ ਧਾਰਮਿਕ ਢਾਂਚੇ ਨੂੰ ਹੌਸਲੇ ਨਾਲ ਨਖਿੱਧ ਦੇਣਾ ਚਾਹੀਦਾ ਹੈ, ਜਿਸ ਨੇ ਬੀਤੇ ਸਮੇਂ ਵਿਚ ਪੁਜਾਰੀ ਨੂੰ ਬੇਹੱਦ ਤਾਕਤਵਰ ਬਣਾਇਆ।"

ਪਰ ਆਇਨਸਟੀਨ ਨੇ ਜੋ ਗੱਲ ਇਕ ਚਿੱਠੀ ਵਿਚ ਜਰਮਨੀ ਦੇ ਗੋਲਡਸਟੀਨ ਨੂੰ 1930 ਵਿਚ ਲਿਖੀ, ਉਹ ਬਹੁਤ ਹੀ ਵਿਚਾਰਨਯੋਗ ਹੈ ਤੇ ਸਮੁੱਚੇ ਸਿੱਖ ਸਮੁਦਾਏ ਲਈ ਕੰਨ ਖੋਲ੍ਹ ਕੇ ਸੁਣਨ ਵਾਲੀ ਹੈ। ਉਸ ਨੇ ਲਿਖਿਆ ਕਿ ਰੱਬ ਦੇ ਮਸਲੇ ਵਿਚ ਉਹ ਸਿਰਫ ਬਾਰੂਸ ਸਪਾਈਨੋਜ਼ਾ (Baruch Spinoza) ਦਾ ਕਾਇਲ ਹੈ, ਕਿਉਂਕਿ ਸਪਾਈਨੋਜ਼ਾ ਦਾ ਰੱਬ ਮਨੁੱਖਾਂ ਦੇ ਜੀਵਨ ਵਿਚ ਦਖਲ ਨਹੀਂ ਦਿੰਦਾ, ਸਗੋਂ ਉਹ ਦਿਸਦੇ ਸੰਸਾਰ ਦੀ ਸੁਮੇਲਤਾ ਵਿਚੋਂ ਝਲਕਦਾ ਹੈ। ਉਹ ਲਿਖਦਾ ਹੈ ਕਿ ਸਪਾਈਨੋਜ਼ਾ ਆਧੁਨਿਕ ਸੰਸਾਰ ਦਾ ਸਭ ਤੋਂ ਵੱਡਾ ਫਿਲਾਸਫਰ ਹੈ ਤੇ ਉਹ ਉਸ ਦਾ ਕਦਰਦਾਨ ਹੀ ਨਹੀਂ, ਭਗਤ ਵੀ ਹੈ।

ਪਰ ਦੁਨੀਆਂ ਦਾ ਸਭ ਤੋਂ ਵੱਡਾ ਇਹ ਸਾਇੰਸਦਾਨ ਦੁਨੀਆਂ ਦੇ ਜਿਸ ਫਿਲਾਸਫਰ ਸਪਾਈਨੋਜ਼ਾ ਨੂੰ ਆਪਣਾ ਧਾਰਮਿਕ ਰਹਿਨੁਮਾ ਮੰਨਦਾ ਹੈ, ਉਹ ਖੁਦ ਆਪਣੇ ਧਰਮ ਵਿਰੋਧੀ ਵਿਚਾਰਾਂ ਕਰਕੇ ਯਹੂਦੀ ਧਰਮ ਵਿਚੋਂ ਛੇਕਿਆ ਗਿਆ ਸੀ। ਇਸੇ ਕਰਕੇ ਉਸ ਨੂੰ ਆਪਣਾ ਇਸਾਈ ਨਾਂ ਛੱਡ ਬਰੂਸ ਤੋਂ ਬੈਂਟੋ (Bento) ਬਣਨਾ ਪਿਆ ਸੀ। ਇਹ ਬੈਂਟੋ ਆਪਣੇ ਧਾਰਮਿਕ ਵਿਚਾਰਾਂ ਨੂੰ ਇੰਜ ਵਰਣਨ ਕਰਦਾ ਹੈ, "ਮੇਰੇ ਲਈ ਰੱਬ ਇਕ ਇਕਹਿਰੀ ਤੇ ਆਪੇ ਪ੍ਰਗਟ ਹੋਈ ਸ਼ੈਅ ਹੈ, ਜਿਸ ਵਿਚ ਪਦਾਰਥ ਤੇ ਵਿਚਾਰ-ਦੋਵੇਂ ਗੁਣ ਸ਼ਾਮਲ ਹਨ।" ਉਹ ਵਾਰ ਵਾਰ ਇਹ ਕਹਿੰਦਾ ਹੈ ਕਿ ਉਹ ਮਨੁੱਖ ਰੂਪੀ ਰੱਬ ਨੂੰ ਨਹੀਂ ਮੰਨਦਾ, ਸਗੋਂ ਬਹੁਮੁਖੀ ਪਹਿਲੂਆਂ, ਅਨੰਤ ਪਰਤਾਂ ਤੇ ਅਸੰਖ ਗੁਣਾਂ ਵਾਲੀ ਕੁਦਰਤ ਨੂੰ ਅੰਤਿਮ ਸ਼ਕਤੀ ਮੰਨਦਾ ਹੈ। ਉਹ ਕਹਿੰਦਾ ਹੈ ਕਿ ਕੁਦਰਤ ਦੇ ਇਹ ਭੇਦ ਤੇ ਗੁਣ ਕਦੇ ਵੀ ਤੇ ਕਿਤੇ ਵੀ ਅੱਗੇ ਤੋਂ ਅੱਗੇ ਖੁਲ੍ਹਦੇ ਰਹਿਣਗੇ। ਇਸ ਦੇ ਸਭ ਗੁਣਾਂ ਦੇ ਖੁਲ੍ਹਣ ਤੀਕ ਇਸ ਦੀ ਪਰਿਭਾਸ਼ਾ ਕਰਨਾ ਅਸੰਭਵ ਹੈ। ਸੋ ਸਪਾਈਨੋਜ਼ਾ ਨੂੰ ਮੰਨਣ ਵਾਲਾ ਆਈਨਸਟੀਨ ਇਸ ਕੁਦਰਤ ਨੂੰ ਮੰਨਦਾ ਸੀ।

1632 ਵਿਚ ਜੰਮੇ ਸਪਾਈਨੋਜ਼ਾ ਨੇ ਗੁਰੂ ਨਾਨਕ ਨੂੰ ਕਦੇ ਦੇਖਿਆ ਜਾਂ ਪੜ੍ਹਿਆ ਨਹੀਂ ਸੀ, ਪਰ ਜੋ ਗੱਲ ਉਸ ਨੇ ਕਹੀ, ਉਹੀ ਗੱਲ ਗੁਰੂ ਸਾਹਿਬ ਉਸ ਤੋਂ ਡੇਢ ਸੌ ਸਾਲ ਪਹਿਲਾਂ ਕਹਿ ਗਏ ਸਨ। ਉਨ੍ਹਾਂ ਨੇ ਕਿਹਾ ਸੀ ਕਿ ਕਰਤਾ ਪੁਰਖ ਇਕ ਭਾਵ ਇਕਹਿਰੇ ਗੁਣਾਂ ਵਾਲੀ ਤੇ ਆਪੂੰ ਉਦੈ ਹੋਈ (ਸੈਭੰ) ਨਿਰਜਿੰਦ (ਅਜੂਨੀ) ਕਾਇਨਾਤ ਹੈ, ਜਿਸ ਦੀ ਰੂਪ-ਰੇਖਾ ਤੇ ਸਹੀ ਨਾਮ ਹਾਲੇ ਪਤਾ ਨਹੀਂ। 'ਰਾਤੀ ਰੁਤੀ ਤਿਥੀ ਵਾਰ' ਅਤੇ 'ਪਵਨ ਗੁਰੂ ਪਾਣੀ ਪਿਤਾ' ਵਾਲੇ ਸਲੋਕਾਂ ਵਿਚ ਉਨ੍ਹਾਂ ਨੇ ਇਸੇ ਕੁਦਰਤ ਦੇ ਤੱਤਾਂ ਦਾ ਜ਼ਿਕਰ ਕੀਤਾ। ਉਨ੍ਹਾਂ ਨੇ ਇਸ ਦੇ ਅਨੇਕਾਂ ਸਾਪੇਖਿਕ ਖੋਜ ਤੇ ਸ਼ਬਦ-ਵਿਚਾਰ ਰਾਹੀਂ ਜਾਣੇ ਜਾ ਸਕਣ ਵਾਲੇ ਪ੍ਰਤੱਖ ਤੇ ਅਪ੍ਰਤੱਖ ਗੁਣ ਦੱਸੇ। ਉਨ੍ਹਾਂ ਨੇ ਸਾਰੇ ਜਪੁਜੀ ਵਿਚ ਰੱਬ ਜਾਂ ਪਰਮਾਤਮਾ ਦਾ ਕੋਈ ਜ਼ਿਕਰ ਨਹੀਂ ਕੀਤਾ, ਸਗੋਂ ਕਿਹਾ ਕਿ ਕੁਦਰਤ ਦੇ ਸਭ ਗੁਣ ਵਡਿਆਈਆਂ ਜਾਣ ਲੈਣ ਪਿਛੋਂ ਹੀ ਇਸ ਦੇ ਸਮੂਹ ਰੂਪਾਂ ਦਾ ਅਸਲ ਨਾਮ ਮਾਲੂਮ ਹੋਵੇਗਾ। ਗੁਰੂ ਸਾਹਿਬ ਨੇ ਸਪਾਈਨੋਜ਼ਾ ਤੋਂ ਵੀ ਅੱਗੇ ਜਾ ਕੇ ਕੁਦਰਤ ਦੇ ਪੱਕੇ ਨਿਯਮਾਂ ਦੀ ਦੱਸ ਪਾਈ ਤੇ ਇਨ੍ਹਾਂ ਨੂੰ ਬੁਝਣ ਲਈ ਕਿਹਾ। ਉਨ੍ਹਾਂ ਨੇ ਖੋਜਣ ਦੀ ਵਿਧੀ ਦੱਸੀ ਤੇ ਇਸ ਵਿਧੀ ਨੂੰ ਵਰਤਣ ਦਾ ਉਪਦੇਸ਼ ਦਿੱਤਾ। ਇਸ ਤਰ੍ਹਾਂ ਸਪਾਈਨੋਜ਼ਾ ਇਕ ਤਰ੍ਹਾਂ ਨਾਲ ਗੁਰੂ ਸਾਹਿਬ ਦਾ ਅਣਦੇਖਿਆ ਸਿੱਖ ਹੋਇਆ, ਕਿਉਂਕਿ ਆਈਨਸਟੀਨ ਸਪਾਈਨੋਜ਼ਾ ਦਾ ਪੱਕਾ ਭਗਤ ਸੀ, ਇਸ ਲਈ ਉਹ ਸਪਾਈਨੋਜ਼ਾ ਦੇ ਗੁਰੂ ਭਾਵ ਗੁਰੂ ਨਾਨਕ ਦਾ ਵੀ ਸਿੱਖ ਹੋਇਆ। ਜੇ ਸਪਾਈਨੋਜ਼ਾ ਦੇ ਵਿਚਾਰਾਂ ਨੂੰ ਆਈਨਸਟੀਨ ਪ੍ਰਮਾਣਿਤ ਮੰਨਦਾ ਹੈ ਤਾਂ ਗੁਰੂ ਸਾਹਿਬ ਦੇ ਵਿਚਾਰ ਤਾਂ ਉਸ ਲਈ ਇਸ ਤੋਂ ਵੀ ਵਧ ਪ੍ਰਮਾਣਿਤ ਹੋਏ। ਜੇ ਸਪਾਈਨੋਜ਼ਾ ਦੇ ਵਿਚਾਰਾਂ ਨਾਲ ਇਕ ਆਈਨਸਟੀਨ ਸਹਿਮਤ ਹੁੰਦਾ ਹੈ ਤਾਂ ਗੁਰੂ ਸਾਹਿਬ ਦੇ ਉਤਮ ਵਿਚਾਰਾਂ ਨਾਲ ਤਾਂ ਪੂਰਾ ਆਧੁਨਿਕ ਵਿਗਿਆਨ ਸਹਿਮਤ ਹੋਵੇਗਾ। ਜੇ ਦੁਨੀਆਂ ਦਾ ਉਹ ਸਰਤਾਜ ਵਿਗਿਆਨੀ ਖੁਦ ਤੇ ਉਸ ਨਾਲ ਸਾਰਾ ਅਜੋਕਾ ਵਿਗਿਆਨ ਗੁਰੂ ਸਾਹਿਬ ਦੇ ਸਿਧਾਂਤ ਦਾ ਪਾਣੀ ਭਰਦੇ ਹਨ ਤਾਂ ਇਹ ਸਮੁੱਚੇ ਸਿੱਖ ਜਗਤ ਦਾ ਸਿਰ ਮਾਣ ਨਾਲ ਉਚਾ ਕਰਨ ਵਾਲੀ ਗੱਲ ਹੈ; ਪਰ ਇਹ ਇੱਦਾਂ ਹੈ ਨਹੀਂ। ਕਿਉਂ?

ਇਸ ਲਈ ਕਿ ਗੁਰੂ ਸਾਹਿਬ ਨੂੰ ਉਨ੍ਹਾਂ ਦੇ ਆਪਣੇ ਹੀ ਸਿੱਖਾਂ ਨੇ ਤੁੱਛ-ਬੁਧੀ ਤੇ ਸਵਾਰਥ ਅਧੀਨ ਅੰਧ-ਵਿਸ਼ਵਾਸ ਨਾਲ ਜੋੜੀ ਰੱਖਿਆ ਹੈ। ਆਈਨਸਟੀਨ ਨੂੰ ਢਹੇ ਮੰਦਿਰ ਦੀ ਦੀਵਾਰ ਨਾਲ ਮੱਥਾ ਫੋੜ ਕੇ ਵੈਣ ਪਾਉਣ ਵਾਲਾ ਕੱਟੜ ਯਹੂਦੀ ਦੱਸਣ ਵਾਲਾ ਇਤਿਹਾਸਕਾਰ ਤੇ ਅਜਿਹੇ ਹਜ਼ਾਰਾਂ ਅਖੌਤੀ ਸਿੱਖ ਵਿਦਵਾਨ ਤੇ ਪੁਜਾਰੀ ਅੱਜ ਵੀ ਨਵੀਨ ਸਿੱਖ ਪੀੜ੍ਹੀਆਂ ਨੂੰ ਅੰਧ-ਵਿਸ਼ਵਾਸ ਦੇ ਰਾਹ ਤੋਰਨ ਦੀ ਕੋਸ਼ਿਸ਼ ਕਰ ਰਹੇ ਹਨ। ਕਿੱਥੇ ਵਿਸ਼ਵਾਸ, ਕਿੱਥੇ ਵਿਗਿਆਨ; ਸ਼ੱਰੇਆਮ ਉਹ ਧੁੱਪ ਨੂੰ ਛਾਂ ਤੇ ਛਾਂ ਨੂੰ ਧੁੱਪ ਦੱਸ ਕੇ ਗੁਰਸਿੱਖਾਂ ਦੀ ਸਮਝ ਨੂੰ ਗੰਧਲਾ ਕਰ ਰਹੇ ਹਨ। ਜਦੋਂ ਵਿਦਵਾਨਾਂ, ਪੁਜਾਰੀਆਂ ਅਤੇ ਪ੍ਰਚਾਰਕਾਂ ਦੀ ਸਮਝ ਤੇ ਕਾਰਗੁਜ਼ਾਰੀ ਦਾ ਮਿਆਰ ਇੰਨਾ ਹੇਠ ਚਲਾ ਜਾਵੇ ਤਾਂ ਗੁਰੂ ਸਾਹਿਬ ਦੇ ਸੱਚੇ ਸਿੱਖ ਖੁਦ ਹੀ ਉਦਮ ਕਰ ਕੇ ਸਿੱਖੀ ਸਿਧਾਂਤ ਦੀ ਸਹੀ ਪਰਖ ਕਰਨ। ਜੇ ਕੋਈ ਸਿੱਖ ਪ੍ਰਚਾਰਕ ਜਾਂ ਭਾਈ ਇਸ ਉਦੇਸ਼ ਦੀ ਪ੍ਰਾਪਤ ਲਈ ਸਹੀ ਸੇਧ ਦਿੰਦਾ ਹੈ ਤਾਂ ਉਹ ਉਸ ਦਾ ਸਵਾਗਤ ਕਰਨ। ਹਨੇਰੇ ਵੱਲ ਤਾਂ ਬਨਾਸਪਤੀ ਦੇ ਪੱਤੇ ਵੀ ਨਹੀਂ ਮੁੜਦੇ, ਫਿਰ ਉਹ ਆਪ ਗਿਆਨ ਵਲ ਕਿਉਂ ਨਾ ਮੁੜਨ?

ਇਹ ਬਿਰਤਾਂਤ ਕੁਝ ਲੰਮਾ ਹੋ ਗਿਆ ਹੈ, ਪਰ ਇਸ ਦਾ ਜਾਇਜ਼ ਕਾਰਨ ਸੀ। ਇਸ ਨੇ ਜਿਨ੍ਹਾਂ ਮੁੱਦਿਆਂ ਨੂੰ ਹਮਵਾਰ ਕੀਤਾ, ਉਹ 17ਵੀਂ ਪਉੜੀ ਦੇ ਅਰਥ ਸਾਰਥਕ ਕਰਦੇ ਹਨ। ਪਹਿਲਾਂ ਇਕ ਅਜੋਕੇ ਸਿੱਖ ਵਿਦਵਾਨ ਵਲੋਂ ਕੀਤੀ ਇਸ ਪਉੜੀ ਦੀ ਵਿਆਖਿਆ ਇਸ ਦੇ ਮੁਢਲੇ ਸ਼ਬਦਾਂ ਸਮੇਤ ਹੇਠ ਦਿੱਤੀ ਗਈ ਹੈ,

ਅਸੰਖ ਜਪ ਅਸੰਖ ਭਾਉ॥
ਅਸੰਖ ਪੂਜਾ ਅਸੰਖ ਤਪ ਤਾਉ॥
ਅਸੰਖ ਗਰੰਥ ਮੁਖਿ ਵੇਦ ਪਾਠ॥
ਅਸੰਖ ਜੋਗ ਮਨਿ ਰਹਹਿ ਉਦਾਸ॥
ਅਸੰਖ ਭਗਤ ਗੁਣ ਗਿਆਨ ਵੀਚਾਰ॥
ਅਸੰਖ ਸਤੀ ਅਸੰਖ ਦਾਤਾਰ॥
ਅਸੰਖ ਸੂਰ ਮੁਹ ਭਖ ਸਾਰ॥
ਅਸੰਖ ਮੋਨਿ ਲਿਵ ਲਾਇ ਤਾਰ॥
ਕੁਦਰਤਿ ਕਵਣ ਕਹਾ ਵੀਚਾਰੁ॥
ਵਾਰਿਆ ਨ ਜਾਵਾ ਏਕ ਵਾਰ॥
ਜੋ ਤੁਧੁ ਭਾਵੈ ਸਾਈ ਭਲੀ ਕਾਰ॥
ਤੂ ਸਦਾ ਸਲਾਮਤਿ ਨਿਰੰਕਾਰ॥੧੭॥

ਅਜੋਕਾ ਸਿੱਖ ਵਿਦਵਾਨ ਡਾ. ਦਲਵਿੰਦਰ ਸਿੰਘ ਗਰੇਵਾਲ ਇਸ ਪਉੜੀ ਦੀ ਵਿਆਖਿਆ ਕਰਦਾ ਲਿਖਦਾ ਹੈ, "ਅਸੰਖ ਦਾ ਭਾਵ ਸੰਖਿਆ ਰਹਿਤ, ਗਿਣਤੀ ਰਹਿਤ, ਅਣਗਿਣਤ, ਗਿਣਤੀ ਦਾ ਅਖੀਰਲਾ ਅੰਕ, ਜਿਸ ਤੋਂ ਅੱਗੇ ਗਿਣਤੀ ਨਾ ਹੋ ਸਕੇ। ਪਰਮਾਤਮਾ ਦੇ ਸਾਜੇ ਅਣਗਿਣਤ ਜੀਵ ਉਸ ਦੇ ਨਾਮ ਦਾ ਜਪ ਕਰਨ ਲੱਗੇ ਹੋਏ ਹਨ। ਅਣਗਿਣਤ ਹਨ, ਜੋ ਪਰਮਾਤਮਾ ਨੂੰ ਦਿਲੋਂ, ਮਨੋਂ ਪਿਆਰ ਕਰਦੇ ਹਨ; ਜਪਣ ਵਾਲੇ ਅਣਗਿਣਤ ਹਨ; ਅਸੰਖ ਸੇਵਾ, ਭਾਉ, ਭਗਤੀ, ਪੂਜਾ, ਮਨੋਰਥ, ਸਿਧੀ ਵਾਸਤੇ ਜਪ ਤਪ ਕਰ ਰਹੇ ਹਨ, ਗ੍ਰੰਥਾਂ ਦਾ ਪਾਠ ਕਰ ਰਹੇ ਹਨ, ਮੂੰਹ ਜ਼ੁਬਾਨੀ ਵੇਦਾਂ ਦਾ ਪਾਠ ਉਚਾਰਨ ਕਰਦੇ ਹਨ। ਅੰਦਰੋਂ ਪਰਮਾਤਮਾ ਨਾਲ ਭਾਉ ਪ੍ਰੇਮ ਜਾਗ ਪਵੇ ਤਾਂ ਹੀ ਸਾਰੇ ਜਪ ਪੂਜਾ ਪਾਠ ਦੀ ਘਾਲ ਥਾਂ ਪੈਂਦੀ ਹੈ... ਸਿੱਖ ਧਰਮ ਵਿਚ ਨਾਮ ਦੀ ਪੂਜਾ ਸਭ ਤੋਂ ਉਤਮ ਮੰਨੀ ਗਈ ਹੈ। ਅਣਗਿਣਤ ਹਨ, ਜੋ ਧਾਰਮਿਕ ਗ੍ਰੰਥਾਂ ਦਾ, ਵੇਦਾਂ ਦਾ ਮੁੱਖੋਂ ਪਾਠ ਕਰਦੇ ਰਹਿੰਦੇ ਹਨ; ਅਣਗਿਣਤ ਹਨ, ਜੋ ਯੋਗ ਧਾਰਨ ਕਰਦੇ ਹਨ ਤੇ ਦੁਨੀਆਂ ਤੋਂ ਸਦੀਵੀ ਉਦਾਸੀ ਧਾਰ ਲੈਂਦੇ ਹਨ, ਭਾਵ ਮੋਹ ਮਾਇਆ ਤੋਂ ਦੂਰ ਹੋ ਜਾਂਦੇ ਹਨ। ਅਣਗਿਣਤ ਹਨ ਉਹ ਭਗਤ ਜੋ ਪਰਮਾਤਮਾ ਦੇ ਗੁਣਾਂ ਦੀ ਵਿਚਾਰ ਚਰਚਾ ਵਿਚ ਲੱਗੇ ਰਹਿੰਦੇ ਹਨ, ਅਣਗਿਣਤ ਹਨ ਜੋ ਆਪਣਾ ਜਤ ਸਤ ਕਾਇਮ ਰਖਦੇ ਹਨ, ਅਣਗਿਣਤ ਹਨ ਜੋ ਦਾਨ ਦੇਈ ਜਾਂਦੇ ਹਨ। ਅਨੇਕਾਂ ਅਜਿਹੇ ਸੂਰਮੇ ਹਨ, ਜੋ ਆਪਣੇ ਅਸੂਲਾਂ ਦੀ ਰੱਖਿਆ ਲਈ ਰਣ ਤੱਤੇ ਵਿਚ ਸਾਹਵੇਂ ਜੂਝਦੇ ਹਨ, ਲੋਹਾ ਲੈਂਦੇ ਹਨ, ਲੋਹ-ਸ਼ਸ਼ਤਰਾਂ ਦਾ ਸਵਾਦ ਚਖਦੇ ਹਨ, ਵਾਰ ਸਹਿੰਦੇ ਹਨ; ਅਣਗਿਣਤ ਹਨ ਜੋ ਚੁੱਪ ਧਾਰ ਕੇ ਧਿਆਨ ਲਾ ਕੇ ਇਕ ਟੱਕ ਬੈਠ ਜਾਂਦੇ ਹਨ। ਪਰਮਾਤਮਾ ਦੇ ਬੇਅੰਤ ਗੁਣਾਂ ਵਿਸ਼ਾਲ ਕੁਦਰਤ ਬਾਰੇ ਕੋਈ ਕਿਵੇਂ ਵਿਚਾਰ ਕਰ ਸਕਦਾ ਹੈ? ਮੈਂ ਤਾਂ ਪਰਮਾਤਮਾ ਦੇ ਵਾਰੇ ਇਕ ਵਾਰ ਵੀ ਜਾਣ ਜੋਗਾ ਨਹੀਂ। ਉਸ ਦੇ ਰੋਮ ਬਰਾਬਰ ਵੀ ਨਹੀਂ। ਜੋ ਉਸ ਨੂੰ ਚੰਗਾ ਲਗਦਾ ਹੈ, ਉਹੀ ਭਲਾ ਕਾਰਜ ਹੈ। ਪਰਮਾਤਮਾ ਤਾਂ ਸਦਾ ਸਲਾਮਤ ਹੈ, ਸਦਾ ਸਥਿਰ ਹੈ। ਪਰਮਾਤਮਾ ਦੀ ਸਿਫਤਿ ਸਾਲਾਹ ਕਰਨ ਵਾਲਿਆਂ ਦਾ ਕੋਈ ਅੰਤ ਨਹੀਂ, ਪਰ ਉਸ ਨੂੰ ਪੁੱਜਣ ਵਾਲੇ ਤਾਂ ਟਾਂਵੇਂ ਟਾਂਵੇ ਹੀ ਹਨ।

ਡਾ. ਦਲਵਿੰਦਰ ਸਿੰਘ ਗਰੇਵਾਲ ਦੀ ਕੀਤੀ ਵਿਆਖਿਆ 'ਚੋਂ ਦੋ ਮੁੱਖ ਨੁਕਤੇ ਉਭਰ ਕੇ ਆਉਂਦੇ ਹਨ-ਪਉੜੀ ਦੇ ਅਰਥ ਤੇ ਅਸੰਖ ਦੀ ਪਰਿਭਾਸ਼ਾ। ਪਉੜੀ ਦੀ ਵਿਆਖਿਆ ਉਹ ਦੂਜੇ ਅਧਿਆਤਮਵਾਦੀਆਂ ਵਾਂਗੂੰ ਪਰਮਾਤਮਾ ਨਾਲ ਸ਼ੁਰੂ ਕਰਦਾ ਹੈ। ਪਰਮਾਤਮਾ ਨੂੰ ਹੀ ਕੇਂਦਰ ਵਿਚ ਰੱਖ ਕੇ ਉਹ ਬਿਆਨ ਕਰਦਾ ਹੈ ਕਿ ਅਸੰਖਾਂ ਲੋਕ ਉਸ ਨੂੰ ਤਰ੍ਹਾਂ ਤਰ੍ਹਾਂ ਪੂਜਦੇ ਹਨ। ਭਾਵੇ ਇੱਥੇ 'ਭਾਉ' ਦਾ ਅਰਥ ਭਾ ਤੈਅ ਕਰਕੇ ਸਵਾਰਥਾਰਥ ਭਗਤੀ ਕਰਨਾ ਹੈ, ਪਰ ਉਹ ਇਸ ਨੂੰ ਪ੍ਰੇਮ ਦੱਸਦਾ ਹੈ। ਉਸ ਦੇ ਕਹਿਣ ਦਾ ਸਾਰ ਹੈ ਕਿ ਪਰਮਾਤਮਾ ਇੰਨਾ ਵੱਡਾ ਤੇ ਪ੍ਰਭਾਵਸ਼ਾਲੀ ਹੈ ਕਿ ਬੜੀ ਭਾਰੀ ਗਿਣਤੀ ਵਿਚ ਲੋਕ ਉਸ ਨੂੰ ਪੂਜਦੇ ਹਨ। 'ਵਾਰਿਆ ਨਾ ਜਾਵਾ ਏਕ ਵਾਰ' ਦਾ ਸ਼ਬਦੀ ਅਰਥ ਕਰ ਕੇ ਉਹ ਕਹਿੰਦਾ ਹੈ ਕਿ ਉਹ ਤਾਂ ਉਸ ਦੇ "ਰੋਮ" ਬਰਾਬਰ ਵੀ ਨਹੀਂ। ਇਸ ਵਿਆਖਿਆ ਵਿਚ ਟੀਕਾਕਾਰ ਨੇ ਗੁਰੂ ਸਾਹਿਬ ਦੇ ਸ਼ਬਦਾਂ ਨੂੰ ਹੀ ਅੱਗੇ ਪਿੱਛੇ ਕਰ ਕੇ ਲਿਖਿਆ ਹੈ। ਉਸ ਇਹ ਨਹੀਂ ਦੱਸਿਆ ਕਿ ਇਸ ਨੂੰ ਲਿਖਣ ਪਿੱਛੇ ਗੁਰੂ ਸਾਹਿਬ ਦਾ ਮਨੋਰਥ ਕੀ ਸੀ। ਉਸ ਨੇ ਅਜਿਹਾ ਇਸ ਲਈ ਨਹੀਂ ਕੀਤਾ, ਕਿਉਂਕਿ ਦੂਜੇ ਆਧੁਨਿਕ ਸਿੱਖ ਵਿਦਵਾਨਾਂ ਵਾਂਗ ਉਸ ਨੇ ਵੀ ਇਸ ਤੋਂ ਪਹਿਲੀਆਂ ਪਉੜੀਆਂ ਦੇ ਸੰਦਰਭ 'ਚ ਨਹੀਂ ਵਿਚਾਰਿਆ।

ਜੇ ਇਹ ਵਿਦਵਾਨ ਪਿਛਲੀਆਂ ਪਉੜੀਆਂ ਨੂੰ ਸਹੀ ਤਰ੍ਹਾਂ ਵਿਚਾਰਨ ਤਾਂ ਸਮਝ ਜਾਣ ਕਿ 'ਮੰਨੇ' ਦੀਆਂ ਪਉੜੀਆਂ ਪਿਛੋਂ ਗੁਰੂ ਸਾਹਿਬ ਉਸ ਵੇਲੇ ਦੇ ਹਿੰਦੂ ਸਮਾਜ ਦੀ ਖੜ੍ਹੋਤ ਵਾਲੀ ਦਸ਼ਾ ਦਾ ਵਰਣਨ ਕਰ ਰਹੇ ਹਨ। ਉਹ ਦੱਸ ਰਹੇ ਹਨ ਕਿ ਕਿਵੇਂ ਉਸ ਸਮਾਜ ਦੀ ਸੋਚ ਵਹਿਮਾਂ ਕਾਰਨ ਪੰਜ ਦੇ ਇਕ ਛੋਟੇ ਜਿਹੇ ਹਿੰਦਸੇ 'ਤੇ ਰੁਕੀ ਹੋਈ ਸੀ। ਉਦੋਂ ਦੇ ਬੁੱਧੀਜੀਵੀ ਇਸ ਅੰਕ ਨੂੰ ਸ੍ਰੇਸ਼ਟ ਮੰਨੀ ਬੈਠੇ ਸਨ ਤੇ ਉਹ ਕੁਦਰਤ ਨੂੰ ਇਸ ਤੋਂ ਅੱਗੇ ਲੰਘ ਕੇ ਨਹੀਂ ਸਨ ਨਿਹਾਰਦੇ। ਗੁਰੂ ਸਾਹਿਬ ਨੇ ਕਈ ਹਿੰਦੂ ਮਨੌਤਾਂ ਦਾ ਖੰਡਨ ਕਰਦਿਆਂ ਦਲੀਲ ਦਿੱਤੀ ਸੀ ਕਿ ਕੁਦਰਤ ਬੇਅੰਤ ਤੇ ਬੇਹਿਸਾਬ ਹੈ, ਇਸ ਲਈ ਇਸ ਦਾ ਖੁਲ੍ਹੇ ਦਿਮਾਗ ਨਾਲ ਜਾਇਜ਼ਾ ਲੈਣ ਦੀ ਲੋੜ ਹੈ। ਇਸ ਵਿਚ ਇੰਨੀਆਂ ਵਧੇਰੇ ਨਾਂਵਾਂ ਵਾਲੀਆਂ ਜੀਵ ਜਾਤੀਆਂ ਹਨ ਕਿ ਉਨ੍ਹਾਂ ਦਾ ਲੇਖਾ ਹਾਲੇ ਤੀਕ ਮੁਕੰਮਲ ਨਹੀਂ ਹੋਇਆ। ਇਸੇ ਲੜੀ ਵਿਚ ਉਨ੍ਹਾਂ ਨੇ ਮਨੁੱਖ ਜਾਤੀ ਵਿਚ ਵੱਖ ਵੱਖ ਪ੍ਰਕਿਰਤੀ ਦੇ ਲੋਕਾਂ ਦਾ ਜ਼ਿਕਰ ਕੀਤਾ। ਉਨ੍ਹਾਂ ਅਨੁਸਾਰ ਇਹ ਸਭ ਲੋਕ ਕੁਦਰਤ ਨੂੰ ਅਨੰਤ ਜਾਣ ਕੇ ਇਸ ਦੀ ਵਿਵਿਧ ਢੰਗ ਨਾਲ ਪੂਜਾ ਤਾਂ ਕਰਦੇ ਹਨ, ਪਰ ਇਸ ਦਾ ਮਾਤਰਾਤਮਕ ਤੇ ਗੁਣਾਤਮਕ ਅਧਿਐਨ ਨਹੀਂ ਕਰਦੇ। ਲੋਕ ਇਸ ਨੂੰ ਪੂਜਨੀਕ ਮੰਨਦੇ ਹਨ, ਪਰ ਖੋਜ ਦੀ ਰੁਚੀ ਨਹੀਂ ਅਪਨਾਉਂਦੇ। ਉਹ ਸੰਕੇਤ ਕਰਦੇ ਹਨ ਕਿ ਕੁਦਰਤ ਦਾ ਇੱਡਾ ਵੱਡਾ ਪਸਾਰਾ ਹੈ ਕਿ ਇਸ ਨੂੰ ਇਕ ਵਾਰ ਵੀ ਗਿਣਿਆ ਮਿਣਿਆ ਨਹੀਂ ਗਿਆ। ਨਾ ਇਸ ਦੇ ਫੈਸਲਿਆਂ ਦਾ ਭੇਤ ਪਤਾ ਲਗਦਾ ਹੈ ਤੇ ਨਾ ਹੀ ਇਨ੍ਹਾਂ 'ਤੇ ਕੋਈ ਕਿੰਤੂ ਪ੍ਰੰਤੂ ਹੋ ਸਕਦਾ ਹੈ। ਆਦਿ ਕਾਲ ਤੋਂ ਸਭ ਇਵੇਂ ਹੀ ਵਰਤ ਰਿਹਾ ਹੈ!

ਗੁਰੂ ਸਾਹਿਬ ਦੀ ਸੋਚ ਬਿਲਕੁਲ ਸਹੀ ਸੀ। ਜੋ ਉਸ ਵੇਲੇ ਹੋ ਰਿਹਾ ਸੀ, ਉਹ ਅੱਜ ਵੀ ਹੋ ਰਿਹਾ ਹੈ। ਅਜੋਕੇ ਸਿੱਖ ਵਿਦਵਾਨ ਵੀ ਪੰਜ ਦੇ ਮੋਹ ਵਿਚ ਪੈ ਕੇ ਪੰਜ ਪਤਾਸੇ, ਪੰਜ ਬਾਣੀਆਂ, ਪੰਜ ਸਿੰਘ, ਪੰਜ ਤਖਤ ਆਦਿ ਦੀ ਰਟ ਵਿਚ ਪਏ ਹੋਏ ਹਨ। ਜੇ ਲੋਕਾਂ ਦੇ ਮਨ 'ਚ ਪੰਜ ਦਾ ਅੰਕ ਹੀ ਘਰ ਕਰ ਗਿਆ ਹੋਵੇ ਤਾਂ ਉਹ ਇੱਡੇ ਵੱਡੇ ਬ੍ਰਹਿਮੰਡ ਦੇ ਰਾਜ ਕਿਵੇਂ ਸਮਝਣਗੇ? ਕਿਵੇਂ ਜਾਣਨਗੇ ਕਿ ਧਰਤੀ ਕਿੰਨੀ ਕੁ ਵੱਡੀ ਹੈ ਤੇ ਆਕਾਸ਼ ਕਿੰਨਾ ਕੁ ਮੋਕਲਾ ਹੈ! ਸੂਰਜ ਮੰਡਲ ਦੇ ਫਾਸਲੇ ਤਾਂ ਸਾਧਾਰਣ ਅੰਕ ਗਣਿੱਤ ਨਾਲ ਸਮਝ ਲਏ ਜਾਂਦੇ ਹਨ, ਪਰ ਇਸ ਤੋਂ ਅਗੋਂ ਦੀਆਂ ਪੁਲਾੜੀ ਦੂਰੀਆਂ ਨੂੰ ਸਮਝਣਾ ਵਿਗਿਆਨੀਆਂ ਲਈ ਵੀ ਮੁਸ਼ਕਿਲ ਹੈ। ਇਸੇ ਲਈ ਉਨ੍ਹਾਂ ਪ੍ਰਕਾਸ਼-ਵਰ੍ਹੇ ਦੀ ਧਾਰਨਾ ਸਿਰਜੀ। ਇਹ ਉਹ ਦੂਰੀ ਹੈ, ਜੋ ਪ੍ਰਕਾਸ਼ ਦੀ ਕਿਰਨ ਇਕ ਸਾਲ 'ਚ ਤੈਅ ਕਰਦੀ ਹੈ। ਪ੍ਰਕਾਸ਼-ਵਰ੍ਹਿਆਂ ਦੀ ਦੂਰੀ ਨੂੰ ਆਮ ਗਣਿੱਤ ਰਾਹੀਂ ਮੀਲਾਂ ਵਿਚ ਮਿਣਨ ਲਈ ਸਾਇੰਟਿਫਿਕ ਨੋਟੇਸ਼ਨ ਇਜ਼ਾਦ ਕੀਤੀ। ਕਈ ਵਾਰ ਤਾਂ ਇਹ ਲਗਦਾ ਹੈ ਜਿਵੇਂ ਅਜੋਕੇ ਵਿਗਿਆਨੀ ਗੁਰੂ ਸਾਹਿਬ ਦੇ ਨਿਰਦੇਸ਼ਨ ਵਿਚ ਹੀ ਕੰਮ ਕਰ ਰਹੇ ਹੋਣ, ਭਾਵ ਉਨ੍ਹਾਂ ਦੇ ਉਠਾਏ ਨੁਕਤਿਆਂ ਦੀ ਹੀ ਘੋਖ ਕਰ ਰਹੇ ਹੋਣ!

ਆਧੁਨਿਕ ਵਿਗਿਆਨ ਦੀਆਂ ਪ੍ਰਾਪਤੀਆਂ ਕਾਰਨ ਅੱਜ ਪਤਾ ਹੈ ਕਿ ਨੇੜੇ ਦਾ ਧਰੂ ਤਾਰਾ ਧਰਤੀ ਤੋਂ 434 ਪ੍ਰਕਾਸ਼-ਵਰ੍ਹੇ ਦੂਰ ਹੈ। ਵਿਗਿਆਨਕ ਨੋਟੇਸ਼ਨ ਅਨੁਸਾਰ ਇਹ ਗਿਣਤੀ $2.551x10^{1}$ ਮੀਲ ਹੈ। ਆਮ ਗਣਿੱਤ ਅਨੁਸਾਰ ਇਹ ਸੰਖਿਆ 2558501885400000 ਮੀਲ ਤੋਂ ਵੀ ਵਧ ਬਣਦੀ ਹੈ। ਪੁਲਾੜ ਵਿਚ ਫਾਸਲੇ ਇਸ ਤੋਂ ਵੀ ਵੱਡੇ ਵੱਡੇ ਪਏ ਹਨ। ਮਿਸਾਲ ਵਜੋਂ ਉਹ ਵੱਡਾ ਵਿਸਫੋਟ (Big Bang), ਜਿਸ ਨਾਲ ਬ੍ਰਹਿਮੰਡ ਸਿਰਜਿਆ ਗਿਆ ਸੀ, ਅੱਜ ਤੋਂ ਕਰੀਬ 15 ਬਿਲੀਅਨ ਸਾਲ ਪਹਿਲਾਂ ਹੋਇਆ ਸੀ। ਪ੍ਰਕਾਸ਼ ਦੀ ਗਤੀ 1,86,000 ਮੀਲ ਪ੍ਰਤੀ ਸਕਿੰਟ ਹੈ। ਇਸ ਹਿਸਾਬ ਇਸ ਦਾ 15 ਬਿਲੀਅਨ ਸਾਲਾਂ ਵਿਚ ਤੈਅ ਕੀਤਾ ਫਾਸਲਾ $8.82x10^{22}$ ਮੀਲ ਹੋਇਆ। ਇਸ ਦਾ ਭਾਵ ਹੈ ਕਿ ਉਸ ਵੇਲੇ ਦਾ ਉਡਿਆ ਪਹਿਲਾ ਸਿਤਾਰਾ ਅੱਜ ਧਰਤੀ ਤੋਂ $8.82x10^{22}$ ਮੀਲ ਦੂਰ ਚਲਾ ਗਿਆ ਹੈ।

ਗਣਿੱਤ ਅਨੁਸਾਰ ਇਹ ਦੂਰੀ 88200000000000000000000 ਮੀਲ ਬਣਦੀ ਹੈ। ਤਕਨੀਕੀ ਤੌਰ 'ਤੇ ਇਹ ਦਿਸਦੇ ਬ੍ਰਹਿਮੰਡ ਦਾ ਆਖਰੀ ਸਿਰਾ ਹੈ; ਪਰ ਹੈ ਨਹੀਂ, ਕਿਉਂਕਿ ਇਹ ਬ੍ਰਹਿਮੰਡ 3,72,000 ਮੀਲ ਪ੍ਰਤੀ ਸਕਿੰਟ ਦੀ ਰਫਤਾਰ ਨਾਲ ਚਾਰੇ ਪਾਸੇ ਫੈਲ ਰਿਹਾ ਹੈ ਤੇ ਅੱਗੇ ਖਾਲੀ ਥਾਂ ਵਿਚ ਫੈਲਦਾ ਹੀ ਚਲਿਆ ਜਾ ਰਿਹਾ ਹੈ। ਖਾਲੀ ਥਾਂ ਵੀ ਤਾਂ ਆਖਰ ਥਾਂ ਹੈ। ਸੰਖਿਆਵਾਂ ਇਸ ਤੋਂ ਵੀ ਅੱਗੇ ਪਈਆਂ ਹਨ। 15 ਬਿਲੀਅਨ ਹੋਰ ਸਾਲਾਂ ਬਾਅਦ ਸਭ ਤੋਂ ਪਹਿਲਾ ਤਾਰਾ $1.684x10^{44}$ ਮੀਲ ਹੋਵੇਗਾ ਤੇ 30 ਬਿਲੀਅਨ ਸਾਲਾਂ ਪਿਛੋਂ $3.368x10^{88}$ ਮੀਲ ਦੀ ਦੂਰੀ 'ਤੇ। ਇਹ 15, 30, 45, 60 ਬਿਲੀਅਨ ਤਾਂ ਕਹਿਣ ਦੀਆਂ ਗੱਲਾਂ ਹਨ। ਹੁਣ ਤੋਂ 6 ਬਿਲੀਅਨ ਸਾਲਾਂ ਤੀਕ ਤਾਂ ਸੂਰਜ ਵੀ ਬਰਫ ਬਣ ਜਾਵੇਗਾ। ਫਿਰ ਕਿਹੜਾ ਰੱਬ, ਕਿਹੜੀ ਭਗਤੀ ਤੇ ਕਿਹੜੇ ਭਗਤ! ਸਭ ਯੱਖ ਬਣ ਜਾਣਗੇ। ਜਿਸ ਪਦਾਰਥ ਨੂੰ ਅੱਜ ਅਧਿਆਤਮਵਾਦੀ ਲੱਤ ਮਾਰਦੇ ਹਨ, ਉਸੇ ਵਿਚ ਕੋਕੜਾ ਬਣ ਕੇ ਪਏ ਹੋਣਗੇ। ਸਿਰਫ ਤੇ ਸਿਰਫ ਕੁਦਰਤ ਰਹੇਗੀ ਅਤੇ ਕੁਦਰਤ ਦੇ ਅਣਵੇਖੇ ਵਰਤਾਰੇ ਰਹਿਣਗੇ। ਇਸ ਉਪਰੰਤ ਕਿਸੇ ਢੁਕਵੇਂ ਵਾਤਾਵਰਣ ਵਾਲੇ ਸਿਤਾਰੇ ਉਤੇ ਫਿਰ ਇਨਸਾਨ ਪੈਦਾ ਹੋਵੇਗਾ। ਉਹ ਫਿਰ ਕਈ ਯੁਗ ਡਰੇਗਾ, ਕਈ ਯੁਗ ਘਬਰਾਏਗਾ ਤੇ ਕਈ ਯੁਗ ਹੱਥ ਬੰਨ੍ਹ ਅਰਦਾਸਾਂ ਕਰੇਗਾ। ਜਦੋਂ ਠੰਡੇ ਵਿਚਾਰ ਨਾਲ ਖੋਜ ਕਰਨ ਲੱਗੇਗਾ, ਉਦੋਂ ਉਸ ਦਾ ਸੂਰਜ ਵੀ ਠੰਡਾ ਹੋ ਜਾਵੇਗਾ। ਉਹ ਵੀ ਅੱਧ-ਕੱਤੀ ਪੂਣੀ ਛੱਡ ਕੇ ਉਠ ਜਾਵੇਗਾ। ਸਿਰਫ ਅਦਿੱਖ ਹੁਕਮ ਹੀ ਸਦਾ ਸਲਾਮਤ ਰਹੇਗਾ।

ਇਹ ਹੈ ਅਸੰਖ ਦਾ ਸੰਕਲਪ, ਜਿਸ ਨੂੰ ਦੇ ਕੇ ਗੁਰੂ ਸਾਹਿਬ ਨੇ ਬ੍ਰਹਿਮੰਡ ਵਿਗਿਆਨ ਦੀ ਨੀਂਹ ਰੱਖੀ।

# ਗੁਰੂ ਗ੍ਰੰਥ ਸਾਹਿਬ: ਵਿਸ਼ਾ ਤੇ ਵਸਤੂ

**ਨਿੱਕ ਸੁੱਕ**



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

26 ਮਈ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਨ ਸੀ। ਉਨ੍ਹਾਂ ਦੀ ਯਾਦ ਵਿਚ ਲਾਹੌਰ ਵਿਖੇ ਗੁਰਦੁਆਰਾ ਡੇਰਾ ਸਾਹਿਬ ਸਥਾਪਤ ਹੈ। ਦੇਸ਼ ਵੰਡ ਤੋਂ ਪਹਿਲਾਂ ਅਖੰਡ ਹਿੰਦੁਸਤਾਨ ਦੇ ਸਿੱਖ ਸ਼ਰਧਾਲੂ ਏਥੇ ਨਤਮਸਤਕ ਹੁੰਦੇ ਸਨ। ਵੰਡ ਪਿੱਛੋਂ ਭਾਰਤ ਤੋਂ ਪਾਕਿਸਤਾਨ ਜਾਣ ਵਾਲਿਆਂ ਦੇ ਰਾਹ ਵਿਚ ਔਕੜਾਂ ਆਉਣ ਕਾਰਨ ਹਰ ਸਾਲ ਬਹੁਤ ਸਾਰੇ ਸ਼ਰਧਾਲੂ ਲਾਹੌਰ ਨਹੀਂ ਜਾ ਸਕਦੇ। ਇਸ ਵਾਰ ਤਾਂ ਕਰੋਨਾ ਵਾਇਰਸ ਵਾਲੀ ਤਾਲਾਬੰਦੀ ਨੇ ਹਰ ਕਿਸੇ ਦੇ ਪੈਰਾਂ ਵਿਚ ਬੇੜੀਆਂ ਪਾ ਛੱਡੀਆਂ।

ਮੇਰੇ ਜਿਹੇ ਅਨੇਕਾਂ ਨੇ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕ ਕੇ ਮਨ ਸਮਝਾ ਲਿਆ ਹੈ। ਮੇਰੇ ਸਾਹਮਣੇ ਇੱਕ ਹੋਰ ਬਦਲ ਵੀ ਪਿਆ ਹੈ। ਡਾ. ਜਸਪਾਲ ਸਿੰਘ ਰਚਿਤ 'ਸ੍ਰੀ ਗੁਰੂ ਗ੍ਰੰਥ ਸਾਹਿਬ ਬਾਣੀ ਦਾ ਸੰਕਲਨ ਤੇ ਚਿੰਤਨ' (ਨਵਯੁੱਗ ਪਬਲਿਸ਼ਰਜ਼, ਪੰਨੇ 210, ਮੁੱਲ 375 ਰੁਪਏ) ਇਹ ਰਚਨਾ ਸਿੱਖੀ ਮਾਣ-ਮਰਿਆਦਾ ਦਾ ਧੁਰਾ ਹੈ। ਖੂਬੀ ਇਹ ਕਿ ਇਸ ਵਿਚ ਵਰਤਮਾਨ ਕਾਲ ਵਾਸਤੇ ਲੋੜੀਂਦੀ ਸੇਧ ਵੀ, ਗੁਰਬਾਣੀ ਦੇ ਯੋਗ ਪ੍ਰਸੰਗ ਸਮੇਤ, ਦਰਜ ਹੈ।

ਵਿਚਾਰ ਅਧੀਨ ਪੁਸਤਕ ਦੇ ਪੰਜ ਅਧਿਆਇ ਹਨ। ਪਹਿਲੇ ਅਧਿਆਇ ਵਿਚ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਸੰਕਲਨ, ਸੰਪਾਦਨ ਅਤੇ ਉਸ ਨਾਲ ਜੁੜੇ ਵਿਸ਼ਿਆਂ ਬਾਰੇ ਚਰਚਾ ਕੀਤੀ ਗਈ ਹੈ, ਜਿਵੇਂ-ਬਾਣੀ ਦੀ ਤਰਤੀਬ, ਸੰਪਾਦਕੀ ਜੁਗਤਾਂ, ਬਿੰਬ ਵਿਧਾਨ, ਸੰਗੀਤ ਦੀ ਪਰੰਪਰਾ ਤੇ ਭਾਸ਼ਾ ਅਤੇ ਲਿਪੀ। ਦੂਜੇ ਅਧਿਆਇ ਵਿਚ 'ਸ਼ਬਦ ਗੁਰੂ ਸੁਰਤ ਧੁਨ ਚੇਲਾ' ਤੇ 'ਬਾਣੀ ਗੁਰੂ ਗੁਰੂ ਹੈ ਬਾਣੀ' ਦੇ ਸਿਧਾਂਤ ਤੇ ਸੰਕਲਪ ਦੀ ਵਿਆਖਿਆ ਹੈ, ਬਾਣੀ ਦੇ ਅਦਬ-ਸਤਿਕਾਰ, ਬਾਣੀ ਦੇ ਗਲੋਬਲ ਸਰੋਕਾਰ ਅਤੇ ਉਸ ਦੀ ਵਿਸ਼ਵ-ਦ੍ਰਿਸ਼ਟੀ ਦੀ ਚਰਚਾ ਸਮੇਤ ਤੀਜੇ ਅਧਿਆਇ ਵਿਚ ਪਹਿਲੇ ਪੰਜ ਗੁਰੂ ਸਾਹਿਬਾਨ ਤੇ ਨੌਵੇਂ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਦਾ ਸੰਦੇਸ਼ ਤੇ ਮਹੱਤਵ ਸਮੋਇਆ ਹੋਇਆ ਹੈ।

ਚੌਥੇ ਅਧਿਆਇ ਵਿਚ ਬਾਣੀ ਦੇ ਰਚਨਾਕਾਰ ਭਗਤਾਂ-ਨਾਮਦੇਵ, ਰਵਿਦਾਸ, ਰਾਮਾਨੰਦ, ਜੈ ਦੇਵ, ਤ੍ਰਿਲੋਚਨ, ਧੰਨਾ, ਸੈਣ ਜੀ, ਪੀਪਾ ਜੀ, ਭੀਖਨ, ਸਧਨਾ, ਪਰਮਾਨੰਦ, ਸੂਰਦਾਸ, ਬੇਣੀ ਜੀ ਅਤੇ ਭਗਤ ਬਾਬਾ ਫਰੀਦ ਜੀ ਦੀ ਬਾਣੀ ਦੀ ਪ੍ਰਕਿਰਤੀ ਅਤੇ ਉਸ ਵਿਚੋਂ ਪ੍ਰਾਪਤ ਹੁੰਦੇ ਗਿਆਨ ਬਾਰੇ ਯੋਗ ਚਰਚਾ ਕੀਤੀ ਗਈ ਹੈ। ਪੰਜਵੇਂ ਤੇ ਅੰਤਿਮ ਅਧਿਆਇ ਵਿਚ ਬਾਬਾ ਸੁੰਦਰ ਤੇ ਭਾਈ ਮਰਦਾਨੇ ਦੀ ਬਾਣੀ, ਸੱਤਾ-ਬਲਵੰਡ ਦੀ ਵਾਰ ਅਤੇ ਗਿਆਰਾਂ ਭੱਟਾਂ ਦੀ ਬਾਣੀ ਦਾ ਵੇਰਵਾ ਦਰਜ ਹੈ।

ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦਾ ਮੂਲ ਮਨੋਰਥ ਭਾਵੇਂ ਮਾਨਵ ਜਾਤਿ ਨੂੰ ਅਧਿਆਤਮ ਨਾਲ ਜੋੜਨਾ ਹੈ, ਪਰ ਇਹ ਸਮੇਂ ਦੇ ਸਰੋਕਾਰਾਂ ਨਾਲ ਕਿੰਨੀ ਓਤ-ਪੋਤ ਸੀ। ਬਾਬਰ ਦੇ ਹਮਲੇ ਨਾਲ ਸਬੰਧਤ ਗੁਰੂ ਨਾਨਕ ਦੇਵ ਜੀ ਦੇ ਸ਼ਲੋਕ ਤੋਂ ਪਤਾ ਲੱਗ ਜਾਂਦਾ ਹੈ,

ਖੁਰਾਸਾਨ ਖਸਮਾਨਾ ਕੀਆ
ਹਿੰਦੁਸਤਾਨ ਡਰਾਇਆ॥
ਆਪੈ ਦੋਸ ਨਾ ਦੇਈ ਕਰਤਾ
ਜਮੁ ਕਰਿ ਮੁਗਲੁ ਚੜ੍ਹਾਇਆ॥
ਏਤੀ ਮਾਰ ਪਈ ਕਰਲਾਣੇ
ਤੈਂ ਕੀ ਦਰਦੁ ਨ ਆਇਆ॥

ਡਾ. ਜਸਪਾਲ ਸਿੰਘ ਅਨੁਸਾਰ ਵੇਖਣ ਵਾਲੀ ਗੱਲ ਇਹ ਹੈ ਕਿ ਦੁਨੀਆਂ ਦੇ ਸਾਰੇ ਧਰਮ-ਗ੍ਰੰਥ ਕਿਸੇ ਨਾ ਕਿਸੇ ਰੂਪ ਵਿਚ ਮਨੁੱਖੀ ਜ਼ਿੰਦਗੀ ਵਲ ਸੇਧਤ ਹਨ, ਪਰ ਗ੍ਰੰਥ ਸਾਹਿਬ ਦਾ ਨਿਵੇਕਲਾ ਮੁਕਾਮ ਹੈ। ਇਹ ਇਕ ਵਿਲੱਖਣ ਧਰਮ ਗ੍ਰੰਥ ਹੈ, ਜਿਸ ਨੂੰ ਗੁਰੂ ਪਦ ਪ੍ਰਾਪਤ ਹੈ ਅਤੇ ਜਿਸ ਪਾਸੋਂ ਦੁਨੀਆਂ ਦਾ ਹਰ ਮਨੁੱਖ ਦੁਨਿਆਵੀ ਤੇ ਰੂਹਾਨੀ ਸਰਪ੍ਰਸਤੀ ਹਾਸਲ ਕਰ ਸਕਦਾ ਹੈ। ਮਜ਼ਹਬਾਂ ਦੇ ਵਿਤਕਰਿਆਂ ਅਤੇ ਮਨੁੱਖ-ਮਨੁੱਖ ਵਿਚਾਲੇ ਭੇਦ ਦੇ ਹਰ ਬੰਧਨ ਤੋਂ ਮੁਕਤ ਸਮੁੱਚੀ ਮਨੁੱਖਤਾ ਦੀ ਸਾਂਝੀ ਵਿਰਾਸਤ। ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰ ਬਾਣੀ ਦੇ ਪਰਵਾਹ ਅੱਗੇ ਹਰ ਦੀਵਾਰ ਟੁੱਟ ਜਾਂਦੀ ਹੈ।

ਅਸੀਂ ਵੇਖਦੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਵਿਚ ਮਨੁੱਖੀ ਮਨ ਨੂੰ ਧਰਮ, ਸਿਮਰਨ, ਪਰਮਾਰਥ, ਪਰਉਪਕਾਰ, ਸਬਰ, ਸੰਤੋਖ ਤੇ ਸੇਵਾ ਦਾ ਜੋ ਉਪਦੇਸ਼ ਦਿੱਤਾ ਗਿਆ ਹੈ, ਉਹ ਸਮੇਂ ਦੇ ਸਭਿਆਚਾਰਕ ਹਾਲਾਤ ਅਤੇ ਸੰਸਾਰਕ ਆਲੇ-ਦੁਆਲੇ ਵਿਚ ਗਲੇਫਿਆ ਹੋਇਆ ਹੈ। ਰਚਨਾਕਾਰਾਂ ਨੇ ਦੁਨਿਆਵੀ ਖੇਤਰ ਨਾਲ ਸਬੰਧਤ ਸਾਰੇ ਵਿਸ਼ਿਆਂ ਬਾਰੇ ਆਪਣਾ ਪ੍ਰਤੀਕਰਮ ਨਿਧੜਕ ਤੇ ਨਿਸ਼ੰਗ ਪੇਸ਼ ਕੀਤਾ ਹੈ।

ਅਸੀਂ ਵੇਖਦੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਵਿਚ ਦੂਜੇ ਰਚਨਾਕਾਰਾਂ ਦਾ ਘੇਰਾ ਬਹੁਤ ਵਡੇਰਾ ਰੱਖਿਆ ਗਿਆ ਹੈ। ਹਰ ਮਜ਼ਹਬ, ਜਾਤੀ ਜਾਂ ਕਿੱਤੇ ਨਾਲ ਸਬੰਧਤ ਰਚਨਾਕਾਰ ਦੀ ਬਾਣੀ ਵਿਚ ਥਾਂ ਦਿੱਤੀ ਗਈ ਹੈ। ਭਾਵੇਂ ਉਹ ਹਿੰਦੂ-ਜੈ ਦੇਵ ਹੈ ਜਾਂ ਮੁਸਲਮਾਨ ਸੂਫੀ ਫਕੀਰ-ਬਾਬਾ ਫਰੀਦ; ਬ੍ਰਾਹਮਣ-ਪਰਮਾਨੰਦ ਹੈ ਜਾਂ ਕਥਿਤ ਨੀਵੀਂ ਜਾਤ ਦਾ ਕਹੇ ਜਾਣ ਵਾਲਾ-ਭਗਤ ਰਵਿਦਾਸ। ਬਿਨਾ ਸ਼ੱਕ ਬਾਣੀਕਾਰਾਂ ਦੀ ਚੋਣ ਦਾ ਦਾਇਰਾ ਵਿਸ਼ਾਲ ਰੱਖਣਾ ਇਕ ਵੱਡਾ ਇਨਕਲਾਬ ਸੀ।

ਅਸਲ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ 'ਰੱਬ ਦੀ ਇੱਕਤਾ' ਦੀ ਗੱਲ ਨੂੰ ਦ੍ਰਿੜ ਕਰਾਉਂਦੀ ਹੈ ਅਤੇ ਸੰਸਾਰ ਦੀ ਸਾਰੀ ਭੌਤਿਕ ਅਨੇਕਤਾ ਨੂੰ 'ਇਕ' ਦਾ ਪਾਸਾਰ ਮੰਨਦੀ ਹੈ। ਫਿਰ ਰੱਬ ਦੀ ਇੱਕਤਾ ਦੇ ਇਸੇ ਸਿਧਾਂਤ 'ਚੋਂ ਹੀ ਮਨੁੱਖੀ ਏਕਤਾ ਦੇ ਵਿਚਾਰ ਦੀ ਜ਼ਮੀਨ ਤਿਆਰ ਹੁੰਦੀ ਹੈ।

ਗੁਰੂ ਸਾਹਿਬਾਨ ਨੇ ਇਸ ਨਵੇਂ ਸਭਿਆਚਾਰ ਦੀ ਧਾਰਨਾ ਨੂੰ ਆਪਣੀ ਬਾਣੀ ਰਾਹੀਂ ਪ੍ਰਗਟ ਕੀਤਾ ਅਤੇ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਸਾਰੀ ਬਾਣੀ ਦੇ ਸੰਕਲਨ ਤੇ ਸੰਪਾਦਨ ਰਾਹੀਂ ਇਸ ਸਾਂਝੇ ਸਭਿਆਚਾਰ ਦੇ ਵਿਚਾਰ ਨੂੰ ਸਦੀਵੀ ਬਣਾ ਦਿੱਤਾ।

ਅੱਜ ਵੀ ਅਸੀਂ ਐਸੇ ਦੌਰ ਵਿਚੋਂ ਲੰਘ ਰਹੇ ਹਾਂ, ਜਿੱਥੇ ਵੱਖ-ਵੱਖ ਸਭਿਆਚਾਰਕ ਇਕਾਈਆਂ ਅਤੇ ਤਹਿਜ਼ੀਬਾਂ ਨੂੰ ਇਕ-ਦੂਜੇ ਨਾਲ ਸ਼ਾਂਤੀਪੂਰਨ ਮਾਹੌਲ ਵਿਚ ਰਹਿਣ ਦਾ ਵੱਲ ਸਿਖਣ ਦੀ ਲੋੜ ਹੈ। ਇਕ-ਦੂਜੇ ਦੇ ਸਭਿਆਚਾਰ ਤੇ ਇਤਿਹਾਸ ਨੂੰ ਸਮਝਣਾ ਅਤੇ ਇਕ-ਦੂਜੇ ਦੀਆਂ ਪਰੰਪਰਾਵਾਂ, ਧਾਰਮਿਕ ਅਕੀਦਿਆਂ, ਭਾਸ਼ਾ ਤੇ ਹੋਰ ਸਭਿਆਚਾਰਕ ਵੰਨਗੀਆਂ ਦਾ ਸਤਿਕਾਰ ਕਰਨ ਦੀ। ਗੁਰੂ ਗ੍ਰੰਥ ਸਾਹਿਬ ਦੇ ਚਿੰਤਨ ਦਾ ਬੁਨਿਆਦੀ ਸੁਭਾਅ ਸਦਭਾਵਨਾ ਵਾਲਾ ਵੀ ਹੈ ਤੇ ਬਹੁਲਵਾਦੀ ਵੀ, ਇਸ ਚਿੰਤਨ ਦੇ ਘੇਰੇ ਵਿਚ ਖੇਤਰੀ ਤੇ ਨਸਲੀ ਹੱਦਬੰਦੀਆਂ ਦੀ ਕੋਈ ਅਹਿਮੀਅਤ ਨਹੀਂ। ਬਿਨਾ ਸ਼ੱਕ ਇਸ ਚਿੰਤਨ ਕੋਲ ਇਹੋ ਜਿਹਾ ਸੋਚ-ਪ੍ਰਬੰਧ ਹੈ, ਜੋ ਅਜੋਕੀ ਵਿਸ਼ਵ ਸਥਿਤੀ ਵਿਚ ਇਕ ਦਿਸ਼ਾ-ਨਿਰਦੇਸ਼ ਦੇ ਸਕਦਾ ਹੈ।

ਡਾ. ਜਸਪਾਲ ਸਿੰਘ ਰਚਿਤ ਪੁਸਤਕ ਗੁਰੂ ਗ੍ਰੰਥ ਸਾਹਿਬ ਵਿਚ ਅੰਕਤ ਬਾਣੀ ਦੇ ਵਿਸ਼ਾ ਵਸਤੂ ਤੋਂ ਅੱਗੇ ਗੁਰੂ ਚੇਲਾ ਪਰੰਪਰਾ ਦਾ ਮਹੱਤਵ ਵੀ ਦਸਦੀ ਹੈ। ਇਹ ਵੀ ਕਿ ਗ੍ਰੰਥ ਸਾਹਿਬ ਵਿਚ ਦਰਜ ਸਮੁੱਚੀ ਬਾਣੀ, ਭਾਵੇਂ ਉਹ ਉਨ੍ਹਾਂ ਦੀ ਆਪਣੀ ਰਚਨਾ ਸੀ ਜਾਂ ਦੂਰ ਦੁਰੇਡੇ ਭਗਤਾਂ ਦੀ, ਗੁਰੂ ਸਾਹਿਬਾਨ ਆਪਣੇ ਕੋਲ ਹੀ ਰੱਖਦੇ ਸਨ ਤੇ ਆਪਣੇ ਤੋਂ ਅੱਗੇ ਵਾਲੇ ਉਸ ਗੁਰੂ ਨੂੰ ਸੌਂਪ ਦਿੰਦੇ ਸਨ, ਜਿਸ ਨੂੰ ਉਹ ਖੁਦ ਹੀ ਚੁਣਦੇ ਸਨ, ਆਪਣੇ ਹੱਥੀਂ ਟਿੱਕਾ ਦੇ ਕੇ ਤਖਤ ਉਤੇ ਬਿਠਾਉਂਦੇ ਸਨ। ਗੁਰੂ ਅਰਜਨ ਦੇਵ ਜੀ ਦੀ ਦੇਣ ਇਹ ਹੈ ਕਿ ਉਨ੍ਹਾਂ ਨੇ ਇਸ ਨੂੰ ਕੱਚੀ ਬਾਣੀ ਦੇ ਰਲਾਅ ਵਿਚੋਂ ਨਿਤਾਰ ਕੇ ਵਡਮੁੱਲੇ ਗ੍ਰੰਥ ਦਾ ਰੂਪ ਦਿੱਤਾ, ਜਿਸ ਨੂੰ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਨੇ ਗੁਰੂਪਦ ਪ੍ਰਦਾਨ ਕੀਤਾ।

ਮੈਨੂੰ ਆਪਣੇ ਮਿੱਤਰ ਡਾ. ਜਸਪਾਲ ਸਿੰਘ ਦੇ ਇਸ ਬੇਸ਼ਕੀਮਤੀ ਹੀਰੇ ਨੂੰ ਪਾਠਕਾਂ ਨਾਲ ਸਾਂਝਾ ਕਰਦਿਆਂ ਬੜੀ ਪ੍ਰਸੰਨਤਾ ਹੋ ਰਹੀ ਹੈ, ਖਾਸ ਕਰਕੇ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਸਮੇਂ।

**ਅੰਤਿਕਾ: ਭਗਤ ਤ੍ਰਿਲੋਚਨ ਜੀ**

ਅੰਤਰੁ ਮਲਿ ਨਿਰਮਲ ਨਹੀਂ ਕੀਨਾ
ਬਾਹਰਿ ਭੇਖ ਉਦਾਸੀ॥
ਹਿਰਦੈ ਕਮਲੁ ਘਟਿ ਬ੍ਰਹਮ ਨ ਚੀਨਾ
ਕਾਹੇ ਭਇਆ ਸੰਨਿਆਸੀ॥
ਭਰਮੇ ਭੂਲੀ ਰੇ ਜੈ ਚੰਦਾ
ਨਹੀਂ ਨਹੀਂ ਚੀਨਿਆ ਪਰਮਾਨੰਦਾ॥

## ਦੁਰਲਭ ਪਾਤਸ਼ਾਹ

*(ਵਿਧਾਤਾ ਸਿੰਘ ਤੀਰ ਨੂੰ ਸਮਰਪਿਤ, ਜਿਨ੍ਹਾਂ ਦੀ ਕਵਿਤਾ 'ਪਾਂਡੀ ਪਾਤਸ਼ਾਹ', ਜੋ ਇੱਕ ਬਹੁਤ ਹੀ ਸੁਚੱਜੇ ਢੰਗ ਨਾਲ ਇਕ ਦਿਲਖਿੱਚ ਬਹਿਰ ਵਿਚ ਲਿਖੀ ਹੋਈ ਵਾਰਤਾ ਹੈ।)*

ਆ ਪਏ ਜੇ ਮੁਲਖਾਂ 'ਤੇ, ਆਫਤ ਜਦ ਆਸਮਾਨਾਂ ਦੀ,
ਫਿਕਰ ਹੀ ਜਦ ਪੈ ਜਾਵੇ, ਪਰਜਾ ਨੂੰ ਨਿਰੀ ਹੋਂਦ ਦਾ,
ਹੁੰਦੀ ਹੈ ਪਰਖ ਉਦੋਂ, ਕਪਤਾਨਾਂ ਅਤੇ ਪ੍ਰਧਾਨਾਂ ਦੀ!

ਪਰਖ ਕੀਤੀ ਇੱਕ ਕਾਲ ਨੇ, ਸ਼ਾਨ ਸ਼ੇਰ-ਏ-ਪੰਜਾਬ ਦੀ,
ਪਾਂਡੀ ਵੀ ਖੁਦ ਬਣਿਆ ਸੀ, ਬਿਰਧ ਦਾ ਬੋਝਾ ਢੋਣ ਨੂੰ,
ਵਿਧਾਤਾ ਸਿੰਘ ਤੀਰ ਲਿਖੀ, ਵਾਰਤਾ ਆਬ ਤਾਬ ਦੀ!

ਮਹਾਮਾਰੀ ਅੱਜ ਜਹਾਨ 'ਤੇ, ਖੁਦ ਸੱਦੀ ਹੈਵਾਨਾਂ ਨੇ,
ਘਰਾਂ 'ਚ ਲੋਕੀ ਬੈਠ ਗਏ, ਛੱਡ ਕੇ ਕੰਮ ਧੰਦਿਆਂ ਨੂੰ,
ਖੌਫ ਕਿਆਮਤ ਪਾ ਦਿੱਤਾ, ਮਹਾਮਾਰੀ ਤੂਫਾਨਾਂ ਨੇ!

ਅੱਜ ਮੈਂ ਹਾਂ ਖੋਜ ਰਿਹਾ, ਕੋਈ ਐਸਾ ਵੀ ਸਰਦਾਰ ਹੋਵੇ,
ਦੁਖੀਆਂ ਦਾ ਹਮਦਰਦ ਕੋਈ, ਕੂਕਰ ਹੋਵੇ ਪਰਜਾ ਦਾ,
ਭੰਡਾਰੇ ਖੁੱਲ੍ਹੇ ਗਰੀਬਾਂ ਨੂੰ, ਪਾਂਡੀ ਜਿਹਾ ਕਿਰਦਾਰ ਹੋਵੇ!

ਪਾਂਡੀ ਤਾਂ ਕੋਈ ਦਿਸੇ ਨਾ, ਕੂਕਦੀ ਇੱਕ ਅਵਾਜ਼ ਹੈ,
ਝੂਠ ਮੂਠ ਦੇ ਪੁਲ ਬੰਨ੍ਹਣ, ਪ੍ਰਧਾਨ ਚਿੱਟੇ ਮਹਿਲਾਂ ਦੇ,
ਪੈਂਡ ਤਾਂ ਸਿਰ 'ਤੇ ਕੀ ਹੋਣੀ, ਘੁਮੰਡ ਦਾ ਸਿਰ ਤਾਜ ਹੈ!

ਮੌਕਾ ਤੱਕਣ ਸਿਆਸਤ ਦਾ, ਜ਼ਿੰਮੇਵਾਰੀ ਸਭ ਫਰਜ਼ੀ ਹੈ,
ਭੰਡਾਰੇ ਖੁੱਲ੍ਹੇ ਦਿਖਾਵੇ ਨੇ, ਅੰਨੀ ਵੰਡ ਹੈ ਆਪਣਿਆਂ ਨੂੰ,
ਕੋਈ ਜੀਵੇ, ਕੋਈ ਮਰ ਜਾਵੇ, ਵੋਟਾਂ ਦੀ ਖੁਦਗਰਜ਼ੀ ਹੈ!

ਅੱਜ ਵੀ ਵਿਸ਼ਵ ਵੋਟਾਂ ਵਿਚ, ਅੱਵਲ ਸ਼ੇਰੇ-ਪੰਜਾਬ ਰਿਹਾ,
ਗੱਦੀਆਂ ਅਨੇਕ ਬੈਠ ਗਏ, ਨਿਰਪੱਖ ਦਾਨੀ ਰਕਾਬ 'ਤੇ,
ਪਾਤਸ਼ਾਹ ਪਾਂਡੀ ਦਾਨਸ਼ੀਲ, ਦੁਰਲਭ ਹੈ ਖਿਤਾਬ ਰਿਹਾ!

*-ਕਰਮ ਲੁਧਿਆਣਵੀ, ਫੋਨ: 1-832-766-8742*

# ਸ਼ਬਦ ਗੁਰੂ, ਗ੍ਰੰਥ ਗੁਰੂ ਅਤੇ ਦੇਹਧਾਰੀ ਗੁਰੂ

ਸਿੱਖ ਜਗਤ ਲਈ ਇਹ ਸਭ ਤੋਂ ਅਹਿਮ ਸਵਾਲ ਹੈ ਕਿ ਉਹ ਕਿਸ ਗੁਰੂ ਉਪਰ ਟੇਕ ਰੱਖਣ। ਦੇਹਧਾਰੀ ਗੁਰੂ ਦੀ ਪਰੰਪਰਾ ਤਾਂ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਜੋਤੀ ਜੋਤ ਸਮਾਉਣ ਸਮੇਂ ਹੀ ਖਤਮ ਹੋ ਗਈ ਸੀ। 1708 ਈ: ਵਿਚ ਨਾਂਦੇੜ ਵਿਖੇ ਗੁਰੂ ਗੋਬਿੰਦ ਸਿੰਘ ਨੇ ਸਿੱਖ ਸੰਗਤ ਨੂੰ ਸ਼ਬਦ ਗੁਰੂ ਦੇ ਲੜ ਲਾਇਆ ਸੀ ਅਤੇ ਹੁਕਮ ਕੀਤਾ ਕਿ ਅੱਗੇ ਤੋਂ ਸਿੱਖਾਂ ਲਈ

**ਡਾ. ਹਰਦੇਵ ਸਿੰਘ ਵਿਰਕ**
**#360, ਸੈਕਟਰ 71, ਮੋਹਾਲੀ**

'ਪੂਜਾ ਅਕਾਲ ਦੀ, ਪਰਚਾ ਸ਼ਬਦ ਦਾ ਅਤੇ ਦੀਦਾਰ ਖਾਲਸੇ ਦਾ' ਜ਼ਰੂਰੀ ਹੋਵੇਗਾ। ਵੈਸੇ ਤਾਂ ਗੁਰੂ ਨਾਨਕ ਦੇ ਸਮੇਂ ਵੀ ਸ਼ਬਦ ਨੂੰ ਹੀ ਗੁਰੂ ਮੰਨਿਆ ਜਾਂਦਾ ਸੀ ਜਿਵੇਂ ਕਿ ਸਿੱਧ ਗੋਸਟਿ ਬਾਣੀ ਤੋਂ ਸਪਸ਼ਟ ਹੋ ਜਾਂਦਾ ਹੈ,

ਸਵਾਲ: ਤੇਰਾ ਕਵਣੁ ਗੁਰੂ ਜਿਸ ਦਾ ਤੂ ਚੇਲਾ॥ (ਪੰਨਾ 942)

ਜਵਾਬ: ਸ਼ਬਦੁ ਗੁਰੂ ਸੁਰਤਿ ਧੁਨਿ ਚੇਲਾ॥ (ਸਿੱਧ ਗੋਸਟਿ, ਪੰਨਾ 943)

ਸਿੱਖ ਗੁਰੂਆਂ ਨੇ ਆਪਣੇ ਜੀਵਨ ਕਾਲ ਦੌਰਾਨ ਬਾਣੀ ਦੀ ਰਚਨਾ ਕੀਤੀ ਤੇ ਗੁਰੂ ਅਰਜਨ ਦੇਵ ਜੀ ਨੇ ਇਸ ਗੁਰਬਾਣੀ ਨੂੰ ਪੋਥੀ ਦਾ ਰੂਪ ਦੇ ਦਿੱਤਾ ਅਤੇ ਇਸ ਦਾ ਹਰਿਮੰਦਰ ਵਿਖੇ ਪ੍ਰਕਾਸ਼ ਅਰੰਭ ਹੋ ਗਿਆ। ਗੁਰੂ ਅਰਜਨ ਸਾਹਿਬ ਇਸ ਪੋਥੀ ਬਾਬਤ ਲਿਖਦੇ ਹਨ,

ਪੋਥੀ ਪਰਮੇਸਰ ਕਾ ਥਾਨੁ॥
ਸਾਧਸੰਗਿ ਗਾਵਹਿ ਗੁਣ ਗੋਬਿੰਦ
ਪੂਰਨ ਬ੍ਰਹਮ ਗਿਆਨੁ॥
(ਸਾਰਗ ਮ: 5, ਪੰਨਾ 1226)

ਇਸ ਪੋਥੀ ਨੂੰ ਆਦਿ ਗੁਰੂ ਗ੍ਰੰਥ ਸਾਹਿਬ ਵੀ ਕਿਹਾ ਜਾਂਦਾ ਹੈ, ਪਰ ਗੁਰੂ ਕਾਲ ਸਮੇਂ ਇਸ ਨੂੰ ਪੋਥੀ ਸਾਹਿਬ ਕਿਹਾ ਜਾਂਦਾ ਸੀ। ਇਸ ਵਿਚ ਇੱਕਤਰ ਪੰਜ ਗੁਰੂਆਂ ਅਤੇ ਭਗਤਾਂ ਦੀ ਬਾਣੀ ਸ਼ਾਮਲ ਸੀ ਅਤੇ ਇਸ ਦਾ ਮਾਨ-ਸਨਮਾਨ ਅੱਜ ਦੇ ਗੁਰੂ ਗ੍ਰੰਥ ਸਾਹਿਬ ਵਾਂਗ ਹੀ ਕੀਤਾ ਜਾਂਦਾ ਸੀ।

ਸ਼ਬਦ ਅਤੇ ਗੁਰੂ ਦੋ ਪਦ ਹਨ। ਡਾ. ਦਵਿੰਦਰ ਸਿੰਘ ਚਾਹਲ ਹੋਰਾਂ ਆਪਣੀ ਪੁਸਤਕ 'ਸ਼ਬਦ ਗੁਰੂ ਤੋਂ ਗ੍ਰੰਥ ਗੁਰੂ' ਵਿਚ ਸ਼ਬਦ ਦੇ ਕਈ ਰੂਪਾਂ ਦਾ ਜ਼ਿਕਰ ਕੀਤਾ ਹੈ। 'ਸ਼ਬਦ' ਧੁਨੀ ਜਾਂ ਅਵਾਜ਼ ਲਈ ਵੀ ਵਰਤਿਆ ਗਿਆ ਹੈ,

ਅਨਹਤਾ ਸਬਦ ਵਾਜੰਤ ਭੇਰੀ॥
(ਗੁਰੂ ਗ੍ਰੰਥ ਸਾਹਿਬ, ਮ: 1, ਪੰਨਾ 663)

ਗੁਰਬਾਣੀ ਵਿਚ 'ਸ਼ਬਦ' ਹੁਕਮ, ਵਿਚਾਰ, ਫਿਲਾਸਫੇ, ਗੁਰੂ ਅਤੇ ਰੱਬ ਨੂੰ ਪਾਉਣ ਲਈ ਇਕ ਜ਼ਰੀਏ ਲਈ ਵੀ ਵਰਤਿਆ ਗਿਆ ਹੈ,

ਗੁਰ ਸਬਦੀ ਸਚੁ ਪਾਇਆ
ਦੂਖ ਨਿਵਾਰਣਹਾਰੁ॥
(ਗੁਰੂ ਗ੍ਰੰਥ ਸਾਹਿਬ, ਮ: 3, ਪੰਨਾ 36)

ਸ਼ਬਦ ਅਤੇ ਬਾਣੀ ਇਕੋ ਰੂਪ ਵਿਚ ਵਰਤੇ ਗਏ ਹਨ। ਸ਼ਬਦਾਂ ਦੀ ਇੱਕਤਰਤਾ ਹੀ ਗੁਰਬਾਣੀ ਬਣ ਜਾਂਦੀ ਹੈ, ਜੋ ਗੁਰੂ ਗ੍ਰੰਥ ਸਾਹਿਬ ਵਿਚ ਵਿਦਮਾਨ ਹੈ। ਇਹ ਬਾਣੀ ਸ਼ਬਦ ਰੂਪ ਹੋਣ ਕਰਕੇ ਪਰਮਾਤਮਾ ਦਾ ਸਰੂਪ ਹੈ ਤੇ ਗੁਰੂ ਕਹਾਉਂਦੀ ਹੈ,

ਬਾਣੀ ਗੁਰੂ ਗੁਰੂ ਹੈ ਬਾਣੀ
ਵਿਚਿ ਬਾਣੀ ਅੰਮ੍ਰਿਤੁ ਸਾਰੇ॥
(ਗੁਰੂ ਗ੍ਰੰਥ ਸਾਹਿਬ, ਮ: 4, ਪੰਨਾ 382)

ਸਿੱਖ ਧਰਮ ਦੀ ਇਹੋ ਵਿਲੱਖਣਤਾ ਹੈ ਕਿ ਇਸ ਵਿਚ ਦੇਹਧਾਰੀ ਗੁਰੂਆਂ ਦੀ ਹੋਂਦ ਸਮੇਂ ਵੀ 'ਸ਼ਬਦ' ਨੂੰ ਹੀ ਗੁਰੂ ਸਵੀਕਾਰਿਆ ਗਿਆ। ਇਹ ਜ਼ਰੂਰ ਹੈ ਕਿ ਬਾਕੀ ਗੁਰੂਆਂ ਨੇ ਆਪਣੀ ਹੋਂਦ ਨੂੰ ਗੁਰੂ ਨਾਨਕ ਤੋਂ ਅਲਹਿਦਾ ਨਹੀਂ ਮੰਨਿਆ ਅਤੇ ਨਾਨਕ ਜੋਤ ਰੂਪ ਵਿਚ ਹੀ ਪ੍ਰਵਾਨ ਚੜ੍ਹੇ। ਗੁਰੂ ਨਾਨਕ ਨੂੰ ਉਨ੍ਹਾਂ ਰੱਬ ਦਾ ਰੂਪ ਮੰਨਿਆ ਹੈ,

ਗੁਰ ਨਾਨਕ ਦੇਵ ਗੋਵਿੰਦ ਰੂਪ॥
(ਗੁਰੂ ਗ੍ਰੰਥ ਸਾਹਿਬ, ਮ: 5, ਪੰਨਾ 1192)

**ਸ਼ਬਦ ਗੁਰੂ ਤੋਂ ਗ੍ਰੰਥ ਗੁਰੂ: ਇੱਕ ਵਿਸ਼ਲੇਸ਼ਣ**

ਡਾ. ਚਾਹਲ ਦੀ ਖੋਜ ਤੋਂ ਸਿੱਧ ਹੁੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਗੁਰੂ ਗ੍ਰੰਥ ਸਾਹਿਬ ਨੂੰ ਗੁਰ-ਗੱਦੀ ਦੇਣਾ ਇਕ ਇਤਿਹਾਸਕ ਘਟਨਾ ਹੈ, ਜਿਸ ਦੀ ਵਿਆਖਿਆ ਅਤੇ ਪੜਚੋਲ ਕਰਨੀ ਲਾਜ਼ਮੀ ਹੈ। ਮੈਕਲੌਡ ਮੰਨਦਾ ਹੈ ਕਿ ਗੁਰੂ ਸਾਹਿਬ ਨੇ ਗੁਰ-ਗੱਦੀ ਗੁਰੂ ਗ੍ਰੰਥ ਸਾਹਿਬ ਨੂੰ ਦਿੱਤੀ ਹੀ ਨਹੀਂ, ਇਹ ਬੰਦਾ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਸਿੱਖ ਕੌਮ ਨੂੰ ਇਕਮੁੱਠ ਰੱਖਣ ਲਈ ਕੀਤਾ ਗਿਆ ਸੀ। ਪ੍ਰੰਤੂ ਸਿੱਖ ਇਤਿਹਾਸਕਾਰ ਮੈਕਲੌਡ ਦੀ ਮਨੌਤ ਨੂੰ ਝੂਠਾ ਮੰਨਦੇ ਹਨ। ਭਾਈ ਪ੍ਰਹਿਲਾਦ ਸਿੰਘ ਦੇ ਰਹਿਤਨਾਮੇ ਤੋਂ ਗਵਾਹੀ ਮਿਲ ਜਾਂਦੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਆਪਣੇ ਸਿੱਖਾਂ ਲਈ ਫੁਰਮਾਨ ਸੀ,

ਅਕਾਲ ਪੁਰਖ ਕੇ ਬਚਨ ਸਿਉਂ,
ਪ੍ਰਗਟ ਚਲਾਯੋ ਪੰਥ॥
ਸਭ ਸਿਖਨ ਕੋ ਬਚਨ ਹੈ,
ਗੁਰੂ ਮਾਨੀਅਹੁ ਗ੍ਰੰਥ॥
(ਰਹਿਤਨਾਮੇ: ਪਿਆਰਾ ਸਿੰਘ ਪਦਮ)

ਇਸੇ ਰਹਿਤਨਾਮੇ ਵਿਚ ਭਾਈ ਪ੍ਰਹਿਲਾਦ ਸਿੰਘ 'ਖਾਲਸੇ' ਨੂੰ ਗੁਰੂ ਦਾ ਦਰਜਾ ਦਿੰਦੇ ਹਨ ਅਤੇ ਖਾਲਸੇ ਦੇ ਦੀਦਾਰ 'ਚੋਂ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ-ਦੀਦਾਰ ਦਾ ਜ਼ਿਕਰ ਕਰਦੇ ਹਨ,

ਗੁਰੂ ਖਾਲਸਾ ਮਾਨੀਅਹਿ
ਪਰਗਟ ਗੁਰੂ ਕੀ ਦੇਹ॥
ਜੋ ਸਿਖ ਮੋ ਮਿਲਬੈ ਚਹਿਹ
ਖੋਜ ਇਨਹੁ ਮਹਿ ਲੇਹੁ॥

'ਗੁਰੂ ਕੀਆਂ ਸਾਖੀਆਂ' (ਲੇਖਕ ਸਰੂਪ ਸਿੰਘ ਕੌਸ਼ਿਸ਼) ਵਿਚ ਵੀ ਇਹੋ ਦੋਹਾ ਹੂ-ਬ-ਹੂ ਦਰਜ ਮਿਲਦਾ ਹੈ।

ਜੋ ਦੋਹਾ ਅੱਜ ਕੱਲ ਗੁਰਦੁਆਰਿਆਂ ਵਿਚ ਅਰਦਾਸ ਤੋਂ ਬਾਅਦ ਪੜ੍ਹਿਆ ਜਾਂਦਾ ਹੈ, ਉਹ ਗਿਆਨੀ ਗਿਆਨ ਸਿੰਘ ਵਲੋਂ ਘੜਿਆ ਗਿਆ ਸੀ ਅਤੇ ਉਪਰਲੇ ਰਹਿਤਨਾਮੇ ਵਾਲੇ ਦੋਹੇ ਦਾ ਵਿਗੜਿਆ ਰੂਪ ਹੈ,

ਗੁਰੂ ਗ੍ਰੰਥ ਜੀ ਮਾਨਿਓ,
ਪ੍ਰਗਟ ਗੁਰਾਂ ਕੀ ਦੇਹ।
ਜਾ ਕਾ ਹਿਰਦਾ ਸੁਧਿ ਹੈ,
ਖੋਜ ਸਬਦਿ ਮਹਿ ਲੇਹੁ।

ਵਿਚਾਰਨ ਦੀ ਗੱਲ ਹੈ ਕਿ ਦੇਹਧਾਰੀ ਖਾਲਸਾ ਤਾਂ ਗੁਰੂ ਦੀ ਦੇਹ ਹੋ ਸਕਦਾ ਹੈ, ਪਰ ਸ਼ਬਦ ਜਾਂ ਗੁਰੂ ਗ੍ਰੰਥ ਸਾਹਿਬ ਨੂੰ ਕਿਵੇਂ ਦੇਹ ਮੰਨਿਆ ਜਾ ਸਕਦਾ ਹੈ? ਇਸ ਧਾਰਨਾ ਨੇ ਸਿੱਖ ਜਗਤ ਵਿਚ ਇਕ ਹੋਰ ਗਲਤ ਪਰਿਪਾਟੀ ਨੂੰ ਜਨਮ ਦਿੱਤਾ ਹੈ ਅਤੇ ਗੁਰੂ ਗ੍ਰੰਥ ਸਾਹਿਬ ਦੇ ਪੰਨਿਆਂ ਨੂੰ 'ਅੰਗ' ਕਿਹਾ ਜਾ ਰਿਹਾ ਹੈ। ਰੱਬ ਜਾਣੇ ਇਹ ਕਿਸੇ ਸਿੱਖ ਵਿਰੋਧੀ ਦੀ ਨਵੀਂ ਚਾਲ ਹੋਵੇ?

ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ ਤੋਂ ਕੋਈ ਸਿੱਖ ਮੁਨਕਰ ਨਹੀਂ ਹੋ ਸਕਦਾ, ਕਿਉਂਕਿ ਇਸ ਵਿਚ 'ਸ਼ਬਦ ਗੁਰੂ' ਦਾ ਖਜਾਨਾ ਹੈ। 'ਪਰਚਾ ਸ਼ਬਦ ਦਾ, ਪੂਜਾ ਅਕਾਲ ਦੀ ਅਤੇ ਦੀਦਾਰ ਖਾਲਸੇ ਦਾ' ਹੁਕਮ ਹੁਣ ਤਬਦੀਲ ਹੋ ਚੁਕਾ ਹੈ, ਤੇ ਪੂਜਾ ਗੁਰੂ ਗ੍ਰੰਥ ਸਾਹਿਬ ਦੀ ਹੋਣੀ ਸ਼ੁਰੂ ਹੋ ਗਈ ਹੈ। ਸਿੱਖੀ ਮੁੜ ਬ੍ਰਾਹਮਣਵਾਦੀ ਰੀਤਾਂ ਰਸਮਾਂ ਵਿਚ ਜਕੜੀ ਜਾ ਚੁਕੀ ਹੈ। ਮੰਦਿਰਾਂ ਵਿਚ ਬੁੱਤ ਪੂਜਾ ਹੁੰਦੀ ਹੈ ਅਤੇ ਗੁਰਦੁਆਰਿਆਂ ਵਿਚ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਉਸੇ ਪੱਧਰ 'ਤੇ ਹੋ ਰਹੀ ਹੈ। ਲੋੜ ਹੈ, ਸ਼ਬਦ ਗੁਰੂ ਦੀ ਵਿਚਾਰ ਉਪਰ ਧਿਆਨ ਕੇਂਦ੍ਰਿਤ ਕੀਤਾ ਜਾਵੇ। ਕੀਰਤਨ ਦੀ ਪਰੰਪਰਾ ਤਾਂ ਠੀਕ ਚੱਲ ਰਹੀ ਹੈ।

ਡਾ. ਜਸਵੰਤ ਸਿੰਘ ਨੇਕੀ ਇਕ ਸੁੰਦਰ ਮਿਸਾਲ ਨਾਲ ਸ਼ਬਦ ਗੁਰੂ ਅਤੇ ਗ੍ਰੰਥ ਗੁਰੂ ਦੇ ਵਿਰੋਧਾਭਾਸ ਨੂੰ ਬਿਆਨ ਕਰਿਆ ਕਰਦੇ ਸਨ,

ਇਕ ਬਜੁਰਗ ਮਾਈ-ਬਾਪ ਦੇ ਤਿੰਨ ਪੁੱਤਰ ਕਮਾਈ ਕਰਨ ਅਮਰੀਕਾ ਪਹੁੰਚ ਗਏ। ਜਦੋਂ ਉਨ੍ਹਾਂ ਦਾ ਬਾਪ ਬੀਮਾਰ ਹੋ ਗਿਆ ਤਾਂ ਮਾਂ ਨੇ ਮਦਦ ਮੰਗੀ ਅਤੇ ਚਿੱਠੀ ਭੇਜੀ। ਪੁੱਤਰਾਂ ਨੇ ਚਿੱਠੀ ਨੂੰ ਪੜ੍ਹੇ ਬਿਨਾ ਰੁਮਾਲ ਵਿਚ ਵਲੇਟ ਕੇ ਰੱਖ ਦਿਤਾ ਅਤੇ ਪੂਜਾ ਅਰਚਾ ਸ਼ੁਰੂ ਕਰ ਦਿੱਤੀ। ਦੋ ਸਾਲ ਬਾਅਦ ਜਦੋਂ ਬਾਪ ਮਰ ਗਿਆ ਤਾਂ ਮਾਂ ਨੇ ਯਾਦ ਕਰਾਇਆ ਕਿ ਤੁਸੀਂ ਕੋਈ ਮਦਦ ਨਹੀਂ ਭੇਜੀ, ਜਿਸ ਕਰਕੇ ਤੁਹਾਡਾ ਬਾਪ ਚਲਾਣਾ ਕਰ ਗਿਆ।

ਪੁੱਤਰਾਂ ਨੇ ਕਿਹਾ ਕਿ ਅਸੀਂ ਤਾਂ ਚਿੱਠੀ ਦੀ ਪੂਜਾ ਕਰਦੇ ਰਹੇ ਹਾਂ, ਇਸ ਵਿਚਲਾ ਸੁਨੇਹਾ ਪੜ੍ਹਿਆ ਹੀ ਨਹੀਂ। ਕੁਝ ਇਹੋ ਜਿਹੀ ਹਾਲਤ ਅੱਜ ਦੇ ਸਿੱਖਾਂ ਦੀ ਹੈ, ਉਹ ਗੁਰੂ ਗ੍ਰੰਥ ਸਾਹਿਬ ਨੂੰ ਪ੍ਰਗਟ ਗੁਰਾਂ ਦੀ ਦੇਹ ਮੰਨ ਕੇ ਪੂਜ ਰਹੇ ਹਨ, ਇਸ ਵਿਚਲੇ ਸ਼ਬਦ ਦੀ ਵਿਚਾਰ ਅਤੇ ਉਸ ਉਪਰ ਚੱਲਣ ਦੀ ਪ੍ਰਕ੍ਰਿਆ ਤੋਂ ਵਾਂਝੇ ਰਹਿ ਜਾਂਦੇ ਹਨ। ਲੋੜ ਹੈ, ਅਸੀਂ ਸ਼ਬਦ ਗੁਰੂ ਦੇ ਲੜ ਲੱਗੀਏ ਅਤੇ ਬੁੱਤ-ਪੂਜਾ ਜਿਹੇ ਰੁਝਾਨ ਤੋਂ ਉਪਰ ਉਠ ਕੇ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਨੂੰ ਆਪਣੇ ਜੀਵਨ ਦਾ ਆਧਾਰ ਬਣਾਈਏ।

# ਦੁਇ ਕਰ ਜੋੜਿ ਕਰਉ ਅਰਦਾਸਿ: 'ਅਰਦਾਸ'

ਪੁਸਤਕ ਪੜਚੋਲ

ਕੋਈ ਅਚਾਨਕ ਆਇਆ ਫੁਰਨਾ ਜਾਂ ਵਿਚਾਰ-ਚਰਚਾ ਕਦੋਂ ਕਿਸੇ ਪੁਸਤਕ ਦੀ ਰਚਨਾ ਦਾ ਸਬੱਬ ਬਣ ਜਾਵੇ, ਕਿਹਾ ਨਹੀਂ ਜਾ ਸਕਦਾ। ਕੁਝ ਇਸੇ ਤਰ੍ਹਾਂ ਦਾ ਸਬੱਬ ਬਣਿਆ ਡਾ. ਓਅੰਕਾਰ ਸਿੰਘ ਦੀ 'ਅਰਦਾਸ' ਸਿਰਲੇਖ ਹੇਠ, 'ਅਮੈਰਿਕਨ ਸਕੂਲ ਆਫ ਗੁਰਮਤਿ ਸਪਿਰਚੂਐਲਿਟੀ ਇੰਕ. ਅਮਰੀਕਾ' ਵੱਲੋਂ ਛਾਪੀ ਪੁਸਤਕ ਦਾ। ਹੋਇਆ ਇਉਂ ਕਿ ਅਮਰੀਕਾ ਦੇ ਨਿਊ ਮੈਕਸੀਕੋ ਦੇ ਐਸਪੇਨੋਲਾ ਸ਼ਹਿਰ ਤੋਂ ਸ਼ੁਰੂ ਕਰਕੇ ਹੋਰ ਵੱਖ ਵੱਖ ਕੇਂਦਰਾਂ ਵਿਚ ਅਮਰੀਕਨ ਸਿੱਖਾਂ ਅਤੇ ਬੱਚਿਆਂ ਨੂੰ ਪੰਜਾਬੀ ਭਾਸ਼ਾ ਅਤੇ ਗੁਰਮਤਿ ਪੜ੍ਹਾਉਂਦਿਆਂ ਕਈ ਸ਼ਬਦਾਂ ਬਾਰੇ ਪੁੱਛਦਿਆਂ ਤੇ ਦੱਸਦਿਆਂ ਇਸ ਨੂੰ ਪੁਸਤਕ ਰੂਪ ਵਿਚ ਲਿਖਣ ਦਾ ਸਬੱਬ ਬਣਿਆ। ਡਾ. ਓਅੰਕਾਰ ਸਿੰਘ ਦੇ ਦੱਸਣ



**ਡਾ. ਗੁਰਨਾਮ ਕੌਰ, ਕੈਨੇਡਾ**

ਅਨੁਸਾਰ ਮਿਸਾਲ ਵਜੋਂ ਜਮਾਤ ਨੂੰ ਗੁਰਮਤਿ ਪੜ੍ਹਾਉਂਦਿਆਂ ਇੱਕ ਵਾਰ ਉਨ੍ਹਾਂ ਪੁੱਛਿਆ ਕਿ 'ਬਿਰਦ ਕੀ ਪੈਜ' ਕੀ ਹੁੰਦੀ ਹੈ ਤਾਂ ਵਿਦਿਆਰਥੀਆਂ ਨੂੰ ਨਹੀਂ ਸੀ ਪਤਾ, 'ਚੜ੍ਹਦੀ ਕਲਾ' ਕਿਸ ਨੂੰ ਕਹਿੰਦੇ ਹਨ?' ਜਾਂ ਕੌਣ ਦੋ ਪਿਉ-ਪੁੱਤਰ ਸਿੰਘ ਚਰਖੜੀਆਂ 'ਤੇ ਚੜ੍ਹੇ ਸਨ? ਇਹ ਸਭ ਸਿੱਖ ਸੰਕਲਪ ਜਾਂ ਇਤਿਹਾਸਕ ਤੱਥਾਂ ਤੋਂ ਬਹੁਤੇ ਅਮਰੀਕਨ ਸਿੱਖ ਜਾਂ ਅਮਰੀਕਾ ਵਿਚ ਜੰਮੇ-ਪਲੇ ਉਨ੍ਹਾਂ ਕੋਲ ਪੜ੍ਹਦੇ ਸਿੱਖ ਬੱਚੇ ਨਹੀਂ ਸਨ ਜਾਣਦੇ। ਇਸ ਤਰ੍ਹਾਂ ਇਸ ਕਿਸਮ ਦੇ ਛੋਟੇ ਛੋਟੇ, ਪਰ ਅਹਿਮ ਸਵਾਲਾਂ ਨੇ 'ਅਰਦਾਸ' ਦੀਆਂ ਪਰਤਾਂ ਨੂੰ ਫਰੋਲਦਿਆਂ ਪੁਸਤਕ ਦਾ ਵਿਚਾਰ ਉਨ੍ਹਾਂ ਦੇ ਮਨ ਵਿਚ ਪੈਦਾ ਕੀਤਾ। ਜਿੱਥੇ ਇਸ ਕਿਸਮ ਦੀ ਵਿਚਾਰ-ਚਰਚਾ ਇਸ ਪੁਸਤਕ ਨੂੰ ਲਿਖਣ ਦਾ ਕਾਰਨ ਬਣੀ, ਉਥੇ ਹੀ ਲੇਖਕ ਦੇ ਆਪਣੇ ਸ਼ਬਦਾਂ ਵਿਚ ਉਸ ਦੀ ਪ੍ਰੇਰਨਾ ਦਾ ਸ੍ਰੋਤ 'ਸਾਹਿਬਜ਼ਾਦਿਆਂ ਦੀ ਜਗਾਈ ਸ਼ਹੀਦੀ ਲੋਅ ਦੀਆਂ ਕਿਰਨਾਂ' ਹਨ, ਜਿਨ੍ਹਾਂ ਨੂੰ ਇਹ ਪੁਸਤਕ ਸਮਰਪਿਤ ਵੀ ਕੀਤੀ ਗਈ ਹੈ।

ਸਿੱਖ ਅਰਦਾਸ ਵਿਚ, ਜਿਵੇਂ ਡਾ. ਬਲਕਾਰ ਸਿੰਘ ਨੇ 'ਪਿਆਰ ਅਸੀਸ' ਵਿਚ ਪੁਸਤਕ ਦੇ ਅਰੰਭ ਵਿਚ ਲਿਖਿਆ ਹੈ, ਸਿੱਖ-ਚਿੰਤਨ ਅਤੇ ਸਿੱਖ ਇਤਿਹਾਸ ਨੂੰ ਗੁੰਨ੍ਹਿਆ ਹੋਇਆ ਹੈ, ਜੋ ਆਮ ਦੂਜੇ ਧਰਮਾਂ ਵਿਚ ਪ੍ਰਾਪਤ ਨਹੀਂ ਹੈ। ਇਸ ਪੁਸਤਕ ਦਾ ਇੱਕ ਹੋਰ ਹਾਸਲ ਇਹ ਵੀ ਹੈ ਕਿ ਅਮਰੀਕਨ ਸਿੱਖਾਂ ਜਾਂ ਵਿਦੇਸ਼ਾਂ ਵਿਚ ਜੰਮੇ-ਪਲੇ ਸਿੱਖ ਬੱਚਿਆਂ ਨੂੰ ਧਿਆਨ ਵਿਚ ਰੱਖਦਿਆਂ, ਇਸ ਦੇ ਹਰ ਸੰਕਲਪ ਜਾਂ ਪਰਤ ਦੀ ਵਿਆਖਿਆ ਨੂੰ ਨਾਲ ਦੀ ਨਾਲ ਅੰਗਰੇਜ਼ੀ ਵਿਚ ਵੀ ਉਲਥਾਇਆ ਗਿਆ ਹੈ ਅਤੇ ਇਹ ਕਾਰਜ ਪ੍ਰੋ. ਜੋਗਿੰਦਰ ਸਿੰਘ ਜੋਗੀ ਨੇ ਨਿਭਾਇਆ ਹੈ। ਲੇਖਕ ਨੇ 'ਅਰਦਾਸ ਦਾ ਉਹ ਪਾਠ ੴ ਤੋਂ ਲੈ ਕੇ ਸਰਬੱਤ ਦੇ ਭਲੇ ਤੱਕ ਲਿਆ ਹੈ ਜੋ ਪੰਥ ਪ੍ਰਵਾਨਿਤ ਰਹਿਤ-ਮਰਿਆਦਾ ਵਿਚ ਦਿੱਤਾ ਹੋਇਆ ਹੈ।'

ਪੁਸਤਕ ਦੇ ਅਰੰਭ ਵਿਚ 'ਅਰਦਾਸ' ਸਿਰਲੇਖ ਹੇਠਲੇ ਪਾਠ ਵਿਚ ਲੇਖਕ ਨੇ ਦੂਜੇ ਧਰਮਾਂ ਵਿਚ ਆਮ ਕਰਕੇ ਅਤੇ ਸਿੱਖ ਧਰਮ ਵਿਚ ਖਾਸ ਕਰਕੇ ਅਰਦਾਸ ਦੇ ਕੀ ਮਾਅਨੇ ਜਾਂ ਪਰਿਭਾਸ਼ਾ ਹੈ, ਦੀ ਸੰਖੇਪ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ ਅਰਦਾਸ ਕਿਸੇ ਵੀ ਅਧਿਆਤਮਕ ਸਾਧਨਾ ਦਾ ਕੇਂਦਰ ਬਿੰਦੂ ਹੈ ਅਤੇ ਨਾਲ ਹੀ ਉਸ ਨੇ ਕੁਝ ਇੱਕ ਸਿੱਖ ਵਿਦਵਾਨਾਂ ਵੱਲੋਂ 'ਅਰਦਾਸ' ਦੀ ਕੀਤੀ ਵਿਆਖਿਆ ਵੱਲ ਵੀ ਸੰਕੇਤ ਕੀਤਾ ਹੈ। ਅਰਦਾਸ ਦੇ ਇਤਿਹਾਸ ਤੇ ਸੰਖੇਪ ਝਾਤੀ ਪਾਉਂਦਿਆਂ ਲੇਖਕ ਨੇ ਇਹ ਤੱਥ ਸਪੱਸ਼ਟ ਰੂਪ ਵਿਚ ਸਾਹਮਣੇ ਲਿਆਂਦਾ ਹੈ ਕਿ ਅਰਦਾਸ ਸਿੱਖ ਵਿਰਸੇ ਦੀ ਸੰਭਾਲ ਹੈ, ਜਿਸ ਦੀ ਪਰੰਪਰਾ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਸ਼ੁਰੂ ਹੋ ਗਈ ਸੀ ਅਤੇ "ਸਿੱਖ ਧਰਮ ਦੀ ਅਰਦਾਸ ਦਾ, ਪੰਥ ਵਲੋਂ ਪ੍ਰਵਾਨਿਤ ਇਹ ਸਰੂਪ ਸਮੂਹ ਸਿੱਖਾਂ ਲਈ ਸਾਂਝਾ ਤੇ ਜ਼ਰੂਰੀ ਹੈ। ਸਮੁੱਚੇ ਪੰਥ ਦੀ ਪ੍ਰਵਾਨਗੀ ਤੋਂ ਬਿਨਾ ਇਸ ਵਿਚ ਕੋਈ ਬਦਲਾਅ ਨਹੀਂ ਕੀਤਾ ਜਾ ਸਕਦਾ। ਇਸ ਦਾ ਹਰ ਸ਼ਬਦ, ਸੰਗਤੀ-ਅਰਦਾਸ ਵਿਚ ਪੜ੍ਹਿਆ ਜਾਣਾ ਜ਼ਰੂਰੀ ਹੈ।"

ਸਿੱਖ ਅਰਦਾਸ ਵਿਚ ੴ, ਵਹਿਗੁਰੂ ਜੀ ਕੀ ਫਤਿਹ ਅਤੇ ਅਰਦਾਸ ਕਰਦਿਆਂ 'ਵਾਹਿਗੁਰੂ' ਬੋਲਣ ਦਾ ਕੀ ਮਹੱਤਵ ਹੈ, ਆਦਿ ਦੀ ਵਿਆਖਿਆ ਕੀਤੀ ਹੈ। ਇਸ ਪਹਿਲੇ ਪਾਠ ਵਿਚ ਹੀ ਲੇਖਕ ਨੇ ਕੁਝ ਖਾਸ ਨੁਕਤਿਆਂ ਵੱਲ ਸੰਕੇਤ ਕੀਤਾ ਹੈ, ਮਸਲਨ ਅਰਦਾਸ ਕਰਦੇ ਸਮੇਂ ਜਿਨ੍ਹਾਂ ਗੱਲਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ; ਜਿਵੇਂ ਪੰਥਕ ਏਕਤਾ ਨੂੰ ਧਿਆਨ ਵਿਚ ਰੱਖਦਿਆਂ ਪੰਥ ਵੱਲੋਂ ਜੋ ਪਾਠ ਪ੍ਰਵਾਨਿਤ ਹੈ, ਉਸੇ ਅਨੁਸਾਰ ਅਰਦਾਸ ਕਰਨੀ: ਗੁਰਬਾਣੀ ਅਦੇਸ਼ ਅਨੁਸਾਰ ਇੱਕੋ ਅਕਾਲ ਪੁਰਖ ਨੂੰ ਮੰਨਦਿਆਂ ਉਸ ਇੱਕ ਅੱਗੇ ਹੀ ਅਰਦਾਸ ਕਰਨੀ; ਅਰਦਾਸ ਕਰਨ ਵੇਲੇ ਕਿਸੇ ਵਿਅਕਤੀ ਵਿਸ਼ੇਸ਼ ਦੇ ਸੋਹਲੇ ਨਹੀਂ ਗਾਉਣੇ ਚਾਹੀਦੇ; ਅਰਦਾਸ ਕਰਦੇ ਸਮੇਂ ਅਰਦਾਸੀਏ ਸਿੰਘ ਨੂੰ ਮੁੱਠੀ ਵਿਚ ਭੇਟਾ ਜਾਂ ਕੋਈ ਚਿੱਟ ਨਹੀਂ ਫੜਾਉਣੀ ਚਾਹੀਦੀ ਆਦਿ। ਲੇਖਕ ਨੇ ਇਹ ਵੀ ਖੁਲਾਸਾ ਕੀਤਾ ਹੈ ਕਿ ਸੰਗਤੀ ਅਰਦਾਸ ਕਰਨ ਪਿੱਛੋਂ 'ਆਗਿਆ ਭਈ ਅਕਾਲ ਕੀ' ਦਾ ਦੋਹਿਰਾ ਵੀ ਪੜ੍ਹਨਾ ਚਾਹੀਦਾ ਹੈ ਅਤੇ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦਾ ਜੈਕਾਰਾ ਵੀ ਛੱਡਣਾ ਚਾਹੀਦਾ ਹੈ। ਇਸ ਦੇ ਨਾਲ ਹੀ ਲੇਖਕ ਅਨੁਸਾਰ ਪ੍ਰਚਲਿਤ ਦੋਹਿਰੇ ਦੀਆਂ ਆਖਰੀ ਦੋ ਪੰਕਤੀਆਂ,

'ਗੁਰੂ ਗ੍ਰੰਥ ਜੀ ਮਾਨਯੋ
ਪਰਗਟ ਗੁਰਾਂ ਕੀ ਦੇਹ॥
ਜੋ ਪ੍ਰਭ ਕੋ ਮਿਲਬੋ ਚਹੈ
ਖੋਜ ਸ਼ਬਦ ਮੈ ਲੇਹ॥'

ਭਾਈ ਪ੍ਰਹਿਲਾਦ ਸਿੰਘ ਜੀ ਵਾਲੇ ਰਹਿਤਨਾਮੇ ਵਿਚ ਇਸ ਤਰ੍ਹਾਂ ਹਨ,


ਗੁਰੂ ਖਾਲਸਾ ਮਾਨੀਅਹਿੰ,
ਪਰਗਟ ਗੁਰੂ ਕੀ ਦੇਹ॥
ਜੋ ਸਿਖ ਮੋ ਮਿਲਬੋ ਚਹਹਿ,
ਖੋਜ ਇਨਹੂੰ ਮਹਿੰ ਲੇਹ॥

ਲੇਖਕ ਦਾ ਸੁਝਾਅ ਹੈ ਕਿ "ਜੇ ਹੋ ਸਕੇ ਤਾਂ ਸੰਗਤ ਨਾਲ ਗੁਰਮਤਾ ਕਰਕੇ ਗੁਰਦੁਆਰਿਆਂ ਵਿਚ ਇਸ ਪੰਕਤੀ ਨੂੰ ਸੁਧਾਰ ਲੈਣਾ ਚਾਹੀਦਾ ਹੈ, ਕਿਉਂਕਿ ਗੁਰੂ ਗ੍ਰੰਥ ਸਾਹਿਬ 'ਸ਼ਬਦ ਗੁਰੂ' ਹਨ, ਦੇਹਧਾਰੀ ਗੁਰੂ ਨਹੀਂ। ਇਸ ਨਾਲ ਸਿੱਖੀ ਸਿਧਾਂਤ ਦੇ ਸ਼ਬਦ ਗੁਰੂ ਵਾਲੇ ਸਿਧਾਂਤ ਨੂੰ ਖੋਰਾ ਲਗਦਾ ਹੈ। ਸਰੀਰ ਦੇ ਤੌਰ 'ਤੇ ਗੁਰੂ ਖਾਲਸਾ ਪੰਥ ਹੀ ਸਤਿਗੁਰੂ ਦਾ ਸਰੂਪ ਹੈ ਅਤੇ ਖਾਲਸਾ ਪੰਥ ਨੂੰ ਸਤਿਗੁਰੂ ਨੇ ਗੁਰਿਆਈ ਬਖਸ਼ੀ ਹੈ।"

ਲੇਖਕ ਦਾ ਮੰਨਣਾ ਹੈ ਕਿ ਹਰ ਗੁਰਸਿੱਖ ਨੂੰ ਅਰਦਾਸ ਕੰਠ ਕਰਨੀ ਚਾਹੀਦੀ ਹੈ ਅਤੇ ਹਰ ਸਮੇਂ ਗ੍ਰੰਥੀ ਸਿੰਘਾਂ 'ਤੇ ਨਿਰਭਰ ਨਹੀਂ ਰਹਿਣਾ ਚਾਹੀਦਾ। ਅਗਲਾ ਨੁਕਤਾ, ਜੋ ਧਿਆਨਗੋਚਰੇ ਕੀਤਾ ਹੈ, ਉਹ ਹੈ ਅਰਦਾਸ ਵਿਚ ਸੁੱਖਾਂ ਸੁੱਖਣੀਆਂ ਜਾਂ ਸ਼ਰਤਾਂ ਲਾ ਕੇ ਅਰਦਾਸ ਨਹੀਂ ਕਰਨੀ ਚਾਹੀਦੀ, ਕਿਉਂਕਿ ਗੁਰਸਿੱਖ ਨੇ ਹਰ ਹਾਲਤ ਵਿਚ ਵਾਹਿਗੁਰੂ ਦੇ ਭਾਣੇ ਵਿਚ ਜਿਉਣਾ ਹੈ ਅਤੇ ਉਸ ਪਰਵਦਗਾਰ ਦਾ ਸ਼ੁਕਰਾਨਾ ਕਰਨਾ ਹੈ। ਅਗਲੀ ਗੱਲ ਅਰਦਾਸ ਦੇ ਵਿਚਕਾਰ ਹੀ ਕੜਾਹ ਪ੍ਰਸ਼ਾਦ ਨੂੰ ਕਿਰਪਾਨ ਭੇਟ ਕਰਨਾ ਵੀ ਗੁਰਮਤਿ ਅਨੁਸਾਰ ਨਹੀਂ ਹੈ, ਜਿਸ ਬਾਰੇ ਸ਼੍ਰੋਮਣੀ ਕਮੇਟੀ ਨੇ ਆਪਣੇ ਪੱਤਰ ਨੰਬਰ 39913/9 ਮਿਤੀ 23-4-1974 ਅਨੁਸਾਰ ਸਪੱਸ਼ਟੀਕਰਣ ਦਿੱਤਾ ਹੋਇਆ ਹੈ ਕਿ ਅਰਦਾਸ ਦੀ ਸਮਾਪਤੀ ਅਤੇ ਹੁਕਮਨਾਮੇ ਪਿਛੋਂ, ਪ੍ਰਸ਼ਾਦ ਵਰਤਾਉਣ ਵੇਲੇ ਹੀ ਕਿਰਪਾਨ ਭੇਟ ਕਰਨੀ ਚਾਹੀਦੀ ਹੈ। 'ਅਰਦਾਸ' ਵਿਚ ਆਏ ਸੰਕਲਪਾਂ, ਇਤਿਹਾਸ ਆਦਿ ਦੀ ਬਹੁਤ ਹੀ ਸੁੰਦਰ ਚਿੱਤਰਕਾਰੀ ਅਤੇ ਕੈਲੀਗਰਾਫੀ ਸ. ਹਰਦੀਪ ਸਿੰਘ ਨੇ ਕੀਤੀ ਹੈ, ਜੋ ਵਿਆਖਿਆ ਦੇ ਨਾਲ ਨਾਲ ਹਰ ਇੱਕ ਪੰਨੇ 'ਤੇ ਦਿੱਤੀ ਹੋਈ ਹੈ।

ਅਰਦਾਸ ਦਾ ਪਹਿਲਾ ਸ਼ਬਦ ੴ ਹੈ, ਜੋ ਗੁਰੂ ਗ੍ਰੰਥ ਸਾਹਿਬ ਵਿਚ ਆਇਆ ਵੀ ਪਹਿਲਾ ਸ਼ਬਦ ਹੈ। ਲੇਖਕ ਨੇ ੴ ਦੀ ਪੂਰੀ ਵਿਆਖਿਆ ਕੀਤੀ ਹੈ। ੴ ਤੋਂ ਬਾਅਦ 'ਵਾਹਿਗੁਰੂ ਜੀ ਕੀ ਫਤਿਹ' ਦੀ ਵਿਆਖਿਆ ਕਰਦਿਆਂ ਲੇਖਕ ਨੇ ਦੱਸਿਆ ਹੈ ਕਿ ਇਹ ਗੁਰੂ ਗੋਬਿੰਦ ਸਿੰਘ ਜੀ ਦਾ ਆਪਣਾ ਰਚਿਆ ਹੋਇਆ ਮੰਗਲ ਹੈ। ਮਿਸਾਲਾਂ ਸਹਿਤ ਦੱਸਿਆ ਹੈ ਕਿ ਗੁਰੂ ਗੋਬਿੰਦ ਸਿੰਘ ਦਾ ਮਕਸਦ ਸਿੱਖ ਮਾਨਸਿਕਤਾ ਨੂੰ ਬੁਜ਼ਦਿਲੀ ਅਤੇ ਢਹਿੰਦੀ ਕਲਾ 'ਚੋਂ ਕੱਢ ਕੇ ਚੜ੍ਹਦੀ ਕਲਾ ਦੀਆਂ ਬੁਲੰਦੀਆਂ 'ਤੇ ਲਿਆਉਣਾ ਸੀ, ਜਿਸ ਕਰਕੇ ਉਨ੍ਹਾਂ ਨੇ ਸਿੱਖਾਂ ਨੂੰ ਨਵੇਂ ਬੋਲੇ, ਨਵੀਂ ਸ਼ਬਦਾਵਲੀ ਦਿੱਤੀ। ਅੰਮ੍ਰਿਤ ਛਕਾਉਣ ਵੇਲੇ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਫਤਿਹ॥' ਦੀ ਜੋ ਗੁੜ੍ਹਤੀ ਦਿੱਤੀ, ਉਸ ਨੇ ਸਿੱਖ ਮਾਨਸਿਕਤਾ ਵਿਚ ਨਵੀਂ ਤਬਦੀਲੀ ਲਿਆਂਦੀ। ਲੇਖਕ ਨੇ ਇਸ ਤੱਥ ਤੋਂ ਵੀ ਜਾਣੂ ਕਰਾਇਆ ਹੈ ਕਿ ਸਿੱਖਾਂ ਦੇ ਆਪਸ ਵਿਚ ਮਿਲਣ ਵੇਲੇ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ' ਹੀ ਬੁਲਾਉਣੀ ਚਾਹੀਦੀ ਹੈ, ਕਿਉਂਕਿ 'ਸਤਿ ਸ੍ਰੀ ਅਕਾਲ' ਖਾਲਸਾ ਫੌਜਾਂ ਵੱਲੋਂ ਚੜ੍ਹਾਈ ਕਰਨ ਵੇਲੇ ਜੋਸ਼ ਅਤੇ ਚੜ੍ਹਦੀ ਕਲਾ ਦਾ ਅਹਿਸਾਸ ਜਗਾਉਣ ਲਈ ਯੁੱਧ ਵੇਲੇ ਵਰਤੇ ਜਾਂਦੇ ਐਲਾਨ ਨਾਲ ਸਬੰਧਿਤ ਹੈ, ਜੋ ਸੰਪੂਰਨ ਸ਼ਬਦਾਂ ਵਿਚ 'ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ' ਹੈ।

ਅਰਦਾਸ ਵਿਚ 'ਸ੍ਰੀ ਭਗੌਤੀ ਜੀ ਸਹਾਇ' ਪੰਕਤੀਆਂ, ਲੇਖਕ ਅਨੁਸਾਰ "ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਰਚੀ ਭਗੌਤੀ ਕੀ ਵਾਰ ਦੀ ਪਹਿਲੀ ਪੌੜੀ ਵਿਚੋਂ ਹਨ।...ਸਭ ਥਾਂਈਂ ਹੋਇ ਸਹਾਇ ਤੱਕ ਇਹ ਪਹਿਲੀ ਪਉੜੀ ਸਮਾਪਤ ਹੁੰਦੀ ਹੈ।" ਲੇਖਕ ਦਾ ਇਹ ਵੀ ਮੰਨਣਾ ਹੈ ਕਿ "ਸਿੱਖ ਸੂਰਬੀਰ ਯੋਧਿਆਂ ਵਿਚ ਸੂਰਬੀਰਤਾ ਦਾ ਇਜ਼ਹਾਰ ਕਰਨ ਲਈ ਧੰਨ ਗੁਰੂ ਗੋਬਿੰਦ ਸਿੰਘ ਜੀ ਨੇ ਬਹੁਤ ਸਾਰੇ ਸਾਹਿਤ ਦੀ ਰਚਨਾ ਕੀਤੀ ਅਤੇ ਆਪਣੇ 52 ਕਵੀਆਂ ਕੋਲੋਂ ਕਰਵਾਈ, ਜਿਸ ਵਿਚੋਂ ਸ੍ਰੀ ਭਗੌਤੀ ਜੀ ਕੀ ਇਹ ਵਾਰ ਵੀ ਕਹੀ ਜਾ ਸਕਦੀ ਹੈ।" ਪਰ ਅਸੀਂ ਜਾਣਦੇ ਹਾਂ ਕਿ "ਭਗੌਤੀ ਕੀ ਵਾਰ" ਸਬੰਧੀ ਸਿੱਖ ਵਿਦਵਾਨਾਂ ਵਿਚ ਮੱਤਭੇਦ ਹਨ, ਕਿਉਂਕਿ ਗੁਰੂ ਨਾਨਕ ਸਾਹਿਬ ਨੇ ਸਿੱਖ ਨੂੰ ੴ ਨੂੰ ਹੀ ਮੰਨਣ ਅਤੇ ਉਸੇ ਦਾ ਸਿਮਰਨ ਕਰਨ ਦੀ ਪ੍ਰੇਰਣਾ ਕੀਤੀ ਹੈ ਅਤੇ 'ਭਗੌਤੀ' ਸ਼ਕਤੀ ਦੀ ਪ੍ਰਤੀਕ ਹੈ। ਸ਼ਾਇਦ ਇਸੇ ਵਿਰੋਧਾਭਾਸ ਨੂੰ ਧਿਆਨ ਵਿਚ ਰੱਖਦਿਆਂ ਹੀ ਲੇਖਕ ਨੇ ਵਿਚਾਰ ਪਰਗਟ ਕੀਤਾ ਹੈ ਕਿ "ਇਸ ਦਾ ਮਕਸਦ ਗੁਰਸਿੱਖਾਂ ਨੂੰ ਕਦਾ ਚਿੱਤ ਵੀ ਤੇਜ-ਪੂਜਕ ਬਣਾਉਣ ਦਾ ਨਹੀਂ ਸੀ, ਸਗੋਂ ਅਕਾਲ ਪੁਰਖੀ ਤੇਜ ਨੂੰ ਧਾਰਨ ਕਰਨ ਦਾ ਸੀ।"




ਮੇਰਾ ਮੰਨਣਾ ਹੈ ਕਿ ਕੁਝ ਧਾਰਨਾਵਾਂ ਸਮੇਂ ਦੀ ਇਤਿਹਾਸਕ ਲੋੜ ਅਨੁਸਾਰ ਸੁੱਤੇ ਸਿੱਧ ਹੀ ਪਰੰਪਰਾ ਦਾ ਹਿੱਸਾ ਬਣ ਜਾਂਦੀਆਂ ਹਨ, ਜਿਨ੍ਹਾਂ ਦਾ ਤਰਕ ਸਿਰਜ ਲਿਆ ਜਾਂਦਾ ਹੈ। ਸਾਡੇ ਕੋਲ ਸਿਧਾਂਤ ਅਤੇ ਸਿਸਟਮ ਦੋਵੇਂ ਹੋਣ ਦੇ ਬਾਵਜੂਦ ਅਸੀਂ ਪੰਥਕ ਤੌਰ 'ਤੇ ਇਸ ਕਿਸਮ ਦੇ ਵਿਰੋਧਾਭਾਸਾਂ ਨੂੰ ਸੁਲਝਾਉਣ ਲਈ ਇਸ ਦੀ ਸੁਯੋਗ ਵਰਤੋਂ ਕਰਨੀ ਸਿੱਖੇ ਹੀ ਨਹੀਂ।

'ਗੁਰ ਨਾਨਕ ਲਈਂ ਧਿਆਇ' ਲੇਖਕ ਨੇ ਸਪੱਸ਼ਟ ਕੀਤਾ ਹੈ ਕਿ "ਗੁਰੂ ਨਾਨਕ ਕੋਈ ਸੰਤ ਜਾਂ ਸੁਧਾਰਕ ਨਹੀਂ ਸਨ, ਸਗੋਂ ਸਤਿਗੁਰੂ ਸਨ, ਜਿਨ੍ਹਾਂ ਨੇ ਸਿੱਖ ਧਰਮ ਦੀ ਨੀਂਹ ਰੱਖੀ ਅਤੇ ਇੱਕ ਧਰਮ ਤੇ ਨਵੀਂ ਸਭਿਅਤਾ ਨੂੰ ਜਨਮ ਦਿੱਤਾ।" ਭਾਈ ਗੁਰਦਾਸ ਦੇ ਹਵਾਲੇ ਨਾਲ ਗੁਰੂ ਨਾਨਕ ਸਾਹਿਬ ਦੇ ਜੀਵਨ-ਫਲਸਫੇ 'ਤੇ ਸੰਖੇਪ ਪਰ ਗਿਆਨ-ਭਰਪੂਰ ਚਾਨਣਾ ਪਾਉਂਦਿਆਂ ਦੱਸਿਆ ਹੈ ਕਿ ਗੁਰੂ ਨਾਨਕ ਸਾਹਿਬ ਨੇ ਧਰਮ ਨੂੰ ਕਿਰਤ ਨਾਲ ਜੋੜਦਿਆਂ ਜਾਤ-ਪਾਤ, ਊਚ-ਨੀਚ, ਇਸਤਰੀ-ਪੁਰਸ਼ ਆਦਿ ਦੇ ਭੇਦ-ਭਾਵ ਤੋਂ ਰਹਿਤ ਇੱਕ ਬਰਾਬਰੀ ਵਾਲਾ ਸਮਾਜ ਸਿਰਜਣ ਲਈ ਸਿਧਾਂਤਕ ਧਰਾਤਲ ਮੁਹੱਈਆ ਕਰਾਉਣ ਦੇ ਨਾਲ ਨਾਲ ਸੰਗਤ ਅਤੇ ਪੰਗਤ ਦੀ ਸੰਸਥਾ ਰਾਹੀਂ ਇਸ ਨੂੰ ਅਮਲੀ ਜਾਮਾ ਪਹਿਨਾਉਣ ਦਾ ਮਾਰਗ ਸਥਾਪਤ ਕੀਤਾ। 'ਫਿਰ ਅੰਗਦ'- ਸੇਵਾ ਰਾਮ ਦੀਆਂ ਪਰਚੀਆਂ, ਪੁਰਾਤਨ ਜਨਮਸਾਖੀ, ਸਤਾ ਬਲਵੰਡ ਦੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਵਾਰ, ਅਤੇ ਡਾ. ਲਾਇਟਨਰ ਦੀ ਪੁਸਤਕ 'ਤੇ ਆਧਾਰਤ ਕਰਦਿਆਂ ਗੁਰੂ ਅੰਗਦ ਦੇਵ ਜੀ ਦੇ ਜੀਵਨ ਦੀ ਸੰਖੇਪ ਜਾਣਕਾਰੀ ਕਰਵਾਈ ਹੈ ਕਿ ਉਨ੍ਹਾਂ ਨੇ ਗੁਰਮੁਖੀ ਲਿਪੀ ਵਿਚ ਬਾਲਬੋਧ ਤਿਆਰ ਕੀਤੇ, ਲੰਗਰ ਦੀ ਸੰਸਥਾ ਨੂੰ ਮਾਤਾ ਖੀਵੀ ਜੀ ਦੀ ਨਿਗਰਾਨੀ ਹੇਠ ਹੋਰ ਮਜ਼ਬੂਤ ਕੀਤਾ ਅਤੇ ਦਸਵੰਧ ਦੀ ਵਿਵਸਥਾ ਕੀਤੀ।

ਤੀਜੇ ਗੁਰੂ ਅਮਰਦਾਸ ਜੀ ਦੀ ਜੀਵਨ ਚਰਚਾ 'ਗੁਰ ਤੇ ਅਮਰਦਾਸ' ਸਿਰਲੇਖ ਹੇਠ ਕਰਦਿਆਂ ਉਨ੍ਹਾਂ ਵੱਲੋਂ ਗੁਰੂ ਅੰਗਦ ਦੇਵ ਜੀ ਦੀ ਸੇਵਾ ਸਮੇਤ ਲੰਗਰ ਵਿਚ ਸੇਵਾ ਕਰਨ, ਗੁਰਿਆਈ ਮਿਲਣ ਉਪਰੰਤ ਕੀਤੇ ਕਾਰਜਾਂ ਜਿਵੇਂ ਗੁਰੂ ਦਰਸ਼ਨਾਂ ਤੋਂ ਪਹਿਲਾਂ ਪੰਗਤ ਵਿਚ ਬੈਠ ਕੇ ਲੰਗਰ ਛਕਣ ਨੂੰ ਜ਼ਰੂਰੀ ਕਰਾਰ ਦੇਣਾ ਅਤੇ ਸਭ ਦੀ ਬਰਾਬਰੀ ਲਈ ਇੱਕੋ ਸਥਾਨ ਤੇ ਸੰਗਤਾਂ ਦੇ ਇਸ਼ਨਾਨ ਕਰਨ ਲਈ ਗੋਇੰਦਵਾਲ ਸਾਹਿਬ ਵਿਖੇ ਬਉਲੀ ਬਣਵਾਉਣਾ, ਧਰਮ ਪ੍ਰਚਾਰ ਲਈ 22 ਮੰਜੀਆਂ ਦੀ ਸਥਾਪਤੀ ਅਤੇ ਬੀਬੀਆਂ ਨੂੰ ਬਰਾਬਰ ਦੇ ਦਰਜੇ 'ਤੇ ਲਿਆਉਣ ਲਈ ਚੁੱਕੇ ਗਏ ਅਮਲੀ ਕਦਮਾਂ ਦੀ ਸੰਖੇਪ ਜਾਣਕਾਰੀ ਦਿੱਤੀ ਹੈ।

'ਰਾਮਦਾਸੈ ਹੋਈਂ ਸਹਾਇ' ਵਿਚ ਗੁਰੂ ਰਾਮਦਾਸ ਜੀ ਦੇ ਬਚਪਨ ਅਤੇ ਜਨਮ ਸਥਾਨ ਲਾਹੌਰ ਅਤੇ ਮੁਢਲਾ ਨਾਮ ਜੇਠਾ ਜੀ ਹੋਣ 'ਤੇ ਚਾਨਣਾ ਪਾਇਆ ਹੈ। ਬਚਪਨ ਵਿਚ ਹੀ ਯਤੀਮ ਹੋ ਜਾਣ ਕਰਕੇ ਪਾਲਣ-ਪੋਸਣ ਨਾਨੀ ਕੋਲ ਬਾਸਰਕੇ (ਜੋ ਗੁਰੂ ਅਮਰਦਾਸ ਜੀ ਦਾ ਪਰਿਵਾਰਕ ਪਿੰਡ ਸੀ) ਹੋਇਆ ਅਤੇ ਰੋਜ਼ੀ-ਰੋਟੀ ਲਈ ਘੁੰਗਣੀਆਂ ਵੇਚਣ ਦੀ ਕਿਰਤ ਕਰਦੇ ਰਹੇ। ਗੋਇੰਦਵਾਲ ਸਾਹਿਬ ਆ ਕੇ ਵੀ ਘੁੰਗਣੀਆਂ ਵੇਚਣ ਦੀ ਕਿਰਤ ਕਰਨੀ ਨਹੀਂ ਛੱਡੀ ਅਤੇ ਨਾਲ ਨਾਲ ਲੰਗਰ ਦੀ ਸੇਵਾ ਵੀ ਕਰਦੇ। ਭਾਈ ਜੇਠਾ ਜੀ ਦੀ ਸ਼ਖਸੀਅਤ, ਲਗਨ, ਸੇਵਾ ਅਤੇ ਅਧਿਆਤਮਕ ਲਗਨ ਤੋਂ ਪ੍ਰਭਾਵਿਤ ਹੋ ਕੇ ਗੁਰੂ ਅਮਰਦਾਸ ਜੀ ਨੇ ਆਪਣੀ ਪੁੱਤਰੀ ਬੀਬੀ ਭਾਨੀ ਦਾ ਵਿਆਹ ਇਨ੍ਹਾਂ ਨਾਲ ਕਰ ਦਿੱਤਾ ਅਤੇ ਗੁਰੂ ਘਰ ਦੀਆਂ ਬਹੁਤ ਸਾਰੀਆਂ ਜ਼ਿੰਮੇਵਾਰੀਆਂ ਵੀ ਸੰਭਾਲ ਦਿੱਤੀਆਂ।

ਲੇਖਕ ਨੇ 'ਗੁਰੂ ਕੇ ਚੱਕ' ਦੀ ਤਰੱਕੀ ਲਈ ਦਸਤਕਾਰੀ ਅਤੇ ਵਪਾਰ ਪੱਖੋਂ ਉਸਾਰੀ ਅਤੇ ਮਸੰਦ ਪਰੰਪਰਾ ਸ਼ੁਰੂ ਕਰਨ ਦਾ ਵੀ ਜ਼ਿਕਰ ਕੀਤਾ ਹੈ। ਲੇਖਕ ਅਨੁਸਾਰ "ਗੁਰੂ ਰਾਮਦਾਸ ਜੀ ਨੇ ਸਿੱਖ-ਰਹਿਤ ਦੀ ਹੋਰ ਵਧੇਰੇ ਵਿਆਖਿਆ ਕਰਦਿਆਂ ਬਾਣੀ ਵਿਚ ਦਰਸਾਇਆ ਕਿ ਸਿੱਖ ਦਾ ਰੋਜ਼ਾਨਾ ਨਿੱਤਨੇਮ ਕੀ ਹੋਣਾ ਚਾਹੀਦਾ ਹੈ" ਅਤੇ ਲਾਵਾਂ ਦਾ ਪਾਠ ਰਚ ਕੇ ਸਿੱਖ ਧਰਮ ਵਿਚ ਆਪਣੀ ਅਨੰਦ ਕਾਰਜ ਦੀ ਵਿਲੱਖਣ ਪਰੰਪਰਾ ਦਾ ਮੁੱਢ ਬੰਨ੍ਹਿਆ। ਗੁਰੂ ਅਰਜਨ ਦੇਵ ਬਾਰੇ ਬੜੇ ਥੋੜੇ ਸ਼ਬਦਾਂ ਵਿਚ ਹੀ ਕਰੀਬ ਸਾਰਾ ਇਤਿਹਾਸ, ਗੁਰੂ ਅਮਰਦਾਸ ਦੀ ਗੋਦ ਵਿਚ ਖੇਡ ਕੇ ਵੱਡਿਆਂ ਹੋਣ ਤੋਂ ਲੈ ਕੇ ਹਰਿਮੰਦਰ ਸਾਹਿਬ ਦੀ ਨੀਂਹ ਅਤੇ ਉਸਾਰੀ, ਗੁਰੂ ਰਾਮਦਾਸ ਵੱਲੋਂ ਸ਼ੁਰੂ ਕੀਤੇ ਗਏ ਸਰੋਵਰ ਦੀ ਸੰਪੂਰਨਤਾ, ਗੁਰੂ ਗ੍ਰੰਥ ਸਾਹਿਬ ਦੇ ਸੰਕਲਨ ਅਤੇ ਪ੍ਰਕਾਸ਼ ਤੱਕ, ਮੌਲਾਨਾ ਸ਼ੇਖ ਅਹਿਮਦ ਸਰਹੰਦੀ ਵੱਲੋਂ ਬਾਦਸ਼ਾਹ ਜਹਾਂਗੀਰ ਨਾਲ ਮਿਲ ਕੇ, ਪ੍ਰਿਥੀਚੰਦ ਅਤੇ ਚੰਦੂ ਦੀ ਮਿਲੀਭੁਗਤ ਨਾਲ ਸ਼ਹਾਦਤ ਹੋਣ ਦਾ ਸਾਰਾ ਬਿਰਤਾਂਤ 'ਤੁਜ਼ਕਿ ਜਹਾਂਗੀਰੀ' ਦੇ ਹਵਾਲੇ ਸਮੇਤ ਦਿੱਤਾ ਹੈ।

'ਹਰਿਗੋਬਿੰਦ ਨੋ' ਦੇ ਸਿਰਲੇਖ ਹੇਠਾਂ ਗੁਰੂ ਹਰਗੋਬਿੰਦ ਸਾਹਿਬ ਨੇ ਕਿਸ ਤਰ੍ਹਾਂ ਸਮੇਂ ਸਮੇਂ ਪ੍ਰਿਥੀ ਚੰਦ ਵੱਲੋਂ ਦਿੱਤੇ ਕਸ਼ਟਾਂ ਦਾ ਸਾਹਮਣਾ ਕੀਤਾ, ਮੀਰੀ ਪੀਰੀ ਅਰਥਾਤ ਭਗਤੀ ਅਤੇ ਸ਼ਕਤੀ ਦੇ ਸੁਮੇਲ ਦੀ ਪਰੰਪਰਾ ਸ਼ੁਰੂ ਕੀਤੀ, "ਨੌਜਵਾਨਾਂ ਨੂੰ ਜੰਗੀ ਕਰਤਬ ਅਤੇ ਸਰੀਰਕ ਕਸਰਤ" ਕਰਵਾਏ ਜਾਣ ਅਤੇ ਸਿੱਖ ਫੌਜ ਦੀ ਪੂਰੀ ਯੋਜਨਾਮਈ ਤਿਆਰੀ, ਸ਼ਸਤਰ ਅਤੇ ਘੋੜੇ, ਢਾਡੀ ਵਾਰਾਂ ਰਾਹੀਂ ਜੋਸ਼ ਭਰਨ, ਗਵਾਲੀਅਰ ਦੇ ਕਿਲੇ ਵਿਚ ਕੈਦ ਹੋਣ ਅਤੇ ਫਿਰ 52 ਰਾਜਿਆਂ ਨੂੰ ਵੀ ਰਿਹਾ ਕਰਾਉਣ ਤੇ 'ਬੰਦੀ-ਛੋੜ' ਗੁਰੂ ਕਰਕੇ ਜਾਣੇ ਜਾਣ; ਅਕਾਲ ਤਖਤ ਦੀ ਉਸਾਰੀ ਆਦਿ ਦਾ ਪੂਰਾ ਵਰਣਨ ਕੀਤਾ ਹੈ।

'ਸਿਮਰੌ ਸ੍ਰੀ ਹਰਿਰਾਇ' ਵਿਚ ਸਤਵੀਂ ਨਾਨਕ ਜੋਤਿ, ਜੋ ਗੁਰੂ ਹਰਗੋਬਿੰਦ ਸਾਹਿਬ ਦੇ ਪੋਤੇ ਅਤੇ ਬਾਬਾ ਗੁਰਦਿੱਤਾ ਜੀ ਦੇ ਸਪੁੱਤਰ ਸਨ, ਦੀ ਸ਼ਖਸੀਅਤ ਤੋਂ ਜਾਣੂ ਕਰਾਇਆ ਹੈ ਕਿ ਇੱਕ ਸੂਰਬੀਰ ਯੋਧੇ ਹੋਣ ਦੇ ਬਾਵਜੂਦ ਬੇਹੱਦ ਕੋਮਲ-ਦਿਲ ਅਤੇ ਸੰਤ-ਸੁਭਾਉ ਦੇ ਮਾਲਕ ਸਨ। ਦਾਰਾ ਸ਼ਿਕੋਹ ਦੀ ਬਿਮਾਰੀ ਦੇ ਹਵਾਲੇ ਸਹਿਤ ਦੱਸਿਆ ਹੈ ਕਿ "ਮਨ ਦੀ ਅਰੋਗਤਾ ਲਈ ਆਪ ਨਾਮ ਰੂਪੀ ਔਸ਼ਧੀ ਬਖਸ਼ਦੇ ਸਨ ਅਤੇ ਤਨ ਦੀ ਅਰੋਗਤਾ ਲਈ ਆਪ ਨੇ ਬਹੁਤ ਕੀਮਤੀ ਜੀਵਨ-ਦਾਇਕ ਦਵਾਈਆਂ ਦਾ ਦਵਾਈ-ਖਾਨਾ ਖੋਲ੍ਹਿਆ ਹੋਇਆ ਸੀ।"

ਔਰੰਗਜ਼ੇਬ ਦੇ ਸੱਦੇ ਤੇ ਗੁਰੂ ਹਰਿਰਾਇ ਵੱਲੋਂ ਆਪਣੇ ਪੁੱਤਰ ਰਾਮਰਾਇ ਨੂੰ ਦਿੱਲੀ ਭੇਜਣ ਦੀ ਘਟਨਾ ਬਾਰੇ ਜਾਣਕਾਰੀ ਦਿੱਤੀ ਹੈ ਕਿ ਗੁਰੂ ਸਾਹਿਬ ਨੇ ਬਾਣੀ ਬਦਲਣ ਦੇ ਦੋਸ਼ ਵਿਚ ਮੱਥੇ ਲੱਗਣ ਤੋਂ ਇਨਕਾਰ ਕਰ ਦਿੱਤਾ ਅਤੇ ਗੁਰਸਿੱਖਾਂ ਨੂੰ ਰਾਮਰਾਈਆਂ ਨਾਲ ਰੋਟੀ-ਬੇਟੀ ਦੀ ਸਾਂਝ ਰੱਖਣ ਦੀ ਮਨਾਹੀ ਕਰ ਦਿੱਤੀ। ਸਿੱਖੀ ਦੇ ਪ੍ਰਚਾਰ ਲਈ ਜਥੇਬੰਦੀਆਂ ਕਾਇਮ ਕੀਤੀਆਂ, ਜੋ ਇਤਿਹਾਸ ਵਿਚ 'ਬਖਸ਼ਿਸ਼ਾਂ' ਕਰਕੇ ਜਾਣੀਆਂ ਜਾਂਦੀਆਂ ਹਨ; ਸਿੱਖਾਂ ਨੂੰ ਧਰਮੀ ਜੀਵਨ ਬਣਾਉਣ ਲਈ "ਕੇਸ ਨਹੀਂ ਕਟਾਉਣੇ, ਤੰਮਾਕੂ ਦਾ ਸੇਵਨ ਨਹੀਂ ਕਰਨਾ ਅਤੇ ਟੋਪੀ ਕਦੇ ਨਹੀਂ ਪਹਿਨਣੀ" ਦਾ ਉਪਦੇਸ਼ ਦਿੱਤਾ।

'ਸ੍ਰੀ ਹਰਿਕ੍ਰਿਸ਼ਨ ਧਿਆਈਐ' ਵਿਚ ਅੱਠਵੇਂ ਗੁਰੂ ਦੇ ਜੀਵਨ ਨਾਲ ਜੁੜੀਆਂ ਕੁਝ ਅਹਿਮ ਘਟਨਾਵਾਂ ਦਾ ਜ਼ਿਕਰ ਕਰਦਿਆਂ ਸਿੱਖ ਧਰਮ ਦੇ ਇਸ ਸਿਧਾਂਤ ਨੂੰ ਦ੍ਰਿੜ ਕਰਵਾਇਆ ਹੈ ਕਿ ਗੁਰਗੱਦੀ ਦਾ ਵਾਰਿਸ ਬਣਨ ਲਈ ਪੈਮਾਨਾ ਯੋਗਤਾ-ਮੂਲਕ ਅਰਥਾਤ ਕਾਬਲੀਅਤ ਨੂੰ ਰੱਖਿਆ ਗਿਆ, ਨਾ ਕਿ ਉਮਰ ਜਾਂ ਕਿਸੇ ਹੋਰ ਰਿਸ਼ਤੇ ਨੂੰ। ਗੁਰੂ ਹਰਿਕ੍ਰਿਸ਼ਨ ਨੇ ਬਾਲ ਅਵਸਥਾ ਵਿਚ ਹੀ ਦ੍ਰਿੜ ਇਰਾਦੇ ਨਾਲ ਦਿੱਲੀ ਵੱਲ ਕੂਚ ਕੀਤਾ, ਚੇਚਕ ਫੈਲਣ ਤੇ ਸਿੱਖੀ ਦੇ ਸੇਵਾ ਸਿਧਾਂਤ ਨੂੰ ਦ੍ਰਿੜ ਕਰ ਦਿਖਾਇਆ। ਲੇਖਕ ਨੇ ਗੁਰੂ ਹਰਿਕ੍ਰਿਸ਼ਨ ਦਾ ਜੀਵਨ ਬ੍ਰਿਤਾਂਤ ਗਿਆਨੀ ਗਿਆਨ ਸਿੰਘ ਦੀ ਲਿਖਤ 'ਪੰਥ ਪ੍ਰਕਾਸ਼' ਦੇ ਹਵਾਲੇ ਨਾਲ ਲਿਖਿਆ ਹੈ।

'ਤੇਗ ਬਹਾਦਰ ਸਿਮਰਿਐ' ਵਿਚ ਗੁਰੂ ਤੇਗ ਬਹਾਦਰ ਦੇ ਜੀਵਨ 'ਤੇ ਝਾਤ ਪੁਆਈ ਹੈ ਕਿ ਉਨ੍ਹਾਂ ਦਾ ਨਾਮ ਕਿਵੇਂ "13-14 ਸਾਲ ਦੀ ਉਮਰ ਵਿਚ ਹੀ ਆਪ ਨੇ ਕਰਤਾਰਪੁਰ ਦੇ ਯੁੱਧ ਵਿਚ ਹਿੱਸਾ ਲਿਆ ਅਤੇ ਇੰਨੀ ਬਹਾਦਰੀ ਨਾਲ ਤੇਗ ਚਲਾਈ ਕਿ ਪਿਤਾ ਜੀ ਵੱਲੋਂ 'ਤੇਗ ਬਹਾਦਰ' ਦੇ ਨਾਮ ਦੀ ਬਖਸ਼ਿਸ਼ ਹੋਈ। "ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਬਚਨਾਂ ਤੋਂ ਬਾਅਦ ਗੱਦੀ 'ਤੇ ਬਿਰਾਜਮਾਨ ਹੋਣ ਤੋਂ ਲੈ ਕੇ, ਬਾਬੇ ਬਕਾਲੇ ਤੋਂ ਹਰਿਮੰਦਰ ਸਾਹਿਬ ਮੱਥਾ ਟੇਕਣ ਜਾਣ ਅਤੇ ਪ੍ਰਿਥੀਏ ਦੀ ਔਲਾਦ ਸੋਢੀ ਹਰਿ ਜੀ ਵੱਲੋਂ ਕਿਵਾੜ ਬੰਦ ਕਰ ਦੇਣ ਤੋਂ ਲੈ ਕੇ ਅਨੰਦਪੁਰ ਸਾਹਿਬ ਵਸਾਉਣ ਅਤੇ ਕਸ਼ਮੀਰੀ ਬ੍ਰਾਹਮਣਾਂ ਦੀ ਪੁਕਾਰ

*(ਬਾਕੀ ਅਗਲੇ ਸਫੇ 'ਤੇ)*


# ਸਿਧ ਗੋਸਟਿ ਦਰਸ਼ਨ ਅਤੇ ਵਿਆਖਿਆ

ਡਾ. ਦੇਵਿੰਦਰ ਪਾਲ ਸਿੰਘ, ਕੈਨੇਡਾ

'ਸਿਧ ਗੋਸਟਿ ਦਰਸ਼ਨ ਅਤੇ ਵਿਆਖਿਆ' ਸਿੱਖ ਧਰਮ ਦੇ ਵਿਲੱਖਣ ਵਿਦਵਾਨ ਪ੍ਰੋ. ਹਰਨਾਮ ਦਾਸ ਵਲੋਂ ਰਚਿਤ ਕਿਤਾਬ ਹੈ। ਕਿਤਾਬ ਦੀ ਸੰਪਾਦਕ ਡਾ. ਅਮ੍ਰਿਤ ਕੌਰ ਰੈਣਾ ਦਾ ਕਥਨ ਹੈ ਕਿ ਵਿਭਿੰਨ ਧਰਮਾਂ ਦਾ ਤੁਲਨਾਤਮਕ ਅਧਿਐਨ ਪ੍ਰੋ. ਦਾਸ ਦੇ ਜੀਵਨ ਦਾ ਅਹਿਮ ਅੰਗ ਸੀ। ਅਜਿਹੇ ਖੋਜ ਕਾਰਜਾਂ ਸਬੰਧੀ ਉਨ੍ਹਾਂ ਦੇ ਅਨੇਕਾਂ ਲੇਖ ਸਮਕਾਲੀਨ ਅਖਬਾਰਾਂ ਤੇ ਮੈਗਜ਼ੀਨਾਂ ਵਿਚ ਛਪਦੇ ਰਹੇ ਸਨ। ਆਪਣੇ ਜੀਵਨ ਦੌਰਾਨ ਉਨ੍ਹਾਂ ਚਾਰ ਕਿਤਾਬਾਂ ਪ੍ਰਕਾਸ਼ਿਤ ਕੀਤੀਆਂ। ਉਨ੍ਹਾਂ ਦੀਆਂ ਹੋਰ ਸੱਤ ਕਿਤਾਬਾਂ ਡਾ. ਰੈਣਾ ਦੇ ਉਦਮ ਸਦਕਾ ਪਾਠਕਾਂ ਤਕ ਪਹੁੰਚੀਆਂ ਹਨ।

ਡਾ. ਰੈਣਾ ਨੇ ਇਸ ਕਿਤਾਬ ਦੀ "ਭੂਮਿਕਾ" ਵਿਚ ਮਨੁੱਖੀ ਜੀਵਨ ਅਤੇ ਜਗਤ ਦੇ ਵਰਤਾਰੇ ਸਬੰਧੀ ਕੁਝ ਬੁਨਿਆਦੀ ਸਵਾਲ ਉਠਾਏ ਹਨ। ਸੰਪਾਦਿਕਾ ਅਨੁਸਾਰ, ਗੁਰਬਾਣੀ ਅਤੇ ਵਿਭਿੰਨ ਧਰਮਾਂ ਦੀ ਪੜਚੋਲ ਰਾਹੀਂ ਇਨ੍ਹਾਂ ਸਵਾਲਾਂ ਦਾ ਹੱਲ ਸੁਝਾਉਣਾ ਹੀ ਇਸ ਕਿਤਾਬ ਦਾ ਮਕਸਦ ਹੈ। ਕਿਤਾਬ ਵਿਚ ਕੁੱਲ ਚਾਰ ਲੇਖ ਹਨ। ਮੁਢਲੇ ਤਿੰਨ ਲੇਖ, ਸੰਪਾਦਿਕਾ ਨੇ ਲਿਖੇ ਹਨ। "ਸ਼ਬਦ ਗੁਰੂ ਦਾ ਸੰਕਲਪ" ਲੇਖ ਵਿਚ ਡਾ. ਰੈਣਾ ਲਿਖਦੇ ਹਨ ਕਿ ਸ਼ਬਦ-ਗੁਰੂ ਦੀ ਸਾਧਨਾ, ਸਿੱਖ ਧਰਮ ਚਿੰਤਨ ਦਾ ਕੇਂਦਰ ਬਿੰਦੂ ਹੈ। ਸੁਰਤਿ ਨੂੰ ਸ਼ਬਦ ਵਿਚ ਟਿਕਾ ਕੇ ਨਾਮ ਅਭਿਆਸ ਕਰਨ ਨਾਲ ਮਨੁੱਖ ਅੰਤਰ ਚੇਤਨਾ ਦੀ ਐਸੀ ਅਵਸਥਾ ਵਿਖੇ ਜਾ ਪਹੁੰਚਦਾ ਹੈ, ਜਿਥੇ ਉਸ ਨੂੰ ਇਲਾਹੀ ਨਾਦ ਸੁਣਾਈ ਦਿੰਦਾ ਹੈ। ਵਿਸਮਾਦ ਦੀ ਅਵਸਥਾ ਦਾ ਅਨੁਭਵ ਹੁੰਦਾ ਹੈ। ਸ਼ਬਦ ਜੀਵਨ ਵਿਚ ਪ੍ਰਫੁਲਿਤ ਹੋ ਜਾਂਦਾ ਹੈ ਅਤੇ ਮਨੁੱਖ ਨਿਸ਼ਕਾਮ ਸੇਵਾ ਦੇ ਰਾਹ 'ਤੇ ਤੁਰਦਾ ਹੈ। ਗੁਰੂ ਗ੍ਰੰਥ ਸਾਹਿਬ ਸ਼ਬਦ ਗੁਰੂ ਦਾ ਸਾਕਾਰ ਰੂਪ ਹੈ। ਜੀਵਨ ਵਿਚ ਸ਼ਬਦ ਗੁਰੂ ਦਾ ਵਿਕਾਸ ਗੁਰਬਾਣੀ ਰਾਹੀਂ ਹੁੰਦਾ ਹੈ। ਮਨੁੱਖੀ ਆਤਮਾ ਵਿਚ ਸ਼ਬਦ ਦਾ ਵਿਕਾਸ ਪਰਮਾਤਮਾ ਦੀ ਨਦਰ ਰਾਹੀਂ ਹੁੰਦਾ ਹੈ।

"ਨਾਮ ਮਹਿਮਾ" ਲੇਖ ਵਿਚ ਡਾ. ਰੈਣਾ ਜ਼ਿਕਰ ਕਰਦੇ ਹਨ ਕਿ 'ਜਪੁਜੀ ਸਾਹਿਬ' ਦੇ ਸ਼ੁਰੂ ਵਿਚ ਇਕ ਸਵਾਲ ਪੁੱਛਿਆ ਗਿਆ ਹੈ ਕਿ ਸਚਿਆਰ ਕਿਵੇਂ ਬਣਿਆ ਜਾ ਸਕਦਾ ਹੈ? ਲੇਖਿਕਾ ਦਾ ਬਿਆਨ ਹੈ ਕਿ ਪਰਮਾਤਮਾ ਦੇ ਹੁਕਮ ਅਨੁਸਾਰ ਜੀਵਨ ਬਤੀਤ




ਕਰਦਿਆਂ, ਨਾਮ ਸਿਮਰਨ ਰਾਹੀਂ ਮਨੁੱਖ ਸਚਿਆਰ ਬਣ ਸਹਿਜ ਅਵਸਥਾ ਪ੍ਰਾਪਤ ਕਰ ਲੈਂਦਾ ਹੈ। ਨਾਮ ਅਭਿਆਸ ਦੁਆਰਾ ਜੀਵਨ ਵਿਚ ਦੈਵੀ ਗੁਣ ਵਿਕਸਿਤ ਹੁੰਦੇ ਹਨ।

"ਸਹਿਜ ਅਵਸਥਾ-ਸੁੰਨ ਅਵਸਥਾ ਦਾ ਸੰਕਲਪ" ਲੇਖ ਵਿਚ ਡਾ. ਰੈਣਾ ਦੱਸਦੇ ਹਨ ਕਿ ਸਹਿਜ ਅਵਸਥਾ, ਆਤਮਕ ਤੇ ਮਾਨਸਿਕ ਸ਼ਾਂਤੀ ਦੀ ਸਰਵਉਚ ਵਿਸਮਾਦੀ ਅਵਸਥਾ ਹੈ। ਇਹ ਆਤਮਾ ਦੀ ਪਰਮਾਤਮਾ ਵਿਚ ਲੀਨ ਹੋਣ ਦੀ ਅਵਸਥਾ ਹੈ। ਸਿੱਖ ਧਰਮ ਅਨੁਸਾਰ ਜੀਵਨ ਦਾ ਸਰਬੋਤਮ ਉਦੇਸ਼ ਸਹਿਜ ਅਵਸਥਾ ਦੀ ਪ੍ਰਾਪਤੀ ਹੈ।

ਕਿਤਾਬ ਦਾ ਮੁੱਖ ਲੇਖ "ਵਿਆਖਿਆ ਸਿਧ ਗੋਸਟਿ" ਪ੍ਰੋ. ਹਰਨਾਮ ਦਾਸ ਦੁਆਰਾ ਰਚਿਤ ਹੈ, ਜੋ ਕੁੱਲ 120 ਪੰਨਿਆਂ ਵਾਲੀ ਇਸ ਕਿਤਾਬ ਦੇ 104 ਪੰਨਿਆਂ ਉਪਰ ਫੈਲਿਆ ਹੋਇਆ ਹੈ। ਪ੍ਰੋ. ਦਾਸ ਅਨੁਸਾਰ ਸਿਧ ਗੋਸਟਿ ਵਿਚ ਸਿੱਧਾਂ ਨਾਲ ਵਿਚਾਰ-ਚਰਚਾ ਅਤੇ ਪਰਮਾਤਮਾ ਨਾਲ ਮਿਲਾਪ ਦੀ ਨਿਸ਼ਾਨਦੇਹੀ ਕੀਤੀ ਗਈ ਹੈ। ਗੁਰੂ ਨਾਨਕ ਜੀ ਅਨੁਸਾਰ ਸੰਤਾਂ ਦੀ ਸੰਗਤ ਵਿਚ ਸੱਚ ਦੀ ਪ੍ਰਾਪਤੀ ਹੁੰਦੀ ਹੈ। ਸੱਚੇ ਸ਼ਬਦ ਨੂੰ ਜੀਵਨ ਵਿਚ ਢਾਲੇ ਬਿਨਾ ਕੋਈ ਵੀ ਵਿਅਕਤੀ ਮੁਕਤੀ ਪ੍ਰਾਪਤ ਨਹੀਂ ਕਰ ਸਕਦਾ। ਗੁਰੂ ਨਾਨਕ ਸਾਹਿਬ ਅਨੁਸਾਰ ਸੱਚੇ-ਸੁੱਚੇ ਜੀਵਨ ਅਮਲ ਨਾਲ, ਤਮੋ, ਰਜੋ ਤੇ ਸਤੋ ਗੁਣਾਂ ਤੋਂ ਉਚਾ ਉਠ ਕੇ ਸਹਿਜ ਅਵਸਥਾ ਨੂੰ ਪ੍ਰਾਪਤ ਕਰ ਲੈਣਾ ਜੀਵਨ ਜਿਉਣ ਦੀ ਸਹੀ ਜੁਗਤ ਹੈ। ਪਰਮਾਤਮਾ ਗੁਰਮੁਖਾਂ ਦੇ ਜੀਵਨ ਅੰਦਰ ਸਰਗੁਣ, ਸਾਕਾਰ ਤੇ ਸੁਚੇਤ ਰੂਪ ਵਿਚ ਜਿਉਂਦਾ ਹੈ। ਪ੍ਰੋ. ਦਾਸ ਦਾ ਕਥਨ ਹੈ ਕਿ ਇਸ ਰਚਨਾ ਰਾਹੀਂ ਗੁਰੂ ਜੀ, ਗ੍ਰਿਹਿਸਥ ਜੀਵਨ ਤੇ ਅਧਿਆਤਮਕ ਜੀਵਨ ਦਾ ਤਾਲਮੇਲ ਸਥਾਪਿਤ ਕਰਦੇ ਹਨ।

ਪ੍ਰੋ. ਦਾਸ ਦੀ ਲੇਖਣ ਸ਼ੈਲੀ ਸਰਲ ਅਤੇ ਸਪਸ਼ਟਤਾਪੂਰਣ ਹੈ। ਉਸ ਨੇ ਆਪਣੀ ਵਿਚਾਰਧਾਰਾ ਦੀ ਪੁਸ਼ਟੀ ਲਈ ਗੁਰਬਾਣੀ ਦੇ ਉਚਿਤ ਹਵਾਲੇ ਪੇਸ਼ ਕੀਤੇ ਹਨ। ਕਦੀ ਕਦੀ ਬਿਰਤਾਂਤ ਵਿਚ ਦੁਹਰਾ ਨਜ਼ਰ ਪੈਂਦਾ ਹੈ, ਪਰ ਇਹ ਪਾਠਕ ਦਾ ਧਿਆਨ ਭੰਗ ਨਹੀਂ ਕਰਦਾ। ਯੂਨੀਸਟਾਰ ਬੁੱਕਸ, ਚੰਡੀਗੜ੍ਹ ਵਲੋਂ ਪ੍ਰਕਾਸ਼ਿਤ ਕੀਤੀ ਇਹ ਇਕ ਵਧੀਆ ਕਿਤਾਬ ਹੈ, ਜੋ ਗੁਰਬਾਣੀ ਦੇ ਵਿਭਿੰਨ ਪਹਿਲੂਆਂ ਬਾਰੇ ਵਿਸਤ੍ਰਿਤ ਜਾਣਕਾਰੀ ਪੇਸ਼ ਕਰਦੀ ਹੈ।

# ਦੁਇ ਕਰ ਜੋੜਿ ਕਰਉ ਅਰਦਾਸਿ: 'ਅਰਦਾਸ'

(ਪਿਛਲੇ ਸਫੇ ਦੀ ਬਾਕੀ)

ਸੁਣ ਕੇ, ਮਨੁੱਖੀ ਹੱਕਾਂ ਦੀ ਰਾਖੀ ਲਈ ਕੁਝ ਗੁਰਸਿੱਖਾਂ ਸਮੇਤ ਦਿੱਲੀ ਜਾ ਕੇ ਸ਼ਹਾਦਤ ਦੇਣ ਤੱਕ ਦਾ ਸਾਰਾ ਬਿਰਤਾਂਤ ਬੜੇ ਹੀ ਸੰਖੇਪ ਸਬਦਾਂ ਵਿਚ ਬਿਆਨ ਕਰ ਦਿੱਤਾ ਹੈ।

ਗੁਰੂ ਗੋਬਿੰਦ ਸਿੰਘ ਸਾਹਿਬ ਜੀ ਬਾਰੇ ਲੇਖਕ ਨੇ ਇੱਕੋ ਪੰਕਤੀ ਵਿਚ ਕਿੰਨਾ ਕੁਝ ਦੱਸ ਦਿੱਤਾ ਹੈ, "ਮਹਾਂ-ਯੋਧੇ, ਮਹਾਂ-ਜਰਨੈਲ, ਮਹਾਂ-ਕਵੀ ਸਰਬੰਸ-ਦਾਨੀ ਪਿਤਾ, ਗੁਰੂ ਗੋਬਿੰਦ ਸਿੰਘ ਜੀ ਸਿੱਖਾਂ ਦੇ ਦਸਵੇਂ ਗੁਰੂ ਸਨ।" ਪੰਜ ਪਿਆਰੇ ਸਾਜਣ ਤੋਂ ਲੈ ਕੇ ਖਾਲਸੇ ਨੂੰ ਸ਼ਸਤਰ ਅਤੇ ਸ਼ਾਸਤਰ ਵਿੱਦਿਆ ਦੇਣ ਦਾ ਪ੍ਰਬੰਧ, ਅਨੰਦਪੁਰ ਸਾਹਿਬ ਵਿਚ 52 ਕਵੀਆਂ ਅਤੇ ਵੱਖ ਵੱਖ ਭਾਸ਼ਾਵਾਂ ਦੇ ਵਿਦਵਾਨਾਂ ਦੇ ਇਕੱਠ, ਅਨੰਦਪੁਰ ਦਾ ਕਿਲਾ ਛੱਡਣ, ਚਮਕੌਰ ਦਾ ਯੁੱਧ, ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ, ਬੰਦਾ ਬਹਾਦਰ ਨੂੰ ਪੰਜਾਬ ਭੇਜਣ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਦੇਣ ਆਦਿ ਦਾ ਜ਼ਿਕਰ ਬੜੇ ਸੁਚੱਜ ਨਾਲ ਕਰ ਦਿੱਤਾ ਹੈ। ਇਸੇ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦੇ ਸ਼ਬਦ ਗੁਰੂ ਹੋਣ, ਦਸਾਂ ਪਾਤਿਸ਼ਾਹੀਆਂ ਦੇ ਜੋਤਿ ਸਰੂਪ ਹੋਣ, 'ਬਾਣੀ ਗੁਰੂ ਗੁਰੂ ਹੈ ਬਾਣੀ...' ਦਾ ਸਿਧਾਂਤ, ਸ਼ਬਦ ਗੁਰੂ ਦੀ ਭਾਸ਼ਾ, ਹਰ ਇੱਕ ਨੂੰ ਬਾਣੀ ਪੜ੍ਹਨ ਅਤੇ ਸੁਣਨ ਦਾ ਹੱਕ, ਸ਼ਬਦ ਗੁਰੂ ਦੇ ਬਾਣੀਕਾਰ ਆਦਿ ਹਰ ਇੱਕ ਪੱਖ ਦਾ ਬੜੀ ਬਾਰੀਕੀ ਨਾਲ ਸੰਖੇਪ ਵਿਚ ਵਰਣਨ ਕਰ ਦਿੱਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਦੇਣ ਦਾ ਵਰਣਨ ਭੱਟ ਵਹੀ, ਤਲੌਂਡਾ, ਪਰਗਨਾ ਜੀਂਦ ਦੇ ਹਵਾਲੇ ਨਾਲ ਕੀਤਾ ਹੈ।

ਪੰਜ ਪਿਆਰੇ ਵਿਚ ਲੇਖਕ ਨੇ ਇਹ ਦੱਸਦਿਆਂ ਕਿ ਪਰਮ ਪੁਰਖ ਦੀ ਸਿਰਜਣਾ ਦਾ ਕਾਰਜ ਗੁਰੂ ਨਾਨਕ ਸਾਹਿਬ ਤੋਂ ਹੀ ਸ਼ੁਰੂ ਹੋ ਗਿਆ ਸੀ ਅਤੇ 'ਪੰਜ ਪਿਆਰਿਆਂ ਦੀ ਮਰਿਆਦਾ ਉਨ੍ਹਾਂ ਤੋਂ ਹੀ ਚਲੀ ਆ ਰਹੀ ਹੈ' ਕਿਹਾ ਹੈ ਕਿ ਪਰ ਜਿਨ੍ਹਾਂ ਪੰਜ ਪਿਆਰਿਆਂ-ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਮੁਹਕਮ ਸਿੰਘ ਤੇ ਭਾਈ ਸਾਹਿਬ ਸਿੰਘ ਨੂੰ ਅਸੀਂ ਇਤਿਹਾਸਕ ਤੌਰ 'ਤੇ ਯਾਦ ਕਰਦੇ ਹਾਂ, ਲੇਖਕ ਦਾ ਇਸ਼ਾਰਾ ਸ਼ਾਇਦ ਗੁਰੂ ਨਾਨਕ ਦੇ ਦਿੱਤੇ 'ਪੰਚ ਪ੍ਰਧਾਨ' ਸੰਕਲਪ ਵੱਲ ਹੈ। ਲੇਖਕ ਨੇ ਗੁਰੂ ਨਾਨਕ ਦੇ ਸਿਧਾਂਤ 'ਸਿਰ ਧਰ ਤਲੀ ਗਲੀ ਮੋਰੀ ਆਉ' 'ਤੇ ਆਧਾਰਤ ਕਰਕੇ ਅਤੇ 'ਗੁਰ ਸੰਗਤ ਕੀਨੀ ਖਾਲਸਾ' ਦੇ ਹਵਾਲੇ ਨਾਲ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਪੰਜ ਪਿਆਰੇ ਸਾਜਣ ਦੇ ਸਾਰੇ ਇਤਿਹਾਸ ਦਾ ਸੰਖੇਪ ਵਿਚ ਵਰਣਨ ਕੀਤਾ ਹੈ।

ਇਸੇ ਤਰ੍ਹਾਂ ਚਹੁੰਆਂ ਸਾਹਿਬਜ਼ਾਦਿਆਂ ਵਿਚ 'ਸਾਹਿਬਜ਼ਾਦਾ' ਸ਼ਬਦ ਦਾ ਫਾਰਸੀ ਵਿਚ ਨਿਕਾਸ ਅਤੇ ਅਰਥ ਤੋਂ ਲੈ ਕੇ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ ਦੇ ਜਨਮ, ਪਾਲਣ ਪੋਸਣ, ਸਿੱਖਿਆ, ਮੁਗਲਾਂ ਨਾਲ ਯੁੱਧ, ਵੱਡੇ ਸਾਹਿਬਜ਼ਾਦਿਆਂ ਦੀ ਚਮਕੌਰ ਦੀ ਜੰਗ ਵਿਚ ਸ਼ਹਾਦਤ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਮਾਤਾ ਗੁਜਰੀ ਜੀ ਦੇ ਨਾਲ ਸਰਹਿੰਦ ਦੇ ਹਾਕਮ ਵਜ਼ੀਰ ਖਾਨ ਵਲੋਂ ਸ਼ਹੀਦ ਕੀਤੇ ਜਾਣ ਦਾ ਸਾਰਾ ਵੇਰਵਾ ਇਤਿਹਾਸਕ ਪ੍ਰਸੰਗ ਸਿਰਜਦਿਆਂ ਕੀਤਾ ਹੈ। ਚਾਲੀ ਮੁਕਤਿਆਂ ਦਾ ਇਤਿਹਾਸ 'ਮੁਕਤ' ਜਾਂ 'ਮੁਕਤਾ' ਦਾ ਕੀ ਅਰਥ ਹੈ ਅਤੇ ਕਿਸ ਕਿਸਮ ਦੀ ਅਵਸਥਾ ਹੁੰਦੀ ਹੈ? ਦੇ ਵੇਰਵੇ ਸਹਿਤ ਸਮਝਾਇਆ ਹੈ ਅਤੇ "ਚਾਲੀ ਮੁਕਤਿਆਂ ਦਾ ਇਹ ਸਿਮਰਨ ਸਾਨੂੰ ਦ੍ਰਿੜ ਕਰਵਾਉਂਦਾ ਹੈ ਕਿ ਸਿੱਖ ਨੂੰ ਗੁਰੂ-ਪੰਥ ਤੋਂ ਬੇਮੁੱਖ ਹੋ ਕੇ ਮਰਨ ਦੀ ਥਾਂ ਸਦਾ ਸੱਚ ਦੇ ਸੰਘਰਸ਼ ਵਿਚ ਆਪਾ ਕੁਰਬਾਨ ਕਰਨਾ ਚਾਹੀਦਾ ਹੈ।

'ਹਠੀਆਂ ਜਪੀਆਂ ਤਪੀਆਂ' ਸਿਰਲੇਖ ਹੇਠ ਪੁਰਾਤਨ ਪਰੰਪਰਾਵਾਂ ਵਿਚ ਹਠੀ, ਜਪੀ ਅਤੇ ਤਪੀ ਕਿਸ ਨੂੰ ਕਿਹਾ ਜਾਂਦਾ ਸੀ ਅਤੇ ਸਿੱਖ ਧਰਮ ਵਿਚ ਹਠੀ, ਜਪੀ ਜਾਂ ਤਪੀ ਕਿਸ ਸ਼ਖਸੀਅਤ ਦੇ ਮਾਲਕ ਨੂੰ ਕਿਹਾ ਜਾਂਦਾ ਹੈ, ਦਾ ਖੂਬ ਨਿਖੇੜਾ ਕੀਤਾ ਹੈ। ਹਠੀ 'ਸੀਸ ਦੀਆ ਪਰ ਸਿਰਰ ਨ ਦੀਨਾ'; ਜਪੀ ਉਹ ਹੈ, ਜੋ 'ਆਤਮ ਉਪਦੇਸ ਭੇਸੁ ਸੰਜਮ ਕੋ ਜਾਪ ਸੁ ਅਜਪਾ ਜਾਪੈ॥ ਸਦਾ ਰਹੈ ਕੰਚਨ ਸੀ ਕਾਯਾ ਕਾਲ ਨ ਕਬਹੂ ਬਿਆਪੈ॥' ਅਤੇ ਸਭ ਤੋਂ ਵੱਡਾ ਤਪ 'ਮਨੁੱਖਤਾ ਦੀ ਸੇਵਾ, ਖਾਸ ਤੌਰ 'ਤੇ ਹੱਥੀਂ ਕੀਤੀ ਸੇਵਾ ਨੂੰ ਗੁਰਮਤਿ ਵਿਚ ਵੱਡਾ ਤਪ ਮੰਨਿਆ ਗਿਆ ਹੈ।'

'ਜਿਨ੍ਹਾਂ ਨਾਮ ਜਪਿਆ' ਵਿਚ ਦੱਸਿਆ ਹੈ ਕਿ "ਨਾਮ ਜਪਣ ਤੋਂ ਭਾਵ ਹੈ, ਜਿਨ੍ਹਾਂ ਵਾਹਿਗੁਰੂ, ਭਾਵ ਰੱਬੀ ਸ਼ਕਤੀ ਦਾ ਸਿਮਰਨ ਕੀਤਾ, ਉਸ ਦਾ ਚਿੰਤਨ ਕੀਤਾ, ਉਸ ਨੂੰ ਸੁਆਸ ਸੁਆਸ ਕਰਕੇ ਧਿਆਇਆ ਅਥਵਾ ਆਪਣੇ ਹਿਰਦੇ ਵਿਚ ਸਦਾ ਉਸ ਦੀ ਯਾਦ ਨੂੰ ਹਾਜ਼ਰ ਨਾਜ਼ਰ ਜਾਣਿਆ। 'ਵੰਡ ਛਕਿਆ' ਵਿਚ ਸਿੱਖ ਧਰਮ ਵਿਚ ਗੁਰੂ ਨਾਨਕ ਸਾਹਿਬ ਵੱਲੋਂ ਦਿੱਤੀ ਜੀਵਨ-ਜਾਚ ਦੀ ਨੀਂਹ 'ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ' ਦੇ ਸਿਧਾਂਤ 'ਤੇ ਉਸਾਰਨ ਦਾ ਵੇਰਵਾ ਦਿੰਦਿਆਂ ਦੱਸਿਆ ਹੈ ਕਿ ਗੁਰੂ ਵੱਲੋਂ ਸਿੱਖਾਂ ਨੂੰ 'ਗਰੀਬ ਦੀ ਰਸਨਾ ਨੂੰ ਗੁਰੂ ਕੀ ਗੋਲਕ ਤੁੱਲ ਜਾਣਨ ਦਾ ਹੁਕਮ ਹੈ।'

'ਦੇਗ ਚਲਾਈ' ਵਿਚ 'ਦੇਗ' ਦਾ ਅਰਥ ਦੱਸ ਕੇ ਸਿੱਖ ਧਰਮ ਵਿਚ ਲੰਗਰ ਦੀ ਮਹੱਤਤਾ ਦਾ ਜ਼ਿਕਰ ਬਾਣੀ ਦੇ ਹਵਾਲੇ ਨਾਲ ਕੀਤਾ ਹੈ ਅਤੇ ਲੰਗਰ ਦੀ ਸੰਸਥਾ ਨੇ ਕਿਸ ਤਰ੍ਹਾਂ ਊਚ-ਨੀਚ ਦੇ ਭੇਦਭਾਵ ਨੂੰ ਮਿਟਾ ਕੇ ਮਨੁੱਖੀ ਬਰਾਬਰੀ ਦੇ ਸਿਧਾਂਤ ਦਾ ਅਮਲੀ ਪ੍ਰਕਾਸ਼ਨ ਕਰਨ ਵਿਚ ਮਦਦ ਕੀਤੀ। 'ਤੇਗ ਵਾਹੀ' ਵਿਚ ਲੇਖਕ ਨੇ ਦੱਸਿਆ ਹੈ ਕਿ ਤੇਗ ਫਾਰਸੀ ਭਾਸ਼ਾ ਦਾ ਸ਼ਬਦ ਹੈ ਅਤੇ ਸਿੱਖ ਧਰਮ ਵਿਚ ਇਸ ਨੂੰ 'ਕਿਰਪਾਨ' ਦਾ ਨਾਂ ਦਿੱਤਾ ਗਿਆ, ਕਿਉਂਕਿ ਇਸ ਨਾਲ ਜ਼ੁਲਮ ਦਾ ਟਾਕਰਾ ਕਰਨਾ ਹੈ ਅਤੇ ਮਜ਼ਲੂਮ ਦੀ ਰੱਖਿਆ। ਸੰਤ ਅਤੇ ਸਿਪਾਹੀ ਦੇ ਸਿਧਾਂਤ ਤੋਂ ਵਿਸਤਾਰ ਦੇ ਕੇ ਜਾਣੂ ਕਰਾਇਆ ਹੈ। 'ਜਿਨ੍ਹਾਂ ਦੇਖ ਕੇ ਅਣਡਿੱਠ ਕੀਤਾ' ਦੀ ਵਿਆਖਿਆ ਕਰਦਿਆਂ ਦੱਸਿਆ ਹੈ ਕਿ "ਦੇਖ ਕੇ ਅਣਡਿੱਠ ਕਰਨਾ ਰੱਬੀ ਗੁਣ ਹੈ" ਅਤੇ ਬਾਣੀ ਅਨੁਸਾਰ ਵਾਹਿਗੁਰੂ ਆਪ "ਅਉਗਣੁ ਕੋ ਨ ਚਿਤਾਰਦਾ ਗਲ ਸੇਤੀ ਲਾਇਕ॥"

'ਧਰਮ ਹੇਤ ਸੀਸ ਦਿੱਤੇ' ਦੀ ਵਿਆਖਿਆ ਗੁਰੂ ਨਾਨਕ ਬਾਣੀ ਵਿਚੋਂ "ਜਉ ਤਉ ਪ੍ਰੇਮ ਖੇਲਣ ਕਾ ਚਾਉ ਸਿਰ ਧਰ ਤਲੀ ਗਲੀ ਮੇਰੀ ਆਉ॥" ਦੀ ਨੀਂਹ 'ਤੇ ਉਸਰੇ ਸ਼ਹਾਦਤ ਦੇ ਸੰਕਲਪ ਅਤੇ ਧਰਮ ਹੇਤ ਸੀਸ ਦੇਣ ਦੀ ਸਿੱਖੀ ਦੀ ਅਦੁੱਤੀ ਪਰੰਪਰਾ ਦੀ ਵਿਆਖਿਆ ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੇ ਹਵਾਲੇ ਨਾਲ ਬਿਆਨ ਕੀਤੀ ਹੈ; 'ਬੰਦ ਬੰਦ ਕਟਾਏ' ਦੀ ਵਿਆਖਿਆ ਸਿੱਖ ਇਤਿਹਾਸ ਵਿਚੋਂ ਭਾਈ ਮਨੀ ਸਿੰਘ ਦੇ ਹਵਾਲੇ ਨਾਲ ਅਤੇ 'ਖੋਪਰੀਆਂ ਲੁਹਾਈਆਂ' ਦੀ ਭਾਈ ਤਾਰੂ ਸਿੰਘ ਦੇ ਹਵਾਲੇ ਨਾਲ ਕੀਤੀ ਹੈ। ਇਸੇ ਤਰ੍ਹਾਂ 'ਚਰਖੀਆਂ 'ਤੇ ਚੜ੍ਹੇ' ਦਾ ਵਰਣਨ ਕਰਦਿਆਂ ਦੱਸਿਆ ਹੈ ਕਿ "ਚਰਖੜੀਆਂ 'ਤੇ ਚੜ੍ਹਨ ਦਾ ਜ਼ਿਕਰ ਭਾਈ ਸੁਬੇਗ ਸਿੰਘ ਅਤੇ ਉਨ੍ਹਾਂ ਦੇ ਸਪੁੱਤਰ ਭਾਈ ਸ਼ਾਹਬਾਜ਼ ਸਿੰਘ ਨਾਲ ਜੁੜਿਆ ਹੋਇਆ ਹੈ।" 'ਆਰਿਆਂ ਨਾਲ ਚਿਰਾਏ ਗਏ' ਵਿਚ ਜਿੱਥੇ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਵੇਲੇ ਦਿੱਲੀ ਵਿਚ ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰ ਕੇ ਸ਼ਹੀਦ ਕਰਨ ਦਾ ਇਤਿਹਾਸ

> **ਮੇਰਾ ਮੰਨਣਾ ਹੈ ਕਿ ਕੁਝ ਧਾਰਨਾਵਾਂ ਸਮੇਂ ਦੀ ਇਤਿਹਾਸਕ ਲੋੜ ਅਨੁਸਾਰ ਸੁੱਤੇ ਸਿੱਧ ਹੀ ਪਰੰਪਰਾ ਦਾ ਹਿੱਸਾ ਬਣ ਜਾਂਦੀਆਂ ਹਨ, ਜਿਨ੍ਹਾਂ ਦਾ ਤਰਕ ਸਿਰਜ ਲਿਆ ਜਾਂਦਾ ਹੈ। ਸਾਡੇ ਕੋਲ ਸਿਧਾਂਤ ਅਤੇ ਸਿਸਟਮ ਦੋਵੇਂ ਹੋਣ ਦੇ ਬਾਵਜੂਦ ਅਸੀਂ ਪੰਥਕ ਤੌਰ 'ਤੇ ਇਸ ਕਿਸਮ ਦੇ ਵਿਰੋਧਾਭਾਸਾਂ ਨੂੰ ਸੁਲਝਾਉਣ ਲਈ ਇਸ ਦੀ ਸੁਯੋਗ ਵਰਤੋਂ ਕਰਨੀ ਸਿੱਖੇ ਹੀ ਨਹੀਂ।**

ਦੱਸਿਆ ਹੈ, ਉਥੇ ਹੀ ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਨੂੰ ਕਿਵੇਂ ਸ਼ਹੀਦ ਕੀਤਾ ਗਿਆ, ਦਾ ਵੀ ਵਰਣਨ ਕੀਤਾ ਹੈ। ਇਸੇ ਤਰ੍ਹਾਂ 'ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ' ਦੇ ਲੰਬੇ ਇਤਿਹਾਸ ਦੀ ਜਾਣਕਾਰੀ ਬਾਖੂਬੀ ਬੜੇ ਸੰਖੇਪ ਸ਼ਬਦਾਂ ਵਿਚ ਦੇ ਦਿੱਤੀ ਹੈ। 'ਧਰਮ ਨਹੀਂ ਹਾਰਿਆ' ਦਾ ਅਰਥ, ਧਰਮ ਦੀ ਰੱਖਿਆ ਕਰਦਿਆਂ ਰਚੇ ਇਤਿਹਾਸ ਦਾ ਜ਼ਿਕਰ ਕਰਦਿਆਂ ਨਤੀਜਾ ਕੱਢਿਆ ਹੈ, "ਧਰਮ ਨਾ ਹਾਰਨ ਵਾਲਿਆਂ ਦੀ ਸਦਾ ਜੈ ਜੈ ਕਾਰ ਹੁੰਦੀ ਰਹੇਗੀ।"

'ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਈ' ਵਿਚ ਕੇਸਾਂ ਨੂੰ ਸਿੱਖੀ ਸਰੂਪ ਦੀ ਪਹਿਲੀ ਪਛਾਣ ਅਤੇ ਪ੍ਰਮਾਣ ਹੋਣਾ ਦੱਸ ਕੇ ਇਤਿਹਾਸ ਦਾ ਜ਼ਿਕਰ ਕੀਤਾ ਹੈ ਕਿ "ਇਹ ਤੇਜ ਪੂਜਕ ਨਹੀਂ, ਸਗੋਂ ਤੇਜ ਧਾਰਕ ਗੁਰੂ ਖਾਲਸਾ ਪੰਥ ਦੀ ਗੌਰਵਮਈ ਗਾਥਾ ਹੈ" ਅਤੇ "ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਉਣ ਵਾਲੇ ਸਭ ਤੋਂ ਪਹਿਲੇ ਸਿੱਖ, ਭਾਈ ਮਰਦਾਨਾ ਜੀ ਸਨ।" 'ਪੰਜਾਂ ਤਖਤਾਂ' ਹੇਠ ਸ੍ਰੀ ਅਕਾਲ ਤਖਤ ਸਾਹਿਬ ਦੇ ਇਤਿਹਾਸ ਦੇ ਨਾਲ "ਸੋ ਅਕਾਲ ਤਖਤ ਸਾਹਿਬ ਭਗਤੀ ਦੇ ਨਾਲ ਸ਼ਕਤੀ ਦੇ ਸਿਧਾਂਤ ਦੀ ਪ੍ਰਤੀਨਿਧਤਾ ਕਰਦਾ ਹੈ", ਦੇ ਸਿਧਾਂਤ ਦੀ ਵਿਆਖਿਆ ਕੀਤੀ ਹੈ। ਇਸ ਉਪਰੰਤ ਤਖਤ ਸ੍ਰੀ ਪਟਨਾ ਸਾਹਿਬ, ਤਖਤ ਸ੍ਰੀ ਕੇਸਗੜ੍ਹ ਸਾਹਿਬ, ਤਖਤ ਸ੍ਰੀ ਹਜ਼ੂਰ ਸਾਹਿਬ (ਨਾਂਦੇੜ) ਅਤੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਇਤਿਹਾਸ ਦੀ ਵੱਖ ਵੱਖ ਜਾਣਕਾਰੀ ਦਿੱਤੀ ਹੈ।

'ਸਰਬੱਤ ਗੁਰਦੁਆਰਿਆਂ ਦਾ ਧਿਆਨ ਧਰ ਕੇ' ਵਿਚ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰਦੁਆਰਾ ਸੰਸਥਾ ਦੀ ਨੀਂਹ ਅਤੇ ਇਤਿਹਾਸ 'ਤੇ ਚਾਨਣਾ ਪਾਇਆ ਹੈ। 'ਪ੍ਰਿਥਮੇ ਸਰਬੱਤ ਖਾਲਸਾ ਜੀ ਕੀ ਅਰਦਾਸ ਹੈ ਜੀ' ਵਿਚ ਲੇਖਕ ਨੇ ਯਾਦ ਕਰਾਇਆ, "ਇਥੋਂ ਅਰਦਾਸ ਦਾ ਦੂਜਾ ਭਾਗ ਸ਼ੁਰੂ ਹੁੰਦਾ ਹੈ। ਪਹਿਲੇ ਭਾਗ ਵਿਚ ਅਸੀਂ ਗੁਰੂ ਨਾਨਕ ਦੇ ਨਿਰਮਲ ਪੰਥ ਵੱਲੋਂ ਸਿਰਜੇ ਇਤਿਹਾਸ ਨੂੰ ਯਾਦ ਕਰਕੇ ਧਿਆਉਂਦੇ ਹਾਂ। ਇਥੋਂ ਅਸੀਂ ਅਕਾਲ ਪੁਰਖ ਅੱਗੇ ਆਪਣੀਆਂ ਅਰਦਾਸਾਂ ਸ਼ੁਰੂ ਕਰਦੇ ਹਾਂ। ਸਭ ਤੋਂ ਪਹਿਲੀ ਅਰਦਾਸ ਸਰਬੱਤ ਖਾਲਸਾ ਜੀ ਵੱਲੋਂ ਕੀਤੀ ਜਾਂਦੀ ਹੈ।" 'ਸਰਬੱਤ ਖਾਲਸਾ ਜੀ ਕੋ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਚਿੱਤ' ਵਿਚ ਸਭ ਤੋਂ ਪਹਿਲੀ ਜੋਦੜੀ ਵਾਹਿਗੁਰੂ ਚਿੱਤ ਆਉਣ ਦੀ ਕੀਤੀ ਜਾਂਦੀ ਹੈ। 'ਚਿੱਤ ਆਵਨ ਕਾ ਸਦਕਾ ਸਰਬ ਸੁਖ ਹੋਵੇ' ਵਿਚ ਲੇਖਕ ਨੇ ਵਰਣਨ ਕੀਤਾ ਹੈ ਕਿ ਗੁਰਮਤਿ ਅਨੁਸਾਰ ਸਰਬ ਸੁੱਖ ਕੀ ਹੈ ਅਤੇ ਇਸ ਨੂੰ ਪ੍ਰਾਪਤ ਕਰਨ ਦੀ ਗੁਰਮਤਿ ਜੁਗਤ ਕੀ ਹੈ?

'ਜਹਾਂ ਜਹਾਂ ਖਾਲਸਾ ਜੀ ਸਾਹਿਬ ਤਹਾਂ ਤਹਾਂ ਰਛਿਆ ਰਿਆਇਤ' ਸਮੁੱਚੇ ਖਾਲਸਾ ਭਾਈਚਾਰੇ ਲਈ ਕੀਤੀ ਹੋਈ ਅਰਦਾਸ, ਕੌਮੀ ਸਾਂਝ ਦੇ ਜਜ਼ਬੇ ਅਤੇ ਆਪਣੇ ਪਿਆਰੇ ਖਾਲਸਾ ਭਾਈਆਂ ਲਈ ਪਿਆਰ ਤੇ ਤੜਫ ਦੀ ਪ੍ਰਤੀਕ ਹੈ। 'ਦੇਗ ਤੇਗ ਫਤਿਹ' ਵਿਚ ਦੇਗ ਅਤੇ ਤੇਗ ਸ਼ਬਦਾਂ ਦੇ ਅਰਥ ਦੱਸ ਕੇ ਇਨ੍ਹਾਂ ਦੀ ਮਹੱਤਤਾ ਦੱਸੀ ਹੈ ਕਿ "ਦੇਗ ਅਤੇ ਤੇਗ ਦੋਨੋਂ ਸਿੱਖੀ-ਸਿਧਾਂਤ ਅਤੇ ਸਭਿਆਚਾਰ ਦੀ ਆਧਾਰ-ਸ਼ਿਲਾ ਹਨ।" 'ਬਿਰਦ ਕੀ ਪੈਜ' ਵਿਚ ਲੇਖਕ ਨੇ 'ਬਿਰਦ' ਅਰਬੀ ਭਾਸ਼ਾ ਦੇ ਸ਼ਬਦ ਵਿਰਦ ਦਾ ਪੰਜਾਬੀ ਰੂਪ ਹੈ, ਜਿਸ ਦੇ ਗੁਰਬਾਣੀ ਦੇ ਹਵਾਲੇ ਨਾਲ ਅਰਥ ਦੱਸ ਕੇ ਖੁਲਾਸਾ ਕੀਤਾ ਹੈ ਕਿ "ਇਸ ਅਰਦਾਸ ਨਾਲ ਹੀ ਵਾਹਿਗੁਰੂ ਜੀ ਕੇ ਖਾਲਸੇ ਉਤੇ ਕਰਤਾ ਪੁਰਖ ਅਤੇ ਸਤਿਗੁਰੂ ਦੀ ਕਿਰਪਾ ਦੀ ਛਾਂ ਬਣੀ ਰਹੇਗੀ।"

'ਪੰਥ ਕੀ ਜੀਤ' ਵਿਚ ਪੂਰਾ ਪ੍ਰੰਤੂ ਸੰਖੇਪ ਵੇਰਵਾ ਦਿੱਤਾ ਹੈ ਕਿ ਪੰਥ ਕੀ ਤੇ ਕਿਸ ਨੂੰ ਕਹਿੰਦੇ ਹਨ ਅਤੇ "ਇਸ ਪੰਥ ਦੀ ਸਦਾ ਚੜ੍ਹਦੀ ਕਲਾ ਹੋਵੇ, ਖਾਲਸੇ ਦਾ ਰਾਜ ਹੋਵੇ, ਸਰਬੱਤ ਦਾ ਭਲਾ ਹੋਵੇ, ਇਸ ਲਈ ਨਿੱਤ ਦੀ ਅਰਦਾਸ ਵਿਚ ਪੰਥ ਕੀ ਜੀਤ ਜੋਦੜੀ ਕੀਤੀ ਜਾਂਦੀ ਹੈ।" 'ਸ੍ਰੀ ਸਾਹਿਬ ਜੀ ਸਹਾਇ' ਵਿਚ ਲੇਖਕ ਨੇ ਦੱਸਿਆ ਹੈ ਕਿ ਇਥੇ 'ਸ੍ਰੀ ਸਾਹਿਬ' ਪਰਮਾਤਮਾ ਲਈ ਆਇਆ ਹੈ ਅਤੇ 'ਪੰਥ ਕੀ ਜੀਤ ਲਈ ਸ੍ਰੀ ਸਾਹਿਬ ਜੀ ਸਹਾਈ ਹੋਣ। 'ਖਾਲਸਾ ਜੀ ਕੇ ਬੋਲ ਬਾਲੇ' ਦਾ ਅਰਥ, ਇਤਿਹਾਸ ਵਰਣਨ ਕਰਕੇ ਦੱਸਿਆ ਹੈ ਕਿ ਇਹ ਅਰਦਾਸ ਵੀ ਸਰਬੱਤ ਖਾਲਸੇ ਵੱਲੋਂ ਕੀਤੀ ਜਾਂਦੀ ਹੈ। ਸਰਬੱਤ ਖਾਲਸੇ ਵੱਲੋਂ ਹੀ ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ, ਵਿਸਾਹ ਦਾਨ, ਭਰੋਸਾ ਦਾਨ, ਦਾਨਾਂ ਸਿਰ ਦਾਨ ਨਾਮ ਦਾਨ, ਸ੍ਰੀ ਅੰਮ੍ਰਿਤਸਰ ਜੀ ਦੇ ਇਸ਼ਨਾਨ ਇਨ੍ਹਾਂ ਸਾਰੇ ਸੰਕਲਪਾਂ ਦੇ ਅਰਥ, ਇਤਿਹਾਸਕ ਸੰਦਰਭ ਅਲੱਗ ਅਲੱਗ ਕਰਕੇ ਸਮਝਾਇਆ ਹੈ ਕਿ ਇਨ੍ਹਾਂ ਲਈ ਸਰਬੱਤ ਖਾਲਸੇ ਵੱਲੋਂ ਕਿਉਂ ਅਰਦਾਸ ਕੀਤੀ ਜਾਂਦੀ ਹੈ।

'ਚੌਂਕੀਆਂ, ਝੰਡੇ, ਬੁੰਗੇ, ਜੁਗੋ ਜੁਗ ਅਟੱਲ' ਵਿਚ ਚੌਂਕੀ ਸ਼ਬਦ ਦਾ ਅਰਥ ਅਤੇ ਸ਼ਬਦ ਚੌਂਕੀਆਂ ਲਾਉਣ ਦਾ ਵੇਰਵਾ ਦਿੱਤਾ ਹੈ; ਝੰਡੇ ਸ਼ਬਦ ਦਾ ਨਿਕਾਸ ਸਿੱਖ ਪਰੰਪਰਾ ਵਿਚ ਸੰਦਰਭ ਤੇ ਮਹੱਤਤਾ ਅਤੇ ਫਿਰ ਬੁੰਗੇ ਸ਼ਬਦ ਦਾ ਅਰਥ ਅਤੇ ਸਿੱਖ ਪਰੰਪਰਾ ਵਿਚ ਇਸ ਦਾ ਵੇਰਵਾ ਦਿੱਤਾ ਹੈ। 'ਧਰਮ ਕਾ ਜੈਕਾਰ' ਦਾ ਅਰਥ ਸਮਝਾ ਕੇ ਫਿਰ ਧਰਮ ਸਬੰਧੀ ਵੱਡਮੁੱਲੀ ਜਾਣਕਾਰੀ ਦਿੱਤੀ ਹੈ। 'ਸਿੱਖਾਂ ਦਾ ਮਨ ਨੀਵਾਂ' ਵਿਚ ਦੱਸਿਆ ਹੈ ਕਿ "ਧਰਮ ਦੀ ਕਮਾਈ ਲਈ ਮਨ ਨੀਵਾਂ ਹੋਣਾ ਲਾਜ਼ਮੀ ਸ਼ਰਤ ਹੈ, ਨਹੀਂ ਤਾਂ ਅਧਰਮ ਦੀਆਂ ਸੁਰਾਂ ਉਚੀਆਂ ਹੋਣਗੀਆਂ।"

ਮੱਤ ਉਚੀ, ਮੱਤ ਦਾ ਰਾਖਾ ਆਪ ਵਾਹਿਗੁਰੂ ਮਤਿ ਬਿਬੇਕ-ਬੁਧਿ ਹੈ, ਜਿਸ ਰਾਹੀਂ ਗਲਤ ਅਤੇ ਠੀਕ ਦਾ ਨਿਰਣਾ ਕਰ ਸਕੀਦਾ ਹੈ, ਇਨ੍ਹਾਂ ਅਰਥਾਂ ਨੂੰ ਸਪੱਸ਼ਟ ਕਰਕੇ ਲੇਖਕ ਨੇ ਸਿੱਟਾ ਕੱਢਿਆ ਹੈ ਕਿ "ਮਤਿ ਸਦਾ ਉਚੀ ਰਹੇ ਅਤੇ ਇਸ ਉਤੇ ਗੁਰ-ਸ਼ਬਦ ਦਾ ਅੰਕੁਸ਼ ਬਣਿਆ ਰਹੇ, ਇਸ ਜੁਗਤਿ ਨੂੰ ਚੇਤੇ ਰੱਖਣ ਲਈ ਹੀ ਇਸ ਦੀ ਨਿੱਤ ਅਰਦਾਸ ਕੀਤੀ ਜਾਂਦੀ ਹੈ।" ਸ੍ਰੀ ਨਨਕਾਣਾ ਸਾਹਿਬ ਦੇ ਖੁਲ੍ਹੇ ਦਰਸ਼ਨ ਦੀਦਾਰ 1947 ਵਿਚ ਦੇਸ਼ ਦੀ ਵੰਡ ਹੋ ਜਾਣ ਨਾਲ ਗੁਰੂ ਨਾਨਕ ਸਾਹਿਬ ਦਾ ਜਨਮ ਸਥਾਨ ਨਨਕਾਣਾ ਸਾਹਿਬ ਅਤੇ ਬਹੁਤ ਸਾਰੇ ਇਤਿਹਾਸਕ ਗੁਰਦੁਆਰੇ ਪਾਕਿਸਤਾਨ ਤੇ ਬੰਗਲਾ ਦੇਸ਼ (ਪੂਰਬੀ ਪਾਕਿਸਤਾਨ) ਵਿਚ ਰਹਿ ਗਏ, ਜਿਨ੍ਹਾਂ ਦੇ ਦਰਸ਼ਨ ਦੀਦਾਰਿਆਂ ਤੋਂ ਸਿੱਖ ਵਾਂਝੇ ਹੋ ਗਏ। ਇਸ ਲਈ ਉਨ੍ਹਾਂ ਪਵਿੱਤਰ ਸਥਾਨਾਂ ਦੇ ਦਰਸ਼ਨਾਂ ਅਤੇ ਸੇਵਾ ਸੰਭਾਲ ਦੀ ਖੁਲ੍ਹ ਲਈ ਅਰਦਾਸ ਕੀਤੀ ਜਾਂਦੀ ਹੈ।

'ਹੇ ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਓਟਿਆਂ ਦੀ ਓਟ' ਦੇ ਸੰਕਲਪ ਦਾ ਅਰਥ ਸਮਝਾ ਕੇ ਦੱਸਿਆ ਹੈ ਕਿ "ਸਿੱਖੀ ਦੇ ਇਸ ਰੱਬੀ-ਗੁਣ ਨੂੰ ਖਾਲਸਾ ਪੰਥ, ਸਦਾ ਹੀ ਅਕਾਲ ਪੁਰਖ ਦੀ ਫੌਜ ਬਣ ਕੇ ਹੁਣ ਤਕ ਇਤਿਹਾਸ ਦੇ ਸੁਨਹਿਰੀ ਪੱਤਰਿਆਂ ਦੇ ਰੂਪ ਵਿਚ ਅੰਕਿਤ ਕਰਦਾ ਆ ਰਿਹਾ ਹੈ। 'ਨਾਨਕ ਨਾਮ ਚੜ੍ਹਦੀ ਕਲਾ' ਅਰਦਾਸ ਦੀਆਂ ਇਨ੍ਹਾਂ ਆਖਰੀ ਪੰਕਤੀਆਂ ਦਾ ਵਿਸ਼ਲੇਸ਼ਣ ਕਰਦਿਆਂ ਦੱਸਿਆ ਹੈ ਕਿ "ਨਾਮ ਸਿਮਰਨ ਦੇ ਅਭਿਆਸ ਨਾਲ ਮਨੁੱਖ ਦੀ ਆਤਮਿਕ ਅਵਸਥਾ ਅੰਦਰ, ਰੱਬੀ-ਤੇਜ ਅਥਵਾ ਪਰਮਾਤਮ-ਸ਼ਕਤੀ ਦਾ ਉਥਾਨ ਹੁੰਦਾ ਹੈ। "ਤੇਰੇ ਭਾਣੇ ਸਰਬੱਤ ਦਾ ਭਲਾ ਦੀ ਵਿਆਖਿਆ ਕੀਤੀ ਹੈ ਕਿ "ਸਰਬੱਤ ਦਾ ਭਲਾ, ਸਿੱਖ ਅਧਿਆਤਮਕਤਾ ਦੀ ਆਧਾਰਸ਼ਿਲਾ ਹੈ, ਇਸ ਦੀ ਮੁੱਖ ਸੁਰ ਹੈ। ਇਸ ਨੂੰ ਧਰਮ ਦੇ ਖੇਤਰ ਵਿਚ ਬਿਲਕੁਲ ਨਵੀਂ, ਨਰੋਈ ਅਤੇ ਮੌਲਿਕ ਪਹੁੰਚ ਪਰਵਾਨਿਆ ਜਾ ਸਕਦਾ ਹੈ।"

ਮੇਰਾ ਮੰਨਣਾ ਹੈ ਕਿ 'ਅਰਦਾਸ' 'ਤੇ ਇਹ ਪੁਸਤਕ ਇੱਕ ਨਿਵੇਕਲਾ ਯਤਨ ਹੈ, ਜਿਸ ਵਿਚ ਅਰਦਾਸ ਵਿਚ ਆਏ ਸਿੱਖ ਸੰਕਲਪਾਂ, ਆਦਰਸ਼ਾਂ ਅਤੇ ਇਤਿਹਾਸ ਉਤੇ ਸੰਖੇਪ ਸ਼ਬਦਾਂ ਵਿਚ ਵੀ ਬਹੁਤ ਕੁਝ ਦੱਸ ਦਿੱਤਾ ਗਿਆ ਹੈ। ਸਿਰਫ ਅਰਦਾਸ ਹੀ ਨਹੀਂ, ਸਗੋਂ ਸਾਰੀ ਵਿਆਖਿਆ ਵੀ ਨਾਲ ਦੀ ਨਾਲ ਅੰਗਰੇਜ਼ੀ ਵਿਚ ਪ੍ਰਾਪਤ ਕਰਵਾਈ ਹੈ। ਇਸ ਲਈ, ਜੋ ਗੁਰਮੁਖੀ ਲਿਪੀ ਤੋਂ ਅਣਜਾਣ ਹਨ, ਪਰ ਅੰਗਰੇਜ਼ੀ ਜਾਣਦੇ ਹਨ, ਉਹ ਵੀ ਇਸ ਤੋਂ ਲਾਭ ਉਠਾ ਸਕਦੇ ਹਨ। ਮੇਰਾ ਮੰਨਣਾ ਹੈ ਕਿ ਗੁਰੂ ਸਾਹਿਬਾਨ ਨੂੰ ਵੱਖ ਵੱਖ ਚਿੱਤਰਕਾਰਾਂ/ ਕਲਾਕਾਰਾਂ ਵੱਲੋਂ ਬਣਾਈਆਂ ਤਸਵੀਰਾਂ ਰਾਹੀਂ ਨਹੀਂ, ਸ਼ਬਦ ਰਾਹੀਂ, ਬਾਣੀ ਰਾਹੀਂ ਸਮਝਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

# ਜੰਗ-ਏ-ਆਜ਼ਾਦੀ ਹਿੰਦੋਸਤਾਨ 'ਚ ਜੂਨ ਮਹੀਨੇ ਸ਼ਹੀਦ ਹੋਏ ਯੋਧੇ

*'ਧਰਤੀ ਹੈ ਮਾਂ, ਧਰਤੀ ਦੇ ਲੋਕਾਂ ਦੀ' ਵਿਚਾਰਧਾਰਾ ਨੂੰ ਮੁੱਖ ਰੱਖ ਕੇ ਗੁਲਾਮੀ ਵਿਰੁੱਧ ਜੰਗ ਦੀ ਸ਼ੁਰੂਆਤ ਅੰਗਰੇਜ਼ ਰਾਜ ਦੇ ਸਿੰਘਾਸਣ ਵਿਚ ਕਿੱਲ ਠੋਕਣ ਲਈ ਕਦਮ ਵਧਾਉਣ ਲੱਗੀ। ਹਿੰਦੋਸਤਾਨ ਨੂੰ ਅੰਗਰੇਜ਼ ਰਾਜ ਤੋਂ ਆਜ਼ਾਦ ਕਰਾਉਣ ਲਈ ਵੱਖ ਵੱਖ ਲਹਿਰਾਂ, ਮੋਰਚਿਆਂ, ਸੰਸਥਾਵਾਂ, ਜਥੇਬੰਦੀਆਂ ਅਤੇ ਪਾਰਟੀਆਂ ਨੇ ਜਾਨ-ਮਾਲ ਦੀ ਪਰਵਾਹ ਕੀਤੇ ਬਿਨਾ, ਆਜ਼ਾਦੀ ਦੀ ਲੜਾਈ 'ਚ ਹਿੱਸਾ ਪਾਇਆ, ਫਾਂਸੀ ਦੇ ਤਖਤੇ 'ਤੇ ਚੜ੍ਹੇ, ਜਲਾਵਤਨ ਹੋਏ, ਜਾਇਦਾਦਾਂ ਕੁਰਕ ਕਰਵਾਈਆਂ, ਜੇਲ੍ਹਾਂ ਕੱਟੀਆਂ ਅਤੇ ਅਣਮਨੁੱਖੀ ਤਸ਼ੱਦਦ ਸਹੇ।*

*ਸਮੇਂ ਸਮੇਂ ਆਜ਼ਾਦੀ ਘੁਲਾਟੀਆਂ ਨੇ ਆਪਣੇ ਯੋਧਿਆਂ ਦੇ ਹੌਸਲੇ ਬੁਲੰਦ ਕਰਨ ਲਈ ਨਾਹਰਿਆਂ ਨੂੰ ਵੀ ਨਵਾਂ ਰੂਪ ਦਿੱਤਾ, ਜਿਵੇਂ 'ਜੈ' ਦੀ ਥਾਂ 'ਇਨਕਲਾਬ ਜ਼ਿੰਦਾਬਾਦ'; 'ਹੱਕ ਨੌਆਬੀਦਤ' ਦੀ ਥਾਂ 'ਮੁਕੰਮਲ ਆਜ਼ਾਦੀ' ਅਤੇ 'ਸੋਸ਼ਲਿਜ਼ਮ' ਜਿਹੇ ਨਾਹਰੇ ਮੰਨੇ ਜਾਣ ਲੱਗੇ। ਆਜ਼ਾਦੀ ਦੀ ਜੰਗ ਵਿਚ ਸਾਰਾ ਦੇਸ਼ ਹੀ ਸਰਗਰਮ ਸੀ। ਸੰਨ 1757 ਤੋਂ ਲੈ ਕੇ 1947 ਤੱਕ ਦਾ ਇਤਿਹਾਸ ਸਾਹਮਣੇ ਰੱਖਦੇ ਹਾਂ ਤਾਂ ਲੂੰ ਕੰਢੇ ਖੜੇ ਹੋ ਜਾਂਦੇ ਹਨ। ਭਾਰਤੀ ਲੋਕ ਸੈਂਕੜੇ ਸਾਲ ਗੁਲਾਮੀ ਦੀ ਪੰਜਾਲੀ ਥੱਲੇ ਛਟਪਟਾਉਂਦੇ ਰਹੇ, ਅੰਗਰੇਜ਼ ਹਾਕਮਾਂ ਨੇ ਹਰ ਹਰਬਾ ਵਰਤ ਕੇ ਹਿੰਦੋਸਤਾਨੀਆਂ ਦਾ ਖੂਨ ਨਿਚੋੜਿਆ। ਅਨਿਆਂ ਵਿਰੁੱਧ ਹਰ ਸਮੇਂ ਜੁਝਾਰੂ ਪੈਦਾ ਹੁੰਦੇ ਰਹੇ, ਜਿਨ੍ਹਾਂ ਦੀਆਂ ਕੁਰਬਾਨੀਆਂ ਨਾਲ ਇਤਿਹਾਸ ਭਰਿਆ ਪਿਆ ਹੈ, "ਸ਼ਹੀਦਾਂ ਦੀ ਜੋ ਮੌਤ ਹੈ, ਉਹ ਕੌਮ ਕੀ ਹਯਾਤ ਹੈ।"*

*ਜੂਨ ਮਹੀਨੇ ਦੇ ਸ਼ਹੀਦਾਂ ਨੂੰ ਯਾਦਾਂ 'ਚ ਰੱਖਣ ਤੇ ਅਣਖੀ ਵਿਰਸੇ ਨਾਲ ਜੋੜਨ ਲਈ ਇਹ ਜਾਣਕਾਰੀ ਬਤੌਰ ਸ਼ਰਧਾਂਜਲੀ ਸਮਰਪਿਤ ਹੈ:*

2 ਜੂਨ 1917 ਨੂੰ ਆਜ਼ਾਦੀ ਘੁਲਾਟੀਏ ਆਤਮਾ ਰਾਮ ਸ਼ਿੰਘਾਈ 'ਚ ਡਾ. ਹਰਨਾਮ ਸਿੰਘ ਮੁਖਬਰ ਨੂੰ ਮਾਰ ਕੇ ਸ਼ਹੀਦ ਹੋਏ।

2 ਜੂਨ 1949 ਨੂੰ ਪਿੰਡ ਮਾਹਿਲਪੱਟ, ਤਹਿਸੀਲ ਪਾਲਮਪੁਰ (ਕਾਂਗੜਾ) ਦੇ ਪੰਜਾਬ ਸਿੰਘ ਪੁੱਤਰ ਈਸ਼ਵਰੀ ਸਿੰਘ ਸ਼ਹੀਦ ਹੋਏ। ਉਹ ਆਜ਼ਾਦ ਹਿੰਦ ਫੌਜ 'ਚ ਸਿੰਘਾਪੁਰ ਵਿਖੇ ਭਰਤੀ ਹੋਏ। 1943 'ਚ ਇੰਫਾਲ ਫਰੰਟ 'ਤੇ ਲੜਾਈ ਲਈ ਅਤੇ 1944 ਵਿਚ ਫੌਜੀ ਹੁੰਦਿਆਂ (ਲੜਾਈ ਦੇ ਕੈਦੀ) ਮੁਲਤਾਨ ਜੇਲ੍ਹ ਯਾਤਰਾ ਕੀਤੀ।

3 ਜੂਨ 1944 ਨੂੰ ਆਜ਼ਾਦੀ ਘੁਲਾਟੀਏ ਰਾਮ ਗੋਪਾਲ ਪੁੱਤਰ ਗੇਂਦਾ ਰਾਮ, ਪਿੰਡ ਮਾਛੀਵਾੜਾ, ਤਹਿਸੀਲ ਸਮਰਾਲਾ (ਲੁਧਿਆਣਾ) ਸ਼ਹੀਦੀ ਪਾ ਗਏ। ਉਨ੍ਹਾਂ ਨੂੰ ਅੰਗਰੇਜ਼ ਰਾਜ ਵਿਰੁੱਧ ਤਿੱਖੇ ਲੈਕਚਰ ਕਰਨ ਦੇ ਦੋਸ਼ ਤਹਿਤ 1929, 30 ਤੇ 1940 ਵਿਚ ਲੁਧਿਆਣਾ, ਫਿਰੋਜ਼ਪੁਰ ਤੇ ਮੁਲਤਾਨ ਵਿਚ ਜੇਲ੍ਹ ਯਾਤਰਾ ਕਰਨੀ ਪਈ।



*ਜਵੰਦ ਸਿੰਘ ਨੰਗਲ ਕਲਾਂ*



*ਭਾਈ ਰੂੜ ਸਿੰਘ*



*ਈਸ਼ਰ ਸਿੰਘ ਢੁੱਡੀਕੇ*



*ਉਤਮ ਸਿੰਘ ਹਾਂਸ*



*ਭਾਈ ਰੰਗਾ ਸਿੰਘ ਖੁਰਦਪੁਰ*

4 ਜੂਨ 1925 ਨੂੰ ਮੁੱਲਾਂ ਸਿੰਘ, ਪਿੰਡ ਭਾਰਏ, ਜਿਲਾ ਲਾਹੌਰ ਨਾਭਾ ਬੀੜ ਜੇਲ੍ਹ ਵਿਚ ਸ਼ਹੀਦ ਹੋਏ। ਉਹ 10ਵੇਂ ਜੈਤੋਂ ਦੇ ਮੋਰਚੇ ਦੇ ਮੈਂਬਰ ਸਨ। ਇਸੇ ਦਿਨ ਪਿੰਡ ਭੂਨਾ, ਤਹਿਸੀਲ ਕਸੂਰ, ਜਿਲਾ ਲਾਹੌਰ ਦੇ ਮੁੱਲਾ ਸਿੰਘ ਵੀ ਸ਼ਹੀਦ ਹੋਏ। ਉਹ ਵੀ 10ਵੇਂ ਜੈਤੋਂ ਦੇ ਮੋਰਚੇ ਦੇ ਮੈਂਬਰ ਸਨ।

4 ਜੂਨ 1925 ਨੂੰ ਪਿੰਡ ਚਿੱਟੀ, ਜਿਲਾ ਜਲੰਧਰ ਦੇ ਸੰਤਾ ਸਿੰਘ (ਪੁੱਤਰ ਵਰਿਆਮ ਸਿੰਘ, ਮਾਤਾ ਪ੍ਰਤਾਪੀ) ਪੁਲਿਸ ਦੀ ਕੁੱਟ ਦੀ ਤਾਬ ਨਾ ਝੱਲਦੇ ਹੋਏ ਨਾਭਾ ਬੀੜ ਜੇਲ੍ਹ 'ਚ ਸ਼ਹੀਦ ਹੋਏ। ਉਨ੍ਹਾਂ ਇੰਡੀਅਨ ਆਰਮੀ 'ਚੋਂ ਅਸਤੀਫਾ ਦੇ ਕੇ ਗੁਰੂ ਕੇ ਬਾਗ ਦੇ ਮੋਰਚੇ 'ਚ ਹਿੱਸਾ ਲਿਆ ਤੇ ਜੇਲ੍ਹ ਯਾਤਰਾ ਕੀਤੀ।

5 ਜੂਨ 1924 ਨੂੰ ਗੁਰਦੁਆਰਾ ਸੁਧਾਰ ਲਹਿਰ ਦੇ ਮੈਂਬਰ ਕੇਸਰ ਸਿੰਘ ਪੁੱਤਰ ਸੇਵਾ ਸਿੰਘ ਸ਼ਹੀਦ ਹੋਏ। ਉਹ ਪਿੰਡ ਪਾਨਾਵਾਲਾ, ਜਿਲਾ ਸਿਆਲਕੋਟ ਦੇ ਵਸਨੀਕ ਸਨ।

5 ਜੂਨ 1924 ਨੂੰ ਕੇਸਰ ਸਿੰਘ ਪੁੱਤਰ ਸੋਭਾ ਸਿੰਘ ਤੇ ਮਾਤਾ ਬਿਸ਼ਨ ਕੌਰ, ਪਿੰਡ ਥਾਨਾਵਾਲੀ (ਜਿਲਾ ਸਿਆਲਕੋਟ) ਨਾਭਾ ਜੇਲ੍ਹ 'ਚ ਸ਼ਹੀਦ ਹੋਏ। ਉਨ੍ਹਾਂ ਜੈਤੋਂ ਦੇ ਮੋਰਚੇ 'ਚ ਹਿੱਸਾ ਲਿਆ ਸੀ।

5 ਜੂਨ 1924 ਨੂੰ ਜਿਲਾ ਲਾਇਲਪੁਰ ਦੇ ਕੇਸਰ ਸਿੰਘ ਨਾਭਾ ਜੇਲ੍ਹ ਵਿਚ ਬੀਮਾਰੀ ਕਾਰਨ ਸ਼ਹੀਦ ਪਾ ਗਏ। ਉਨ੍ਹਾਂ ਜੈਤੋਂ ਦੇ ਮੋਰਚੇ 'ਚ ਸ਼ਮੂਲੀਅਤ ਕੀਤੀ ਸੀ।

5 ਜੂਨ 1941 ਨੂੰ ਬੱਬਰ ਅਕਾਲੀ ਚਿੰਤਾ ਸਿੰਘ ਪੁੱਤਰ ਬੱਗਾ ਸਿੰਘ ਕੰਗ, ਪਿੰਡ ਢੰਡੋਲੀ (ਜਿਲਾ ਕਪੂਰਥਲਾ) ਸੈਂਟਰਲ ਜੇਲ੍ਹ ਲਾਹੌਰ 'ਚ ਫਾਂਸੀ ਦਾ ਰੱਸਾ ਚੁੰਮ ਕੇ ਸ਼ਹੀਦ ਹੋ ਗਏ। ਉਨ੍ਹਾਂ ਉਤੇ ਕਰਮ ਸਿੰਘ ਨੂੰ ਮਾਰਨ ਦਾ ਦੋਸ਼ ਸੀ।

6 ਜੂਨ 1924 ਨੂੰ ਵਧਾਵਾ ਸਿੰਘ ਪੁੱਤਰ ਚੰਦਰਾ ਸਿੰਘ ਤੇ ਮਾਂ ਲਛਮਣ ਕੌਰ, ਪਿੰਡ ਪਾਰੋਵਾਲ (ਜਿਲਾ ਗੁਰਦਾਸਪੁਰ) ਨਾਭਾ ਬੀੜ ਜੇਲ੍ਹ 'ਚ ਸ਼ਹੀਦੀ ਪਾ ਗਏ। ਉਨ੍ਹਾਂ ਫੇਰੂ ਮੋਰਚੇ 'ਚ ਢਾਈ ਸਾਲ ਜੇਲ੍ਹ ਯਾਤਰਾ ਕੀਤੀ।

8 ਜੂਨ 1924 ਨੂੰ ਬੱਬਰ ਵਰਿਆਮ ਸਿੰਘ ਧੁੱਗਾ, ਪਿੰਡ ਨੈਣੋਵਾਲ ਧੁੱਗਾ (ਜਿਲਾ ਹੁਸ਼ਿਆਰਪੁਰ) ਪਿੰਡ ਠੀਕਰੀਵਾਲਾ, ਲਾਇਲਪੁਰ ਚੱਕ # 54 ਦੇ ਪੁਲਿਸ ਮੁਕਾਬਲੇ 'ਚ ਸ਼ਹੀਦ ਹੋ ਗਏ। ਉਹ ਪਿੰਡ ਮੁੰਡੇਰ ਦੇ ਪੁਲਿਸ ਮੁਕਾਬਲੇ 'ਚ ਜ਼ਖਮੀ ਹੋ ਗਏ ਸਨ।

9 ਜੂਨ 1925 ਨੂੰ ਪਿੰਡ ਚੱਕ ਬਿਲਗਾਂ, ਨਵਾਂ ਸ਼ਹਿਰ (ਜਲੰਧਰ) ਦੇ ਵਾਸੀ ਤਾਰਾ ਸਿੰਘ ਨਾਭਾ ਬੀੜ ਜੇਲ੍ਹ ਵਿਚ ਸਦੀਵੀ ਵਿਛੋੜਾ ਦੇ ਕੇ ਸ਼ਹੀਦੀ ਮਾਲਾ ਦਾ ਮਣਕਾ ਬਣੇ। ਉਹ ਜੈਤੋਂ ਮੋਰਚਾ 11ਵਾਂ 'ਚ ਸ਼ਾਮਿਲ ਹੋਏ।

9 ਜੂਨ 1931 ਹਰੀ ਕਿਸ਼ਨ ਤਲਵਾੜ ਪੰਜਾਬ ਦੇ ਗਵਰਨਰ ਮਾਊਂਟ ਮੌਰੈਨਸੀ ਨੂੰ ਗੋਲੀ ਮਾਰਨ ਦੇ ਦੋਸ਼ ਕਰਕੇ ਸ਼ਹੀਦ ਹੋਏ। ਉਹ ਸ਼ਹੀਦ ਭਗਤ ਸਿੰਘ ਦੇ ਪ੍ਰੇਮੀ ਸਨ ਤੇ ਅੰਗਰੇਜ਼ ਵਿਰੁੱਧ ਹਰ ਸਮੇਂ ਸੋਚਦੇ ਸਨ।

10 ਜੂਨ 1879 ਨੂੰ ਸੂਬਾ ਸਾਹਿਬ ਸਿੰਘ ਸਪੁੱਤਰ ਦਿਆਲ ਸਿੰਘ, ਪਿੰਡ ਬਨਵਾਲੀਪੁਰ (ਬੰਗਾਲੀਪੁਰ) ਜਿਲਾ ਤਰਨ ਤਾਰਨ ਦੇ ਵਸਨੀਕ ਹਜ਼ਾਰੀ ਬਾਗ ਜੇਲ੍ਹ 'ਚ ਸ਼ਹੀਦ ਹੋ ਗਏ। ਉਹ ਕੂਕਾ ਲਹਿਰ ਦੇ ਮੋਢੀ ਸਤਿਗੁਰੂ ਰਾਮ ਸਿੰਘ ਵਲੋਂ 1866 'ਚ ਬਣਾਏ ਸੂਬਾ ਨਾਮਧਾਰੀ ਸਿੱਖ ਸੰਗਤ ਦੇ ਪ੍ਰਚਾਰਕ ਸਨ। ਅੰਗਰੇਜ਼ ਰਾਜ ਨੂੰ ਖਤਮ ਕਰਨ ਲਈ ਮੋਹਰਲੀ ਕਤਾਰ 'ਚ ਸਨ।

10 ਜੂਨ 1917 ਨੂੰ ਜਵੰਦ ਸਿੰਘ ਨੰਗਲ ਕਲਾਂ (ਹੁਸ਼ਿਆਰਪੁਰ) ਨੂੰ ਸੈਂਟਰਲ ਜੇਲ ਲਾਹੌਰ ਵਿਚ ਫਾਂਸੀ ਦੇ ਦਿੱਤੀ ਗਈ। ਉਨ੍ਹਾਂ ਉਤੇ ਜੈਲਦਾਰ ਚੰਦਾ ਸਿੰਘ ਨੂੰ ਮਾਰਨ ਅਤੇ ਵੱਲੇਪੁਲ ਪੁਲਿਸ ਗਾਰਦ ਕਾਂਡ ਵਿਚ ਸ਼ਮੂਲੀਅਤ ਦਾ ਦੋਸ਼ ਸੀ।

11 ਜੂਨ 1925 ਨੂੰ ਪਿੰਡ ਬਾਲਾ ਕੇਸਰ ਜਿਲਾ ਜੇਹਲਮ ਦੇ ਸੰਤ ਸਿੰਘ ਤੇ ਮਾਤਾ ਬਾਬੀ ਨਿਹਾਲ ਦੇਵੀ ਦੇ ਪੁੱਤਰ ਨਾਨਕ ਸਿੰਘ ਨਾਭਾ ਜੇਲ੍ਹ 'ਚ ਸ਼ਹੀਦ ਹੋਏ। ਉਨ੍ਹਾਂ ਜੈਤੋਂ ਦਾ ਮੋਰਚਾ ਤੀਜਾ ਅਤੇ ਗੁਰੂ ਕੇ ਬਾਗ ਦੇ ਮੋਰਚੇ 'ਚ ਹਿੱਸਾ ਲਿਆ।

11 ਜੂਨ 1925 ਨੂੰ ਪਿੰਡ ਬੱਬਰ, ਤਹਿਸੀਲ ਤੇ ਜਿਲਾ ਜੇਹਲਮ ਦੇ ਵਾਸੀ ਨਾਨਕ ਸਿੰਘ ਨਾਭਾ ਬੀੜ ਜੇਲ੍ਹ 'ਚ ਸ਼ਹੀਦੀ ਪਾ ਗਏ। ਉਹ ਜੈਤੋਂ ਦੇ ਮੋਰਚੇ 'ਚ ਸ਼ਾਮਲ ਸਨ।

11 ਜੂਨ 1925 ਪਿੰਡ ਬਾਲਾਕਰੂਰ, ਜਿਲਾ ਜੇਹਲਮ ਦੇ ਨਾਨਕ ਸਿੰਘ ਨਾਭਾ ਬੀੜ ਜੇਲ੍ਹ 'ਚ ਸ਼ਹੀਦੀ ਪਾ ਗਏ। ਉਨ੍ਹਾਂ ਜੈਤੋਂ ਮੋਰਚੇ ਦੇ ਸ਼ਹੀਦੀ ਜੱਥਾ ਤੀਜੇ 'ਚ ਸ਼ਮੂਲੀਅਤ ਕੀਤੀ।

13 ਜੂਨ 1958 ਨੂੰ ਜੇਸਾ ਰਾਮ ਪੁੱਤਰ ਮੂਲ ਚੰਦ ਸ਼ਹੀਦੀ ਪ੍ਰਾਪਤ ਕਰ ਗਏ। ਉਨ੍ਹਾਂ ਸਿਵਲ ਨਾ-ਫੁਰਮਾਨੀ ਲਹਿਰ (ਸੀ. ਡੀ. ਐਮ.) 'ਚ ਹਿੱਸਾ ਲਿਆ। ਇੱਕ ਸਾਲ ਮਿੰਟਗੁਮਰੀ ਤੇ ਕਸੂਰ ਜੇਲ੍ਹ ਦੀ ਯਾਤਰਾ ਕੀਤੀ।

15 ਜੂਨ 1950 ਨੂੰ ਸੰਤ ਰਾਮ ਪੁੱਤਰ ਗੋਂਦਾ ਰਾਮ ਸ਼ਹੀਦੀ ਪਾ ਗਏ। ਉਹ 1943 ਵਿਚ ਅੰਗਰੇਜ਼ ਰਾਜ ਵਿਰੁੱਧ ਕਾਂਗਰਸ 'ਚ ਸ਼ਾਮਲ ਹੋਏ ਤੇ ਛੇ ਮਹੀਨੇ ਜੇਲ੍ਹ 'ਚ ਨਜ਼ਰਬੰਦ ਰਹੇ।

16 ਜੂਨ 1918 ਨੂੰ ਬਾਬੂ ਨਲਨੀ ਬਾਗਚੀ ਪੁਲਿਸ ਮੁਕਾਬਲੇ 'ਚ ਸ਼ਹੀਦ ਹੋ ਗਏ। ਉਹ ਅੰਗਰੇਜ਼ ਰਾਜ ਵਿਰੁੱਧ ਆਜ਼ਾਦੀ ਪਸੰਦੀਆਂ ਨੂੰ ਲਾਮਬੰਦ ਕਰਦੇ ਸਨ। ਇੱਕ ਐਸੇ ਬੁਲਾਰੇ ਸਨ, ਜੋ ਪੱਥਰ ਢਾਲਣ ਦੀ ਸਮਰੱਥਾ ਰੱਖਦੇ ਸਨ।



*ਰਾਣੀ ਲਕਸ਼ਮੀ ਬਾਈ*

17 ਜੂਨ 1919 ਨੂੰ ਮੋਹਨ ਲਾਲ ਪੁੱਤਰ ਜਵੰਦਾ ਮੱਲ ਦੇਸ਼ ਦੀ ਆਜ਼ਾਦੀ ਲਈ ਸ਼ਹੀਦ ਹੋ ਗਏ। ਉਹ ਗੁੱਜਰਾਂਵਾਲਾ ਲੀਡਰ ਕੇਸ 'ਚ ਸ਼ਾਮਲ ਸਨ।

17 ਜੂਨ 1924 ਨੂੰ ਧਰਮ ਸਿੰਘ ਪੁੱਤਰ ਲੱਖਾ ਸਿੰਘ, ਪਿੰਡ ਭੰਬੌਰ, ਤਹਿਸੀਲ ਊਨਾ (ਜਿਲਾ ਹੁਸ਼ਿਆਰਪੁਰ) ਨਾਭਾ ਜੇਲ੍ਹ 'ਚ ਸ਼ਹੀਦੀ ਪਾ ਗਏ। ਉਨ੍ਹਾਂ ਦਾ ਨਾਂ ਚੌਥੇ ਜੈਤੋਂ ਮੋਰਚੇ ਦੇ ਸ਼ਹੀਦਾਂ 'ਚ ਸ਼ੁਮਾਰ ਹੈ।



*7 ਨਵੰਬਰ 1921 ਨੂੰ ਹਰਿਮੰਦਰ ਸਾਹਿਬ ਦੀਆਂ ਚਾਬੀਆਂ ਦੇ ਮੋਰਚੇ ਦਾ ਇਕ ਚਿੱਤਰ*

18 ਜੂਨ 1916 ਨੂੰ ਜਥੇਦਾਰ ਭਾਈ ਰੂੜ ਸਿੰਘ ਸੈਂਟਰਲ ਜੇਲ੍ਹ ਲਾਹੌਰ ਵਿਚ ਫਾਂਸੀ ਦਾ ਰੱਸਾ ਚੁੰਮ ਕੇ ਸ਼ਹੀਦੀ ਪਾ ਗਏ। ਤਲਵੰਡੀ ਦੁਸਾਂਝ 'ਚ ਜਨਮੇ ਭਾਈ ਰੂੜ ਸਿੰਘ ਗਦਰੀਆਂ ਦੇ ਕਰੀਬੀ ਸਨ। ਉਹ ਕਪੂਰਥਲਾ ਅਸਲਾਖਾਨੇ 'ਤੇ ਹਮਲੇ 'ਚ ਸ਼ਾਮਲ ਤੇ ਵੱਲੇਪੁਲ ਦੇ ਸਾਕੇ ਦੇ ਮੋਹਰੀਆਂ 'ਚੋਂ ਸਨ।

18 ਜੂਨ 1916 ਨੂੰ ਆਜ਼ਾਦੀ ਦੇ ਪਰਵਾਨੇ ਈਸ਼ਰ ਸਿੰਘ ਢੁੱਡੀਕੇ ਸ਼ਹੀਦ ਹੋ ਗਏ। ਉਹ ਦੇਸ਼ ਆਜ਼ਾਦ ਕਰਾਉਣ ਲਈ ਕੈਨੇਡਾ ਤੋਂ ਵਾਪਿਸ ਭਾਰਤ ਪਰਤੇ। ਲਾਹੌਰ ਸਾਜ਼ਿਸ਼ ਕੇਸ ਦੂਜੇ ਵਿਚ ਉਨ੍ਹਾਂ ਨੂੰ ਮੌਤ ਦੀ ਸਜ਼ਾ ਹੋਈ। ਉਨ੍ਹਾਂ ਦਾ ਕਹਿਣਾ ਸੀ ਕਿ ਮੈਨੂੰ ਮੌਤ ਦੀ ਹੀ ਸਜ਼ਾ ਹੋਵੇ, ਮੈਂ ਅੰਗਰੇਜ਼ ਦੀ ਜੇਲ੍ਹ 'ਚ ਨਹੀਂ ਸੜਨਾ।

18 ਜੂਨ 1916 ਨੂੰ ਆਜ਼ਾਦੀ ਘੁਲਾਟੀਏ ਉਤਮ ਸਿੰਘ ਹਾਂਸ ਪੁੱਤਰ ਰਾਘੋ ਸਿੰਘ ਹਾਂਸ ਕਲਾਂ (ਲੁਧਿਆਣਾ) ਨੂੰ ਲਾਹੌਰ ਸਾਜ਼ਿਸ਼ ਕੇਸ 'ਚ ਫਾਂਸੀ ਹੋਈ। ਉਹ ਹਾਲੇ 32 ਸਾਲਾਂ ਦੇ ਹੀ ਸਨ। ਉਨ੍ਹਾਂ ਉਤੇ ਨੰਗਲ ਕਲਾਂ ਦੇ ਮੁਖਬਰ ਜ਼ੈਲਦਾਰ ਨੂੰ ਕਤਲ ਕਰਨ ਦਾ ਦੋਸ਼ ਸੀ।

18 ਜੂਨ 1916 ਨੂੰ ਲਾਹੌਰ ਸਾਜ਼ਿਸ਼ ਕੇਸ ਦੂਜੇ 'ਚ ਭਾਈ ਬੀਰ ਸਿੰਘ ਬਾਹੋਵਾਲ, ਜਿਲਾ ਹੁਸ਼ਿਆਰਪੁਰ ਸ਼ਹੀਦੀ ਪਾ ਗਏ। ਉਹ ਵੱਲੇਪੁਲ ਦੇ ਹਮਲੇ 'ਚ ਸ਼ਾਮਲ ਸਨ ਅਤੇ ਉਨ੍ਹਾਂ 'ਤੇ ਪੁਲਿਸ ਨੂੰ ਮਾਰਨ ਤੇ ਗਾਰਦ ਤੋਂ ਹਥਿਆਰ ਖੋਹਣ ਦੇ ਦੋਸ਼ ਸਨ।

18 ਜੂਨ 1916 ਨੂੰ ਲਾਹੌਰ ਸਾਜ਼ਿਸ਼ ਕੇਸ ਦੂਜੇ 'ਚ ਸ਼ਾਮਲ ਭਾਈ ਰੰਗਾ ਸਿੰਘ ਉਰਫ ਰੋਡਾ ਸਿੰਘ ਪਿੰਡ ਖੁਰਦਪੁਰ (ਜਲੰਧਰ) ਸ਼ਹੀਦੀ ਪਾ ਗਏ। ਉਨ੍ਹਾਂ 'ਤੇ ਵੱਲਾਪੁਲ ਪੁਲਿਸ ਚੌਂਕੀ 'ਤੇ ਹਮਲੇ ਦਾ ਦੋਸ਼ ਸੀ।

18 ਜੂਨ 1935 ਨੂੰ ਬੰਗਾਲ ਦੇ ਜਿਲਾ ਟਿੱਪਰਾ ਦੇ ਪ੍ਰਦੀਪ ਕੁਮਾਰ ਭੱਟਾਚਾਰੀਆ ਫਾਂਸੀ ਚੜ੍ਹ ਕੇ ਸ਼ਹੀਦੀ ਦੀ ਕਤਾਰ 'ਚ ਜਾ ਲੱਗੇ। ਉਹ ਆਜ਼ਾਦੀ ਲਈ ਤਤਪਰ ਸਨ ਅਤੇ ਉਨ੍ਹਾਂ 'ਤੇ ਜਿਲਾ ਮੈਜਿਸਟਰੇਟ ਦੇ ਗੋਲੀ ਮਾਰ ਕੇ ਕਤਲ ਕਰਨ ਦਾ ਦੋਸ਼ ਸੀ।

18 ਜੂਨ 1858 ਨੂੰ ਰਾਣੀ ਲਕਸ਼ਮੀ ਬਾਈ ਆਜ਼ਾਦੀ ਦੀ ਪਹਿਲੀ ਜੰਗ ਵਿਚ ਕਈ ਥਾਂ ਅੰਗਰੇਜ਼ ਨੂੰ ਧੂਲ ਚਟਾਉਂਦੀ, ਬਹਾਦਰੀ ਨਾਲ ਅੰਗਰੇਜ਼ ਵਿਰੁੱਧ ਲੜਦੀ ਮੈਦਾਨ-ਏ-ਜੰਗ 'ਚ ਸ਼ਹੀਦੀ ਪ੍ਰਾਪਤ ਕਰ ਗਈ।

20 ਜੂਨ 1923 ਨੂੰ ਦੇਵੀ ਚੰਦ ਉਰਫ ਭਗਤ ਸਿੰਘ ਪੁੱਤਰ ਅੱਛਰ ਸਿੰਘ ਪਿੰਡ ਰੁੜਕੀ, ਤਹਿਸੀਲ ਗੜ੍ਹਸ਼ੰਕਰ (ਹੁਸ਼ਿਆਰਪੁਰ) ਮਿਲਵਰਤਨ ਲਹਿਰ ਦੌਰਾਨ ਪੁਲਿਸ ਤਸ਼ੱਦਦ ਕਾਰਨ ਸ਼ਹੀਦੀ ਪਾ ਗਏ। ਪੁਲਿਸ ਨੇ ਹੁਸ਼ਿਆਰਪੁਰ, ਅੰਬਾਲਾ, ਮਿੰਟਗੁਮਰੀ, ਮੁਲਤਾਨ ਆਦਿ ਜੇਲ੍ਹਾਂ 'ਚ ਕਾਫੀ ਤਸ਼ੱਦਦ ਕੀਤਾ ਸੀ। ਉਨ੍ਹਾਂ 'ਤੇ ਲੋਕਾਂ ਨੂੰ ਅੰਗਰੇਜ਼ ਰਾਜ ਵਿਰੁੱਧ ਭੜਕਾਉਣ ਦਾ ਦੋਸ਼ ਸੀ। ਜੂਨ ਦੀ 20 ਤਰੀਕ ਨੂੰ ਆਜ਼ਾਦੀ ਘੁਲਾਟੀਏ ਮਾਨਿੰਦਰ ਬੈਨਰਜੀ ਸ਼ਹੀਦ ਹੋਏ (ਸਾਲ ਦੀ ਜਾਣਕਾਰੀ ਨਹੀਂ ਮਿਲ ਸਕੀ)।

21 ਜੂਨ 1957 ਨੂੰ ਨਿੱਕਾ ਸਿੰਘ ਪੁੱਤਰ ਜਗਤ ਸਿੰਘ ਕੈਂਪ ਬੈਲਪੁਰ ਜੇਲ੍ਹ 'ਚ ਸ਼ਹੀਦੀ ਪਾ ਗਏ। ਉਨ੍ਹਾਂ ਜੈਤੋਂ ਅਤੇ ਫੇਰੂ ਮੋਰਚੇ 'ਚ ਹਿੱਸਾ ਲਿਆ। ਛੇ ਮਹੀਨੇ ਦੀ ਸਖਤ ਜੇਲ੍ਹ ਹੋਈ।

22 ਜੂਨ 1919 ਨੂੰ ਆਜ਼ਾਦੀ ਘੁਲਾਟੀਏ ਮਨੋਹਰ ਸਿੰਘ ਪੁੱਤਰ ਲਹਿਣਾ ਸਿੰਘ (ਅੰਮ੍ਰਿਤਸਰ) ਨੈਸ਼ਨਲ ਬੈਂਕ ਅੰਮ੍ਰਿਤਸਰ ਕਤਲ ਕੇਸ 'ਚ ਫਾਂਸੀ ਦੀ ਸਜ਼ਾ ਹੋਈ ਤੇ ਸ਼ਹੀਦੀ ਪ੍ਰਾਪਤ ਕੀਤੀ।

23 ਜੂਨ 1958 ਨੂੰ ਹਰੀ ਸਿੰਘ ਸੂੰਢ ਥੋੜ੍ਹੇ ਜਿਹੇ ਬੀਮਾਰ ਹੋਏ, ਸਰੀਰਕ ਤੌਰ 'ਤੇ ਸਦੀਵੀ ਵਿਛੋੜਾ ਦੇ ਕੇ ਗਏ। ਉਨ੍ਹਾਂ ਨੇ ਸਾਥੀ ਈਸ਼ਰ ਸਿੰਘ ਜੰਡੋਲੀ ਤੇ ਇੰਦਰ ਸਿੰਘ ਮੁਰਾਰੀ ਨਾਲ ਮਿਲ ਕੇ ਗੱਦਾਰ ਬੇਲਾ ਸਿੰਘ ਜਿਆਣ ਨੂੰ ਮਾਰ ਕੇ ਕੈਨੇਡਾ ਦੇ ਗਦਰੀ ਸ਼ਹੀਦਾਂ-ਬਦਨ ਸਿੰਘ ਅਤੇ ਭਾਈ ਭਾਗ ਸਿੰਘ ਦੀ ਮੌਤ ਦਾ ਬਦਲਾ ਲਿਆ। ਕੇਸ 'ਚੋਂ ਬਰੀ ਹੋ ਕੇ ਕਿਸਾਨ ਸਭਾ ਬਣਾਈ ਤੇ ਕਿਸਾਨਾਂ ਦੇ ਹੱਕਾਂ ਲਈ ਆਖਿਰ ਤੱਕ ਸੰਘਰਸ਼ ਕੀਤੇ।

26 ਜੂਨ 1925 ਨੰਦ ਸਿੰਘ ਪਿੰਡ ਭਾਗੋਵਾਲ, ਤਹਿਸੀਲ ਬਟਾਲਾ (ਗੁਰਦਾਸਪੁਰ) ਨਾਭਾ ਬੀੜ ਜੇਲ੍ਹ 'ਚ ਸ਼ਹੀਦ ਹੋ ਗਏ। ਉਹ ਜੈਤੋਂ ਮੋਰਚੇ ਦੇ ਸ਼ਹੀਦੀ ਜਥਾ-14 'ਚ ਸ਼ਾਮਲ ਹੋਏ ਸਨ।

26 ਜੂਨ 1957 ਨੂੰ ਸੌਦਾਗਰ ਸਿੰਘ ਪੁੱਤਰ ਦਿਆਲ ਪਿੰਡ ਧੁੱਲਕਾ, ਡਾਕਖਾਨਾ ਜੰਡਿਆਲਾ (ਅੰਮ੍ਰਿਤਸਰ) ਸ਼ਹੀਦੀ ਪ੍ਰਾਪਤ ਕਰ ਗਏ। ਉਨ੍ਹਾਂ ਡਸਕਾ ਮੋਰਚੇ ਵਿਚ ਸ਼ਮੂਲੀਅਤ ਕੀਤੀ ਤੇ ਗੁਜਰਾਤ ਜੇਲ੍ਹ 'ਚ ਕੈਦ ਕੱਟੀ।

27 ਜੂਨ 1944 ਨੂੰ 'ਅੰਗਰੇਜ਼ੋ ਹਿੰਦੋਸਤਾਨ ਛੱਡੋ ਲਹਿਰ' ਦੇ ਮੈਂਬਰ ਰਾਜ ਨਰਾਇਣ ਮਿਸ਼ਰ ਸ਼ਹੀਦ ਹੋ ਗਏ।

27 ਜੂਨ 1945 ਨੂੰ ਮੱਲ ਸਿੰਘ ਪੁੱਤਰ ਨੱਥਾ ਸਿੰਘ ਤੇ ਮਾਤਾ ਗੁਜ਼ਰੀ, ਪਿੰਡ ਘਰਿਤਪੁਰ, ਚੱਕ 69 ਤਹਿਸੀਲ ਜ਼ਾਰਨਵਾਲਾ (ਲਾਇਲਪੁਰ) ਪੁਲਿਸ ਦੇ ਤਸ਼ੱਦਦ ਦੀ ਤਾਬ ਨਾ ਝੱਲਦਿਆਂ ਜੇਲ੍ਹ 'ਚ ਸ਼ਹੀਦ ਹੋ ਗਏ। ਉਹ 15 ਸਾਲ ਫੌਜ 'ਚ ਰਹ 'ਤੇ ਨੌਕਰੀ ਛੱਡ ਕੇ ਗੁਰੂ ਕੇ ਬਾਗ ਦੇ ਮੋਰਚੇ ਅਤੇ ਫੇਰੂ ਮੋਰਚੇ 'ਚ ਸ਼ਾਮਲ ਹੋ ਗਏ। ਢਾਈ ਸਾਲ ਜੇਲ੍ਹ ਕੱਟੀ।

29 ਜੂਨ 1973 ਨੂੰ ਆਜ਼ਾਦੀ ਘੁਲਾਟੀਏ ਭਾਈ ਦਾਨ ਸਿੰਘ ਵਛੋਆ ਸਦੀਵੀ ਵਿਛੋੜਾ ਦੇ ਗਏ। ਉਹ 7 ਨਵੰਬਰ 1921 ਹਰਿਮੰਦਰ ਸਾਹਿਬ

**(ਬਾਕੀ ਅਗਲੇ ਸਫੇ 'ਤੇ)**

ਇਤਿਹਾਸ

# ਨਾਦਰ ਸ਼ਾਹ ਦਾ ਭਾਰਤ ਉਤੇ ਹਮਲਾ

ਨਿਰਮਲ ਸਿੰਘ ਕਾਹਲੋਂ
ਫੋਨ: 91-88720-66189

ਨਾਦਰ ਸ਼ਾਹ ਦੇ ਹਮਲੇ ਸਮੇਂ ਭਾਰਤ ਦਾ ਬਾਦਸ਼ਾਹ ਮੁਹੰਮਦ ਸ਼ਾਹ ਰੰਗੀਲਾ ਅਤੇ ਲਾਹੌਰ ਦਾ ਸੂਬੇਦਾਰ ਜ਼ਕਰੀਆ ਖਾਨ ਸੀ। ਜ਼ਕਰੀਆ ਖਾਨ ਦੇ ਪਿਤਾ ਜਰਨੈਲ ਸਮਦ ਖਾਨ ਨੇ ਬੜੀ ਤਗੜੀ ਫੌਜ ਨਾਲ ਬਾਬਾ ਬੰਦਾ ਸਿੰਘ ਨੂੰ ਗੁਰਦਾਸ ਨੰਗਲ ਦੀ ਕੱਚੀ ਗੜ੍ਹੀ ਵਿਚੋਂ 700 ਸਿੰਘਾਂ ਸਮੇਤ ਕੈਦ ਕੀਤਾ ਸੀ। ਸਮਦ ਖਾਨ ਨੇ ਕਮਜ਼ੋਰ ਅਤੇ ਬਿਮਾਰ ਸਿੰਘਾਂ ਨੂੰ ਕਤਲ ਕਰਕੇ ਸਿਰ ਨੇਜਿਆਂ ਉਤੇ ਟੰਗ ਲਏ। ਬਾਦਸ਼ਾਹ ਫਰੁਖਸੀਅਰ ਨੇ ਸਮਦ ਖਾਨ ਨੂੰ ਲਾਹੌਰ ਦਾ ਸੂਬੇਦਾਰ ਬਣਾ ਕੇ ਖਾਨ ਬਹਾਦਰ ਦੇ ਖਿਤਾਬ ਨਾਲ ਸਨਮਾਨਤ ਕੀਤਾ। ਸਮਦ ਖਾਨ ਦੇ ਬੇਟੇ ਜ਼ਕਰੀਆ ਖਾਨ ਨੂੰ ਵੀ ਖਾਨ ਬਹਾਦਰ ਹੀ ਕਿਹਾ ਜਾਂਦਾ ਸੀ।

**ਸਿੰਘਾਂ ਉਤੇ ਬਿਪਤਾ:** ਜ਼ਕਰੀਆ ਖਾਨ ਨੇ ਸਾਰੇ ਚੌਧਰੀਆਂ, ਜਿਨ੍ਹਾਂ ਵਿਚ ਮੁੱਖ-ਰਾਮਾ ਰੰਧਾਵਾ ਘਣੀਏ, ਕਰਮਾ ਪਿੰਡ ਛੀਨਾ, ਲਾਲੂ ਭਿੱਖੀ ਪਿੰਡ, ਸਿਆਮੇ ਸ਼ਾਹ ਖੱਤਰੀ, ਦਿਆਨਤ ਰਾਏ, ਅਕਲ ਦਾਸ ਜੰਡਿਆਲੇ ਵਾਲਾ, ਕਜਲਾ ਰੰਧਾਵਾ ਬਟਾਲੇ ਵਾਲਾ, ਭੀਮਾ ਢਿੱਲੋਂ ਕਸੂਰ, ਪੀਰ ਮੁਹੰਮਦ ਚੱਠਾ ਅਤੇ ਇਸਮਾਈਲ ਖਾਨ ਸਿਆਲਕੋਟ ਨੂੰ ਲਾਹੌਰ ਬੁਲਾ ਕੇ ਪਹਿਲਾਂ ਇਨ੍ਹਾਂ ਨੂੰ ਕੁੱਟਿਆ ਤੇ ਫਿਰ ਪੁੱਛਿਆ, "ਤੁਸੀਂ ਕਹਿੰਦੇ ਹੋ, ਸਾਡੇ ਇਲਾਕੇ ਵਿਚ ਕੋਈ ਸਿੱਖ ਨਹੀਂ ਹੈ, ਧਵਾਡੇ ਇਹ ਜਵਾਈ ਕਿੱਥੋਂ ਆ ਗਏ? ਮੱਸੇ ਦਾ ਸਿਰ ਵੱਢ ਕੇ ਕੌਣ ਲੈ ਗਏ? ਜਲੰਧਰ ਦੇ ਹਾਕਮ ਕੁਤਬਦੀਨ ਨੂੰ ਮਾਰ ਕੇ ਦਿੱਲੀ ਜਾਣ ਵਾਲੇ 40 ਘੋੜੇ ਕਿਸ ਨੇ ਲੁੱਟੇ? ਸਿਆਲਕੋਟ ਦੇ ਸੂਬੇਦਾਰ ਤਾਅਰ ਅਲੀ 150 ਘੋੜ ਅਸਵਾਰਾਂ ਨਾਲ ਸਰਹਿੰਦ ਜਾ ਰਿਹਾ ਸੀ, ਤਾਹਰ ਅਲੀ ਅਤੇ 30 ਘੋੜ ਅਸਵਾਰਾਂ ਨੂੰ ਮਾਰ ਕੇ ਘੋੜੇ ਕੌਣ ਲੈ ਗਏ? ਇਨ੍ਹਾਂ ਖੂਨੀ ਕਾਤਲਾਂ ਨੂੰ ਮੇਰੇ ਪੇਸ਼ ਕਰੋ। ਸਿੱਖਾਂ ਨੂੰ ਖਤਮ ਕਰੋ ਤੇ ਇਨਾਮ ਪ੍ਰਾਪਤ ਕਰੋ।"

ਚੌਧਰੀਆਂ ਨੇ ਚੁਣ ਚੁਣ ਕੇ ਸਿੰਘ ਕਤਲ ਕਰਨੇ ਸ਼ੁਰੂ ਕਰ ਦਿੱਤੇ। ਇਨ੍ਹਾਂ ਦੁਸ਼ਟਾਂ ਨੇ ਨਿੱਕੇ ਨਿੱਕੇ ਬੱਚੇ ਅਤੇ ਸਿੰਘਣੀਆਂ ਨੂੰ ਵੀ ਨਾ ਬਖਸ਼ਿਆ। ਕਈ ਸਿੰਘਣੀਆਂ ਆਪਣੇ ਬੱਚੇ ਲੈ ਕੇ ਹਿੰਦੂਆਂ ਦੇ ਘਰ ਅਤੇ ਕਈ ਮੁਸਲਮਾਨਾਂ ਦੇ ਘਰ ਚਲੀਆਂ ਗਈਆਂ, ਪਰ ਕਈ ਚੁਗਲ ਹਿੰਦੂਆਂ ਨੇ ਇੱਥੋਂ ਵੀ ਸਿੰਘਣੀਆਂ ਨੂੰ ਫੜਵਾ ਦਿੱਤਾ। ਕਈ ਸਿੰਘ ਜਥੇ ਬਣਾ ਕੇ ਜੰਗਲਾਂ ਵਿਚ ਚਲੇ ਗਏ ਅਤੇ ਕਈ ਬੀਕਾਨੇਰ ਜਾ ਕੇ ਰਾਜੇ ਕੋਲ ਨੌਕਰੀ ਕਰਨ ਲੱਗ ਪਏ। ਸਿੰਘਣੀਆਂ ਅਤੇ ਬੱਚਿਆਂ ਦੀ ਫਰਿਆਦ ਵਾਹਿਗੁਰੂ ਨੇ ਸੁਣ ਲਈ। ਇਰਾਨ ਦੇ ਬਾਦਸ਼ਾਹ ਨਾਦਰ ਸ਼ਾਹ ਨੇ ਭਾਰਤ ਉਤੇ ਚੜ੍ਹਾਈ ਕਰ ਦਿੱਤੀ। ਇੱਥੇ ਵਰਣਨਯੋਗ ਹੈ ਕਿ ਜਿਸ ਸਮੇਂ ਵੀ ਸਿੰਘਾਂ ਉਤੇ ਬਿਪਤਾ ਪਈ ਹੈ, ਵਾਹਿਗੁਰੂ ਨੇ ਆਪਣੇ ਪੰਥ ਦੀ ਰਖਿਆ ਕਰਕੇ ਪਾਪੀ ਨੂੰ ਸਜ਼ਾ ਦਿੱਤੀ ਹੈ।

**ਨਾਦਰ ਸ਼ਾਹ ਦੀ ਚੜ੍ਹਾਈ:** ਨਾਦਰ ਸ਼ਾਹ ਨੇ ਕਾਬਲ ਜਿੱਤ ਕੇ 1738 ਈ: ਨੂੰ 80,000 ਫੌਜ ਅਤੇ ਤੋਪਾਂ ਨਾਲ ਲੈਸ ਹੋ ਕੇ ਭਾਰਤ ਵੱਲ ਕੂਚ ਕਰ ਦਿੱਤਾ। ਨਾਦਰ ਸ਼ਾਹ ਦੇ ਹਮਲੇ ਦੀ ਖਬਰ ਸੁਣ ਕੇ ਸਿੰਘਾਂ ਉਤੇ ਜੁਲਮ ਕੀ ਹੋਣੇ ਸਨ, ਸਰਕਾਰ ਨੂੰ ਹੋਰ ਬਿਪਤਾ ਪੈ ਗਈ। ਸਿੰਘਾਂ ਨੇ ਲਾਹੌਰ ਦੀ ਫੌਜ ਨੂੰ ਜ਼ਰਜ਼ਰਾ ਕਰ ਛੱਡਿਆ ਸੀ। ਟਾਕਰਾ ਨਾ ਕਰਨ ਦੀ ਹਿੰਮਤ ਵੇਖ ਕੇ ਖਾਨ ਬਹਾਦਰ ਨੇ ਅਟਕ ਨੇੜੇ ਨਾਦਰ ਸ਼ਾਹ ਨੂੰ ਮਿਲ ਕੇ ਈਨ ਮੰਨ ਲਈ ਅਤੇ ਨਾਦਰ ਸ਼ਾਹ ਲਾਹੌਰ ਆ ਗਿਆ। ਖਾਨ ਬਹਾਦਰ ਨੇ 21 ਲੱਖ ਰੁਪਏ, 11 ਕਿਸ਼ਤੀਆਂ ਅਤੇ 50 ਹਾਥੀ ਦੇ ਕੇ ਨਾਦਰ ਸ਼ਾਹ ਤੋਂ ਪਿੱਛਾ ਛੁਡਾਇਆ। ਨਾਦਰ ਸ਼ਾਹ ਨੇ 21 ਜਨਵਰੀ 1739 ਨੂੰ ਦਿੱਲੀ ਜਾਣ ਲਈ ਚਾਲੇ ਪਾ ਦਿੱਤੇ।

**ਨਾਦਰ ਸ਼ਾਹ ਦਾ ਪਿਛੋਕੜ:** ਨਾਦਰ ਸ਼ਾਹ ਇਰਾਨ ਵਿਚ ਕੈਪਸੀਅਨ ਸਾਗਰ ਦੇ ਕੰਢੇ ਗਰੀਬ ਆਯਲੀ ਦਾ ਪੁੱਤਰ ਸੀ। ਉਸ ਦਾ ਜਨਮ 13 ਨਵੰਬਰ 1688 ਨੂੰ ਹੋਇਆ। 12 ਸਾਲ ਦੀ ਉਮਰ ਵਿਚ ਪਿਤਾ ਮਰ ਗਿਆ। ਜੰਗਲ ਵਿਚੋਂ ਲੱਕੜਾਂ ਵੱਡ ਕੇ ਵੇਚ ਕੇ ਘਰ ਦਾ ਗੁਜਾਰਾ ਕੀਤਾ। ਵੱਡਾ ਹੋਇਆ, ਕਿਸਮਤ ਨੇ ਸਾਥ ਦਿੱਤਾ ਅਤੇ ਸੰਨ 1717 ਵਿਚ ਧਾੜਵੀਆਂ ਦਾ ਸਰਦਾਰ ਬਣ ਗਿਆ। 1725 ਈ: ਨੂੰ ਪਠਾਣਾਂ ਨੇ ਇਰਾਨ ਉਤੇ ਹਮਲਾ ਕਰ ਦਿੱਤਾ। ਨਾਦਰ ਸ਼ਾਹ ਨੇ 5,000 ਧਾੜਵੀਆਂ ਨਾਲ, ਬਾਦਸ਼ਾਹ ਵਲੋਂ ਲੜ ਕੇ ਪਠਾਣਾਂ ਨੂੰ ਦੇਸ਼ ਵਿਚੋਂ ਕੱਢ ਦਿੱਤਾ। ਬਾਦਸ਼ਾਹ ਨੇ ਨਾਦਰ ਸ਼ਾਹ ਨੂੰ ਫੌਜ ਦਾ ਬਖਸ਼ੀ ਬਣਾ ਲਿਆ। ਬਾਦਸ਼ਾਹ ਦੀ ਮੌਤ ਪਿਛੋਂ ਸੰਨ 1736 ਵਿਚ ਨਾਦਰ ਸ਼ਾਹ ਇਰਾਨ ਦਾ ਬਾਦਸ਼ਾਹ ਬਣ ਗਿਆ। ਪਠਾਣਾਂ ਤੋਂ ਬਦਲਾ ਲੈਣ ਲਈ ਹਿਰਾਤ ਅਤੇ ਕੰਧਾਰ ਨੂੰ ਜਿੱਤ ਕੇ ਕਾਬਲ ਉਤੇ ਕਬਜਾ ਕਰਕੇ ਦਿੱਲੀ ਲੁੱਟਣ ਲਈ ਪਜਾਬ ਵੱਲ ਚਾਲੇ ਪਾ ਦਿੱਤੇ। ਹਮਲੇ ਨੂੰ ਗਨੀਮਤ ਸਮਝ ਕੇ ਸਿੰਘ ਵੀ ਪੰਜਾਬ ਵਿਚ ਆ ਗਏ। ਜਿਨ੍ਹਾਂ ਚੁਗਲਾਂ ਤੇ ਜਾਲਮਾਂ ਨੇ ਸਿੰਘਾਂ ਅਤੇ ਹਿੰਦੂਆਂ ਉਤੇ ਜੁਲਮ ਕੀਤੇ ਸਨ, ਉਨ੍ਹਾਂ ਨੂੰ ਚੁਣ ਚੁਣ ਕੇ ਸੋਧਿਆ।

**ਨਾਦਰ ਸ਼ਾਹ ਦੀ ਮੁਗਲ ਫੌਜ ਨਾਲ ਲੜਾਈ:** ਮੁਗਲ 2,00,000 ਫੌਜ; 1500 ਹਾਥੀ ਅਤੇ 800 ਤੋਪਾਂ ਲੈ ਕੇ ਦਿੱਲੀ ਤੋਂ ਕਰਨਾਲ ਤੱਕ 59 ਮੀਲ 2 ਮਹੀਨੇ ਵਿਚ ਪਹੁੰਚੇ, ਪਰ ਨਾਦਰ ਸ਼ਾਹ ਲਾਹੌਰ ਤੋਂ ਕਰਨਾਲ ਤੱਕ ਇਕ ਮਹੀਨੇ ਵਿਚ ਹੀ ਪਹੁੰਚ ਗਿਆ। ਮੁਗਲਾਂ ਦਾ ਤੋਪਖਾਨਾ ਆਉਣ ਤੋਂ ਪਹਿਲਾਂ ਹੀ 24 ਫਰਵਰੀ 1739 ਨੂੰ



*ਨਾਦਰ ਸ਼ਾਹ*

ਲੜਾਈ ਸ਼ੁਰੂ ਹੋ ਗਈ ਅਤੇ ਸਿਰਫ 3 ਘੰਟੇ ਦੀ ਲੜਾਈ ਵਿਚ ਮੁਗਲਾਂ ਦੇ 20,000 ਫੌਜੀ ਮਾਰੇ ਗਏ। ਮੁਹੰਮਦ ਸ਼ਾਹ ਨੇ ਹਾਰ ਮੰਨ ਕੇ ਆਪਣੇ ਵਜ਼ੀਰਾਂ ਨੂੰ ਨਾਲ ਲੈ ਕੇ ਨਾਦਰ ਸ਼ਾਹ ਦੇ ਪੈਰੀਂ ਪੈ ਗਿਆ। ਨਾਦਰ ਸ਼ਾਹ ਨੇ ਮੁਹੰਮਦ ਸ਼ਾਹ ਨੂੰ ਬੜੇ ਆਦਰ ਨਾਲ ਆਪਣੇ ਕੋਲ ਬਿਠਾਇਆ।

ਨਾਦਰ ਸ਼ਾਹ ਅਤੇ ਮੁਹੰਮਦ ਸ਼ਾਹ 13 ਮਾਰਚ 1739 ਨੂੰ ਲਾਲ ਕਿਲੇ 'ਤੇ ਪਹੁੰਚ ਗਏ ਤੇ ਨਾਦਰ ਸ਼ਾਹ ਤਖਤ ਉਤੇ ਬੈਠ ਗਿਆ। ਅਗਲੇ ਦਿਨ ਮਸੀਤ ਵਿਚ ਨਾਦਰ ਸ਼ਾਹ ਦੇ ਨਾਮ ਦਾ ਖੁਤਬਾ (ਧੰਨਵਾਦ) ਪੜ੍ਹਿਆ ਗਿਆ। ਕਿਸੇ ਨੇ ਮੌਤ ਦਾ ਖੁਤਬਾ ਸਮਝ ਕੇ ਖਬਰ ਉਡਾ ਦਿੱਤੀ ਕਿ ਨਾਦਰ ਸ਼ਾਹ ਨੂੰ ਮਾਰ ਦਿੱਤਾ ਹੈ। ਦਿੱਲੀ ਵਿਚ ਨਾਦਰ ਸ਼ਾਹ ਦੇ 700 ਸਿਪਾਹੀ ਕਤਲ ਕਰ ਦਿੱਤੇ। ਪਤਾ ਲੱਗਣ 'ਤੇ ਨਾਦਰ ਸ਼ਾਹ ਨੇ ਆਪਣੀ ਮਿਆਨ ਵਿਚੋਂ ਇਕ ਚੱਪਾ ਕਿਰਪਾਨ ਖਿੱਚ ਲਈ। 6 ਘੰਟੇ ਵਿਚ ਨਾਦਰ ਸ਼ਾਹ ਦੀ ਫੌਜ ਨੇ ਦਿੱਲੀ ਵਿਚ ਕੋਈ 33,000 ਹਿੰਦੂ ਅਤੇ ਮੁਸਲਿਮ ਤੇ ਬੱਚੇ ਕਤਲ ਕਰ ਦਿੱਤੇ। ਮੁਹੰਮਦ ਸ਼ਾਹ ਨੇ ਹੱਥ ਜੋੜ ਨਾਦਰ ਸ਼ਾਹ ਦੇ ਅੱਗੇ ਖੜੇ ਹੋ ਕੇ ਬੇਨਤੀ ਕੀਤੀ, ਨਾਦਰ ਸ਼ਾਹ ਨੇ ਕਿਰਪਾਨ ਮਿਆਨ ਵਿਚ ਕਰ ਲਈ। ਨਾਦਰ ਸ਼ਾਹ ਦੇ ਜਰਨੈਲਾਂ ਨੇ ਕਤਲੇਆਮ ਰੋਕ ਦਿੱਤਾ।

**ਸਿੰਘਾਂ ਨੇ ਨਾਦਰ ਦੀਆਂ ਗੁੱਡੀਆਂ ਘੁਮਾਈਆਂ:** ਨਾਦਰ ਸ਼ਾਹ 58 ਦਿਨ ਦਿੱਲੀ ਵਿਚ ਰਿਹਾ ਅਤੇ ਮਥਰਾ ਤੱਕ ਲੁੱਟ ਮਾਰ ਕੀਤੀ। ਉਸ ਨੇ ਹਿੰਦੂਆਂ ਦੀਆਂ ਕੋਈ 10 ਹਜ਼ਾਰ ਕੁੜੀਆਂ ਕੈਦ ਕਰਕੇ ਅਤੇ ਦੌਲਤ ਲੁੱਟ ਕੇ ਗੱਡੇ, ਹਾਥੀ, ਘੋੜੇ ਤੇ ਖੱਚਰਾਂ ਉਤੇ ਲੱਦ ਕੇ ਕਾਬਲ ਵੱਲ ਤੋਰਦਾ ਰਿਹਾ। ਜੱਸਾ ਸਿੰਘ ਆਹਲੂਵਾਲੀਆ, ਜੱਸਾ ਸਿੰਘ ਰਾਮਗੜ੍ਹੀਆ, ਨਵਾਬ ਕਪੂਰ ਸਿੰਘ ਅਤੇ ਹੋਰ ਜਥੇਦਾਰਾਂ ਨੇ ਸਿੰਘਾਂ ਦੇ ਕਈ ਜਥੇ ਕੁਰੂਕਸ਼ੇਤਰ ਤੋਂ ਅਟਕ ਤੀਕ ਜਰਨੈਲੀ ਸੜਕ ਦੇ ਦੋਹੀਂ ਪਾਸੀਂ 15 ਤੋਂ 20 ਮੀਲ ਤੱਕ ਜੰਗਲਾਂ ਵਿਚ ਬਿਠਾ ਦਿੱਤੇ। ਭੇਤ ਦੇਣ ਵਾਲੇ ਭੇਤ ਦਿੰਦੇ ਰਹੇ ਅਤੇ ਸਿੰਘ ਛਾਪੇ ਮਾਰ ਕੇ ਕੁੜੀਆਂ ਨੂੰ ਛੁਡਾ ਕੇ ਉਨ੍ਹਾਂ ਦੇ ਘਰ ਭੇਜ ਦਿੰਦੇ ਅਤੇ ਲੁਟਿਆ ਮਾਲ ਖੋਹ ਕੇ ਲੋੜਵੰਦਾਂ ਨੂੰ ਵੰਡ ਦਿੰਦੇ। ਨਾਦਰ ਸ਼ਾਹ ਕੁੜੀਆਂ ਅਤੇ ਦੌਲਤ ਭੇਜਦਾ ਰਿਹਾ, ਸਿੰਘ ਲੁਟਦੇ ਰਹੇ। ਜਿਹੜੇ ਫੌਜੀ ਰਖਵਾਲੇ ਭੇਜਦਾ ਸੀ, ਜੇ ਉਹ ਸਿੰਘਾਂ ਦਾ ਪਿੱਛਾ ਕਰਦੇ, ਸਿੰਘ ਉਨ੍ਹਾਂ ਨੂੰ ਸੋਧ ਦਿੰਦੇ। ਸਿੰਘਾਂ ਨੇ ਰਾਵੀ ਵੀ ਨਾ ਲੰਘਣ ਦਿਤੀ, ਨਾਦਰ ਦੀ ਫੌਜ ਨੂੰ ਹੌਲਾ ਕਰਕੇ ਕਾਬਲ ਭੇਜ ਕੇ ਭਾਰਤ ਦੀ ਇੱਜਤ ਬਚਾਈ। ਹਿੰਦੂਆਂ ਦੀ ਇਕ ਵੀ ਕੁੜੀ ਕਬਲ ਜਾਣ ਨਹੀਂ ਦਿੱਤੀ। ਉਸ ਸਮੇਂ ਕਿਸੇ ਵੀ ਹਿੰਦੂ ਰਾਜੇ ਨੂੰ ਅਣਖ ਨਹੀਂ ਆਈ।

ਦਿੱਲੀ ਤੋਂ ਜਾਂਦਿਆਂ ਨਾਦਰ ਸ਼ਾਹ ਨੇ ਆਪਣੇ ਨਾਲ ਤਖਤੇ ਤਾਉਸ, ਇਕ ਜੋੜੀ ਲਾਲਾਂ ਦੀ (ਇਨ੍ਹਾਂ ਦੀ ਰੋਸ਼ਨੀ ਨਾਲ ਬਾਦਸ਼ਾਹ ਰਾਤ ਨੂੰ ਕੁਰਾਨ ਪੜ੍ਹਦਾ ਸੀ), ਇਕ ਗੁਲਾਬੀ ਹੀਰਾ (ਇਸ ਦੀ ਰੋਸ਼ਨੀ ਨਾਲ ਕਮਰਾ ਗੁਲਾਬੀ ਹੋ ਜਾਂਦਾ ਸੀ), ਕੋਹੇਨੂਰ ਹੀਰਾ ਅਤੇ ਬੇਗਮਾਂ ਦੇ ਜੇਵਰ ਤੇ ਬੇਸ਼ੁਮਾਰ ਦੌਲਤ ਲੁੱਟ ਕੇ ਪਹਾੜੀ ਰਸਤੇ ਆਪਣੀ ਫੌਜ ਨਾਲ ਕਾਬਲ ਵੱਲ ਚਾਲੇ ਪਾ ਦਿੱਤੇ।

**ਨਾਦਰ ਸ਼ਾਹ ਦਾ ਸੂਬੇ ਤੋਂ ਸਿੰਘਾਂ ਦਾ ਹਾਲ ਪੁੱਛਣਾ:** ਵਾਪਸੀ ਸਮੇਂ ਨਾਦਰ ਸ਼ਾਹ ਨੇ ਜ਼ਕਰੀਆ ਖਾਨ ਨੂੰ ਅਖਨੂਰ ਸੱਦਿਆ ਅਤੇ ਬੜੇ ਗੁੱਸੇ ਵਿਚ ਪੁੱਛਿਆ, "ਉਹ ਕੌਣ ਹਨ, ਜਿਨ੍ਹਾਂ ਨੇ ਮੇਰੀ ਦੌਲਤ ਲੁੱਟੀ ਹੈ? ਮੇਰਾ ਨਾਮ ਨਾਦਰ ਜ਼ਾਲਮ ਹੈ, ਸ਼ੇਰ ਦੇ ਮੂੰਹ ਵਿਚੋਂ ਮਾਸ ਖਿਚਿਆ! ਮੈਂ ਉਨ੍ਹਾਂ ਦਾ ਦੇਸ਼ ਤਬਾਹ ਕਰਕੇ ਉਨ੍ਹਾਂ ਦਾ ਨਾਮੋ ਨਿਸ਼ਾਨ ਮਿਟਾ ਦਿਆਂਗਾ।"

ਜ਼ਕਰੀਆ ਖਾਨ ਨੇ ਉਤਰ ਦਿੱਤਾ, "ਜਹਾਂ ਪਨਾਹ, ਇਹ ਸਿੰਘ ਨਾਮੀ ਖਾਲਸਾ ਪੰਥ ਹੈ। ਇਨ੍ਹਾਂ ਦਾ ਘਰ, ਘਾਟ, ਪਿੰਡ, ਦੇਸ਼ ਕੋਈ ਨਹੀਂ। ਬਰਸਾਤ ਦੀਆਂ ਖੁੰਭਾਂ ਵਾਂਗੂੰ ਪਲੇ-ਪਲਾਏ ਆਪੇ ਹੀ ਇਸ ਪੰਥ ਵਿਚ ਆ ਜਾਂਦੇ ਹਨ। ਇਹ ਤਾਂ ਖੁਦਾਈ ਚਸ਼ਮਾ ਹੀ ਸਮਝੋ। ਅਸੀਂ ਇਨ੍ਹਾਂ ਨੂੰ ਮਾਰਦੇ ਹਾਰ ਗਏ ਹਾਂ, ਇਹ ਮੁੱਕਦੇ ਹੀ ਨਹੀਂ। ਮੌਤ ਤੋਂ ਡਰਦੇ ਨਹੀਂ, ਪੰਜ ਸੌ ਨਾਲ ਪੰਜ ਮੱਥਾ ਡਾਹ ਲੈਂਦੇ ਹਨ। ਸਿਰ ਉਤੇ ਪਗੜੀ, ਤੇੜ ਕਛਹਿਰਾ, ਖੇਸ ਦੀ ਬੁੱਕਲ, ਪਰ ਆਪਣੇ ਕੋਲ ਹਥਿਆਰ ਰੱਖਦੇ ਹਨ। ਤੁਰਦੇ ਫਿਰਦੇ ਸੌਂ ਲੈਂਦੇ ਹਨ, ਘੋੜੇ ਦੀ ਕਾਠੀ ਇਨ੍ਹਾਂ ਦਾ ਪਲੰਗ ਹੈ। ਅਸੀਂ ਹਿੰਦੂਆਂ ਨੂੰ ਮਾਰਨਾ ਸਵਾਬ ਸਮਝਦੇ ਹਾਂ, ਇਹ ਜ਼ੁਲਮ ਦਾ ਨਾਸ ਕਰਨਾ ਧਰਮ ਸਮਝਦੇ ਹਨ। ਇੱਕੋ ਜਿਹਾ ਵੰਡ ਕੇ ਖਾਂਦੇ ਹਨ। ਬਿਨਾ ਲੂਣ-ਮਿਰਚ ਕੱਚਾ-ਪੱਕਾ, ਗਾਜਰ, ਮੂਲੀ, ਸੁੱਕੀ, ਮਿੱਸੀ ਖਾ ਕੇ ਵੀ ਰੱਬ ਦਾ ਸ਼ੁਕਰ ਕਰਦੇ ਹਨ। ਲੋੜਵੰਦ ਦੀ ਲੋੜ ਵੀ ਪੂਰੀ ਕਰਦੇ ਹਨ।"

ਨਾਦਰ ਸ਼ਾਹ ਨੇ ਕਿਹਾ, "ਜੇ ਇਹ ਕੌਮ ਇਸ ਤਰ੍ਹਾਂ ਦੀ ਹੈ, ਕਦੇ ਨਾ ਕਦੇ ਇਹ ਪੰਥ ਮੁਲਕ ਦਾ ਮਾਲਕ ਬਣ ਜਾਏਗਾ। ਇਨ੍ਹਾਂ ਨਾਲ ਵਿਰੋਧ ਨਾ ਕਰੋ। ਇਹ ਸਾਡੇ, ਤੁਹਾਡੇ ਮਾਰਨ ਨਾਲ ਨਹੀਂ ਮੁੱਕਣੇ।"

ਜ਼ਕਰੀਆ ਖਾਨ ਸਿੰਘਾਂ ਦੀ ਬਹਾਦਰੀ ਉਤੇ ਖੁਸ਼ ਸੀ, ਫਿਰ ਵੀ ਡਰ ਸੀ ਕਿ ਜਿਹੜੇ ਸਿੰਘ ਨਾਦਰ ਸ਼ਾਹ ਤੋਂ ਨਹੀਂ ਡਰਦੇ, ਸਾਡਾ ਰਾਜ ਨਾ ਖੋਹ ਲੈਣ? ਸਿੰਘਾਂ ਦਾ ਖੁਰਾਖੋਜ ਹੀ ਮਿਟਾਉਣਾ ਚਾਹੁੰਦਾ ਸੀ। ਸਿੰਘਾਂ ਨੂੰ ਆਖ ਭੇਜਿਆ, ਨਾਦਰ ਸ਼ਾਹ ਦੇ ਲੁੱਟੇ ਹੋਏ ਮਾਲ ਵਿਚੋਂ ਅੱਧਾ ਮੈਨੂੰ ਦਿਓ। ਸਿੰਘ ਨਾ ਮੰਨੇ। ਉਸ ਨੇ ਸਿੰਘਾਂ ਉਤੇ ਜ਼ੁਲਮ ਕਰਨੇ ਸ਼ੁਰੂ ਕਰ ਦਿੱਤੇ।

ਭਾਈ ਤਾਰੂ ਸਿੰਘ, ਭਾਈ ਮਨੀ ਸਿੰਘ, ਭਾਈ ਸਾਹਬੇਗ ਸਿੰਘ, ਭਾਈ ਸਾਹਬਾਜ ਸਿੰਘ, ਕਈ ਸਿੰਘਣੀਆਂ ਅਤੇ ਬੱਚੇ ਸ਼ਹੀਦ ਕੀਤੇ। ਸਿੰਘਾਂ ਦੇ ਸਿਰਾਂ ਦੇ ਮੁੱਲ ਰੱਖੇ। ਜਥੇ ਬਣਾ ਕੇ ਸਿੰਘ ਜੰਗਲਾਂ ਵਿਚ ਅਤੇ ਰਾਜਸਥਾਨ ਚਲੇ ਗਏ।

**ਪਾਪੀ ਨੂੰ ਸਜ਼ਾ ਮਿਲੀ:** ਖਾਨ ਬਹਾਦਰ ਦੇ ਹੁਕਮ ਨਾਲ 4 ਜੂਨ 1740 ਨੂੰ ਭਾਈ ਤਾਰੂ ਸਿੰਘ ਦੀ ਖੋਪਰੀ ਉਤਾਰੀ ਗਈ। ਖਾਨ ਬਹਾਦਰ ਨੂੰ ਬੰਨ ਪੈ ਗਿਆ ਅਤੇ ਭਾਈ ਤਾਰੂ ਸਿੰਘ ਦੀ ਜੁੱਤੀ ਆਪਣੇ ਸਿਰ ਵਿਚ ਖਾਂਦਾ ਹੋਇਆ ਪਹਿਲੀ ਜੁਲਾਈ 1740 ਨੂੰ ਮਰ ਗਿਆ ਅਤੇ ਭਾਈ ਤਾਰੂ ਸਿੰਘ ਨੇ ਵੀ ਪਹਿਲੀ ਜੁਲਾਈ ਨੂੰ ਪ੍ਰਾਣ ਤਿਆਗ ਦਿੱਤੇ।

# ਜੰਗ-ਏ-ਆਜ਼ਾਦੀ ਹਿੰਦੋਸਤਾਨ 'ਚ ਜੂਨ ਮਹੀਨੇ ਸ਼ਹੀਦ ਹੋਏ ਯੋਧੇ

*(ਪਿਛਲੇ ਸਫੇ ਦੀ ਬਾਕੀ)*

ਦੀਆਂ ਚਾਬੀਆਂ ਦੇ ਮੋਰਚੇ 'ਚ ਗ੍ਰਿਫਤਾਰ ਹੋਏ, 1923 ਤੋਂ 1926 ਤੱਕ ਗੁਰੂ ਕੇ ਬਾਗ ਦੇ ਮੋਰਚੇ ਵਿਚ ਸ਼੍ਰੋਮਣੀ ਕਮੇਟੀ ਦੇ ਪਹਿਲੇ ਜਥੇ ਨਾਲ ਸੈਂਟਰਲ ਜੇਲ੍ਹ 'ਚ ਰਹੇ। ਸਿਵਲ ਨਾ-ਫੁਰਮਾਨੀ ਲਹਿਰ ਦੌਰਾਨ ਇੱਕ ਸਾਲ ਲਈ ਜੇਲ੍ਹ ਕੱਟੀ। ਫਿਰ ਐਮ. ਐਲ. ਏ. ਚੁਣੇ ਗਏ, ਪਿੰਡ ਵਛੋਆ 'ਚ ਮਿਡਲ ਸਕੂਲ ਤੇ ਹਸਪਤਾਲ ਬਣਵਾਇਆ।

30 ਜੂਨ 1950 ਨੂੰ ਰੂੜ ਸਿੰਘ ਪੁੱਤਰ ਰੋਡਾ ਸਿੰਘ, ਪਿੰਡ ਮਾਨਾਵਾਲਾ ਤਹਿਸੀਲ ਜ਼ੀਰਾ (ਫਿਰੋਜ਼ਪੁਰ) ਜੈਤੋਂ ਦੇ ਮੋਰਚੇ 'ਚ ਸ਼ਹੀਦ ਹੋ ਗਏ। ਅੱਠ ਮਹੀਨੇ ਨਾਭਾ ਬੀੜ ਜੇਲ੍ਹ 'ਚ ਰਹੇ। ਅਕਾਲ ਤਖਤ ਤੋਂ ਸਿਰੋਪਾਓ ਦੀ ਬਖਸ਼ਿਸ਼ ਹੋਈ।

## ਜੂਨ ਮਹੀਨੇ ਦੇ ਹੋਰ ਸ਼ਹੀਦ

1940 'ਚ ਝੰਡਾ ਸਿੰਘ ਪੁੱਤਰ ਕਾਲਾ ਸਿੰਘ, ਪਿੰਡ ਸਬਰਾ, ਤਹਿਸੀਲ ਪੱਟੀ (ਅੰਮ੍ਰਿਤਸਰ) ਸਦੀਵੀ ਵਿਛੋੜਾ ਦੇ ਕੇ ਸ਼ਹੀਦਾਂ ਦੀ ਕਤਾਰ 'ਚ ਸ਼ਾਮਲ ਹੋਏ। ਉਹ ਨਾਮਿਲਵਰਤਣ ਲਹਿਰ ਵਿਚ 1921 'ਚ ਸ਼ਾਮਲ ਹੋਏ ਤੇ 1922 'ਚ ਦੋ ਸਾਲ ਲਈ ਜੇਲ੍ਹ ਯਾਤਰਾ ਕੀਤੀ।

1944 'ਚ ਸੂਰਮ ਸਿੰਘ ਪਿੰਡ ਰਾਲੀਵਾਲ (ਹੁਸ਼ਿਆਰਪੁਰ) ਬਰਮਾ ਦੇ ਐਕਸ਼ਨ ਵਿਚ ਸ਼ਹੀਦ ਹੋ ਗਏ। ਉਹ ਆਈ. ਐਨ. ਏ. ਦੇ ਸਿੰਘਾਪੁਰ ਭਰਤੀ ਦੇ ਸਿਪਾਹੀ ਸਨ, ਆਖਰੀ ਸਾਹ ਤੱਕ ਦੇਸ਼ ਹਿਤੈਸ਼ੀ ਰਹੇ।

1944 'ਚ ਮਹਿੰਦਰ ਸਿੰਘ, ਪਿੰਡ ਵਡਾਲਾ, ਡਾਕਖਾਨਾ ਖੁਰਾਲਾ (ਜਲੰਧਰ) ਸਦੀਵੀ ਵਿਛੋੜਾ ਦੇ ਕੇ ਗਏ। ਉਹ ਆਈ. ਐਨ. ਏ. ਦੇ ਦੂਜੇ ਗੁਰੀਲਾ ਯੁੱਧ ਦੇ ਸਿਪਾਹੀ ਸਨ।

1944 'ਚ ਸੁਰੈਣ ਸਿੰਘ ਬਰਮਾ ਦੇ ਐਕਸ਼ਨ 'ਚ ਸ਼ਹੀਦ ਹੋ ਗਏ। ਉਹ ਇੰਡੀਅਨ ਆਰਮੀ 'ਚ ਡੋਗਰਾ ਰੈਜੀਮੈਂਟ ਦੇ ਸਿਪਾਹੀ ਸਨ।

1952 'ਚ ਰਾਜੇ ਰਾਮ ਪੁੱਤਰ ਨਗਰ ਸਿੰਘ ਆਜ਼ਾਦੀ ਦੇ ਸ਼ਹੀਦ, ਪਿੰਡ ਖਾਬੀਵਾਸ ਡਾਕਖਾਨਾ ਚਰਖੀ ਦਦਰੀ (ਮੁਹਿੰਦਰਗੜ੍ਹ) ਬਰਮਾ ਦੀ ਲੜਾਈ 'ਚ ਫੌਤ ਹੋ ਗਏ। ਉਹ 1942 'ਚ ਬਤੌਰ ਮੇਜਰ ਬਣੇ। ਬਾਰਾਸਟ ਨੀਲਗੰਜ਼, ਜਿਗਰ ਕੱਚਾ ਕੈਂਪ ਤੇ ਲਾਲ ਕਿਲ੍ਹਾ ਦੀ ਜੇਲ੍ਹ ਯਾਤਰਾ ਕੀਤੀ। ਕਾਲੀ ਸੂਚੀ 'ਚ ਸ਼ਾਮਲ ਸਨ ਤੇ 1946 'ਚ ਨੌਕਰੀ ਤੋਂ ਬਰਖਾਸਤ ਕੀਤਾ ਗਿਆ।

1955 'ਚ ਜਵਾਹਰ ਸਿੰਘ ਪੁੱਤਰ ਮਸਤਾਨ ਸਿੰਘ, ਪਿੰਡ ਈਸੜੂ ਤਹਿਸੀਲ ਸਮਰਾਲਾ (ਲੁਧਿਆਣਾ) ਸ਼ਹੀਦੀ ਜਾਮਾ ਪਾ ਗਏ। ਉਹ ਗੁਰੂ ਕੇ ਬਾਗ ਦੇ ਮੋਰਚੇ 'ਚ ਸ਼ਾਮਲ ਹੋਏ, ਇੱਕ ਸਾਲ ਨੌਂ ਮਹੀਨੇ ਅੰਮ੍ਰਿਤਸਰ ਤੇ ਅੱਟਕ ਜੇਲ੍ਹ 'ਚ ਨਜ਼ਰਬੰਦ ਰਹੇ। 1930 'ਚ ਲੂਣ ਸਤਿਆਗ੍ਰਹਿ 'ਚ ਹਿੱਸਾ ਲਿਆ।

1959 'ਚ ਨਾਨਕ ਸਿੰਘ ਪੁੱਤਰ ਕ੍ਰਿਪਾ ਰਾਮ ਪਿੰਡ ਜ਼ਰਾਨਵਾਲਾ (ਲਾਇਲਪੁਰ) ਸ਼ਹੀਦੀ ਪਾ ਗਏ। ਉਹ ਆਜ਼ਾਦੀ ਲਈ ਲੜੇ। ਇੱਕ ਦੁਕਾਨਦਾਰ ਸਨ, ਸਿਵਲ ਨਾ-ਫੁਰਮਾਨੀ ਲਹਿਰ 'ਚ ਹਿੱਸਾ ਲਿਆ ਅਤੇ ਲੂਣ ਸਤਿਆਗ੍ਰਹਿ 'ਚ ਸ਼ਮੂਲੀਅਤ ਕਰਕੇ ਅੱਠ ਦੀ ਮਹੀਨੇ ਜੇਲ੍ਹ ਯਾਤਰਾ ਕੀਤੀ।

1960 'ਚ ਮਹਿੰਗਾ ਰਾਮ ਪੁੱਤਰ ਗੰਡਾ ਰਾਮ ਪਿੰਡ ਤੇ ਡਾਕਖਾਨਾ ਕਰਤਾਰਪੁਰ (ਜਲੰਧਰ) ਫੌਤ ਹੋ ਗਏ। ਉਨ੍ਹਾਂ ਦਾ ਨਾਂ 'ਕਾਰਪੋਰੇਸ਼ਨ ਮੂਵਮੈਂਟ' ਦੇ ਸ਼ਹੀਦਾਂ 'ਚ ਸ਼ੁਮਾਰ ਹੈ।

1961 'ਚ ਵਧਾਵਾ ਸਿੰਘ ਪੁੱਤਰ ਹੀਰਾ ਸਿੰਘ, ਪਿੰਡ ਕਰਤਾਰਪੁਰ (ਜਲੰਧਰ) ਸਦੀਵੀ ਵਿਛੋੜਾ ਦੇ ਗਏ। ਉਹ ਆਜ਼ਾਦੀ ਦੇ ਸ਼ਹੀਦ ਸਨ। ਉਨ੍ਹਾਂ ਐਨ. ਸੀ. ਐਮ ਅਤੇ ਕਿਯੂ. ਆਈ. ਐਮ. ਕਰਕੇ ਮੁਲਤਾਨ ਲਾਹੌਰ 'ਚ ਦੋ ਸਾਲ ਜੇਲ੍ਹ ਯਾਤਰਾ ਕੀਤੀ ਤੇ ਕਈ ਵਾਰ ਅਕਾਲੀ ਮੂਵਮੈਂਟ 'ਚ ਹਿੱਸਾ ਲਿਆ।

1964 'ਚ ਕੇਹਰ ਸਿੰਘ ਪੁੱਤਰ ਸੰਤਾ ਸਿੰਘ ਪਿੰਡ ਮੜ੍ਹੀ ਮੇਘਾ, ਤਹਿਸੀਲ ਪੱਟੀ (ਅੰਮ੍ਰਿਤਸਰ) ਸਦੀਵੀ ਵਿਛੋੜਾ ਦੇ ਕੇ ਸ਼ਹੀਦਾਂ ਦੀ ਕਤਾਰ 'ਚ ਖੜੇ ਹੋ ਗਏ। ਉਹ ਗੁਰੂ ਕੇ ਬਾਗ ਦੇ ਕਿਸਾਨ ਮੋਰਚੇ 'ਚ ਸ਼ਾਮਲ ਹੋਏ। ਅਟਕ ਤੇ ਮੁਲਤਾਨ ਦੀ ਜੇਲ੍ਹ ਯਾਤਰਾ ਕੀਤੀ।

—

ਅਨਾਜ ਦਾ ਹਰ ਦਾਣਾ
ਅੰਗਰੇਜ਼ ਪ੍ਰੇਮੀ ਲੈ ਗਏ ਹਨ
ਭਾਈਵੰਦੋ ਜਾਗੋ। (ਲਾਲ ਚੰਦ ਫਲਕ)



*ਜੈਤੋ ਦੇ ਮੋਰਚੇ ਲਈ ਤਿਆਰ ਖੜਾ ਸ਼ਹੀਦੀ ਜਥਾ*

1833 'ਚ ਵਿਲੀਅਮ ਹੰਟਰ, ਜਿਸ ਨੇ ਵਾਇਸਰਾਏ ਦੀ ਕੌਂਸਲ 'ਚ ਕਿਹਾ ਸੀ ਕਿ ਸਰਕਾਰੀ ਕਰ ਵਸੂਲੀ ਪਿਛੋਂ ਭਾਰਤੀ ਕਿਸਾਨ ਦੇ ਘਰ ਸਾਲ ਭਰ ਖਾਣ ਜੋਗੇ ਦਾਣੇ ਨਹੀਂ ਬਚਦੇ।

ਅਸੀਂ ਜਦੋਂ ਹਿੰਦੋਸਤਾਨ ਦੇ ਆਜ਼ਾਦੀ ਘੁਲਾਟੀਆਂ ਦੀਆਂ ਸ਼ਹੀਦੀਆਂ ਨੂੰ ਇਤਿਹਾਸਕ ਪੰਨਿਆਂ 'ਤੇ ਦੇਖਦੇ ਹਾਂ, ਤਾਂ ਸੋਚ ਪੈਦਾ ਹੁੰਦੀ ਹੋਵੇਗੀ ਕਿ ਉਹ ਕਿਹੋ ਜਿਹੀਆਂ ਰੂਹਾਂ ਹੋਣਗੀਆਂ, ਜਿਨ੍ਹਾਂ ਜਾਨ ਦੀ ਪ੍ਰਵਾਹ ਕੀਤੇ ਬਿਨਾ ਆਜ਼ਾਦੀ ਦੇ ਹਵਨ-ਕੁੰਡ ਨੂੰ ਪ੍ਰਚੰਡ ਕੀਤਾ।

ਇੰਡੋ-ਅਮੈਰਿਕਨ ਹੈਰੀਟੇਜ ਫਾਊਂਡੇਸ਼ਨ, ਨਿਊ ਯਾਰਕ ਦੇ ਯਤਨ ਹਨ ਕਿ ਜਿਨ੍ਹਾਂ ਯੋਧਿਆਂ ਨੇ ਹਿੰਦੋਸਤਾਨ ਦੀ ਆਜ਼ਾਦੀ ਲਈ ਸ਼ਹੀਦੀਆਂ ਪਾਈਆਂ, ਉਨ੍ਹਾਂ ਬਾਰੇ ਵੱਧ ਤੋਂ ਵੱਧ ਜਾਣਕਾਰੀ ਪ੍ਰਾਪਤ ਕਰਕੇ ਜੁਝਾਰੂ ਵਿਰਸੇ ਬਾਰੇ ਦੱਸੀਏ। ਅਸੀਂ ਹਮੇਸ਼ਾ ਬੇਨਤੀ ਕਰਦੇ ਹਾਂ ਕਿ ਭੁੱਲੇ ਵਿਸਰੇ ਆਜ਼ਾਦੀ ਘੁਲਾਟੀਆਂ ਬਾਰੇ ਕਿਸੇ ਕੋਲ ਜਾਣਕਾਰੀ ਹੋਵੇ ਤਾਂ ਸਾਡੇ ਨਾਲ ਫੋਨ:1-347-753-5940 ਰਾਹੀਂ ਸਾਂਝੀ ਕੀਤੀ ਜਾ ਸਕਦੀ ਹੈ ਤਾਂ ਕਿ ਉਨ੍ਹਾਂ ਨੂੰ ਇਤਿਹਾਸ ਨਾਲ ਜੋੜ ਕੇ ਕੁਰਬਾਨੀ ਦਾ ਰਿਣ ਉਤਾਰਿਆ ਜਾ ਸਕੇ।

ਸ਼ਹੀਦਾਂ ਦੀ ਜਾਣਕਾਰੀ ਲਈ ਉਤਸ਼ਾਹਿਤ ਕਰਨ ਵਾਲੇ ਸੱਜਣਾਂ-ਮਿੱਤਰਾਂ-ਮਾਸਟਰ ਮੋਹਨ ਸਿੰਘ ਭੰਵਰਾ, ਬਲਵੀਰ ਸਿੰਘ ਡੁਮੇਲੀ, ਜਸਵਿੰਦਰ ਪਾਲ ਸਿੰਘ, ਹਰਦੇਵ ਸਿੰਘ (ਐਸ. ਐਫ. ਆਈ) ਕੈਨੇਡਾ, ਬੀਬੀ ਦਵਿੰਦਰ ਕੌਰ, ਪ੍ਰੋ. ਪਰਮਜੀਤ ਕੌਰ, ਸਵਰਨ ਸਿੰਘ ਸਲੈਚ ਅਤੇ ਦਵਿੰਦਰ ਝਾਵਰ ਦਾ ਧੰਨਵਾਦ ਕਰਦਿਆਂ ਹਮੇਸ਼ਾ ਸਾਥ ਦੀ ਆਸ ਕਰਦੇ ਹਾਂ।

**ਵਲੋਂ: ਇੰਡੋ-ਅਮੈਰਿਕਨ ਹੈਰੀਟੇਜ ਫਾਊਂਡੇਸ਼ਨ, ਨਿਊ ਯਾਰਕ।**

# ਪਲੈਟੋ ਦੀ ਫਿਲਾਸਫੀ, ਗੁਰਮਤਿ ਤੇ ਅਜੋਕਾ ਸਾਮਰਾਜਵਾਦ

***ਬਦੀ ਅਤੇ ਨੇਕੀ ਮਨੁੱਖੀ ਸਭਿਅਤਾ ਦੀ ਚੂਲ ਰਹੇ ਹਨ। ਸ. ਗੁਰਬਚਨ ਸਿੰਘ ਨੇ ਆਪਣੇ ਇਸ ਲੇਖ ਵਿਚ ਨੇਕੀ ਅਤੇ ਬਦੀ ਵਾਲੀ ਗੱਲ ਸੁਣਾਉਣ ਲਈ ਸੰਸਾਰ ਪ੍ਰਸਿੱਧ ਵਿਦਵਾਨ ਪਲੈਟੋ ਦੀ ਲਿਖਤ ਦਾ ਸਹਾਰਾ ਲਿਆ ਹੈ। ਪਲੈਟੋ ਦਾ ਇਹ ਵੇਰਵਾ ਬਹੁਤ ਲੰਮੇਰਾ ਤਾਂ ਹੈ ਪਰ ਇਹ ਓਨਾ ਹੀ ਦਿਲਚਸਪ ਹੈ ਅਤੇ ਚੰਗੇ ਮਨੁੱਖ ਦੀ ਤਲਾਸ਼ ਵੱਲ ਵਧਾਇਆ ਨਿੱਗਰ ਕਦਮ ਵੀ ਹੈ। ਪਲੈਟੋ ਇਸ ਦੁਨੀਆਂ ਉਤੇ ਤਕਰੀਬਨ ਢਾਈ ਹਜ਼ਾਰ ਸਾਲ ਪਹਿਲਾਂ ਆਇਆ। ਉਸ ਨੇ ਉਸ ਵਕਤ ਦੇ ਮੁਹਾਵਰੇ ਮੁਤਾਬਿਕ ਚੰਗੇ ਮਨੁੱਖ ਦੀ ਲਲਕ ਆਪਣੀ ਅਹਿਮ ਲਿਖਤ (ਰਿਪਬਲਿਕ) ਵਿਚ ਦਰਜ ਕੀਤੀ ਹੈ ਜਿਸ ਦੀ ਲੜੀ ਅੱਜ ਨਾਲ ਜੁੜਦੀ ਹੈ। -ਸੰਪਾਦਕ***

ਪੱਛਮ-ਪ੍ਰਸਤ ਕੁਝ ਪੜ੍ਹੇ-ਲਿਖੇ ਸੱਜਣਾਂ ਨੂੰ ਇਹ ਗੱਲ ਬੜੀ ਅਜੀਬ ਲੱਗ ਸਕਦੀ ਹੈ ਕਿ ਕਰੀਬ ਢਾਈ ਹਜ਼ਾਰ ਸਾਲ ਪਹਿਲਾਂ ਯੂਨਾਨ ਵਿਚ ਪੈਦਾ ਹੋਏ ਮਹਾਨ ਚਿੰਤਕ ਪਲੈਟੋ ਦੀ ਫਿਲਾਸਫੀ ਦਾ ਭਲਾ ਗੁਰਮਤਿ ਨਾਲ ਕੀ ਰਿਸ਼ਤਾ ਹੋ ਸਕਦਾ ਹੈ? ਇਨ੍ਹਾਂ ਸੱਜਣਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਸੰਸਾਰ ਭਰ ਦੀ ਫਿਲਾਸਫੀ, ਭਾਵੇਂ ਉਹ ਪੱਛਮ ਦੀ ਹੈ ਜਾਂ ਪੂਰਬ ਦੀ, ਇਕ-ਦੂਜੇ ਨਾਲੋਂ ਟੁੱਟ ਕੇ ਨਹੀਂ, ਸਗੋਂ ਇਕ-ਦੂਜੇ ਦੀ ਨਿਰੰਤਰਤਾ ਵਿਚ ਵਿਕਸਿਤ ਹੋਈ ਹੈ। ਗੁਰਮਤਿ ਵਿਚਲੀ ਫਿਲਾਸਫੀ ਕਿਉਂਕਿ ਪੂਰਬ ਅਤੇ ਪੱਛਮ ਦੀ ਫਿਲਾਸਫੀ ਨੂੰ ਆਪਣੇ ਆਤਮ ਵਿਚ ਸਮੇਟ ਕੇ ਵਿਕਸਿਤ ਹੋਈ ਹੈ, ਇਸ ਲਈ ਇਸ ਦਾ ਪਲੈਟੋ ਦੀ ਫਿਲਾਸਫੀ ਨਾਲ ਵੀ ਸਿੱਧਾ ਰਿਸ਼ਤਾ ਹੈ। ਇਹ ਰਿਸ਼ਤਾ ਉਦੋਂ ਸਪਸ਼ਟ ਹੁੰਦਾ ਹੈ, ਜਦੋਂ ਦੋਹਾਂ ਫਿਲਾਸਫੀਆਂ ਨੂੰ ਇਕ-ਦੂਜੇ ਦੇ ਪ੍ਰਸੰਗ 'ਚ ਰੱਖ ਕੇ ਪੜ੍ਹਿਆ ਜਾਂਦਾ ਹੈ।

ਇਥੇ ਪਲੈਟੋ ਬਾਰੇ ਬਹੁਤਾ ਦੱਸਣ ਦੀ ਲੋੜ ਨਹੀਂ ਜਾਪਦੀ। ਇਹ ਸੱਚਾਈ ਸਰਬ ਪ੍ਰਵਾਨਿਤ ਹੈ ਕਿ ਪੱਛਮੀ ਸਭਿਅਤਾ ਤੇ ਪੱਛਮੀ ਤਰਜ਼ ਦੀ ਜਮਹੂਰੀਅਤ ਦਾ ਆਧਾਰ ਪਲੈਟੋ ਦੀ ਫਿਲਾਸਫੀ

**ਗੁਰਬਚਨ ਸਿੰਘ**
**ਫੋਨ: 91-98156-98451**

ਅਤੇ ਇਸਾਈ ਧਰਮ ਹੈ। ਕਮਿਊਨਿਸਟ ਚਿੰਤਕ ਕਾਰਲ ਮਾਰਕਸ ਤੇ ਫ੍ਰੈਡਰਿਕ ਏਂਗਲਜ਼ ਨੇ ਆਪਣੀਆਂ ਲਿਖਤਾਂ ਵਿਚ ਇਸ ਧਾਰਨਾ ਨੂੰ ਸਥਾਪਿਤ ਕੀਤਾ ਹੈ। ਇਸ ਦੀ ਪੁਸ਼ਟੀ ਡਾ. ਅੰਬੇਡਕਰ, ਸਿਰਦਾਰ ਕਪੂਰ ਸਿੰਘ ਤੇ ਡਾ. ਗੁਰਭਗਤ ਸਿੰਘ ਨੇ ਵੀ ਕੀਤੀ ਹੈ। ਇਹ ਸਰਬ ਪ੍ਰਵਾਨਿਤ ਹੈ ਕਿ ਪਲੈਟੋ ਦੀ ਫਿਲਾਸਫੀ ਨੇ ਅਜੋਕੀ ਪੱਛਮੀ ਫਿਲਾਸਫੀ ਤੇ ਸਭਿਅਤਾ ਦਾ ਮੁਢ ਬੰਨ੍ਹਿਆ।

ਪਲੈਟੋ ਦੀ ਜਗਤ ਪ੍ਰਸਿਧ ਤੇ ਅਹਿਮ ਮੰਨੀ ਜਾਂਦੀ ਕਿਰਤ ਗਣਰਾਜ (ਰਿਪਬਲਿਕ) ਹੈ। ਆਪਣੀ ਇਸ ਲਿਖਤ ਵਿਚ ਉਸ ਨੇ ਮਨੁੱਖੀ ਜ਼ਿੰਦਗੀ ਦੇ ਸਾਰੇ ਪੱਖਾਂ ਸਮੇਤ ਆਦਰਸ਼ ਜਮਹੂਰੀਅਤ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਉਸ ਦੀ ਇਹ ਲਿਖਤ ਹੁਣ ਤਕ ਦੁਨੀਆਂ ਭਰ ਵਿਚ ਸਭ ਤੋਂ ਵਧ ਪੜ੍ਹੀਆਂ ਗਈਆਂ ਲਿਖਤਾਂ ਵਿਚੋਂ ਇਕ ਹੈ। ਇਸ ਲਿਖਤ ਦਾ ਕਰੀਬ ਸਾਰੀਆਂ ਭਾਸ਼ਾਵਾਂ ਵਿਚ ਅਨੁਵਾਦ ਹੋ ਚੁਕਾ ਹੈ। ਇਹ ਸਾਰੀ ਕਿਤਾਬ ਵਾਰਤਾਲਾਪ ਦੇ ਰੂਪ ਵਿਚ ਲਿਖੀ ਗਈ ਹੈ। ਆਪਣੀ ਇਸ ਕਿਰਤ ਵਿਚ ਪਲੈਟੋ ਨੇ ਨਰਕ-ਸਵਰਗ ਦੀ ਹੋਂਦ ਅਤੇ ਚੰਗੀਆਂ ਬੁਰੀਆਂ ਆਤਮਾਵਾਂ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਇਸ ਲਿਖਤ ਦਾ ਅੰਤ ਪਲੈਟੋ ਨੇ ਇਕ ਕਥਾ ਸੁਣਾ ਕੇ ਕੀਤਾ ਹੈ। ਇਹ ਕਥਾ ਜਿਥੇ ਨਰਕ-ਸਵਰਗ ਬਾਰੇ ਬੜੀ ਦਿਲਚਸਪ ਜਾਣਕਾਰੀ ਦਿੰਦੀ ਹੈ, ਉਥੇ ਆਤਮਾ ਦੇ ਅਮਰ ਹੋਣ ਦਾ 'ਸਚ' ਵੀ ਬੜੇ ਦਿਲਚਸਪ ਢੰਗ ਨਾਲ ਪੇਸ਼ ਕਰਦੀ ਹੈ। ਪੱਛਮੀ ਮਨੁੱਖ ਦੀ ਸੋਚ ਵਿਚ ਨਰਕ-ਸਵਰਗ ਦਾ ਆਧਾਰ ਅਜਿਹੇ ਫਿਲਾਸਫਰਾਂ ਦੀਆਂ ਕਥਾਵਾਂ ਹੀ ਬਣੀਆਂ ਹਨ। ਇਸ ਕਥਾ ਵਿਚਲੇ ਅਜੀਬ ਨਾਂਵਾਂ ਵਿਚ ਉਲਝਣ ਦੀ ਥਾਂ ਇਸ ਦੀ ਕਥਨ ਸ਼ੈਲੀ ਅਤੇ ਇਸ ਦੇ ਤਤ ਉਤੇ ਗੌਰ ਕਰਨ ਦੀ ਲੋੜ ਹੈ। ਇਹ ਕਥਾ ਭਾਵੇਂ ਲੰਮੀ ਹੈ, ਪਰ ਪਲੈਟੋ ਦੀ ਕਲਪਨਾ ਸ਼ਕਤੀ ਦੇ ਨਜ਼ਾਰੇ ਮਾਣਨ ਲਈ ਸਾਰੀ ਕਥਾ ਪੜ੍ਹਨਯੋਗ ਹੈ।

"ਚੰਗਾ, ਤਾਂ ਮੈਂ ਹੁਣ ਤੁਹਾਨੂੰ ਇਕ ਕਥਾ ਸੁਣਾਵਾਂ। ਇਹ ਉਨ੍ਹਾਂ ਕਥਾਵਾਂ ਵਿਚੋਂ ਨਹੀਂ, ਜੋ ਓਡਿਸਿਸ ਨੇ ਬਹਾਦਰ ਏਲਸੀਨੋਸ ਨੂੰ ਸੁਣਾਈਆਂ, ਸਗੋਂ ਇਹ ਪਾਮਫੀਲਿਆ ਦੇ ਨਿਵਾਸੀ ਏਰਮੇਨਿਅਸ ਦੇ ਬਹਾਦਰ ਪੁੱਤਰ ਏਰ ਦੀ ਕਹਾਣੀ ਹੈ। ਉਹ ਯੁੱਧ ਵਿਚ ਮਾਰਿਆ ਗਿਆ ਅਤੇ ਦਸ ਦਿਨਾਂ ਪਿਛੋਂ ਜਦੋਂ ਲੋਕਾਂ ਨੇ ਲਾਸ਼ਾਂ ਚੁਕੀਆਂ ਤਾਂ ਹੋਰ ਸਾਰੇ ਸਰੀਰ ਤਾਂ ਸੜ ਚੁਕੇ ਸਨ, ਪਰ ਇਸ ਦੇ ਸਰੀਰ ਉਤੇ ਕੋਈ ਅਸਰ ਨਹੀਂ ਸੀ। ਸੋ ਉਸ ਦੀ ਲਾਸ਼ ਨੂੰ ਸਾੜਨ ਲਈ ਉਹ ਘਰ ਲੈ ਗਏ। ਬਾਰ੍ਹਵੇਂ ਦਿਨ ਜਦੋਂ ਏਰ ਦੀ ਲਾਸ਼ ਨੂੰ ਚਿਖਾ ਉਤੇ ਰਖਿਆ ਗਿਆ ਤਾਂ ਉਹ ਮੁੜ ਜਿਉਂਦਾ ਹੋ ਗਿਆ। ਪਰਲੋਕ ਵਿਚ ਉਸ ਨੇ ਜੋ ਕੁਝ ਦੇਖਿਆ ਸੀ, ਉਹ ਲੋਕਾਂ ਨੂੰ ਸੁਣਾ ਦਿੱਤਾ। ਉਸ ਨੇ ਕਿਹਾ ਕਿ ਜਦੋਂ ਮੇਰੀ ਆਤਮਾ ਨੇ ਸਰੀਰ ਛਡਿਆ ਤਾਂ ਮੈਂ ਬਹੁਤ ਸਾਰੇ ਮਨੁੱਖਾਂ ਨਾਲ ਯਾਤਰਾ ਲਈ ਚੱਲ ਪਿਆ। ਚਲਦਿਆਂ-ਚਲਦਿਆਂ ਅਸੀਂ ਇਕ ਗੁਪਤ ਥਾਂ ਪਹੁੰਚੇ, ਜਿਥੇ ਧਰਤੀ ਹੇਠਾਂ ਖੁਲ੍ਹਣ ਵਾਲੇ ਦਰਵਾਜ਼ੇ ਸਨ। ਇਹ ਦੋਵੇਂ ਦਰਵਾਜ਼ੇ ਨਾਲ-ਨਾਲ ਹੀ ਸਨ। ਇਨ੍ਹਾਂ ਦੇ ਸਾਹਮਣੇ ਉਪਰ ਅਸਮਾਨ ਵਿਚ ਵੀ ਦੋ ਦਰਵਾਜ਼ੇ ਸਨ। ਵਿਚਕਾਰਲੀ ਥਾਂ ਵਿਚ ਨਿਆਂ ਕਰਨ ਵਾਲਿਆਂ ਦੀ ਕਚਹਿਰੀ ਲੱਗੀ ਹੋਈ ਸੀ। ਜਦੋਂ ਨਿਆਈਂ ਮਨੁੱਖਾਂ ਦੇ ਮਾਮਲੇ ਦਾ ਫੈਸਲਾ ਹੋ ਚੁਕਾ ਹੁੰਦਾ ਤਾਂ ਫੈਸਲੇ ਅਨੁਸਾਰ ਉਨ੍ਹਾਂ ਨੂੰ ਬੰਨ੍ਹ ਕੇ ਆਗਿਆ ਦਿੱਤੀ ਜਾਂਦੀ ਕਿ ਅਸਮਾਨੀ ਰਾਹ ਤੋਂ ਸਿੱਧੇ ਹੱਥ ਵੱਲ ਉਪਰ ਚੜ੍ਹ ਜਾਓ। ਇਸੇ ਤਰ੍ਹਾਂ ਅਨਿਆਈਂ ਵਿਅਕਤੀਆਂ ਨੂੰ ਉਲਟੇ ਹੱਥ ਵਲੋਂ ਹੇਠਾਂ ਉਤਰਨ ਦਾ ਹੁਕਮ ਮਿਲਦਾ। ਇਨ੍ਹਾਂ ਦੇ ਕਰਮਾਂ ਦੇ ਚਿੰਨ੍ਹ ਵੀ ਨਾਲ ਹੀ ਹੁੰਦੇ ਸਨ, ਪਰ ਪਿੱਠ ਵਾਲੇ ਪਾਸੇ ਲਟਕੇ ਹੁੰਦੇ ਸਨ।

ਮੈਂ ਜਦੋਂ ਨੇੜੇ ਪਹੁੰਚਿਆ ਤਾਂ ਮੈਨੂੰ ਆਖਿਆ ਗਿਆ ਕਿ ਤੂੰ ਉਹ ਦੂਤ ਹੈਂ, ਜੋ ਇਸ ਲੋਕ ਦੀਆਂ ਖਬਰਾਂ ਮਨੁੱਖਾਂ ਤਕ ਲੈ ਕੇ ਜਾਏਂਗਾ। ਮੈਨੂੰ ਹੁਕਮ ਮਿਲਿਆ ਕਿ ਜੋ ਵੀ ਦੇਖਣ-ਸੁਣਨ ਦੀਆਂ ਗੱਲਾਂ ਹਨ, ਉਹ ਮੈਂ ਸਭ ਦੇਖ-ਸੁਣ ਲਵਾਂ। ਮੈਂ ਨਜ਼ਰ ਮਾਰੀ ਤਾਂ ਦੇਖਿਆ ਕਿ ਜਦੋਂ ਫੈਸਲਾ ਸੁਣਾ ਦਿੱਤਾ ਜਾਂਦਾ ਸੀ ਤਾਂ ਧਰਤੀ ਅਤੇ ਅਸਮਾਨ ਦੇ ਇਕ-ਇਕ ਦਰਵਾਜ਼ੇ ਤੋਂ ਤਾਂ ਆਤਮਾਵਾਂ ਜਾ ਰਹੀਆਂ ਸਨ ਅਤੇ ਦੂਜੇ ਦੋਹਾਂ ਦਰਵਾਜ਼ਿਆਂ ਤੋਂ ਆਤਮਾਵਾਂ ਕੁਝ ਤਾਂ ਗਰਦ ਵਿਚ ਲਿਪਟੀਆਂ ਅਤੇ ਯਾਤਰਾ ਨਾਲ ਥਕ ਕੇ ਚੂਰ ਹੋਈਆਂ ਪ੍ਰਿਥਵੀ ਦੇ ਅੰਦਰੋਂ ਉਪਰ ਆਉਂਦੀਆਂ ਤੇ ਕਈ ਜਗਮਗ ਕਰਦੀਆਂ ਅਸਮਾਨ ਤੋਂ ਹੇਠਾਂ ਉਤਰਦੀਆਂ ਸਨ। ਅਜਿਹਾ ਪ੍ਰਤੀਤ ਹੁੰਦਾ ਕਿ ਸਾਰੀਆਂ ਆਤਮਾਵਾਂ ਕਿਸੇ ਲੰਮੀ ਯਾਤਰਾ ਤੋਂ ਹੁਣੇ ਮੁੜ ਕੇ ਆ ਰਹੀਆਂ ਹਨ। ਇਹ ਸਾਰੀਆਂ ਅਨੰਦ ਸਹਿਤ ਹਰੀਆਂ ਭਰੀਆਂ ਥਾਂਵਾਂ ਵੱਲ ਜਾਂਦੀਆਂ ਅਤੇ ਉਥੇ ਜਾ ਕੇ ਜਿਵੇਂ ਕੋਈ ਪੜਾਅ ਜਾਂ ਇਕੱਠ ਹੁੰਦਾ ਹੈ, ਇਹ ਆਤਮਾਵਾਂ ਇਕ-ਦੂਜੀ ਤੋਂ ਜਾਣੂ ਸਨ, ਆਪਸ ਵਿਚ ਗਲੇ ਮਿਲਦੀਆਂ ਅਤੇ ਖੂਬ ਗੱਲਾਂ ਕਰਦੀਆਂ। ਧਰਤੀ ਵਿਚੋਂ ਆਉਣ ਵਾਲੀਆਂ ਆਤਮਾਵਾਂ ਬੜੀ ਬੇਸਬਰੀ ਨਾਲ ਉਪਰ ਦਾ ਹਾਲ ਪੁੱਛਦੀਆਂ ਅਤੇ ਅਸਮਾਨ ਵਿਚੋਂ ਆਉਣ ਵਾਲੀਆਂ ਆਤਮਾਵਾਂ ਹੇਠਾਂ ਦਾ ਹਾਲ ਪੁੱਛਦੀਆਂ। ਸਾਰੀਆਂ ਇਕ ਦੂਜੀ ਨੂੰ ਯਾਤਰਾ ਦੀਆਂ ਘਟਨਾਵਾਂ ਸੁਣਾਉਂਦੀਆਂ। ਹੇਠੋਂ ਆਉਣ ਵਾਲੀਆਂ ਆਤਮਾਵਾਂ, ਜੋ ਕੁਝ ਉਨ੍ਹਾਂ ਉਤੇ ਪ੍ਰਿਥਵੀ ਦੀ ਯਾਤਰਾ ਵਿਚ ਬੀਤੀ ਸੀ (ਤੇ ਇਹ ਯਾਤਰਾ ਇਕ ਹਜ਼ਾਰ ਵਰ੍ਹੇ ਦੀ ਸੀ) ਇਸ ਦੀ ਯਾਦ ਉਤੇ ਰੋਂਦੀਆਂ ਅਤੇ ਸੋਗ ਮਨਾਉਂਦੀਆਂ। ਉਤੋਂ ਆਉਣ ਵਾਲੀਆਂ ਆਤਮਾਵਾਂ ਆਕਾਸ਼ ਲੋਕ ਦੇ ਅਨੰਦ ਅਤੇ ਕਲਪਨਾਸ਼ੀਲ ਸੌਂਦਰਯ ਦਾ ਵਰਣਨ ਕਰਦੀਆਂ।

(ਪਿਆਰੇ) ਗਲਾਕਨ! ਸਾਰਾ ਕਿੱਸਾ ਤਾਂ ਬਹੁਤ ਸਮਾਂ ਲੈ ਲਵੇਗਾ। ਸੰਖੇਪ ਵਿਚ ਏਰ ਨੇ ਇਹ ਕਿਹਾ ਕਿ ਇਨ੍ਹਾਂ ਆਤਮਾਵਾਂ ਨੇ ਕਿਸੇ ਦੇ ਨਾਲ ਜੋ ਬੁਰਾਈ ਕੀਤੀ ਸੀ, ਉਸ ਦੀ ਦਸ ਗੁਣਾ ਸਜ਼ਾ ਉਨ੍ਹਾਂ ਨੂੰ ਭੁਗਤਣੀ ਪਈ; ਅਰਥਾਤ ਜੇ ਸੌ ਵਰ੍ਹੇ ਵਿਚ ਇਕ ਵਾਰੀ ਬੁਰਾਈ ਕੀਤੀ ਸੀ (ਅਤੇ ਮਨੁੱਖ ਦੀ ਉਮਰ ਦਾ ਇਹੋ ਅੰਦਾਜ਼ਾ ਲਾਇਆ ਜਾਂਦਾ ਹੈ) ਤਾਂ ਉਹ ਦਸ ਗੁਣਾਂ ਸਜ਼ਾ ਹਜ਼ਾਰ ਵਰ੍ਹੇ ਵਿਚ ਪੂਰੀ ਹੋਈ। ਮਿਸਾਲ ਵਜੋਂ, ਜੇ ਕੋਈ ਅਨੇਕ ਮੌਤਾਂ ਦਾ ਕਾਰਨ ਬਣਿਆ ਹੋਵੇ, ਜੇ ਕਿਸੇ ਨੇ ਨਗਰਾਂ ਅਤੇ ਫੌਜਾਂ ਨੂੰ ਗੁਲਾਮ ਬਣਾਇਆ ਹੋਵੇ, ਉਸ ਨੇ ਲੋਕਾਂ ਨਾਲ ਵਿਸਾਹਘਾਤ ਕੀਤਾ ਹੋਵੇ ਜਾਂ ਕਿਸੇ ਹੋਰ ਦੁਰਾਚਾਰੀ ਆਚਰਨ ਦਾ ਭਾਗੀ ਹੋਵੇ ਤਾਂ ਸਾਰੇ ਪਾਪਾਂ ਲਈ ਇਕ-ਇਕ ਕਰਕੇ ਦਸ ਗੁਣਾ ਸਜ਼ਾ ਮਿਲਦੀ ਹੈ। ਇਸੇ ਤਰ੍ਹਾਂ ਪਰਉਪਕਾਰ, ਨਿਆਂ ਤੇ ਪਵਿੱਤਰਤਾ ਦਾ ਇਨਾਮ ਵੀ ਇਸੇ ਅਨੁਪਾਤ ਵਿਚ ਮਿਲਦਾ ਹੈ।

ਇਸ ਦੇ ਦੁਹਰਾਉਣ ਦੀ ਤਾਂ ਇਥੇ ਲੋੜ ਨਹੀਂ ਕਿ ਜੋ ਕੁਝ ਉਸ ਨੇ ਛੋਟੇ ਬੱਚਿਆਂ ਬਾਰੇ ਕਿਹਾ, ਜੋ ਪੈਦਾ ਹੁੰਦੇ ਹੀ ਮਰ ਜਾਂਦੇ ਹਨ। ਦੇਵਤਿਆਂ ਅਤੇ ਮਾਪਿਆਂ ਨਾਲ, ਆਗਿਆ ਜਾਂ ਆਗਿਆ-ਪਾਲਣ ਬਾਰੇ, ਖੂਨੀਆਂ ਬਾਰੇ ਉਸ ਨੇ ਬਹੁਤ ਵੱਡੀਆਂ-ਵੱਡੀਆਂ ਸਜ਼ਾਵਾਂ ਅਤੇ ਇਨਾਮਾਂ ਦਾ ਵਰਣਨ ਕੀਤਾ। ਉਹ ਕਹਿੰਦਾ ਸੀ ਕਿ ਜਦੋਂ ਇਕ ਆਤਮਾ ਨੇ ਦੂਜੀ ਆਤਮਾ ਤੋਂ ਪੁਛਿਆ ਕਿ 'ਆਰਡੀਅਸ ਮਹਾਨ ਤੂੰ ਕਿਥੇ?' ਤਾਂ ਮੈਂ ਖੁਦ ਹਾਜ਼ਰ ਸਾਂ (ਇਹ ਆਰਡੀਅਸ ਏਰ ਦੇ ਕਾਲ ਤੋਂ ਕੋਈ ਹਜ਼ਾਰ ਸਾਲ ਪਹਿਲਾਂ ਹੋਇਆ ਸੀ)। ਇਹ ਪਾਮਫੀਲਿਆ ਨਗਰ ਦਾ ਤਾਨਾਸ਼ਾਹ ਰਾਜਾ ਸੀ। ਆਪਣੇ ਬੁੱਢੇ ਪਿਓ ਅਤੇ ਭਰਾ ਨੂੰ ਇਸ ਨੇ ਜਾਨੋਂ ਮਾਰ ਦਿੱਤਾ ਸੀ। ਕਹਿੰਦੇ ਹਨ ਕਿ ਅਜਿਹੇ ਹੀ ਬਹੁਤ ਸਾਰੇ ਗੁਨਾਹਾਂ ਦਾ ਉਹ ਭਾਗੀ ਸੀ। ਦੂਜੀ ਆਤਮਾ ਨੇ ਉਤਰ ਦਿੱਤਾ, 'ਉਹ ਇਥੇ ਨਹੀਂ ਆਇਆ, ਨਾ ਹੀ ਕਦੇ ਆਏ' ਅਤੇ ਉਹ ਇਨ੍ਹਾਂ ਭਿਆਨਕ ਦ੍ਰਿਸ਼ਾਂ ਵਿਚੋਂ ਇਕ ਸੀ, ਜੋ ਅਸੀਂ ਆਪਣੀ ਅੱਖੀਂ ਵੇਖੇ।



*ਮਹਾਨ ਚਿੰਤਕ ਪਲੈਟੋ ਦਾ ਇਕ ਚਿੱਤਰ*

ਅਸੀਂ ਗੁਫਾ ਦੇ ਬੂਹੇ ਉਤੇ ਖੜ੍ਹੇ ਸਾਂ ਅਤੇ ਕਿਉਂਕਿ ਆਪਣਾ ਸਾਰਾ ਅਨੁਭਵ ਪ੍ਰਾਪਤ ਕਰ ਚੁਕੇ ਸਾਂ, ਇਸ ਲਈ ਹੁਣ ਉਪਰ ਚੜ੍ਹਨ ਹੀ ਵਾਲੇ ਸਾਂ ਕਿ ਅਚਾਨਕ ਆਰਡੀਅਸ ਅਤੇ ਹੋਰ ਕਈ ਜਣੇ ਨਜ਼ਰੀਂ ਪਏ। ਇਨ੍ਹਾਂ ਵਿਚੋਂ ਬਹੁਤੇ ਤਾਨਾਸ਼ਾਹ ਰਾਜੇ ਸਨ ਤੇ ਇਨ੍ਹਾਂ ਅਤਿਆਚਾਰੀਆਂ ਤੋਂ ਇਲਾਵਾ ਹੋਰ ਲੋਕ ਵੀ ਸਨ, ਜੋ ਦੁਨੀਆਂ ਵਿਚ ਬੜੇ-ਬੜੇ ਗੁਨਾਹਗਾਰ ਰਹਿ ਚੁਕੇ ਸਨ। ਉਨ੍ਹਾਂ ਦਾ ਵਿਚਾਰ ਸੀ ਕਿ ਇਹ ਹੁਣ ਉਚ-ਲੋਕ ਨੂੰ ਵਾਪਸ ਜਾਂਦੇ ਹਨ, ਪਰ ਜਦੋਂ ਵੀ ਕੋਈ ਸਜ਼ਾ ਭੋਗਣ ਤੋਂ ਪਹਿਲਾਂ ਉਸ ਬੂਹੇ ਅੰਦਰ ਵੜਨ ਦਾ ਯਤਨ ਕਰਦਾ ਤਾਂ ਉਸ ਬੂਹੇ ਵਿਚੋਂ ਚੀਕ ਨਿਕਲਦੀ ਅਤੇ ਕੁਝ ਭਿਆਨਕ ਸ਼ਕਲਾਂ ਵਾਲੇ ਅਗਨ-ਮੁਖੀ ਮਨੁੱਖ ਇਨ੍ਹਾਂ ਨੂੰ ਫੜ ਕੇ ਆਪਣੇ ਨਾਲ ਲੈ ਜਾਂਦੇ। ਆਰਡੀਅਸ ਤੇ ਕੁਝ ਹੋਰ ਲੋਕਾਂ ਨੂੰ ਤਾਂ ਹੱਥ ਪੈਰ ਬੰਨ੍ਹ ਕੇ ਹੇਠਾਂ ਸੁਟ ਦਿੱਤਾ ਤੇ ਫਿਰ ਪੂਰੇ ਰਾਹ ਉਨ੍ਹਾਂ ਨੂੰ ਖੂਬ ਘਸੀਟਿਆ। ਉਨ੍ਹਾਂ ਦੀ ਪਿਠ ਭੰਨੀ ਅਤੇ ਰਾਹਗੀਰਾਂ ਨੂੰ ਦਸਦੇ ਗਏ ਕਿ ਇਨ੍ਹਾਂ ਨੇ ਇਹ ਗੁਨਾਹ ਕੀਤੇ ਸਨ ਤੇ ਅਸੀਂ ਇਨ੍ਹਾਂ ਨੂੰ ਫਿਰ ਨਰਕ ਵਿਚ ਸੁਟਣ ਲਈ ਲਿਜਾ ਰਹੇ ਹਾਂ। ਅਸੀਂ ਜੋ ਬਹੁਤ ਸਾਰੇ ਤਸੀਹੇ ਸਹੇ ਹਨ, ਉਨ੍ਹਾਂ ਵਿਚੋਂ ਕੋਈ ਮੁਸੀਬਤ ਇਸ ਘੜੀ ਤੋਂ ਔਖੀ ਨਹੀਂ ਸੀ। ਜਦੋਂ ਅਸੀਂ ਸੋਚਦੇ ਸਾਂ ਕਿ ਸਾਡੇ ਲਈ ਇਹ ਸ਼ਬਦ ਨਾ ਨਿਕਲੇ, ਪਰ ਸ਼ਾਂਤੀ ਰਹੀ ਤਾਂ ਅਸੀਂ ਇਕ-ਇਕ ਕਰਕੇ ਖੁਸ਼ੀ ਸਹਿਤ ਉਤੇ ਚੜ੍ਹ ਆਏ। ਏਰ ਦੇ ਦੱਸਣ ਅਨੁਸਾਰ ਇਹ ਤਾਂ ਸਨ, ਉਥੋਂ ਦੇ ਬਦਲੇ ਤੇ ਸਜ਼ਾਵਾਂ ਅਤੇ ਫਿਰ ਇਨਾਮ ਤੇ ਵਰ ਵੀ ਇੰਨੇ ਹੀ ਮਹਾਨ ਸਨ।

ਇਹ ਆਤਮਾਵਾਂ ਸੱਤ ਦਿਨਾਂ ਤਕ ਇਸ ਹਰੀ-ਭਰੀ ਥਾਂ ਠਹਿਰੀਆਂ। ਅੱਠਵੇਂ ਦਿਨ ਉਨ੍ਹਾਂ ਨੂੰ ਹੁਕਮ ਮਿਲਿਆ ਕਿ ਫਿਰ ਯਾਤਰਾ ਸ਼ੁਰੂ ਕਰਨ। ਚੌਥੇ ਦਿਨ ਉਹ ਅਜਿਹੀ ਥਾਂ ਉਤੇ ਪਹੁੰਚੀਆਂ, ਜਿਥੋਂ ਚਾਨਣ ਦੀ ਕਿਰਨ ਦਿਖਾਈ ਦਿੰਦੀ ਸੀ। ਸਿੱਧੀ ਜਿਵੇਂ ਕੋਈ ਮੀਨਾਰ ਧਰਤੀ ਅਤੇ ਅਸਮਾਨ ਦੇ ਆਰ-ਪਾਰ ਹੋਵੇ। ਰੰਗ ਵਿਚ ਸਤਰੰਗੀ ਪੀਂਘ ਵਾਂਗ, ਪਰ ਪਵਿਤਰ ਅਤੇ ਉਜਲੀ। ਇਕ ਦਿਨ ਹੋਰ ਚਲ ਕੇ ਅਸੀਂ ਇਸ ਥਾਂ ਉਤੇ ਪਹੁੰਚ ਗਏ। ਇਥੇ ਇਸ ਚਾਨਣੇ ਵਿਚ ਅੱਖਾਂ ਨੇ ਅਸਮਾਨ ਦੀਆਂ ਜ਼ੰਜੀਰਾਂ ਦੇ ਕਿਨਾਰੇ ਦੇਖੇ, ਜੋ ਉਪਰੋਂ ਲਟਕੀਆਂ ਹੋਈਆਂ ਸਨ। ਇਹ ਚਾਨਣਾ ਆਕਾਸ਼ ਦੀ ਗੰਢ ਹੈ ਅਤੇ ਸਾਰੇ ਬ੍ਰਹਿਮੰਡ ਨੂੰ ਇਉਂ ਜਕੜੀ ਬੈਠੀ ਹੈ, ਜਿਵੇਂ ਤਿੰਨ ਖੰਭਾਂ ਵਾਲੇ ਜਹਾਜ਼ ਦੀਆਂ ਹੇਠਲੀਆਂ ਕੜੀਆਂ। ਜ਼ੰਜੀਰ ਦੇ ਇਨ੍ਹਾਂ ਸਿਰਿਆਂ ਉਤੋਂ ਲੋੜਾਂ ਦਾ ਤਕਲਾ ਲਟਕਿਆ ਹੈ ਅਤੇ ਇਸ ਉਤੇ ਸਾਰੇ ਚੱਕਰ ਹੁੰਦੇ ਹਨ। ਇਸ ਤਕਲੇ ਦੀ ਛੜ ਅਤੇ ਚੱਕਰ ਫੌਲਾਦ ਦੇ ਹਨ ਅਤੇ ਫਿਰ ਕੁਝ ਫੌਲਾਦ ਦੇ ਅਤੇ ਕੁਝ ਮਸਾਲ ਦੇ। ਫਿਰਕੀ ਦੀ ਸ਼ਕਲ ਓਹੀ ਹੈ, ਜੋ ਇਸ ਧਰਤੀ ਉਤੇ ਹੁੰਦੀ ਹੈ।

ਏਰ ਨੇ ਇਸ ਦਾ ਜੋ ਵਰਣਨ ਕੀਤਾ, ਉਸ ਤੋਂ ਪਤਾ ਲਗਦਾ ਹੈ ਕਿ ਵੱਡੀ ਸਾਰੀ ਫਿਰਕੀ, ਜਿਸ ਨੂੰ ਅੰਦਰੋਂ ਬਿਲਕੁਲ ਖੋਖਲਾ ਕਰ ਦਿੱਤਾ ਗਿਆ ਹੈ, ਇਸ ਦੇ ਅੰਦਰ ਇਸ ਤੋਂ ਜ਼ਰਾ ਛੋਟੀ ਫਿਰਕੀ ਬਿਠਾ ਦਿੱਤੀ ਗਈ ਹੈ। ਇਸ ਦੇ ਅੰਦਰ ਇਕ ਹੋਰ, ਫਿਰ ਇਕ ਹੋਰ ਅਤੇ ਇਸੇ ਤਰ੍ਹਾਂ ਚਾਰ ਹੋਰ ਅਤੇ ਕੁਲ ਮਿਲਾ ਕੇ ਅਠ ਫਿਰਕੀਆਂ ਹਨ। ਇਉਂ ਜਿਵੇਂ ਇਕ ਭਾਂਡੇ ਵਿਚ ਦੂਜਾ ਭਾਂਡਾ ਰੱਖ ਦਿੱਤਾ ਗਿਆ ਹੋਵੇ। ਉਪਰ ਵਲੋਂ ਤਾਂ ਇਨ੍ਹਾਂ ਫਿਰਕੀਆਂ ਦੇ ਸਿਰੇ ਦਿਖਾਈ ਦਿੰਦੇ ਹਨ, ਪਰ ਹੇਠਾਂ ਸਾਰੀਆਂ ਮਿਲ ਕੇ ਇਕ ਫਿਰਕੀ ਬਣਾਉਂਦੀਆਂ ਹਨ। ਇਸ ਦੇ ਅੰਦਰ ਇਕ ਤਕਲਾ ਹੁੰਦਾ ਹੈ, ਜੋ 8ਵੀਂ ਫਿਰਕੀ ਵਿਚੋਂ ਦੀ ਲੰਘਦਾ ਹੈ।

ਪਹਿਲੀ ਫਿਰਕੀ ਜੋ ਸਭ ਤੋਂ ਬਾਹਰ ਹੈ, ਉਸ ਦਾ ਕਿਨਾਰਾ ਵੀ ਸਭ ਤੋਂ ਵੱਡਾ ਹੈ। ਦੂਜੇ ਦੇ ਕਿਨਾਰੇ ਇਸ ਕ੍ਰਮ ਨਾਲ ਛੋਟੇ ਹਨ। ਵਧਾਈ ਵਿਚ ਛੇਵੀਂ ਦਾ ਨੰਬਰ ਪਹਿਲੀ ਦੇ ਮਗਰੋਂ ਹੈ। ਛੇਵੀਂ ਦੇ ਮਗਰੋਂ ਚੌਥੀ ਦਾ। ਇਸ ਦੇ ਮਗਰੋਂ ਅੱਠਵੀਂ ਤੇ ਪੰਜਵੀਂ ਦਾ ਅਤੇ ਛੇਵਾਂ ਨੰਬਰ ਪੰਜਵੀਂ ਦਾ ਹੈ। ਤੀਜੀ ਸੱਤਵੇਂ ਨੰਬਰ ਉਤੇ ਹੈ ਅਤੇ ਦੂਜੀ ਸਭ ਤੋਂ ਅੰਤ ਵਿਚ ਅੱਠਵੇਂ ਨੰਬਰ ਉਤੇ ਹੈ। ਸਭ ਤੋਂ ਵਡੀ ਫਿਰਕੀ (ਅਰਥਾਤ ਅਚਲ ਤਾਰੇ) ਬਹੁਰੰਗੀ ਅਤੇ ਜੜਾਊ ਹੈ। (ਸੂਰਜ) ਸਭ ਤੋਂ ਵਧੇਰੇ ਚਮਕੀਲਾ ਹੈ। ਅੱਠਵੀਂ (ਚੰਦ) ਸੱਤਵੀਂ ਦੇ ਚਾਨਣੇ ਤੋਂ ਰੰਗ ਪ੍ਰਾਪਤ ਕਰਦੀ ਹੈ। ਦੂਜੀ ਅਤੇ ਪੰਜਵੀਂ (ਸ਼ਨੀ ਅਤੇ ਬੁਧ) ਰੰਗ ਪੱਖੋਂ ਆਪਸ ਵਿਚ ਮਿਲਦੀਆਂ ਹਨ। ਹਾਂ, ਹੋਰਾਂ ਦੇ ਮੁਕਾਬਲੇ ਜ਼ਰਾ ਪਿਛੇ। ਤੀਜੀ (ਸ਼ੁੱਕਰ) ਦਾ ਚਾਨਣਾ ਸਭ ਤੋਂ ਵਧੇਰੇ ਚਿੱਟਾ ਹੈ। ਚੌਥੀ (ਮੰਗਲ) ਕੁਝ ਲਾਲੀ ਉਤੇ ਹੈ ਅਤੇ ਛੇਵੀਂ (ਵੀਰ) ਚਿਟੇਪਣ ਵਿਚ ਦੂਜੇ ਨੰਬਰ ਉਤੇ ਹੈ। ਚੰਗਾ! ਸੰਪੂਰਨ ਤਕਲੇ ਦੀ ਤਾਂ ਇਕੋ ਹੀ ਚਾਲ ਹੈ, ਪਰ ਜਦੋਂ ਇਹ ਸਮੁੱਚਾ ਚੱਕਰ ਇਕ ਪਾਸੇ ਵੱਲ ਘੁੰਮਦਾ ਹੈ ਤਾਂ ਅੰਦਰਲੇ ਸੱਤ ਚੱਕਰ ਉਲਟੀ ਦਿਸ਼ਾ ਵਿਚ ਹੌਲੀ-ਹੌਲੀ ਚਲਣ ਲਗਦੇ ਹਨ। ਇਨ੍ਹਾਂ ਵਿਚੋਂ ਅੱਠਵਾਂ ਸਭ ਤੋਂ ਤੇਜ਼ ਚਲਦਾ ਹੈ। ਇਸ ਦੇ ਮਗਰੋਂ ਚਾਲ ਦੇ ਪੱਖ ਤੋਂ ਸੱਤਵੇਂ, ਛੇਵੇਂ ਅਤੇ ਪੰਜਵੇਂ ਦਾ ਨੰਬਰ ਹੈ। ਸਾਰੇ ਨਾਲੋਂ ਨਾਲ ਘੁੰਮਦੇ ਹਨ। ਫਿਰ ਇਸ ਉਲਟੀ ਚਾਲ ਦੇ ਨਿਯਮ ਅਧੀਨ ਤੇਜ਼ੀ ਦੇ ਨੁਕਤੇ ਤੋਂ ਤੀਜੇ ਨੰਬਰ ਉਤੇ ਚੌਥਾ ਚੱਕਰ ਆਉਂਦਾ ਸੀ, ਚੌਥੇ ਨੰਬਰ ਉਤੇ ਤੀਜਾ ਅਤੇ ਪੰਜਵੇਂ ਨੰਬਰ ਉਤੇ ਦੂਜਾ। ਤਕਲਾ ਜ਼ਰੂਰੀ ਲੋੜਾਂ ਦੇ ਗੋਡਿਆਂ ਉਤੇ ਘੁੰਮਦਾ ਹੈ।

***ਸਪਸ਼ਟ ਕਰਨ ਵਾਲਾ ਨੁਕਤਾ ਇਹ ਹੈ ਕਿ ਮਨੁੱਖ ਜਾਤੀ ਦੇ ਪਦਾਰਥਕ ਤੇ ਸਭਿਆਚਾਰਕ ਵਿਕਾਸ ਦੇ ਨਾਲ-ਨਾਲ ਮਨੁੱਖ ਜਾਤੀ ਦਾ ਸਮੂਹਿਕ ਅਨੁਭਵੀ ਗਿਆਨ ਵੀ ਵਿਕਾਸ ਕਰਦਾ ਆ ਰਿਹਾ ਹੈ। ਇਹ ਸਮੂਹਿਕ ਅਨੁਭਵੀ ਗਿਆਨ ਆਤਮਿਕ ਗਿਆਨ (ਫਿਲਾਸਫੀ) ਦੇ ਰੂਪ ਵਿਚ ਮਨੁੱਖ ਦੇ ਦਿਸਹੱਦਿਆਂ ਨੂੰ ਲਗਾਤਾਰ ਵਸੀਹ ਕਰ ਰਿਹਾ ਹੈ। ਆਤਮਿਕ ਗਿਆਨ (ਫਿਲਾਸਫੀ) ਦੇ ਵਸੀਹ ਹੋ ਰਹੇ ਇਨ੍ਹਾਂ ਦਿਸਹੱਦਿਆਂ ਨੇ ਹੀ ਮਨੁੱਖ ਨੂੰ ਨਰਕ-ਸਵਰਗ ਤੇ ਆਤਮਾਵਾਂ ਦੇ ਅਮਰ ਹੋਣ ਭਾਵ ਪੁਨਰ ਜਨਮ ਦੇ ਭਰਮਜਾਲ ਵਿਚੋਂ ਮੁਕਤੀ ਦਿਵਾਈ ਹੈ। ਗੁਰਮਤਿ ਤੇ ਮਾਰਕਸ ਦੀ ਵਿਕਸਿਤ ਕੀਤੀ ਭੌਤਿਕਵਾਦੀ ਫਿਲਾਸਫੀ ਇਸ ਦੀ ਇਕ ਮਿਸਾਲ ਹੈ।***

ਹਰ ਚੱਕਰ ਉਤੇ ਇਕ ਗਾਉਣ ਵਾਲੀ ਹੈ ਜੋ ਉਸ ਦੇ ਨਾਲ-ਨਾਲ ਚੱਕਰ ਖਾਂਦੀ ਅਤੇ ਇਕੋ ਸੁਰ ਵਿਚ ਗਾਈ ਜਾਂਦੀ ਹੈ। ਅੱਠਾਂ ਦੀ ਮਿਲ ਕੇ ਇਕ ਅਜੀਬ ਅਵਾਜ਼ ਪੈਦਾ ਹੁੰਦੀ ਹੈ। ਇਨ੍ਹਾਂ ਦੇ ਚਾਰੇ ਪਾਸੇ ਇਕੋ ਜਿਹੇ ਫਰਕ ਨਾਲ ਤਿੰਨਾਂ ਦਾ ਇਕ ਹੋਰ ਦਲ ਹੈ। ਇਹ ਆਪੋ-ਆਪਣੇ ਸਿੰਘਾਸਨ ਉਤੇ ਬੈਠੀਆਂ ਹਨ। ਇਹ ਨਿਯਤੀ ਦੀਆਂ ਧੀਆਂ ਅਤੇ ਕਿਸਮਤ ਦੀਆਂ ਦੇਵੀਆਂ ਹਨ। ਇਨ੍ਹਾਂ ਨੇ ਚਿੱਟੇ ਰੰਗ ਦੇ ਕੱਪੜੇ ਪਾਏ ਹੋਏ ਹਨ। ਹਰ ਇਕ ਦੇ ਸਿਰ ਉਤੇ ਫੁੱਲਾਂ ਦੀ ਇਕ-ਇਕ ਮਾਲਾ ਹੈ। ਲਾਚੇਸਿਸ, ਕਲੋਥੋ, ਐਟ੍ਰੋਪੋਸ ਇਨ੍ਹਾਂ ਦੇ ਨਾਂ ਹਨ। ਇਹ ਆਪਣੀ ਆਵਾਜ਼ ਗਾਉਣ ਵਾਲੀਆਂ ਦੀ ਆਵਾਜ਼ ਨਾਲ ਮਿਲਾ ਕੇ ਗਾਉਂਦੀਆਂ ਹਨ। ਲਾਚੇਸਿਸ ਭੂਤ ਕਾਲ ਦਾ ਗੀਤ ਗਾਉਂਦੀ ਹੈ। ਕਲੋਥੋ ਵਰਤਮਾਨ ਦਾ ਅਤੇ ਐਟ੍ਰੋਪੋਸ ਭਵਿਖ ਦਾ। ਕਲੋਥੋ ਆਪਣੇ ਸੱਜੇ ਹੱਥ ਨਾਲ ਕਦੇ-ਕਦੇ ਤਕਲੇ ਦੇ ਬਾਹਰ ਵਾਲੇ ਚੱਕਰ ਨੂੰ ਜ਼ਰਾ ਘੁੰਮਾ ਦਿੰਦੀ ਹੈ। ਐਟ੍ਰੋਪੋਸ ਪੁੱਠੇ ਹੱਥ ਨਾਲ ਅੰਦਰੂਨੀ ਚੱਕਰਾਂ ਨੂੰ ਛੋਹ ਕੇ ਉਨ੍ਹਾਂ ਦੀ ਗਤੀ ਸਾਧਦੀ ਹੈ। ਲਾਚੇਸਿਸ ਵਾਰੀ-ਵਾਰੀ ਦੋਹਾਂ ਨੂੰ ਛੋਂਹਦੀ ਰਹਿੰਦੀ ਹੈ, ਕਦੇ ਇਕ ਹੱਥ ਨਾਲ ਤੇ ਕਦੇ ਦੂਜੇ ਹੱਥ ਨਾਲ।

ਏਰ ਅਤੇ ਦੂਜੀਆਂ ਆਤਮਾਵਾਂ ਜਦੋਂ ਇਥੇ ਪਹੁੰਚੀਆਂ ਤਾਂ ਉਨ੍ਹਾਂ ਦਾ ਫਰਜ਼ ਸੀ ਕਿ ਸਭ ਤੋਂ ਪਹਿਲਾਂ ਲਾਚੇਸਿਸ ਕੋਲ ਜਾਣ, ਪਰ ਇਸ ਤੋਂ ਪਹਿਲਾਂ ਇਕ ਦੇਵਦੂਤ ਪ੍ਰਗਟ ਹੋਇਆ, ਜਿਸ ਨੇ ਇਨ੍ਹਾਂ ਸਾਰਿਆਂ ਨੂੰ ਢੰਗ ਸਿਰ ਖੜ੍ਹਾ ਕੀਤਾ। ਫਿਰ ਲਾਚੇਸਿਸ ਦੇ ਪੈਰਾਂ ਵਿਚੋਂ ਕਿਸਮਤ ਅਤੇ ਜੀਵਨ ਦੇ ਕੁਝ ਨਮੂਨੇ ਲੈ ਕੇ ਉਹ ਇਕ ਉਚੇ ਮੰਚ ਉਤੇ ਚੜ੍ਹ ਗਿਆ ਅਤੇ ਇਨ੍ਹਾਂ ਨੂੰ ਇਸ ਤਰ੍ਹਾਂ ਸੰਬੋਧਿਤ ਕੀਤਾ, 'ਨਿਯਤੀ ਦੀ ਧੀ ਲਾਚੇਸਿਸ ਦਾ ਜ਼ਰੂਰੀ ਸੁਨੇਹਾ ਸੁਣੋ! ਹੇ ਨਾਸ਼ਮਾਨ ਆਤਮਾਓ! ਜਿਉਣ ਮਰਨ ਦਾ ਇਕ ਹੋਰ ਚੱਕਰ ਦੇਖੋ। ਤੁਹਾਡਾ ਦੇਵਦੂਤ ਤੁਹਾਨੂੰ ਦਿੱਤਾ ਨਹੀਂ ਜਾਏਗਾ, ਸਗੋਂ ਤੁਸੀਂ ਆਪ ਆਪੋ-ਆਪਣੇ ਦੇਵਦੂਤ ਦੀ ਚੋਣ ਕਰੋਗੇ। ਜੋ ਪਹਿਲੀ ਪਰਚੀ ਕੱਢੇਗਾ, ਉਸੇ ਨੂੰ ਪਹਿਲੀ ਚੋਣ ਦਾ ਹੱਕ ਹੋਵੇਗਾ। ਫਿਰ ਉਹ ਜਿਸ ਜੀਵਨ ਦੀ ਚੋਣ ਕਰੇਗਾ, ਓਹੀ ਉਸ ਦੀ ਕਿਸਮਤ ਬਣ ਜਾਏਗੀ। ਨੇਕੀ ਪੂਰੀ ਤਰ੍ਹਾਂ ਆਜ਼ਾਦ ਹੈ। ਉਸ ਦਾ ਕੋਈ ਮਾਲਿਕ ਨਹੀਂ। ਜਿਹੜਾ ਵੀ ਇਸ ਦੀ ਜਿੰਨੀ ਇੱਜ਼ਤ ਜਾਂ ਬੇਇੱਜ਼ਤੀ ਕਰੇਗਾ, ਓਨੀ ਹੀ ਇਹ ਉਸ ਨੂੰ ਵੱਧ ਜਾਂ ਘੱਟ ਮਿਲੇਗੀ। ਜ਼ਿੰਮੇਵਾਰੀ ਚੋਣ ਕਰਨ ਵਾਲੇ ਦੀ ਹੈ ਅਤੇ ਰੱਬ ਉਸ ਤੋਂ ਵੱਖ ਹੈ।'

ਵਿਆਖਿਆਕਾਰ ਨੇ ਇਹ ਕਹਿ ਕੇ ਬਿਨਾ ਕਿਸੇ ਭੇਦਭਾਵ ਦੇ ਇਨ੍ਹਾਂ ਸਾਹਮਣੇ ਪਰਚੀਆਂ ਖਿਲਾਰ ਦਿੱਤੀਆਂ। ਜੋ ਪਰਚੀ ਜਿਸ ਦੇ ਕੋਲ ਪਈ ਸੀ, ਉਸ ਨੇ ਚੁਕ ਲਈ। ਇਸ ਤਰ੍ਹਾਂ ਏਰ ਤੋਂ ਇਲਾਵਾ ਸਭ ਨੇ ਪਰਚੀਆਂ ਚੁਕੀਆਂ (ਉਸ ਨੂੰ ਪਰਚੀ ਚੁਕਣ ਦੀ ਇਜਾਜ਼ਤ ਨਹੀਂ ਸੀ)। ਹਰ ਇਕ ਨੇ ਦੇਖਿਆ ਕਿ ਉਸ ਨੂੰ ਕਿਹੜਾ ਨੰਬਰ ਮਿਲਦਾ ਹੈ। ਹੁਣ ਵਿਆਖਿਆਕਾਰ ਨੇ ਉਨ੍ਹਾਂ ਸਾਹਮਣੇ ਧਰਤੀ ਉਤੇ ਜੀਵਨ ਦੇ ਨਮੂਨੇ ਰਖ ਦਿੱਤੇ। ਜਿੰਨੀਆਂ ਆਤਮਾਵਾਂ ਉਥੇ ਹਾਜ਼ਰ ਸਨ, ਉਨ੍ਹਾਂ ਤੋਂ ਕਿਤੇ ਵਧੇਰੇ ਜੀਵਨ-ਕਰਮ ਸਨ ਅਤੇ ਵਿਕੋਲਿਤਰੇ। ਹਰ ਤਰ੍ਹਾਂ ਦੇ ਜਾਨਵਰਾਂ ਦੇ ਜੀਵਨ ਸਨ ਅਤੇ ਹਰ ਤਰ੍ਹਾਂ ਦੇ ਮਨੁੱਖਾਂ ਦੇ। ਅਤਿਆਚਾਰੀ ਤਾਨਾਸ਼ਾਹੀ ਜੀਵਨ ਵੀ ਸਨ। ਕੁਝ ਅਜਿਹੀ ਉਮਰ ਕਿ ਅਤਿਆਚਾਰੀ ਦਾ ਜੀਵਨ ਭੋਗਣ ਪਿਛੋਂ ਵੀ ਬਾਕੀ ਬਚ ਰਹੇ, ਕੁਝ ਅਜਿਹੇ ਕਿ ਵਿਚਾਲਿਓਂ ਹੀ ਕਟ ਜਾਏ ਅਤੇ ਕੁਝ ਅਜਿਹੇ ਵੀ ਜਿਸ ਦਾ ਅੰਤ ਗਰੀਬੀ, ਬੇਘਰੀ ਅਤੇ ਫਕੀਰੀ ਵਿਚ ਹੋਵੇ। ਫਿਰ ਸੂਝਬੀਰਾਂ ਦੇ ਜੀਵਨ ਸਨ। ਕੁਝ ਅਜਿਹਿਆਂ ਦੇ, ਜੋ ਆਪਣੇ ਰੂਪ ਸੌਂਦਰਯ, ਤਾਕਤ ਤੇ ਖੇਡਾਂ ਵਿਚ ਨਿਪੁੰਨਤਾ ਲਈ ਪ੍ਰਸਿਧ ਸਨ। ਕੁਝ ਅਜਿਹਿਆਂ ਦੇ, ਜੋ ਆਪਣੀ ਉਚੀ ਕੁਲ ਵਿਚ ਜਨਮ ਜਾਂ ਆਪਣੇ ਵਡੇਰਿਆਂ ਦੇ ਗੁਣਾਂ ਕਾਰਨ ਮਸ਼ਹੂਰ ਸਨ। ਕੁਝ ਜੀਵਨ ਅਜਿਹਿਆਂ ਦੇ ਵੀ ਸਨ, ਜੋ ਆਪਣੇ ਔਗੁਣਾਂ ਕਰਕੇ ਬਦਨਾਮ ਸਨ।

ਇਸੇ ਤਰ੍ਹਾਂ ਔਰਤਾਂ ਦੇ ਜੀਵਨ ਵੀ ਸਨ, ਪਰ ਇਨ੍ਹਾਂ ਆਤਮਾਵਾਂ ਦੇ ਸੁਭਾਅ ਨਿਸ਼ਚਿਤ ਨਹੀਂ ਸਨ। ਆਤਮਾ ਜਦੋਂ ਨਵਾਂ ਜੀਵਨ ਗ੍ਰਹਿਣ ਕਰਦੀ ਹੈ ਤਾਂ ਜ਼ਰੂਰੀ ਹੈ ਕਿ ਉਹ ਬਿਲਕੁਲ ਬਦਲ ਜਾਏ, ਪਰ ਹੋਰ ਵਿਸ਼ੇਸ਼ਤਾਵਾਂ ਮੌਜੂਦ ਸਨ, ਇਕ-ਦੂਜੀ ਨਾਲ ਮਿਲਦੀਆਂ-ਜੁਲਦੀਆਂ। ਗਰੀਬੀ ਸਹਿਤ ਅਤੇ ਰੋਗਾਂ ਦੇ ਤਤ ਵੀ ਰਲਵੇਂ ਹੀ ਸਨ। ਇਸ ਤੋਂ ਬਿਨਾ ਦੂਜੀਆਂ ਨੀਚ ਸਥਿਤੀਆਂ ਵੀ ਮੌਜੂਦ ਸਨ।

ਪਿਆਰੇ ਗਲਾਕਨ! ਇਹ ਹੈ ਮਾਨਵ-ਜੀਵਨ

*(ਬਾਕੀ ਅਗਲੇ ਸਫੇ 'ਤੇ)*

# ਪਲੈਟੋ ਦੀ ਫਿਲਾਸਫੀ, ਗੁਰਮਤਿ ਤੇ ਅਜੋਕਾ ਸਾਮਰਾਜਵਾਦ

*(ਪਿਛਲੇ ਸਫੇ ਦੀ ਬਾਕੀ)*

ਦਾ ਮਹਾਨ ਸੰਕਟ ਅਤੇ ਇਥੇ ਹੀ ਸਭ ਤੋਂ ਵੱਧ ਹੁਸ਼ਿਆਰੀ ਦੀ ਲੋੜ ਹੈ। ਹਰ ਇਕ ਨੂੰ ਚਾਹੀਦਾ ਹੈ ਕਿ ਹੋਰ ਸਭ ਤਰ੍ਹਾਂ ਦੇ ਗਿਆਨ ਨੂੰ ਤਿਆਗ ਕੇ ਬਸ ਇਸੇ ਚੀਜ਼ ਦੀ ਖੋਜ ਅਤੇ ਪ੍ਰਾਪਤੀ ਵਿਚ ਲੱਗ ਜਾਏ। ਇਸ ਵਿਚ ਕੋਈ ਹੈਰਾਨੀ ਨਹੀਂ ਕਿ ਅਸੀਂ ਭਲੇ-ਬੁਰੇ ਵਿਚ ਫਰਕ ਲੱਭਣਾ ਸਿੱਖ ਜਾਈਏ, ਜਾਂ ਸਾਨੂੰ ਕੋਈ ਅਜਿਹਾ ਵਿਅਕਤੀ (ਗੁਰੂ) ਮਿਲ ਜਾਏ, ਜੋ ਸਾਨੂੰ ਇਹ ਚੀਜ਼ ਵੀ ਸਿਖਾ ਸਕੇ, ਜਿਸ ਨਾਲ ਜਦੋਂ ਅਤੇ ਜਿਥੇ ਵੀ ਕਿਤੇ ਮੌਕਾ ਮਿਲੇ, ਅਸੀਂ ਨੇਕ ਜੀਵਨ ਦੀ ਚੋਣ ਕਰ ਸਕੀਏ। ਸਾਨੂੰ ਇਸ ਦੇ ਕਾਰਨਾਂ ਵੱਲ ਧਿਆਨ ਦੇਣਾ ਚਾਹੀਦਾ ਹੈ ਕਿ ਇਹ ਚੀਜ਼ਾਂ, ਜੋ ਅਸੀਂ ਉਪਰ ਦੱਸੀਆਂ ਹਨ, ਉਨ੍ਹਾਂ ਵਿਚੋਂ ਹਰ ਇਕ ਪਹਿਲਾਂ ਵਖ-ਵਖ ਅਤੇ ਫਿਰ ਮਿਲ ਕੇ ਨੇਕੀ ਜਾਂ ਭਲਾਈ ਉਤੇ ਕੀ ਅਸਰ ਪਾਉਂਦੀਆਂ ਹਨ। ਇਹ ਵੀ ਜਾਣਨਾ ਪਏਗਾ ਕਿ ਜੇ ਕਿਸੇ ਵਿਸ਼ੇਸ਼ ਆਤਮਾ ਵਿਚਲੇ ਰੂਪ ਸੌਂਦਰਯ ਨੂੰ ਗਰੀਬੀ ਜਾਂ ਦਰਿਦ੍ਰਤਾ ਨਾਲ ਮਿਲਾ ਦੇਈਏ ਤਾਂ ਇਸ ਦਾ ਕੀ ਅਸਰ ਪਏਗਾ। ਚੰਗੇ ਜਾਂ ਮਾੜੇ, ਵਿਅਕਤੀਗਤ ਸਥਿਤੀ ਜਾਂ ਸਮੂਹਿਕ ਰੁਤਬਾ ਅਧਿਕਾਰ, ਤਾਕਤ ਜਾਂ ਕਮਜ਼ੋਰੀ, ਚਲਾਕੀ ਜਾਂ ਬੇਵਕੂਫੀ, ਆਤਮਾ ਦੇ ਸਾਰੇ ਸੁਭਾਵਿਕ ਗੁਣ ਅਤੇ ਇਨ੍ਹਾਂ ਦੇ ਆਪਸੀ ਸੁਮੇਲ ਦਾ ਅਸਰ, ਇਨ੍ਹਾਂ ਸਾਰਿਆਂ ਦੇ ਚੰਗੇ ਮਾੜੇ ਪ੍ਰਭਾਵਾਂ ਤੋਂ ਇਸ ਨੂੰ ਜਾਣੂ ਹੋਣਾ ਚਾਹੀਦਾ ਹੈ, ਤਾਂ ਕਿਤੇ ਜਾ ਕੇ ਆਤਮਾ ਦੇ ਰੂਪ ਨੂੰ ਦੇਖ ਕੇ ਤੇ ਇਨ੍ਹਾਂ ਸਾਰੀਆਂ ਗੱਲਾਂ ਉਤੇ ਵਿਚਾਰ ਕਰਕੇ ਉਹ ਦਸ ਸਕੇਗਾ ਕਿ ਕਿਹੜਾ ਜੀਵਨ ਨੇਕ ਹੈ ਤੇ ਕਿਹੜਾ ਨਹੀਂ ਅਤੇ ਇਸ ਤਰ੍ਹਾਂ ਦੀ ਚੋਣ ਕਰੇਗਾ, ਜੋ ਜੀਵਨ ਆਤਮਾ ਨੂੰ ਵਧੇਰੇ ਅਨਿਆਈਂ ਦਸੇ, ਉਹ ਮਾੜਾ ਅਤੇ ਜੋ ਵਧੇਰੇ ਨਿਆਈਂ ਦਸੇ, ਉਹ ਚੰਗਾ ਹੈ। ਬਾਕੀ ਦੂਜੀਆਂ ਗੱਲਾਂ ਨੂੰ ਉਹ ਅਖੋਂ ਓਹਲੇ ਕਰ ਦੇਵੇਗਾ। ਅਸੀਂ ਦੇਖ ਹੀ ਚੁਕੇ ਹਾਂ ਕਿ ਜੀਵਨ ਤੇ ਮੌਤ ਦੋਹਾਂ ਵਿਚ ਹੀ ਇਹੋ ਸਭ ਤੋਂ ਉਤਮ ਚੋਣ ਹੈ।




***ਸੰਸਾਰ ਉਤੇ ਕਬਜ਼ਾ ਕਰਨ ਦੀ ਨੀਅਤ ਵਾਲੇ ਸਾਮਰਾਜਵਾਦੀਆਂ ਦਾ ਇਕ ਚਿੱਤਰ***

ਮਨੁੱਖ ਨੂੰ ਚਾਹੀਦਾ ਹੈ ਕਿ ਪਰਲੋਕ ਵਿਚ ਵੀ ਉਹ ਆਪਣੇ ਨਾਲ ਸਥਾਈ ਅਤੇ ਨਿਆਂ ਉਤੇ ਦ੍ਰਿੜ ਸ਼ਰਧਾ ਲੈ ਕੇ ਜਾਏ, ਜੋ ਕਦੇ ਵੀ ਨਾ ਡੋਲੇ ਅਤੇ ਉਥੇ ਵੀ ਧਨ, ਲੋਭ, ਝੂਠ ਤੇ ਕਪਟ ਉਸ ਦੀ ਨਜ਼ਰ ਨੂੰ ਚੁੰਧਿਆ ਨਾ ਸਕਣ। ਇਹ ਨਾ ਹੋਵੇ ਕਿ ਅਤਿਆਚਾਰ, ਤਾਨਾਸ਼ਾਹੀ ਤੇ ਦੂਜੇ ਕੰਮਾਂ ਵਾਲੇ ਜੀਵਨ ਨੂੰ ਅਪਨਾ ਕੇ ਇਹ ਦੂਜਿਆਂ ਨੂੰ ਦੁਖ ਦੇਵੇ ਅਤੇ ਆਪਣੇ-ਆਪ ਨੂੰ ਵੀ ਨੁਕਸਾਨ ਪਹੁੰਚਾਉਣ ਦਾ ਕਾਰਨ ਬਣੇ। ਇਸ ਨੂੰ ਜਾਣਨਾ ਚਾਹੀਦਾ ਹੈ ਕਿ ਇਸੇ ਜੀਵਨ 'ਚ ਨਹੀਂ, ਸਗੋਂ ਇਸ ਪਿਛੋਂ ਵੀ ਸਾਰੀਆਂ ਮੰਜ਼ਿਲਾਂ ਉਤੇ ਜਿਥੋਂ ਤਕ ਹੋ ਸਕੇ, ਇਹ ਦੋਵੇਂ ਪਾਸੇ ਦੀਆਂ ਕੰਨੀਆਂ ਛਡ ਕੇ ਆਪਣੇ ਲਈ ਵਿਚਕਾਰਲਾ ਰਾਹ ਚੁਣੇ; ਕਿਉਂਕਿ ਇਹੋ ਹੀ ਸੁਖ ਤੇ ਖੁਸ਼ਹਾਲੀ ਦਾ ਰਾਹ ਹੈ। ਪਰਲੋਕ ਦਾ ਇਹ ਸੁਨੇਹਾ ਲਿਆਉਣ ਵਾਲੇ ਨੇ ਫਿਰ ਦਸਿਆ ਕਿ ਇਸ ਮੌਕੇ ਦੇਵਦੂਤ ਨੇ ਫਿਰ ਆਖਿਆ, 'ਬਿਲਕੁਲ ਅੰਤ 'ਚ ਆਉਣ ਵਾਲੇ ਲਈ ਵੀ, ਜੇ ਇਹ ਜਾਣ-ਬੁਝ ਕੇ ਚੋਣ ਕਰਦਾ ਹੈ, ਇਹ ਨਾ ਹੋਵੇ ਕਿ ਉਹ ਲਾਪ੍ਰਵਾਹ ਹੋ ਜਾਏ। ਜੋ ਸਭ ਤੋਂ ਅਖੀਰ 'ਚ ਹੈ, ਉਸ ਦੇ ਨਿਰਾਸ਼ ਹੋਣ ਦੀ ਕੋਈ ਵਜ੍ਹਾ ਨਹੀਂ।'

ਜਦੋਂ ਉਹ ਇਹ ਕਹਿ ਚੁਕਾ, ਤਾਂ ਜਿਸ ਨੂੰ ਸਭ ਤੋਂ ਪਹਿਲਾਂ ਚੋਣ ਦਾ ਹੱਕ ਮਿਲਿਆ ਸੀ। ਉਹ ਅਗੇ ਵਧਿਆ ਅਤੇ ਉਸ ਨੇ ਤਾਨਾਸ਼ਾਹੀ ਜੀਵਨ ਨੂੰ ਆਪਣੇ ਲਈ ਚੁਣ ਲਿਆ। ਉਸ ਦਾ ਦਿਮਾਗ ਕਿਉਂਕਿ ਮੂਰਖਤਾ ਅਤੇ ਲੋਭ ਨਾਲ ਕਮਜ਼ੋਰ ਹੋ ਚੁਕਾ ਸੀ, ਉਸ ਨੇ ਇਸ ਲਈ ਚੋਣ ਤੋਂ ਪਹਿਲਾਂ ਸਾਰੀ ਸਥਿਤੀ ਉਤੇ ਵਿਚਾਰ ਨਹੀਂ ਕੀਤਾ ਅਤੇ ਪਹਿਲੀ ਨਜ਼ਰੇ ਉਸ ਨੂੰ ਇਹ ਗੱਲ ਨਹੀਂ ਸੁੱਝੀ ਕਿ ਹੋਰ ਬੁਰਾਈਆਂ ਦੇ ਨਾਲ ਉਸ ਦੀ ਕਿਸਮਤ ਵਿਚ ਇਹ ਵੀ ਲਿਖਿਆ ਸੀ ਕਿ ਉਹ ਆਪਣੀ ਸੰਤਾਨ ਨੂੰ ਆਪ ਹੀ ਖਾ ਜਾਏਗਾ। ਜਦੋਂ ਜ਼ਰਾ ਸੋਚਣ ਦਾ ਮੌਕਾ ਮਿਲਿਆ ਅਤੇ ਵੇਖਿਆ ਕਿ ਮੇਰੀ ਕਿਸਮਤ ਵਿਚ ਕੀ-ਕੀ ਆਇਆ ਹੈ ਤਾਂ ਲੱਗਾ ਛਾਤੀ ਪਿਟਣ; ਪਰ ਆਪਣੀ ਬਦਕਿਸਮਤੀ ਦਾ ਦੋਸ਼ ਆਪਣੇ ਸਿਰ ਮੜ੍ਹਨ ਦੀ ਥਾਂ ਲੱਗਾ ਕਿਸਮਤ ਅਤੇ ਦੇਵਤਿਆਂ ਨੂੰ ਕੋਸਣ।

ਸੁਣੋ! ਇਹ ਉਨ੍ਹਾਂ ਲੋਕਾਂ ਵਿਚੋਂ ਸੀ, ਜੋ ਆਕਾਸ਼ ਵਿਚੋਂ ਆਏ ਸਨ। ਪਿਛਲੇ ਜੀਵਨ ਵਿਚ ਇਹ ਇਕ ਅਤਿਅੰਤ ਚੰਗੀ ਰਿਆਸਤ ਵਿਚ ਰਹਿ ਚੁਕਾ ਸੀ, ਪਰ ਉਸ ਦੀ ਨੇਕੀ ਤੇ ਸੁਭਾਅ ਕਰਕੇ ਸੀ। ਇਸ ਦੇ ਕੋਲ ਫਿਲਾਸਫੀ ਦਾ ਕੋਈ ਗਿਆਨ ਨਹੀਂ ਸੀ। ਇਹੋ ਅਵਸਥਾ ਹੋਰਨਾਂ ਦੀ ਵੀ ਸੀ, ਜਿਨ੍ਹਾਂ ਨੇ ਚੋਣ ਸਮੇਂ ਇਸੇ ਤਰ੍ਹਾਂ ਦਾ ਧੋਖਾ ਖਾਧਾ। ਇਨ੍ਹਾਂ ਵਿਚੋਂ ਬਹੁਤੇ ਅਸਮਾਨ ਵਿਚੋਂ ਆਏ ਸਨ। ਪਰਖ ਅਤੇ ਖੋਜ-ਪੜਤਾਲ ਵਿਚ ਇਹ ਅਜੇ ਸਿਆਣੇ ਨਹੀਂ ਸਨ ਹੋਏ। ਹਾਂ, ਪ੍ਰਿਥਵੀ ਤੋਂ ਆਉਣ ਵਾਲੇ ਕਿਉਂਕਿ ਕਸ਼ਟ ਭੋਗ ਚੁਕੇ ਸਨ, ਇਸ ਲਈ ਉਨ੍ਹਾਂ ਨੂੰ ਚੋਣ ਦੀ ਜਲਦੀ ਨਹੀਂ ਸੀ। ਕੁਝ ਤਾਂ ਅਨੁਭਵਹੀਣਤਾ ਕਰਕੇ ਅਤੇ ਕੁਝ ਇਸ ਕਰਕੇ ਕਿ ਪਰਚੀਆਂ ਦਾ ਨਿਕਲਣਾ ਤਾਂ ਰੱਬ ਉਤੇ ਨਿਰਭਰ ਕਰਦਾ ਸੀ। ਬਹੁਤ ਸਾਰੀਆਂ ਆਤਮਾਵਾਂ ਨੇ ਬੁਰੀ ਬਦਲੇ ਚੰਗੀ ਅਤੇ ਬਹੁਤੀਆਂ ਨੇ ਚੰਗੀ ਬਦਲੇ ਬੁਰੀ ਕਿਸਮਤ ਹਾਸਲ ਕੀਤੀ। ਸਾਡੇ ਸੁਨੇਹਾ ਲਿਆਉਣ ਵਾਲੇ ਦਾ ਕਥਨ ਹੈ ਕਿ ਜੇ ਇਸ ਸੰਸਾਰ ਵਿਚ ਆਉਣ ਪਿਛੋਂ ਮਨੁੱਖ ਆਪਣੇ-ਆਪ ਨੂੰ ਪੂਰੀ ਤਰ੍ਹਾਂ ਸੱਚੀ ਫਿਲਾਸਫੀ ਅੱਗੇ ਅਰਪਣ ਕਰ ਦੇਵੇ ਅਤੇ ਫਿਰ ਪਰਚੀ ਕੱਢਣ ਦੇ ਮਾਮਲੇ ਵਿਚ ਵੀ ਜ਼ਰਾ ਕਿਸਮਤ ਵਾਲਾ ਹੋਵੇ, ਤਾਂ ਉਹ ਇਥੇ ਅਨੰਦ ਵਿਚ ਰਹੇ ਅਤੇ ਦੂਜੇ ਜੀਵਨ ਵਿਚ ਉਸ ਦੀ ਯਾਤਰਾ ਤੇ ਫਿਰ ਉਥੋਂ ਵਾਪਸੀ ਕਸ਼ਟਦਾਇਕ ਭੂ-ਗਰਭ ਸਥਿਤ ਰਾਹ ਤੋਂ ਨਾ ਹੋਵੇ, ਸਗੋਂ ਬਹੁਤ ਸਮਤਲ ਅਸਮਾਨੀ ਰਾਹਾਂ ਥਾਣੀਂ ਲੰਘੇ।

ਉਹ ਕਹਿੰਦਾ ਸੀ ਕਿ ਇਹ ਦ੍ਰਿਸ਼ ਬਹੁਤ ਹੈਰਾਨੀਜਨਕ ਸੀ। ਆਤਮਾਵਾਂ ਦੀ ਚੋਣ ਅਕਸਰ ਪਿਛਲੇ ਜੀਵਨ ਦੇ ਅਨੁਭਵਾਂ ਉਤੇ ਆਧਾਰਿਤ ਸੀ। ਮਿਸਾਲ ਲਈ ਉਥੇ ਕਿਤੇ ਇਸ ਨੇ ਉਹ ਆਤਮਾਵਾਂ ਦੇਖੀਆਂ, ਜੋ ਕਦੇ ਓਰਫੀਅਸ ਸਨ। ਇਸ ਦਾ ਕਿਉਂਕਿ ਔਰਤਾਂ ਨੇ ਕਤਲ ਕੀਤਾ ਸੀ, ਇਸ ਲਈ ਇਹ ਔਰਤਾਂ ਦੇ ਢਿਡ ਵਿਚੋਂ ਜੰਮਣ ਤੋਂ ਵੀ ਨਫਰਤ ਕਰਦਾ ਸੀ। ਔਰਤਾਂ ਦੀ ਸੰਪੂਰਨ ਜਾਤ ਨਾਲ ਇਸ ਵੈਰ ਕਰਕੇ ਉਸ ਨੇ ਹੰਸ ਦਾ ਜੀਵਨ ਚੁਣਿਆ। ਉਸ ਨੇ ਟੇਮੀਰਿਸ ਦੀ ਆਤਮਾ ਨੂੰ ਵੀ ਬੁਲਬੁਲ ਦਾ ਜੀਵਨ ਚੁਣਦਿਆਂ ਦੇਖਿਆ। ਇਸ ਦੇ ਉਲਟ ਚਿੜੀਆਂ ਹੰਸ ਅਤੇ ਦੂਜੇ ਗਾਉਣ ਵਾਲੇ ਪੰਛੀ ਬਣਨਾ ਚਾਹੁੰਦੀਆਂ ਸਨ।

ਜਿਸ ਦੀ ਆਤਮਾ ਨੂੰ 20ਵਾਂ ਨੰਬਰ ਮਿਲਿਆ, ਉਸ ਨੇ ਸ਼ੇਰ ਦਾ ਜੀਵਨ ਚੰਗਾ ਸਮਝਿਆ। ਇਹ ਤਲਾਮੋਨ ਦੇ ਪੁਤਰ ਅਜਕਸ ਦੀ ਆਤਮਾ ਸੀ। ਜੋ ਇਸ ਲਈ ਮਨੁੱਖੀ ਜੀਵਨ ਨਹੀਂ ਲੈਣਾ ਚਾਹੁੰਦੀ ਸੀ ਕਿ ਹਥਿਆਰਾਂ ਬਾਰੇ ਉਸ ਨਾਲ ਅਨਿਆਂ ਕੀਤਾ ਗਿਆ ਸੀ। ਇਸ ਦੇ ਪਿਛੋਂ ਐਗਮੇਮਨੋਨ ਦੀ ਵਾਰੀ ਸੀ। ਇਸ ਨੇ ਓਕਾਬ ਦਾ ਜੀਵਨ ਪਸੰਦ ਕੀਤਾ। ਕਿਉਂਕਿ ਅਜਕਸ ਵਾਂਗ ਆਪਣੇ ਕਸ਼ਟਾਂ ਦਾ ਵਿਚਾਰ ਕਰਕੇ, ਇਹ ਵੀ ਮਾਨਵ ਸੁਭਾਅ ਤੋਂ ਘ੍ਰਿਣਾ ਕਰਦਾ ਸੀ। ਲਗਭਗ ਵਿਚਾਲੇ ਐਟਾਲੈਂਟਾ ਦੀ ਵਾਰੀ ਆਈ। ਉਸ ਨੇ ਜਦੋਂ ਇਕ ਖਿਡਾਰੀ ਪਹਿਲਵਾਨ ਦੀ ਪ੍ਰਸਿਧੀ ਦੇਖੀ ਤਾਂ ਉਹ ਆਪਣੇ ਲਾਲਚ ਨੂੰ ਲੁਕਾ ਨਾ ਸਕਿਆ। ਇਸ ਪਿਛੋਂ ਪੈਨੋਪੀਅਸ ਦੇ ਪੁਤਰ ਏਪੀਅਸ ਨੇ ਫੱਫੇਕੁਟਣੀ ਔਰਤ ਦਾ ਜੀਵਨ ਚੁਣਿਆ।

ਅੰਤ ਵਿਚ ਚੋਣ ਕਰਨ ਵਾਲਿਆਂ ਤੋਂ ਕਿਤੇ ਦੂਰ ਥੇਰਟਾਈਟਸ ਬੈਠਾ ਸੀ। ਉਸ ਨੇ ਬਾਂਦਰ ਦਾ ਜੀਵਨ ਪਸੰਦ ਕੀਤਾ। ਹੁਣ ਓਡਿਸਿਸ ਦੀ ਆਤਮਾ ਆਈ, ਕਿਉਂਕਿ ਉਸ ਦੀ ਵਾਰੀ ਅਖੀਰਲੀ ਸੀ, ਉਸ ਨੇ ਵੀ ਆਪਣੇ ਲਈ ਚੋਣ ਕਰਨੀ ਸੀ। ਪਿਛਲੇ ਰਗੜਿਆਂ ਦੀ ਯਾਦ ਨੇ ਉਸ ਦਾ ਹੌਸਲਾ ਢਾਹ ਦਿੱਤਾ। ਉਹ ਬੜੀ ਦੇਰ ਏਧਰ-ਓਧਰ ਆਮ ਨਾਗਰਿਕ ਦਾ ਜੀਵਨ ਲੱਭਦਾ ਰਿਹਾ, ਜਿਸ ਨੂੰ ਕੋਈ ਚਿੰਤਾ ਜਾਂ ਕੋਈ ਸੋਗ ਨਾ ਹੋਵੇ। ਇਹ ਲੱਭਣ ਵਿਚ ਜ਼ਰਾ ਮੁਸ਼ਕਿਲ ਪੇਸ਼ ਆਈ, ਕਿਉਂਕਿ ਇਹ ਇਕ ਪਾਸੇ ਵੱਲ ਪਿਆ ਸੀ ਅਤੇ ਇਸ ਵੱਲ ਕਿਸੇ ਨੇ ਵੀ ਧਿਆਨ ਨਹੀਂ ਸੀ ਦਿੱਤਾ। ਇਸ ਨੇ ਜਦੋਂ ਇਹ ਜੀਵਨ ਦੇਖਿਆ ਤਾਂ ਬੋਲਿਆ ਕਿ ਮੈਨੂੰ ਅਖੀਰਲੀ ਥਾਂ 'ਤੇ ਸਭ ਤੋਂ ਪਹਿਲਾਂ ਚੁਣਨ ਦਾ ਹੱਕ ਮਿਲਦਾ ਤਾਂ ਵੀ ਮੈਂ ਇਸੇ ਜੀਵਨ ਨੂੰ ਚੁਣਦਾ। ਇਹ ਜੀਵਨ ਲੈ ਕੇ ਸਚਮੁਚ ਉਹ ਬੜਾ ਖੁਸ਼ ਸੀ। ਇਹੋ ਨਹੀਂ ਕਿ ਮਨੁੱਖ ਹੀ ਪਸ਼ੂਆਂ ਦਾ ਜੀਵਨ ਚੁਣਦੇ ਸਨ, ਮੈਂ ਇਹ ਲਾਜ਼ਮੀ ਤੌਰ 'ਤੇ ਕਹਿ ਦਿਆਂ ਕਿ ਜੰਗਲੀ ਤੇ ਪਾਲਤੂ ਜਾਨਵਰ ਵੀ ਆਪਸ ਵਿਚ ਆਪਣਾ ਜੀਵਨ ਬਦਲ ਰਹੇ ਸਨ ਅਤੇ ਆਪਣੇ ਸੁਭਾਅ ਅਨੁਸਾਰ ਜੀਵਨ ਚੁਣ ਰਹੇ ਸਨ। ਮਿਸਾਲ ਲਈ ਚੰਗੇ ਕੋਮਲ ਸੁਭਾਅ ਭਲੇਮਾਣਸਾਂ ਦਾ ਜੀਵਨ ਅਤੇ ਬੁਰੇ ਜੰਗਲੀਆਂ ਦਾ।

ਕਿਸੇ ਵੀ ਤਰ੍ਹਾਂ ਨਾਲ ਜਦੋਂ ਸਾਰੀਆਂ ਆਤਮਾਵਾਂ ਆਪਣੇ-ਆਪਣੇ ਜੀਵਨ ਦੀ ਚੋਣ ਕਰ ਚੁਕੀਆਂ ਤਾਂ ਚੋਣ ਕਰਮ ਅਨੁਸਾਰ ਲਾਚੇਸਿਸ ਕੋਲ ਪਹੁੰਚੀਆਂ। ਇਸ ਨੇ ਉਨ੍ਹਾਂ ਨਾਲ ਇਕ ਦੇਵਦੂਤ ਤੋਰ ਦਿੱਤਾ, ਜੋ ਉਨ੍ਹਾਂ ਨੇ ਆਪਣੇ ਲਈ ਚੁਣਿਆ ਸੀ ਤਾਂ ਕਿ ਉਹ ਉਨ੍ਹਾਂ ਦੇ ਜੀਵਨ ਦੀ ਦੇਖਭਾਲ ਅਤੇ ਚੋਣ ਪੂਰੀ ਕਰੇ। ਇਹ ਦੇਵਦੂਤ ਉਨ੍ਹਾਂ ਨੂੰ ਪਹਿਲਾਂ ਕਲੋਥੋਂ ਕੋਲ ਲੈ ਗਿਆ। ਉਸ ਨੇ ਆਪਣੇ ਹਥ ਨਾਲ ਜਿਸ ਚੱਕਰ ਨੂੰ ਉਹ ਚਲਾ ਰਹੀ ਸੀ, ਉਸ ਵਿਚ ਪਰਚੀਆਂ ਰਖ ਕੇ ਚੱਕਰ ਦਿੱਤਾ ਅਤੇ ਇਉਂ ਸਭ ਦੀ ਕਿਸਮਤ ਪੱਕੀ ਹੋ ਗਈ। ਫਿਰ ਇਹ ਆਪ ਤਕਲੇ ਨੂੰ ਛੋਹ ਕੇ ਇਨ੍ਹਾਂ ਨੂੰ ਐਟ੍ਰੋਪੋਸ ਕੋਲ ਲੈ ਗਿਆ, ਜੋ ਕਿਸਮਤ ਦੇ ਧਾਗੇ ਕੱਤ ਰਹੀ ਸੀ, ਜਿਸ ਨਾਲ ਕਿ ਉਹ ਅਬਦਲ ਹੋ ਜਾਣ। ਇਥੋਂ ਉਹ ਬਿਨਾ ਮੂੰਹ ਮੋੜਿਆਂ ਜ਼ਰੂਰੀ ਬਿਪਤਾ ਦੇ ਸਿਧਾਂਤ ਦੇ ਹੇਠੋਂ ਦੀ ਲੰਘੇ। ਜਦੋਂ ਸਾਰੇ ਇਸ ਦੇ ਹੇਠੋਂ ਨਿਕਲ ਚੁਕੇ ਤਾਂ ਇਕ ਹੋਰ ਸੜਦੇ ਬਲਦੇ ਮੈਦਾਨ ਵਿਚ ਪਹੁੰਚੇ। ਇਹ ਇਕ ਮੈਦਾਨ ਸੀ, ਜਿਸ 'ਚ ਨਾ ਕੋਈ ਦਰਖਤ ਤੇ ਨਾ ਕੋਈ ਪੱਤਾ ਸੀ ਤੇ ਨਾ ਹੀ ਹਰਿਆਲੀ ਦਾ ਕੋਈ ਚਿੰਨ੍ਹ ਸੀ।

ਸ਼ਾਮ ਹੁੰਦਿਆਂ-ਹੁੰਦਿਆਂ ਪੁਰਸਲਾਤ (ਨਰਕ ਤੇ ਸਵਰਗ ਵਿਚਾਲੇ ਨਦੀ ਦੇ ਪੁਲ) ਦੇ ਕੰਢੇ ਉਨ੍ਹਾਂ ਨੇ ਪੜਾਅ ਕੀਤਾ। ਇਸ ਨਦੀ ਦਾ ਪਾਣੀ ਕਿਸੇ ਭਾਂਡੇ ਵਿਚ ਨਹੀਂ ਆਉਂਦਾ ਸੀ। ਹਰ ਇਕ ਨੂੰ ਮਜਬੂਰ ਕੀਤਾ ਗਿਆ ਕਿ ਉਹ ਉਸ ਵਿਚੋਂ ਥੋੜ੍ਹਾ-ਥੋੜ੍ਹਾ ਪਾਣੀ ਪੀਣ। ਜਿਨ੍ਹਾਂ ਨੇ ਦਿਮਾਗ ਤੋਂ ਕੰਮ ਨਹੀਂ ਲਿਆ, ਉਹ ਲੋੜੋਂ ਵਧ ਪੀ ਗਏ ਅਤੇ ਪੀਂਦਿਆਂ ਹੀ ਸਾਰੀਆਂ ਗੱਲਾਂ ਭੁਲ ਗਏ। ਫਿਰ ਸਭ ਸੁਤੇ ਪਏ ਸਨ ਕਿ ਅੱਧੀ ਰਾਤ ਨੂੰ ਬਿਜਲੀ ਤੇ ਹਵਾ ਦਾ ਤੂਫਾਨ ਅਤੇ ਭੂਚਾਲ ਆਉਣਾ ਸ਼ੁਰੂ ਹੋਇਆ। ਜਿਵੇਂ ਟੁੱਟੇ ਹੋਏ ਤਾਰੇ ਏਧਰ-ਓਧਰ ਹੋ ਜਾਂਦੇ ਹਨ, ਇਹ ਸਾਰੇ ਵੱਖੋ-ਵੱਖ ਰਾਹਾਂ ਰਾਹੀਂ ਆਪਣੇ-ਆਪਣੇ ਜਨਮ ਸਥਾਨ ਤਕ ਪਹੁੰਚਾ ਦਿੱਤੇ ਗਏ। ਸਾਡੇ ਸੁਨੇਹਾ ਲਿਆਉਣ ਵਾਲੇ ਨੂੰ ਇਹ ਪਾਣੀ ਨਹੀਂ ਪੀਣ ਦਿੱਤਾ ਗਿਆ, ਪਰ ਉਹ ਕਿਵੇਂ ਤੇ ਕਿਸ ਤਰ੍ਹਾਂ ਸਰੀਰ 'ਚ ਵਾਪਸ ਆਇਆ, ਇਸ ਦਾ ਆਪ ਉਸ ਨੂੰ ਕੁਝ ਪਤਾ ਨਹੀਂ। ਸਵੇਰੇ ਜਦ ਉਸ ਦੀ ਅੱਖ ਖੁੱਲ੍ਹੀ ਤਾਂ ਉਸ ਨੇ ਵੇਖਿਆ ਕਿ ਉਹ ਅਰਥੀ ਉਤੇ ਲੰਮਾ ਪਿਆ ਹੈ।

... ਤੇ ਇਉਂ ਮੇਰੇ ਪਿਆਰੇ ਗਲਾਕਨ! ਇਹ ਕਥਾ ਬਾਕੀ ਰਹਿ ਗਈ, ਖਤਮ ਨਹੀਂ ਹੋਈ। ਹੁਣ ਜੇ ਅਸੀਂ ਵੀ ਇਕਰਾਰ ਦੇ ਪੱਕੇ ਰਹੀਏ ਤਾਂ ਇਹ ਸਾਨੂੰ ਵੀ ਬਚਾਅ ਲਵੇ ਅਤੇ ਅਸੀਂ ਸ਼ਾਂਤੀ ਨਾਲ ਆਪਣੀ ਆਤਮਾ ਲਬੇੜੇ ਬਿਨਾ ਪੁਰਸਲਾਤ ਨੂੰ ਪਾਰ ਕਰ ਲਈਏ। ਸੋ ਮੇਰੀ ਸਲਾਹ ਹੈ ਕਿ ਅਸੀਂ ਸਦਾ ਇਸ ਅਸਮਾਨੀ ਰਾਹ ਉਤੇ ਚਲਦੇ ਰਹੀਏ। ਸਦਾ ਨਿਆਂ ਅਤੇ ਨੇਕੀ ਦਾ ਰਾਹ ਚੁਣੀਏ। ਹਮੇਸ਼ਾ ਇਹ ਵਿਸ਼ਵਾਸ ਰੱਖੀਏ ਕਿ ਆਤਮਾ ਅਮਰ ਹੈ ਅਤੇ ਹਰ ਤਰ੍ਹਾਂ ਦੀ ਨੇਕੀ ਬਦੀ ਸਹਿ ਸਕਦੀ ਹੈ। ਇਉਂ ਅਸੀਂ ਇਕ-ਦੂਜੇ ਦੀਆਂ ਨਜ਼ਰਾਂ ਵਿਚ ਪ੍ਰਿਯਾ ਤੇ ਆਦਰਯੋਗ ਰਹਾਂਗੇ ਅਤੇ ਦੇਵਤਿਆਂ ਦੀ ਨਜ਼ਰ ਵਿਚ ਵੀ। ਜਦੋਂ ਤਕ ਇਥੇ ਹਾਂ ਤਾਂ ਇਥੇ ਅਤੇ ਉਸ ਸਮੇਂ ਵੀ, ਜਦੋਂ ਇਨਾਮ ਲਈ ਅਸੀਂ ਉਸ ਖੇਡ ਵਿਚ ਬਾਜ਼ੀ ਜਿੱਤਣ ਵਾਲਿਆਂ ਵਾਂਗ ਜਾਵਾਂਗੇ, ਜੋ ਇਨਾਮ ਹਾਸਲ ਕਰਨ ਲਈ ਚੱਕਰ ਕੱਟਦੇ ਹਨ। ਇਸ ਨਾਲ ਇਸ ਜੀਵਨ ਵਿਚ ਸਾਡਾ ਭਲਾ ਹੋਵੇਗਾ ਅਤੇ ਇਸ ਹਜ਼ਾਰ ਵਰ੍ਹਿਆਂ ਦੀ ਯਾਤਰਾ ਵਿਚ ਵੀ, ਜਿਸ ਦਾ ਅਸੀਂ ਜ਼ਿਕਰ ਕਰ ਰਹੇ ਸੀ।"

ਇਥੇ ਆ ਕੇ ਪਲੈਟੋ ਦੀ ਇਹ ਦਿਲਚਸਪ ਕਥਾ ਸਮਾਪਤ ਹੋ ਜਾਂਦੀ ਹੈ।

ਗੁਰਮਤਿ ਨੇ ਨਰਕ-ਸਵਰਗ ਤੇ ਪੁਨਰ ਜਨਮ ਬਾਰੇ ਬਣੇ ਸਾਰੇ ਭਰਮਾਂ ਦਾ ਬੜੀ ਦ੍ਰਿੜਤਾ ਨਾਲ ਖੰਡਨ ਕੀਤਾ ਹੈ। ਗੁਰਮਤਿ ਨੇ ਇਸ ਸਾਰੇ ਭਰਮਜਾਲ ਨੂੰ ਸਿਰਿਓਂ ਹੀ ਨਕਾਰ ਦਿੱਤਾ ਹੈ।

ਮੇਰੀ ਮੇਰੀ ਧਾਰਿ ਬੰਧਨਿ ਬੰਧਿਆ॥
ਨਰਕਿ ਸੁਰਗਿ ਅਵਤਾਰ ਮਾਇਆ ਧੰਧਿਆ॥ (ਗੁਰੂ ਗ੍ਰੰਥ ਸਾਹਿਬ, ਪੰਨਾ 762)

ਭਾਵ ਮੇਰੀ-ਮੇਰੀ ਦੀ ਸਾਰੀ ਲਾਲਸਾ ਮਨੁੱਖ ਦੇ ਮਨ ਨੂੰ ਪਈ ਜਕੜ ਹੈ ਅਤੇ ਨਰਕ, ਸਵਰਗ ਤੇ ਅਵਤਾਰਾਂ ਦੀ ਸਾਰੀ ਕਲਪਨਾ ਨਿਰੋਲ ਝੂਠ ਹੈ।

ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ॥
ਹਮ ਕਾਹੂ ਕੀ ਕਾਣਿ ਨ ਕਢਤੇ ਅਪਨੇ ਗੁਰਪ੍ਰਸਾਦੇ॥ (ਪੰਨਾ 969)

ਭਾਵ ਨਰਕ-ਸਵਰਗ ਦੀ ਸਾਰੀ ਚਰਚਾ ਨੂੰ ਸਪਸ਼ਟ ਸ਼ਬਦਾਂ ਵਿਚ ਨਕਾਰਦਿਆਂ ਗੁਰਮਤਿ ਬਚਨ ਕਰਦੀ ਹੈ ਕਿ ਸੰਤਾਂ ਨੇ ਨਰਕ-ਸਵਰਗ ਦੇ ਸਾਰੇ ਵਰਤਾਰੇ ਦਾ ਹੀ ਖੰਡਨ ਕਰ ਦਿੱਤਾ ਹੈ। ਹੁਣ ਉਹ ਆਪਣੇ ਗੁਰੂ ਵਲੋਂ ਦਿੱਤੇ ਆਤਮਿਕ ਗਿਆਨ ਦੀ ਰੌਸ਼ਨੀ ਵਿਚ ਨਰਕ-ਸਵਰਗ ਦੀ ਕੋਈ ਪ੍ਰਵਾਹ ਨਹੀਂ ਕਰਦੇ।

ਸੁਰਗ ਬਾਸੁ ਨ ਬਾਛੀਐ ਡਰੀਐ ਨ ਨਰਕਿ ਨਿਵਾਸੁ॥
ਹੋਨਾ ਹੈ ਸੋ ਹੋਈ ਹੈ ਮਨਹਿ ਨ ਕੀਜੈ ਆਸ॥

ਭਾਵ ਗੁਰਮਤਿ ਨਸੀਹਤ ਕਰ ਰਹੀ ਹੈ ਕਿ ਸਵਰਗ ਵਿਚ ਜਾਣ ਦੀ ਕਦੇ ਇੱਛਾ ਨਾ ਕਰੀਏ ਅਤੇ ਨਰਕ ਵਿਚ ਜਾਣ ਤੋਂ ਕਦੇ ਡਰੀਏ ਨਾ। ਕਿਉਂਕਿ ਜੋ ਹੋਣਾ ਹੈ, ਉਹ ਹੋ ਕੇ ਰਹਿਣਾ ਹੈ। ਭਾਵ ਜੋ ਕੁਝ ਕੁਦਰਤ ਦੇ ਨੇਮਾਂ ਵਿਚ ਵਾਪਰ ਰਿਹਾ ਹੈ, ਓਹੀ ਕੁਝ ਹੋਣਾ ਹੈ।

ਖੋਲਿ ਕਿਵਾਰ ਦਿਖਾਲੇ ਦਰਸਨੁ ਪੁਨਰਪਿ ਜਨਮਿ ਨ ਆਈਐ॥ (ਪੰਨਾ 383)
ਆਪੇ ਆਪਿ ਮਿਲਾਏ ਕਰਤਾ ਪੁਨਰਪਿ ਜਨਮੁ ਨ ਹੋਈ॥ (ਪੰਨਾ 433)

ਯਥਾ ਗੁਰੂ ਨੇ ਸਾਡੀ ਅਕਲ ਦੇ ਦਰਵਾਜ਼ੇ ਖੋਲ੍ਹ ਕੇ ਸਾਨੂੰ ਇਹ ਅਨੁਭਵੀ ਸੋਝੀ ਦਿੱਤੀ ਹੈ ਕਿ ਕਿਸੇ ਮਨੁੱਖ ਦਾ ਪੁਨਰ ਜਨਮ ਨਹੀਂ ਹੁੰਦਾ। ਕਰਤਾ, ਭਾਵ ਸਿਰਜਣਹਾਰ ਆਪ ਹੀ ਆਪਣੇ ਨਾਲ ਮੇਲ ਕਰਵਾ ਲੈਂਦਾ ਹੈ। ਪੁਨਰ ਜਨਮ ਦੀ ਕੋਈ ਹੋਂਦ ਨਹੀਂ। ਏਕੋ ਕਰਤਾ, ਭਾਵ ਸਿਰਜਣਹਾਰ ਦੇ ਹੁਕਮ ਅਨੁਸਾਰ ਹੀ ਸੰਸਾਰ ਵਿਚ ਆਉਣ-ਜਾਣ, ਭਾਵ ਜੰਮਣ-ਮਰਨ ਬਣਿਆ ਹੋਇਆ ਹੈ। ਬੰਦਾ ਐਵੇਂ ਮੈਂ-ਮੇਰੀ ਦੇ ਭਰਮ ਵਿਚ ਫਸ ਕੇ ਨਰਕ-ਸਵਰਗ ਅਤੇ ਅਵਤਾਰਾਂ ਦੇ ਭਰਮਜਾਲ ਵਿਚ ਭਟਕ ਰਿਹਾ ਹੈ।

ਇਥੇ ਸਪਸ਼ਟ ਕਰਨ ਵਾਲਾ ਨੁਕਤਾ ਇਹ ਹੈ ਕਿ ਮਨੁੱਖ ਜਾਤੀ ਦੇ ਪਦਾਰਥਕ ਤੇ ਸਭਿਆਚਾਰਕ ਵਿਕਾਸ ਦੇ ਨਾਲ-ਨਾਲ ਮਨੁੱਖ ਜਾਤੀ ਦਾ ਸਮੂਹਿਕ ਅਨੁਭਵੀ ਗਿਆਨ ਵੀ ਵਿਕਾਸ ਕਰਦਾ ਆ ਰਿਹਾ ਹੈ। ਇਹ ਸਮੂਹਿਕ ਅਨੁਭਵੀ ਗਿਆਨ ਆਤਮਿਕ ਗਿਆਨ (ਫਿਲਾਸਫੀ) ਦੇ ਰੂਪ ਵਿਚ ਮਨੁੱਖ ਦੇ ਦਿਸਹੱਦਿਆਂ ਨੂੰ ਲਗਾਤਾਰ ਵਸੀਹ ਕਰ ਰਿਹਾ ਹੈ। ਆਤਮਿਕ ਗਿਆਨ (ਫਿਲਾਸਫੀ) ਦੇ ਵਸੀਹ ਹੋ ਰਹੇ ਇਨ੍ਹਾਂ ਦਿਸਹੱਦਿਆਂ ਨੇ ਹੀ ਮਨੁੱਖ ਨੂੰ ਨਰਕ-ਸਵਰਗ ਤੇ ਆਤਮਾਵਾਂ ਦੇ ਅਮਰ ਹੋਣ ਭਾਵ ਪੁਨਰ ਜਨਮ ਦੇ ਭਰਮਜਾਲ ਵਿਚੋਂ ਮੁਕਤੀ ਦਿਵਾਈ ਹੈ। ਗੁਰਮਤਿ ਅਤੇ ਮਾਰਕਸ ਦੀ ਵਿਕਸਿਤ ਕੀਤੀ ਭੌਤਿਕਵਾਦੀ ਫਿਲਾਸਫੀ ਇਸ ਦੀ ਮਿਸਾਲ ਹੈ।

ਪਲੈਟੋ ਵੇਲੇ ਫਿਲਾਸਫੀ ਦੇ ਗਿਆਨ ਦੀ ਇਹ ਸੀਮਤਾਈ ਹੀ ਉਸ ਨੂੰ ਆਪਣੀ ਸਾਰੀ ਸੁਹਿਰਦਤਾ ਦੇ ਬਾਵਜੂਦ ਨਰਕ-ਸਵਰਗ ਤੇ ਆਤਮਾਵਾਂ ਦੇ ਅਮਰ ਹੋਣ ਦੇ ਭਰਮਜਾਲ ਵੱਲ ਲੈ ਗਈ, ਪਰ ਕਿੰਨੀ ਦਿਲਚਸਪ ਗੱਲ ਹੈ ਕਿ ਪਲੈਟੋ ਜਿਹਾ ਮਹਾਨ ਫਿਲਾਸਫਰ ਜਦੋਂ ਨਰਕ-ਸਵਰਗ ਦੀ ਕਲਪਨਾ ਵੀ ਕਰਦਾ ਹੈ ਤਾਂ ਉਹ ਧਰਤੀ ਦੇ ਕਿੰਨਾ ਨੇੜੇ ਹੈ। ਉਸ ਦੀ ਕਥਾ ਵਿਚੋਂ ਇਹ ਗੱਲ ਵਾਰ-ਵਾਰ ਝਲਕਦੀ ਹੈ ਕਿ ਹਰਿਆਵਲ ਸਵਰਗ ਦਾ ਇਕ ਲੱਛਣ ਹੈ। ਹਰਿਆਵਲ ਦਾ ਸੰਕਲਪ ਹੁਣ ਤਕ ਮਨੁੱਖ ਨੂੰ ਅਨੰਦਿਤ ਕਰਦਾ ਆਇਆ ਹੈ, ਕਿਉਂਕਿ ਹਰਿਆਵਲ ਮਨੁੱਖ ਲਈ ਅਤਿ ਲੋੜੀਂਦੀਆਂ ਉਪਜਾਂ ਨੂੰ ਪ੍ਰਗਟ ਕਰਦੀ ਹੈ ਅਤੇ ਉਸ ਨੂੰ ਕੁਦਰਤ ਨਾਲ ਨੇੜਤਾ ਦਾ ਅਹਿਸਾਸ ਕਰਵਾਉਂਦੀ ਹੈ। ਸਵਰਗ ਤੋਂ ਉਤਰੀਆਂ ਆਤਮਾਵਾਂ ਹਰੀ ਭਰੀ ਧਰਤੀ ਉਤੇ ਬੈਠਦੀਆਂ ਹਨ, ਜਦੋਂ ਕਿ ਧਰਤੀ ਤੋਂ ਆਈਆਂ ਆਤਮਾਵਾਂ ਗਰਦ ਨਾਲ ਲਿਪਟੀਆਂ ਹੋਈਆਂ ਹਨ। ਹਰਿਆਵਲ ਸਵਰਗ ਦਾ ਲੱਛਣ ਹੈ ਅਤੇ ਗਰਦੋ-ਗੁਬਾਰ ਨਰਕ ਦਾ ਲੱਛਣ ਹੈ।

ਯਕੀਨਨ ਇਹ ਜਾਣਨਾ ਹੋਰ ਵੀ ਦਿਲਚਸਪ ਹੈ ਕਿ ਪਲੈਟੋ ਜਿਹਾ ਮਹਾਨ ਫਿਲਾਸਫਰ ਜਦੋਂ ਨਰਕ-ਸਵਰਗ ਦੀ ਕਲਪਨਾ ਵੀ ਕਰਦਾ ਹੈ ਤਾਂ ਇਸ ਕਲਪਨਾ ਪਿਛੇ ਉਸ ਦਾ ਮੰਤਵ ਕਿੰਨਾ ਉਚਾ ਤੇ ਸੁੱਚਾ ਹੈ। ਇਸ ਕਲਪਨਾ ਪਿਛੇ ਉਸ ਦਾ ਮੰਤਵ ਲੋਕਾਂ ਨੂੰ ਗੁੰਮਰਾਹ ਕਰਨਾ ਨਹੀਂ, ਸਗੋਂ ਆਮ ਲੋਕਾਂ ਨੂੰ ਬਦੀ ਵਲੋਂ ਮੋੜ ਕੇ ਨੇਕੀ ਵਾਸਤੇ ਪ੍ਰੇਰਨਾ ਹੈ। ਲੋਕਾਂ ਦੇ ਮਨਾਂ ਨੂੰ ਆਪਣੇ ਨਿੱਕੇ-ਨਿੱਕੇ ਸੁਆਰਥ ਤਿਆਗ ਕੇ ਸਮੂਹ ਦੀ ਭਲਾਈ ਲਈ ਤਿਆਰ ਕਰਨਾ ਹੈ।

ਅਜੋਕੇ ਸਾਮਰਾਜੀ ਪੂੰਜੀਵਾਦ ਦੇ ਦੌਰ ਵਿਚ ਜਦੋਂ ਕੁਝ ਕੁ ਗਿਣਤੀ ਦੇ ਅੰਨ੍ਹੇ ਬੋਲੇ ਧਨਾਢ ਲੋਕ ਆਪਣੀ ਮੁਨਾਫੇ ਦੀ ਸ਼ੈਤਾਨੀ ਹਵਸ ਨੂੰ ਪੂਰਾ ਕਰਨ ਲਈ ਕਰੋੜਾਂ-ਕਰੋੜ ਲੋਕਾਂ ਨੂੰ ਇਸ ਧਰਤੀ ਉਤੇ ਨਰਕੀ ਜ਼ਿੰਦਗੀ ਜਿਊਣ ਲਈ ਮਜਬੂਰ ਕਰ ਰਹੇ ਹਨ, ਉਦੋਂ ਮਹਾਨ ਪਲੈਟੋ ਦੇ ਇਹ ਸ਼ਬਦ ਮਨ ਨੂੰ ਕਿੰਨਾ ਸਕੂਨ ਦਿੰਦੇ ਹਨ, "ਪਿਆਰੇ ਗਲਾਕਨ! ਇਹ ਹੈ ਮਾਨਵ-ਜੀਵਨ ਦਾ ਮਹਾਨ ਸੰਕਟ ਤੇ ਇਥੇ ਹੀ ਸਭ ਤੋਂ ਵੱਧ ਹੁਸ਼ਿਆਰੀ ਦੀ ਲੋੜ ਹੈ। ਹਰ ਇਕ ਮਨੁੱਖ ਨੂੰ ਚਾਹੀਦਾ ਹੈ ਕਿ ਹੋਰ ਸਭ ਤਰ੍ਹਾਂ ਦੇ ਗਿਆਨ ਨੂੰ ਤਿਆਗ ਕੇ ਬਸ ਇਸੇ ਚੀਜ਼ ਦੀ ਖੋਜ ਅਤੇ ਪ੍ਰਾਪਤੀ ਵਿਚ ਲਗ ਜਾਏ ਕਿ ਅਸੀਂ ਭਲੇ-ਬੁਰੇ ਵਿਚ ਫਰਕ ਲੱਭਣਾ ਸਿੱਖ ਜਾਈਏ ਜਾਂ ਸਾਨੂੰ ਕੋਈ ਅਜਿਹਾ ਵਿਅਕਤੀ ਮਿਲ ਜਾਏ, ਜੋ ਸਾਨੂੰ ਇਹ ਚੀਜ਼ ਵੀ ਸਿਖਾ ਸਕੇ, ਜਿਸ ਨਾਲ ਜਦੋਂ ਅਤੇ ਜਿਥੇ ਵੀ ਕਿਤੇ ਮੌਕਾ ਮਿਲੇ ਅਸੀਂ ਨੇਕ ਜੀਵਨ ਦੀ ਚੋਣ ਕਰ ਸਕੀਏ। ... ਮਨੁੱਖ ਨੂੰ ਚਾਹੀਦਾ ਹੈ ਕਿ ਪਰਲੋਕ ਵਿਚ ਵੀ ਆਪਣੇ ਨਾਲ ਸਥਾਈ ਅਤੇ ਨਿਆਂ ਉਤੇ ਦ੍ਰਿੜ ਸ਼ਰਧਾ ਲੈ ਕੇ ਜਾਏ। ਜੋ ਕਦੇ ਵੀ ਡੋਲੇ ਨਾ। ਜਿਸ ਨਾਲ ਕਿ ਉਥੇ ਵੀ ਧਨ, ਲੋਭ, ਝੂਠ ਤੇ ਕਪਟ ਉਸ ਦੀ ਨਜ਼ਰ ਨੂੰ ਚੁੰਧਿਆ ਨਾ ਸਕਣ। ਇਹ ਨਾ ਹੋ ਜਾਏ ਕਿ ਅਤਿਆਚਾਰੀ ਤੇ ਤਾਨਾਸ਼ਾਹੀ ਅਤੇ ਦੂਜੇ ਕੰਮਾਂ ਨਾਲ ਇਹ ਦੂਜੇ ਮਨੁੱਖਾਂ ਨੂੰ ਦੁਖ ਦੇਵੇ ਅਤੇ ਆਪਣੇ-ਆਪ ਨੂੰ ਵੀ ਨੁਕਸਾਨ ਪੁਚਾਉਣ ਦਾ ਕਾਰਨ ਬਣੇ।...ਇਹੋ ਹੀ ਸੁਖ ਅਤੇ ਖੁਸ਼ਹਾਲੀ ਦਾ ਰਾਹ ਹੈ।"

ਸਾਨੂੰ ਇਹ ਮੰਨ ਕੇ ਚਲਣਾ ਚਾਹੀਦਾ ਹੈ ਕਿ ਸਾਡੇ ਪੁਰਖੇ ਬੜੇ ਮਹਾਨ ਸਨ। ਸਾਡੇ ਜਿਨ੍ਹਾਂ ਪੁਰਖਿਆਂ ਨੇ ਧਰਮਾਂ ਦੀ ਬੁਨਿਆਦ ਰੱਖੀ ਜਾਂ ਜਿਨ੍ਹਾਂ ਨੇ ਇਨ੍ਹਾਂ ਦਾ ਅੱਗੇ ਵਿਸਥਾਰ ਕੀਤਾ, ਉਹ ਮਹਾਨ ਮਨਾਂ ਦੇ ਮਾਲਕ ਸਨ। ਉਨ੍ਹਾਂ ਮਹਾਨ ਮਨਾਂ ਨੇ ਜੇ ਕੁਝ ਕੋਰੀ ਕਲਪਨਾ ਵੀ ਕੀਤੀ, ਤਾਂ ਉਨ੍ਹਾਂ ਪਿਛੇ ਵੀ ਉਨ੍ਹਾਂ ਦਾ ਮੰਤਵ ਬੜਾ ਮਹਾਨ ਸੀ।

ਦਰਅਸਲ ਮਨੁੱਖੀ ਸਭਿਅਤਾ ਦੇ ਆਦਿ ਕਾਲ ਤੋਂ ਹੀ ਨੇਕੀ ਅਤੇ ਬਦੀ ਦੇ ਸੰਕਲਪ ਹੋਂਦ ਵਿਚ ਚਲਦੇ ਆ ਰਹੇ ਹਨ। ਨੇਕੀ ਤੋਂ ਭਾਵ ਸਮਾਜੀ ਭਲਾਈ ਜਾਂ ਪਰਉਪਕਾਰ ਦਾ ਜਜ਼ਬਾ ਹੈ ਅਤੇ ਬਦੀ ਤੋਂ ਭਾਵ ਸਮਾਜੀ ਭਲਾਈ ਨੂੰ ਅਣਗੌਲਿਆ ਕਰਕੇ ਆਪਣੇ ਸੁਆਰਥ ਨੂੰ ਪੂਰਿਆਂ ਕਰਨਾ ਹੈ। ਨੇਕੀ ਅਤੇ ਬਦੀ ਕਿਸੇ ਧਰਮ ਨਾਲ ਸਬੰਧਤ ਸ਼ਬਦ ਨਹੀਂ ਹਨ, ਸਗੋਂ ਇਹ ਮਨੁੱਖ ਜਾਤੀ ਦੇ ਹੋਏ ਸਮਾਜੀ ਅਤੇ ਸਭਿਆਚਾਰਕ ਵਿਕਾਸ ਦੀ ਦੇਣ ਹਨ। ਨੇਕੀ ਅਤੇ ਬਦੀ ਦੇ ਸੰਕਲਪ ਮਨੁੱਖੀ ਸਭਿਅਤਾ ਦੀ ਚੂਲ ਹਨ। ਇਹ ਕਿਸੇ ਨਾ ਕਿਸੇ ਰੂਪ ਵਿਚ ਦੁਨੀਆਂ ਭਰ ਦੇ ਸਾਰੇ ਸਭਿਆਚਾਰਾਂ ਵਿਚ ਮੌਜੂਦ ਹਨ। ਨੇਕੀ ਸਮਾਜੀਕਰਨ ਦੀ ਪ੍ਰਤੀਕ ਹੈ ਅਤੇ ਬਦੀ ਸਮਾਜ ਨੂੰ ਅਣਗੌਲਿਆ ਕਰਕੇ ਮਨੁੱਖੀ ਮਨ ਵਿਚ ਪੈਦਾ ਹੋਈਆਂ ਨਿਜੀ ਲਾਲਸਾਵਾਂ ਨੂੰ ਪੂਰਾ ਕਰਨ ਦੀ ਪ੍ਰਤੀਕ ਹੈ। ਸਮੂਹ ਨਾਲੋਂ ਟੁੱਟ ਕੇ ਆਪਣੇ ਬੇਲੋੜੇ ਜਾਤੀ ਹਿਤਾਂ ਦੀ ਕੀਤੀ ਗਈ ਪੈਰਵਾਈ ਹੈ। ਨੇਕੀ ਪੁੰਨ ਦੇ ਸੰਕਲਪ ਦਾ ਪ੍ਰਤੀਕ ਸਮਝੀ ਜਾਂਦੀ ਹੈ ਅਤੇ ਬਦੀ ਦਾ ਰਿਸ਼ਤਾ ਹਮੇਸ਼ਾ ਪਾਪ ਦੇ ਸੰਕਲਪ ਨਾਲ ਜੋੜਿਆ ਜਾਂਦਾ ਹੈ। ਪੁੰਨ ਭਾਵ ਕਿਸੇ ਦੂਜੇ ਦਾ ਭਲਾ ਕਰਨਾ, ਅਰਥਾਤ ਸਮਾਜੀ ਭਲਾਈ ਨੂੰ ਨਿਜੀ ਭਲਾਈ ਤੋਂ ਉਪਰ ਰੱਖਣਾ, ਪਰਉਪਕਾਰੀ ਬਣ ਕੇ ਜ਼ਿੰਦਗੀ ਜਿਉਣਾ ਜਦੋਂ ਕਿ ਬਦੀ ਪਰਉਪਕਾਰ ਦੇ ਉਲਟ ਹੈ।

ਇਨ੍ਹਾਂ ਦੋਹਾਂ ਸੰਕਲਪਾਂ ਦਾ ਹੁਣ ਵੀ ਓਨਾ ਹੀ ਮਹੱਤਵ ਹੈ, ਜਿੰਨਾ ਕਿ ਪ੍ਰਾਚੀਨ ਸਮਿਆਂ ਵਿਚ ਸੀ। ਇਨ੍ਹਾਂ ਸੰਕਲਪਾਂ ਦਾ ਧਰਮ ਨਾਲ ਕੁਝ ਵੀ ਲੈਣਾ-ਦੇਣਾ ਨਹੀਂ, ਸਗੋਂ ਇਹ ਦਇਆ ਅਤੇ ਸੰਤੋਖ ਵਾਂਗ ਮਨੁੱਖ ਦੇ ਸਭਿਆਚਾਰਕ ਵਿਕਾਸ ਨਾਲ ਵਿਕਸਿਤ ਹੋਏ ਸੰਕਲਪ ਹਨ। ਸਾਮਰਾਜੀ ਖਪਤਕਾਰੀ ਦੇ ਅਜੋਕੇ ਦੌਰ ਵਿਚ ਆ ਕੇ ਨਾਸਤਿਕਤਾ ਦੇ ਪ੍ਰਭਾਵ ਅਧੀਨ ਇਨ੍ਹਾਂ ਸੰਕਲਪਾਂ ਨੂੰ ਅਣਗੌਲਿਆ ਕਰਨ ਦੀ ਬਿਰਤੀ ਪੈਦਾ ਹੋ ਗਈ। ਇਹ ਬਿਰਤੀ ਬੜੀ ਖਤਰਨਾਕ ਹੈ ਅਤੇ ਇਹੀ ਬਿਰਤੀ ਅਜੋਕੀ ਸਾਮਰਾਜੀ ਵਹਿਸ਼ਤ ਦਾ ਆਧਾਰ ਹੈ। ਇਹੀ ਸਾਮਰਾਜੀ ਵਹਿਸ਼ਤ ਅੱਜ ਸਗਲ ਮਨੁੱਖ ਜਾਤੀ ਨੂੰ ਕਰੋਨਾ ਵਾਇਰਸ ਤੇ ਪਰਮਾਣੂ ਜੰਗ ਦੇ ਖਤਰੇ ਦੇ ਰੂਪ 'ਚ ਉਸ ਦੇ ਅੰਤ ਤਕ ਲੈ ਆਈ ਹੈ।


# ਸੇਵਾ ਦੇ ਪੁੰਜ ਤੇ ਪਰਉਪਕਾਰ ਦੀ ਮੂਰਤ ਸਨ-ਸੰਤ ਪ੍ਰੇਮ ਸਿੰਘ ਮੁਰਾਲੇ ਵਾਲੇ

ਅਮਰਜੀਤ ਸਿੰਘ ਮੁਲਤਾਨੀ

ਸਿੱਖ ਪੰਥ ਵਿਚ ਸੰਤ ਪ੍ਰੇਮ ਸਿੰਘ ਮੁਰਾਲੇ ਵਾਲੇ ਇਕ ਅਜਿਹੀ ਸ਼ਖਸੀਅਤ ਹੋਏ ਹਨ, ਜੋ ਸੇਵਾ ਦੇ ਪੁੰਜ ਅਤੇ ਪਰਉਪਕਾਰ ਦੀ ਮੂਰਤ ਸਨ। ਗੁਰਮਤਿ ਅਤੇ ਗੁਰਬਾਣੀ ਨੂੰ ਹੀ ਉਨ੍ਹਾਂ ਨੇ ਆਪਣਾ ਜੀਵਨ ਬਣਾਇਆ ਹੋਇਆ ਸੀ। ਉਨ੍ਹਾਂ ਦਾ ਜਨਮ 1882 ਈ. ਨੂੰ ਕੱਤਕ ਦੀ ਸੰਗਰਾਂਦ ਵਾਲੇ ਦਿਨ ਖੇੜੀ ਦੂਨਾ ਸਿੰਘ, ਜਿਲਾ ਗੁਜਰਾਤ (ਪਾਕਿਸਤਾਨ) ਦੇ ਵਾਸੀ ਵਸਾਵਾ ਸਿੰਘ ਦੇ ਗ੍ਰਹਿ ਵਿਖੇ ਮਾਤਾ ਨਿਹਾਲ ਕੌਰ ਦੀ ਕੁੱਖੋਂ ਹੋਇਆ। ਉਹ ਹਾਲੇ ਗਿਆਰਾਂ ਸਾਲ ਦੇ ਹੀ ਸਨ ਕਿ ਉਨ੍ਹਾਂ ਦੇ ਮਾਤਾ ਜੀ ਦਾ ਦਿਹਾਂਤ ਹੋ ਗਿਆ। ਵਸਾਵਾ ਸਿੰਘ ਨੇ ਦੂਜਾ ਵਿਆਹ ਕਰ ਲਿਆ। ਬਚਪਨ ਕਾਫੀ ਮੁਸ਼ਕਿਲਾਂ ਵਿਚ ਦਾਦਾ ਅਰੂੜ੍ਹ ਸਿੰਘ ਦੀ ਦੇਖ-ਰੇਖ ਵਿਚ ਗੁਜ਼ਰਿਆ। ਦਾਦਾ ਜੀ ਅਰੂੜ੍ਹ ਸਿੰਘ ਦੇ ਅਕਾਲ ਚਲਾਣੇ ਪਿਛੋਂ ਮਤਰੇਈ ਮਾਂ ਕਾਰਨ ਬਾਲਕ ਪ੍ਰੇਮ ਸਿੰਘ ਨੇ ਪਿੰਡ ਬੂਰਿਆਂ ਵਾਲੀ ਦੇ ਕੱਪੜਾ ਵਪਾਰੀ ਰਾਮ ਸਿੰਘ ਕੋਲ ਸਹਾਇਕ ਵਜੋਂ ਨੌਕਰੀ ਕਰ ਲਈ। ਇਸੇ ਦੌਰਾਨ ਸਬੱਬੀਂ ਰਾਮ ਸਿੰਘ ਦੇ ਨਾਲ ਤਹਿਸੀਲ ਖਾਰੀਆਂ ਵਿਚ ਪੈਂਦੇ ਪਿੰਡ ਮੁਰਾਲਾ ਸਥਿਤ ਸੰਤ ਹਮੀਰ ਸਿੰਘ ਵੱਲੋਂ ਸਥਾਪਿਤ ਡੇਰੇ ਵਿਚ ਜਾਣਾ ਹੋਇਆ। ਉਸ ਵੇਲੇ ਡੇਰੇ ਦੇ ਮੁਖੀ ਸੰਤ ਬਿਸ਼ਨ ਸਿੰਘ ਸਨ। ਬਾਲਕ ਪ੍ਰੇਮ ਸਿੰਘ ਨੂੰ ਡੇਰੇ ਦੀ ਆਭਾ ਤੇ ਸੰਤ ਬਿਸ਼ਨ ਸਿੰਘ ਦੀ ਸ਼ੋਹਬਤ ਨੇ ਇੰਨਾ ਪ੍ਰਭਾਵਿਤ ਕੀਤਾ ਕਿ ਉਹ ਸੰਤਾਂ ਦੇ ਮੁਰੀਦ ਬਣ ਗਏ।

ਬਾਲਕ ਪ੍ਰੇਮ ਸਿੰਘ ਨੇ ਡੇਰੇ ਵਿਚ ਗੁਰਮਤਿ ਤੇ ਸੇਵਾ ਦੀ ਅਜਿਹੀ ਛਹਿਬਰ ਲਾਈ ਕਿ ਸੰਤ ਬਿਸ਼ਨ ਸਿੰਘ ਨੂੰ ਉਨ੍ਹਾਂ ਵਿਚ ਡੇਰੇ ਦਾ ਉਤਰਾਧਿਕਾਰੀ ਨਜ਼ਰ ਆਇਆ। ਸੰਤ ਬਿਸ਼ਨ ਸਿੰਘ ਨੌਜਵਾਨ ਪ੍ਰੇਮ ਸਿੰਘ ਦੀ ਸੇਵਾ ਭਾਵਨਾ ਤੇ ਪ੍ਰਬੰਧਕੀ ਵਿਸ਼ੇਸ਼ਤਾਈਆਂ ਤੋਂ ਇੰਨੇ ਪ੍ਰਭਾਵਿਤ ਹੋਏ ਕਿ ਉਨ੍ਹਾਂ ਨੇ ਆਪਣੇ ਜੀਵਨ ਕਾਲ ਵਿਚ ਹੀ ਬਾਲਕ ਪ੍ਰੇਮ ਸਿੰਘ ਨੂੰ ਆਪਣਾ ਉਤਰਾਧਿਕਾਰੀ ਤੇ ਡੇਰਾ ਮੁਖੀ ਥਾਪ ਦਿੱਤਾ। ਜ਼ਿਕਰਯੋਗ ਹੈ ਕਿ ਸੰਤ ਸੁੰਦਰ ਸਿੰਘ ਭਿੰਡਰਾਂ ਵਾਲੇ ਅਤੇ ਸੰਤ ਭਾਗ ਸਿੰਘ ਠੱਠੇ ਟਿੱਬੇ ਵਾਲੇ ਸੰਤ ਬਿਸ਼ਨ ਸਿੰਘ ਦੇ ਡੇਰਾ ਮੁਰਾਲਾ ਵਿਖੇ ਸੰਤ ਪ੍ਰੇਮ ਸਿੰਘ ਦੇ ਗੁਰੂ ਭਾਈ ਸਨ।

ਇਥੋਂ ਸ਼ੁਰੂਆਤ ਹੁੰਦੀ ਹੈ, ਸੰਤ ਪ੍ਰੇਮ ਸਿੰਘ ਦੇ ਬਹੁਭਾਂਤ ਜੀਵਨ ਦੀ। ਸੰਤ ਪ੍ਰੇਮ ਸਿੰਘ ਦੇ ਸਮੇਂ ਲੁਬਾਣਾ ਬਰਾਦਰੀ ਦਾ ਬਹੁਤ ਵੱਡਾ ਹਿੱਸਾ ਸਿੱਖੀ ਤੋਂ ਦੂਰ ਹਿੰਦੂ ਧਰਮ ਦੀ ਪਾਲਣਾ ਕਰਦਾ ਸੀ। ਸੰਤ ਪ੍ਰੇਮ ਸਿੰਘ ਨੇ ਅਜਿਹੀ ਸਿੱਖੀ ਦੀ ਲਹਿਰ ਚਲਾਈ ਕਿ ਪਾਕਿਸਤਾਨ ਵਿਚ ਉਸ ਵਕਤ ਪੈਂਦੇ ਲੁਬਾਣਾ ਬਰਾਦਰੀ ਦੇ ਪਿੰਡਾਂ ਦੇ ਪਿੰਡ ਸਿੱਖੀ ਦੇ ਪ੍ਰਭਾਵ ਹੇਠ ਲੈਆਂਦੇ। ਉਨ੍ਹਾਂ ਨੇ ਸਿੱਖਾਂ ਵਿਚ



ਅਨੰਦ ਕਾਰਜ ਦੀ ਵਿਧੀ ਨੂੰ ਪ੍ਰਚਾਰਿਆ। ਧਰਮ ਪ੍ਰਚਾਰ ਦੀ ਲਹਿਰ ਚਲਾਈ। ਦਹੇਜ ਅਤੇ ਹੋਰ ਦੂਜੀਆਂ ਸਮਾਜਕ ਬੁਰਾਈਆਂ ਤੋਂ ਸਾਵਧਾਨ ਕੀਤਾ।

ਦੂਜਾ ਅਹਿਮ ਕਾਰਜ ਜੋ ਸੰਤ ਪ੍ਰੇਮ ਸਿੰਘ ਨੇ ਕੀਤਾ, ਉਹ ਸੀ ਵਿੱਦਿਆ ਦਾ ਪ੍ਰਸਾਰ। ਉਨ੍ਹਾਂ ਨੇ ਆਪਣੇ ਪ੍ਰਭਾਵ ਵਾਲੇ ਇਲਾਕਿਆਂ ਵਿਚ ਕਈ ਸਕੂਲਾਂ ਦੀ ਸਥਾਪਨਾ ਕੀਤੀ। ਉਹ ਜਾਣਦੇ ਸਨ ਕਿ ਵਿੱਦਿਆ ਤੋਂ ਬਿਨਾ ਤਰੱਕੀ ਸੰਭਵ ਨਹੀਂ। ਉਹ ਵਿੱਦਿਆ ਦੇ ਖੇਤਰ ਵਿਚ ਇੰਨੇ ਸਰਗਰਮ ਸਨ ਕਿ ਚੀਫ ਖਾਲਸਾ ਦੀਵਾਨ ਨੇ ਸੰਤ ਪ੍ਰੇਮ ਸਿੰਘ ਨੂੰ 12ਵੀਂ ਸਿੱਖ ਐਜੁਕੇਸ਼ਨ ਕਾਨਫਰੰਸ ਦੀ ਸਵਾਗਤੀ ਕਮੇਟੀ ਦਾ ਚੇਅਰਮੈਨ ਥਾਪਿਆ।

1925 ਵਿਚ ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿਚ ਆਈ ਤਾਂ 1926 ਵਿਚ ਉਹ ਹਲਕਾ ਟਾਂਡਾ ਤੋਂ ਸ਼੍ਰੋਮਣੀ ਕਮੇਟੀ ਮੈਂਬਰ ਚੁਣੇ ਗਏ। ਉਹ 1937 ਵਿਚ ਸ਼੍ਰੋਮਣੀ ਕਮੇਟੀ ਦੀ ਅੰਤ੍ਰਿਗ ਕਮੇਟੀ ਦੇ ਮੈਂਬਰ ਚੁਣੇ ਗਏ ਅਤੇ ਫਿਰ 1937 ਤੇ 1945 ਵਿਚ ਪੰਜਾਬ ਅਸੈਂਬਲੀ ਲਈ ਚੁਣੇ ਗਏ। ਜਦੋਂ ਸੰਤ ਪ੍ਰੇਮ ਸਿੰਘ ਪੰਜਾਬ ਅਸੈਂਬਲੀ ਦੇ ਮੈਂਬਰ ਬਣੇ ਤਾਂ ਉਨ੍ਹਾਂ ਨੇ ਪੰਜਾਬ ਅਸੈਂਬਲੀ ਦੀਆਂ ਬੈਠਕਾਂ ਵਿਚ ਨੇਮਬੱਧ ਹਿੱਸਾ ਲਿਆ ਅਤੇ ਲੋਕ ਹਿੱਤ ਦੇ ਮਸਲੇ ਉਠਾਏ ਤੇ ਹੱਲ ਕਰਵਾਏ।

1947 ਵਿਚ ਜਦੋਂ ਦੇਸ਼ ਦੀ ਵੰਡ ਹੋਈ ਤਾਂ ਆਪ ਨੇ ਕਪੂਰਥਲਾ ਜਿਲੇ ਦੇ ਪਿੰਡ ਬੇਗੋਵਾਲ ਵਿਖੇ ਮੁਕਾਮ ਕੀਤਾ। 1950 ਵਿਚ ਆਪ ਗੁਰਪੁਰੀ ਸਿਧਾਰ ਗਏ। ਉਨ੍ਹਾਂ ਨੇ ਆਪਣੀ ਦੂਰ ਦ੍ਰਿਸ਼ਟੀ ਸਦਕਾ ਨਿਜੀ ਯਤਨਾਂ ਤੇ ਪ੍ਰਭਾਵ ਨਾਲ ਵਧੇਰੇ ਕਰਕੇ ਲੁਬਾਣਾ ਬਰਾਦਰੀ ਨੂੰ ਕਪੂਰਥਲਾ ਤੇ ਹੁਸ਼ਿਆਰਪੁਰ ਜਿਲੇ ਵਿਚ ਇਸ ਤਰ੍ਹਾਂ ਨਾਲ ਆਬਾਦ ਕਰਵਾਇਆ ਕਿ ਅੱਜ ਰਾਜਨੀਤਕ ਤੌਰ 'ਤੇ ਉੜਮੜ ਟਾਂਡਾ, ਭੁਲੱਥ, ਦਸੂਹਾ ਅਤੇ ਮੁਕੇਰੀਆਂ ਵਿਧਾਨ ਸਭਾ ਸੀਟਾਂ ਵਿਚ ਉਨ੍ਹਾਂ ਦੀਆਂ ਵੋਟਾਂ ਹੀ ਜਿੱਤ-ਹਾਰ ਵਿਚ ਫੈਸਲਾਕੁਨ ਸਾਬਤ ਹੁੰਦੀਆਂ ਹਨ।

ਹਰ ਸਾਲ ਪਹਿਲੀ, ਦੋ ਅਤੇ ਤਿੰਨ ਜੂਨ ਨੂੰ ਉਨ੍ਹਾਂ ਦੇ ਵਰੋਸਾਏ ਸਿੱਖ ਪੰਜਾਬ, ਭਾਰਤ, ਯੂ. ਕੇ., ਕੈਨੇਡਾ, ਜਰਮਨ, ਫਰਾਂਸ, ਇਟਲੀ ਸਮੇਤ ਯੂਰਪ ਦੇ ਹੋਰਨਾਂ ਦੇਸ਼ਾਂ ਅਤੇ ਅਮਰੀਕਾ ਵਿਚ ਸੰਤ ਮੁਰਾਲੇ ਵਾਲਿਆਂ ਦੀ ਬਰਸੀ ਬੜੇ ਵੱਡੇ ਪੱਧਰ 'ਤੇ ਮਨਾਉਂਦੇ ਹਨ (ਇਸ ਸਾਲ ਸੰਤ ਮੁਰਾਲੇ ਵਾਲਿਆਂ ਦੀ 70ਵੀਂ ਸਾਲਾਨਾ ਬਰਸੀ 'ਤੇ ਸਮਾਗਮ ਕਰੋਨਾ ਵਾਇਰਸ ਕਾਰਨ ਪੈਦਾ ਹੋਏ ਹਾਲਾਤ ਦੇ ਮੱਦੇਨਜ਼ਰ ਸੰਗਤ ਦੀ ਸਿਹਤ ਪੱਖੋਂ ਸੁਰੱਖਿਆ ਦਾ ਧਿਆਨ ਰੱਖਦਿਆਂ ਕਈ ਥਾਂਈਂ ਰੱਦ ਕਰਨ ਪਏ ਹਨ)।

ਅਫਸੋਸ ਦੀ ਗੱਲ ਹੈ ਕਿ ਸੰਤ ਪ੍ਰੇਮ ਸਿੰਘ ਜਿਹੇ ਬ੍ਰਹਮ ਗਿਆਨੀ, ਸਮਾਜ ਸੁਧਾਰਕ ਅਤੇ ਵਿੱਦਿਆ ਦੇ ਦਾਨੀ ਦੇ ਵਰੋਸਾਏ ਵਿਦੇਸ਼ਾਂ ਵਿਚ ਰਹਿੰਦੇ ਧਨਾਢ ਸਿੱਖਾਂ ਨੇ ਅੱਜ ਤੱਕ ਬਰਸੀਆਂ ਮਨਾਉਣ ਦੇ ਨਾਮ 'ਤੇ ਕਈ ਮਿਲੀਅਨ ਡਾਲਰ ਖਰਚ ਕਰ ਦਿੱਤੇ ਹੋਣਗੇ, ਪਰ ਉਨ੍ਹਾਂ ਦੀ ਯਾਦਗਾਰ ਵਜੋਂ ਘੱਟੋ-ਘੱਟ ਇਕ ਕਮਰੇ ਦੀ ਉਸਾਰੀ ਤੱਕ ਨਹੀਂ ਕੀਤੀ!

ਡਾਇਰੀ ਦੇ ਪੰਨੇ



ਨਿੰਦਰ ਘੁਗਿਆਣਵੀ
ਫੋਨ: 91-94174-21700

# ਜਦੋਂ ਰੱਬ ਨੇ 'ਪੁਲੀਸਮੈਨ' ਸਿਰਜਿਆ!

ਬੜੀ ਕੋਸ਼ਿਸ ਕੀਤੀ ਹੈ ਕਿ ਇਸ ਅੰਗਰੇਜ਼ੀ ਰਚਨਾ ਦੇ ਮੂਲ ਲੇਖਕ ਦਾ ਨਾਂ ਲੱਭ ਜਾਵੇ, ਪਰ ਨਹੀਂ ਲੱਭਾ। ਇਹ ਰਚਨਾ ਕਿਸੇ ਅਮਰੀਕੀ ਲੇਖਕ ਦੀ ਹੈ ਤੇ ਉਸ ਨੇ ਇਸ ਨੂੰ ਅਮਰੀਕੀ ਨਜ਼ਰੀਏ ਤੋਂ ਉਥੋਂ ਦੀ ਧਰਾਤਲ ਤਹਿਤ ਰਚਿਆ ਹੈ ਅਤੇ ਅਸੀਂ ਇਸ ਦਾ ਪੰਜਾਬੀ ਰੂਪ ਕਰਦਿਆਂ ਇਸ ਨੂੰ ਪੰਜਾਬੀ ਧਰਾਤਲ ਉਤੇ ਹੀ ਵਾਚਾਂਗੇ।

ਕਹਿੰਦੇ ਨੇ, ਜਦੋਂ ਰੱਬ ਇੱਕ ਪੁਲੀਸਮੈਨ ਦੀ ਸਿਰਜਣਾ ਕਰ ਰਿਹਾ ਸੀ ਤਾਂ ਉਹਦੇ ਕੋਲ ਇੱਕ ਫਰਿਸ਼ਤਾ ਆਇਆ ਤੇ ਪੁੱਛਣ ਲੱਗਾ, "ਕਾਫੀ ਖਿਲਾਰਾ ਜਿਹਾ ਪਾ ਰੱਖਿਆ ਹੈ ਰੱਬ ਜੀ?"

ਰੱਬ ਬੋਲਿਆ, "ਕੀ ਤੈਨੂੰ ਪਤੈ, ਜੋ ਪੁਲੀਸਮੈਨ ਮੈਂ ਸਿਰਜ ਰਿਹਾਂ, ਇਹਦੀਆਂ ਮੰਗਾਂ ਤੇ ਕੰਮ ਕੀ ਕੀ ਨੇ? ਜੋ ਮੈਂ ਇਹਦੇ ਤੋਂ ਪੂਰੀਆਂ ਕਰਵਾਉਣੀਆਂ ਨੇ, ਇਹ ਅਜਿਹਾ ਪੁਲੀਸਮੈਨ ਹੋਵੇ, ਜੋ ਕੰਧਾਂ ਚੜ੍ਹ ਸਕਦਾ ਹੋਵੇ ਤੇ ਘਰਾਂ ਵਿਚ ਵੜ ਸਕਦਾ ਹੋਵੇ, ਜਿਹੜੇ ਘਰਾਂ ਵਿਚ ਸਿਹਤ ਵਿਭਾਗ ਤੇ ਹੋਰ ਵਿਭਾਗਾਂ ਦੇ ਕਰਮਚਾਰੀ ਵੀ ਜਾਣ ਤੋਂ ਡਰਦੇ ਹੋਣ, ਇਹ ਬੇਖੌਫ ਹੋ ਕੇ ਜਾਵੇ।"

ਰੱਬ ਅੱਗੇ ਦੱਸਣ ਲੱਗਾ, "ਇੱਕ ਅਜਿਹਾ ਪੁਲੀਸਮੈਨ, ਜੋ ਪੰਜ ਮੀਲ ਹਨੇਰੀਆਂ ਗਲੀਆਂ ਵਿਚ ਤੇਜ਼ ਤੇਜ਼ ਦੌੜ ਸਕਦਾ ਹੋਵੇ, ਤੇ ਆਪਣੀ ਵਰਦੀ ਵਿਚ ਰਤਾ ਜਿੰਨਾ ਵੀ ਵੱਟ ਨਾ ਪੈਣ ਦੇਵੇ! ਉਹ ਕਿਸੇ ਨੂੰ ਡੱਕਣ ਲਈ ਨਿਗ੍ਹਾ ਰੱਖਣ ਵਾਸਤੇ ਸਾਰਾ ਸਾਰਾ ਦਿਨ ਭੁੱਖਾ ਤ੍ਰਿਹਾਇਆ ਗੱਡੀ ਵਿਚ ਬੈਠ ਸਕਦਾ ਹੋਵੇ। ਇੱਕ ਮਨੁੱਖ ਹੱਥੋਂ ਮਨੁੱਖ ਦਾ ਹੋ ਰਿਹਾ ਘਾਣ ਥੰਮ੍ਹ ਸਕਦਾ ਹੋਵੇ! ਜਿੱਥੇ ਕਿਤੇ ਕਤਲ ਹੋਇਆ ਹੈ, ਉਹਦੇ ਗੁਆਂਢੀ ਨੂੰ ਅਗਲੇ ਦਿਨ ਹੀ ਗਵਾਹੀ ਦੇਣ ਲਈ ਕੋਰਟ ਵਿਚ ਪੇਸ਼ ਕਰ ਸਕਦਾ ਹੋਵੇ। ਇੱਕ ਕੱਪ ਕਾਲੀ ਕੌਫੀ ਤੇ ਅੱਧਾ ਖਾਣਾ ਖਾ ਕੇ ਵੀ ਉਹ ਹਰ ਸਮੇਂ ਵਧੀਆ ਸਰੀਰਕ ਸਥਿਤੀ ਵਿਚ ਹੋਵੇ।"

ਰੱਬ ਨੇ ਗੱਲ ਦੀ ਲੜੀ ਜਾਰੀ ਰੱਖੀ, "ਫਰਿਸ਼ਤਾ ਜੀ, ਏਥੇ ਹੀ ਬੱਸ ਨਹੀਂ, ਸਗੋਂ ਉਹਦੇ ਹੱਥਾਂ ਦੇ ਛੇ ਜੋੜੇ ਹੋਣੇ ਚਾਹੀਦੇ ਨੇ, ਜਿਸ ਹਿਸਾਬ ਨਾਲ ਉਹਦਾ ਕੰਮ ਹੈ।"

ਇਹ ਸਾਰਾ ਕੁਝ ਸੁਣ ਫਰਿਸ਼ਤੇ ਨੇ ਆਪਣਾ ਸਿਰ ਝਟਕਿਆ ਤੇ ਹੈਰਾਨੀ ਨਾਲ ਅੱਖਾਂ ਟੱਡ ਕੇ ਪੁੱਛਿਆ, "ਰੱਬ ਜੀ, ਛੇ ਜੋੜੇ? ਇਹ ਨਹੀਂ ਹੋ ਸਕਦਾ ਰੱਬ ਜੀ।"

ਰੱਬ ਕਹਿੰਦਾ, "ਮੈਨੂੰ ਹੱਥਾਂ ਦੀ ਵੱਡੀ ਸਮੱਸਿਆ ਨਹੀਂ, ਤਿੰਨ ਅੱਖਾਂ ਦੀ ਸਮੱਸਿਆ ਵੱਡੀ ਹੈ।"

ਫਰਿਸ਼ਤੇ ਨੇ ਪੁੱਛਿਆ, "ਇਹ ਸੰਪੂਰਨ ਤੇ 'ਅਸਲ ਮਾਡਲ' ਵਿਚ ਹੀ ਹੋਊ ਫਿਰ ਸਾਰਾ ਕੁਝ?"

ਰੱਬ ਬੋਲਿਆ, "ਇੱਕ ਹੱਥਾਂ ਦਾ ਜੋੜਾ ਉਹ ਹੋਊ, ਜੋ ਬਿਨਾ ਕੇਸ ਦੀ ਫਾਈਲ ਫੋਲੇ ਹੀ ਜਾਣ



ਸਕੂ ਕਿ ਇਹਦੇ ਵਿਚ ਹੈ ਕੀ? ਦੂਜਾ ਜੋੜਾ ਉਹ ਕਿ ਅੱਖਾਂ ਸਿਰ ਦੇ ਦੋਵੇਂ ਪਾਸੇ ਹੋਣ, ਤਾਂ ਜੋ ਉਹ ਆਪਣੇ ਨਾਲ ਦੇ ਸਾਥੀਆਂ ਦਾ ਧਿਆਨ ਵੀ ਰੱਖ ਸਕੇ। ਹੱਥਾਂ ਦਾ ਇੱਕ ਜੋੜਾ ਸਾਹਮਣੇ ਹੋਵੇ, ਤਾਂ ਜੋ ਕਿਸੇ ਦਾ ਖੂਨ ਵਹਿੰਦਾ ਵੇਖ ਹੌਸਲੇ ਨਾਲ ਆਖੇ ਕਿ ਤੁਸੀਂ ਬਿਲਕੁਲ ਠੀਕ ਓ, ਕੁਝ ਨ੍ਹੀਂ ਹੋਇਆ ਹੈ, ਚੜ੍ਹਦੀ ਕਲਾ ਵਿਚ ਓ ਆਪ।"

ਫਰਿਸ਼ਤਾ ਆਖਦਾ ਹੈ, "ਰੱਬ ਜੀ, ਕੁਝ ਘੱਟ ਕਰ ਲੌ!"

ਰੱਬ ਨੇ ਜੁਆਬ ਦਿੱਤਾ, "ਬਿਲਕੁਲ ਵੀ ਨਹੀਂ, ਮੈਨੂੰ ਅਜਿਹਾ ਮਾਡਲ ਚਾਹੀਦੈ, ਜੋ ਦੋ ਸੌ ਪੰਜਾਹ ਪੌਂਡ ਭਾਰੇ ਇੱਕ ਸ਼ਰਾਬੀ ਨੂੰ ਆਪਣੀ ਗੱਡੀ ਵਿਚ ਲੱਦ ਕੇ ਬਿਨਾ ਸੜਕ ਦੁਰਘਟਨਾ ਤੋਂ ਉਹਦੇ ਘਰ ਛੱਡ ਸਕਦਾ ਹੋਵੇ। ਨਾਲ ਇਹ ਵੀ ਕਿ ਆਪਣੇ ਪੰਜ ਜਣਿਆਂ ਦੇ ਪਰਿਵਾਰ ਨੂੰ ਸਰਕਾਰੀ ਤਨਖਾਹ ਉਤੇ ਪਾਲ ਸਕਦਾ ਹੋਵੇ।"

ਇਹ ਸੁਣ ਫਰਿਸ਼ਤੇ ਨੇ ਬਣ ਰਹੇ ਪੁਲੀਸਮੈਨ ਦੇ ਮਾਡਲ ਦੁਆਲੇ ਗੇੜਾ ਕੱਢਿਆ ਤੇ ਕਿਹਾ, "ਕੀ ਇਹ ਕੁਝ ਸੋਚ ਵੀ ਸਕਦਾ ਏ?"

ਰੱਬ ਬੋਲਿਆ, "ਬਿਲਕੁਲ! ਇਹ ਹਜ਼ਾਰਾਂ ਗੁਨਾਹਾਂ ਦੇ ਲੱਛਣ ਦੱਸ ਸਕਦਾ ਏ। ਇਹ ਸੁਪਨਿਆਂ ਵਿਚ ਵੀ ਮੁਜ਼ਰਿਮਾਂ ਦੇ ਮਨੁੱਖੀ ਹੱਕਾਂ ਦੀ ਗੱਲ ਕਰ ਸਕਦੈ। ਕਿਸੇ ਦੀ ਤਫਤੀਸ਼ ਕਰ ਸਕਦੈ। ਇਹ ਕੰਮ ਉਹ ਏਨੇ ਚਿਰ ਵਿਚ ਇਕੱਲਾ ਕਰ ਸਕਦਾ ਹੈ, ਜਿੰਨੇ ਚਿਰ ਵਿਚ ਪੰਜ ਜੱਜ ਫੈਸਲਾ ਕਰਨ 'ਤੇ ਲਾਉਂਦੇ ਨੇ। ਏਨਾ ਕੁਝ ਕਰਨ ਦੇ ਬਾਵਜੂਦ ਉਹਦੇ ਵਿਚ ਹਾਸਰਸ (ਹਾਸੇ ਮਖੌਲ) ਦਾ ਵੀ ਇੱਕ ਗੁਣ ਹੁੰਦੈ। ਮੈਂ ਜੋ ਇਹ ਪੁਲੀਸਮੈਨ ਬਣਾ ਰਿਹਾਂ, ਇਹਦੇ ਕੋਲ ਆਪਣੇ ਆਪ ਉਤੇ ਕਾਬੂ ਪਾਉਣ ਲਈ ਵੀ ਹੈਰਾਨੀਜਨਕ ਸਮਰੱਥਾ ਹੋਵੇਗੀ। ਇਹ ਉਨ੍ਹਾਂ ਜੁਰਮਾਂ ਨਾਲ ਨਿੱਬੜ ਸਕਦੈ, ਜੋ ਨਰਕਾਂ ਵਿਚੋਂ ਲਿਖ ਕੇ ਆਏ ਹੁੰਦੇ ਨੇ। ਇਹ ਬੜੀ ਹਲੀਮੀ ਤੇ ਮਿੱਠਤ ਨਾਲ ਬੱਚੇ ਤੋਂ ਵੀ ਜੁਰਮ ਕਬੂਲ ਕਰਵਾ ਸਕਦੈ। ਮਾਰੇ ਗਏ ਮਨੁੱਖ ਦੇ ਪਰਿਵਾਰ ਨੂੰ ਢਾਰਸ ਵੀ ਦੇ ਸਕਦੈ ਤੇ ਅਗਲੇ ਦਿਨ ਅਖਬਾਰ ਵਿਚ ਇਹ ਵੀ ਪੜ੍ਹ ਸਕਦੈ ਕਿ ਮੁਲਕ ਵਿਚ ਕਾਨੂੰਨ ਵਿਵਸਥਾ ਢਿੱਲੀ ਹੈ।"

ਅਖੀਰ 'ਤੇ ਫਰਿਸ਼ਤਾ ਰੱਬ ਮੂਹਰੇ ਝੁਕ ਗਿਆ ਤੇ ਬਣਾਏ ਜਾ ਰਹੇ ਪੁਲੀਸਮੈਨ ਦੇ ਮਾਡਲ ਦੀਆਂ ਗੱਲਾਂ 'ਤੇ ਉਂਗਲਾਂ ਫੇਰੀਆਂ ਤੇ ਪੁੱਛਿਆ, "ਰੱਬ ਜੀ, ਆਹ ਜੋ ਏਥੋਂ ਕੁਝ ਲੀਕ ਹੋ ਰਿਹੈ, ਇਹ ਕੀ ਐ?"

ਰੱਬ ਬੋਲਿਆ, "ਇਹ ਲੀਕ ਨਹੀਂ ਹੋ ਰਿਹਾ ਕੁਝ ਵੀ, ਇਹ ਤਾਂ ਇਹਦੇ ਹੰਝੂ ਹਨ।"

ਫਰਿਸ਼ਤੇ ਤੋਂ ਫਿਰ ਵੀ ਰਹਿ ਨਾ ਹੋਇਆ ਤੇ ਪੁੱਛਦਾ ਹੈ, "ਹੰਝੂ ਕਿਉਂ?"

ਰੱਬ ਕਹਿੰਦਾ, "ਇਹਦੇ ਅੰਦਰ ਵੀ ਤਾਂ ਕੁਝ ਭਾਵਨਾਵਾਂ ਨੇ, ਜੋ ਦੱਬੀਆਂ ਪਈਆਂ ਨੇ, ਇਹ ਹੰਝੂ ਉਨ੍ਹਾਂ ਭਾਵਨਾਵਾਂ ਵਾਸਤੇ ਨੇ, ਜਾਂ ਫਿਰ ਇਹਦੇ ਸਾਥੀ, ਜੋ ਇਹਦੇ ਨਾਲ ਤੁਰੇ ਜਾਂਦੇ ਮਾਰੇ ਗਏ, ਉਨ੍ਹਾਂ ਵਾਸਤੇ ਨੇ ਇਹ ਹੰਝੂ। ਤੇ ਇੱਕ ਕੱਪੜੇ ਦਾ ਟੁਕੜਾ, ਜਿਸ ਨੂੰ ਮੁਲਕ ਦਾ ਝੰਡਾ ਆਖਦੇ ਨੇ, ਉਹਦੇ ਲਈ ਇਹਦੇ ਫਰਜ਼ ਤੇ ਹੰਝੂ ਇੱਕ ਸਮਰਾਟ ਦੇ ਹੰਝੂ ਹਨ।"

ਫਰਿਸ਼ਤਾ ਬੋਲਿਆ, "ਤੁਸੀਂ ਮਹਾਨ ਓਂ ਰੱਬ ਜੀ ਤੇ ਬੜੇ ਹੁਸ਼ਿਆਰ ਵੀ।"

ਰੱਬ ਬੋਲਿਆ, "ਨਹੀਂ, ਮੈਂ ਬਿਲਕੁਲ ਹੁਸ਼ਿਆਰ ਤੇ ਮਹਾਨ ਨਹੀਂ ਆਂ, ਇਹ ਹੰਝੂ ਮੈਂ ਨਹੀਂ ਪਾਏ, ਇਹ ਤਾਂ ਆਪਣੇ ਆਪ ਹੀ ਆਏ ਨੇ!"

# ਭੇਤ ਵਾਲੀ ਗੱਲ

ਅੰਮ੍ਰਿਤ ਕੌਰ ਬਡਰੁੱਖਾਂ (ਸੰਗਰੂਰ)
shergillamritkaur080@gmail.com

"ਰਿਸ਼ਤਾ ਤਾਂ ਬਹੁਤ ਤਕੜੇ ਘਰ ਦੈ, ਪਰ ਪੈਸਾ ਤਾਂ ਵੱਧ ਲਾਉਣਾ ਪਊ, ਆਪਣੀ ਦੀਪੀ ਰਾਜ ਕਰੂਗੀ।" ਅਮਰ ਸਿੰਘ ਨੇ ਆਪਣੀ ਪਤਨੀ ਕੋਲੋਂ ਦੁੱਧ ਦਾ ਗਲਾਸ ਫੜਦਿਆਂ ਆਖਿਆ।

"ਚਲ ਚਾਰ ਪੈਸੇ ਵੱਧ ਲੱਗ ਜਾਣਗੇ ਤਾਂ ਕੀ ਐ, ਜਵਾਕੜੀ ਮਾੜੀ ਮਾੜੀ ਚੀਜ਼ ਨੂੰ ਤਾਂ ਨ੍ਹੀਂ ਤਰਸੂਗੀ।" ਪਤਨੀ ਨੇ ਸਹਿਮਤੀ ਪ੍ਰਗਟਾਈ।

"ਠੀਕ ਐ, ਵਿਚੋਲੇ ਨਾਲ ਗੱਲ ਕਰ ਕੇ ਕੱਲ੍ਹ ਨੂੰ ਆੜ੍ਹਤੀਏ ਨੂੰ ਪੁੱਛ ਆਉਨਾਂ, ਕਿੰਨੇ ਕੁ ਪੈਸੇ ਦੇ ਦਊ।"

"ਪਰ ਦੀਪੀ ਨਿਆਣੀ ਐ ਅਜੇ। ਨਾਲੇ ਉਹ ਕਹਿੰਦੀ ਐ, ਮੈਂ ਪੜ੍ਹਨੈਂ। ਪੜ੍ਹਾਈ 'ਚ ਵੀ ਹੁਸ਼ਿਆਰ ਐ।"

"ਚੰਗੇ ਰਿਸ਼ਤੇ ਵਾਰ ਵਾਰ ਨ੍ਹੀਂ ਮਿਲਦੇ ਹੁੰਦੇ। ਬਾਰਾਂ ਜਮਾਤਾਂ ਹੋ ਜਾਣੀਆਂ ਨੇ ਹੁਣ, ਅਗਲਿਆਂ ਕਿਹੜਾ ਨੌਕਰੀ ਕਰਾਉਣੀ ਐ।"

"ਹਾਂ ਇਹ ਵੀ ਠੀਕ ਐ। ਚਲੋ ਥੋਡੀ ਮਰਜੀ, ਨਾਲੇ ਜਮਾਨਾ ਵੀ ਮਾੜੈ।"

"ਮੈਂ ਵੀ ਏਹੀ ਸੋਚਦਾਂ-ਕੁੜੀ ਆਵਦੇ ਘਰੇ ਜਾਵੇ, ਆਪਣੀ ਸੋਚ ਮਿਟੇ।"

"ਸੌਂ ਜੋ ਹੁਣ, ਸਵੇਰੇ ਦੇਖਦੇ ਆਂ।" ਅਮਰ ਸਿੰਘ ਦੀ ਪਤਨੀ ਨੇ ਦੁੱਧ ਵਾਲਾ ਖਾਲੀ ਗਲਾਸ ਫੜਦਿਆਂ ਕਿਹਾ। ਅਮਰ ਸਿੰਘ ਗਹਿਰੀਆਂ ਸੋਚਾਂ ਵਿਚ ਡੁੱਬ ਗਿਆ, "ਧੀਆਂ ਜਵਾਨ ਹੁੰਦੀਆਂ ਨੂੰ ਕਿਹੜਾ ਟੈਮ ਲੱਗਦੈ! ਅਜੇ ਕੱਲ੍ਹ ਪਰਸੋਂ ਤਾਂ ਭੋਰਾ ਕੁ ਸੀ, ਹੁਣ ਵਿਆਹੁਣ ਜੋਗੀ ਵੀ ਹੋ'ਗੀ। ਛਿੰਦੇ ਤੋਂ ਤਿੰਨ ਕੁ ਵਰ੍ਹੇ ਤਾਂ ਵੱਡੀ ਐ, 'ਠਾਰਾਂ ਸਾਲਾਂ ਦੀ। ਉਂ ਅਜੇ ਨਿਆਣੀ ਵੀ ਐ, ਜਦੋਂ ਕਿਤੇ ਵਗ ਜਾਂਦੀ ਐ, ਕਿਹੜਾ ਜੀਅ ਲੱਗਦੈ। ਹੁਣ ਵੀ ਅਜੇ ਪਰਸੋਂ ਤਾਂ ਗਈ ਐ ਭੂਆ ਕੋਲ, ਐਂ ਲੱਗਦੈ ਪਤਾ ਨ੍ਹੀਂ ਕਿੰਨੇ ਦਿਨ ਹੋ'ਗੇ ਗਈ ਨੂੰ। ਜਦੋਂ ਵਿਆਹ ਹੋ ਗਿਆ, ਫੇਰ ਤਾਂ ਕਦੇ ਕਦੇ ਆਇਆ ਕਰੂ। ਪਹਿਲੇ ਜ਼ਮਾਨਿਆਂ ਵਿਚ ਈ ਹੁੰਦਾ ਸੀ, ਕੁੜੀਆਂ ਦੋ ਦੋ ਮਹੀਨੇ ਲਾ ਜਾਂਦੀਆਂ। ਹੁਣ ਤਾਂ ਕੋਈ ਊਈਂ ਨ੍ਹੀਂ ਛੱਡਦਾ, ਚਲ ਕੀ ਕਰਾਉਣੈ? ਆਵਦੇ ਘਰੇ ਵਸੇ ਰਸੇ।" ਇਹੀ ਸੋਚਦਿਆਂ ਉਸ ਦੀਆਂ ਅੱਖਾਂ ਮਿਚਣ ਲੱਗ ਪਈਆਂ। ਫਿਰ ਉਸ ਨੇ ਕੰਬਲ ਖਿੱਚ ਕੇ ਮੂੰਹ-ਸਿਰ ਢਕ ਲਿਆ।

"ਓ ਮੇਰੀ ਗਰਦਨ ਛੱਡ।" ਉਸ ਦਾ ਗਲਾ ਜਿਵੇਂ ਕਿਸੇ ਨੇ ਘੁੱਟ ਦਿੱਤਾ ਸੀ। ਉਹ ਆਪਣੇ ਆਪ ਨੂੰ ਛੁਡਾਉਣ ਲਈ ਹੱਥ-ਪੈਰ ਮਾਰ ਰਿਹਾ ਸੀ। ਜਿੰਨਾ ਉਹ ਛੁਡਾਉਣ ਲਈ ਕੋਸ਼ਿਸ਼ ਕਰਦਾ, ਓਨਾ ਹੀ ਉਸ ਦਾ ਸਾਹ ਘੁਟਦਾ। ਉਸ ਦੀ ਆਤਮਾ ਸਰੀਰ ਨਾਲੋਂ ਵੱਖ ਹੋ ਚੁਕੀ ਸੀ। ਦੇਖਦਿਆਂ ਹੀ ਦੇਖਦਿਆਂ ਉਸ ਦਾ ਛਿੰਦਾ ਪੁੱਤ ਜਵਾਨ ਹੋ ਗਿਆ, ਪਰ ਛਿੰਦੇ ਦੇ ਕੱਪੜੇ ਮੈਲੇ ਤੇ ਫਟੇ ਹੋਏ ਸਨ। ਉਹੀ ਰੱਸਾ ਹੋਰ ਮੋਟਾ ਹੋ ਕੇ ਛਿੰਦੇ ਦੇ ਗਲ ਵਿਚ ਆ ਪਿਆ। ਛਿੰਦੇ ਦਾ ਸਿਰ ਤੇ ਦਾੜ੍ਹੀ ਜਵਾਨੀ ਵਿਚ ਹੀ ਚਿੱਟੇ ਹੋ ਗਏ। ਉਹ ਆਪਣੇ ਪੁੱਤਰ ਦੀ ਗਰਦਨ ਦੁਆਲਿਉਂ ਰੱਸਾ ਕੱਢਣ ਦੀ ਕੋਸ਼ਿਸ਼ ਕਰ ਰਿਹਾ ਸੀ, ਪਸੀਨੋ ਪਸੀਨਾ ਹੋਇਆ। ਜਦੋਂ ਕੋਈ ਵਾਹ ਨਾ ਚੱਲੀ ਤਾਂ ਪੁੱਤਰ ਦੀ ਹਾਲਤ ਦੇਖ ਕੇ ਉਸ ਦੀਆਂ ਚੀਕਾਂ ਨਿਕਲ ਗਈਆਂ।

ਉਸ ਦੀ ਅੱਖ ਖੁੱਲ੍ਹ ਗਈ। ਅਮਰ ਸਿੰਘ ਉਠ ਕੇ ਬੈਠ ਗਿਆ। "ਹੇ ਮਾਲਕਾ ਸੁੱਖ ਰੱਖੀਂ।" ਉਸ ਦੇ ਮੂੰਹੋਂ ਨਿਕਲਿਆ। ਕਿੰਨਾ ਭਿਆਨਕ ਸੁਫਨਾ ਸੀ। ਉਸ ਨੇ ਛਿੰਦੇ ਵੱਲ ਨਿਗ੍ਹਾ ਮਾਰੀ, ਉਹ ਸੌਂ ਰਿਹਾ ਸੀ। ਉਸ ਪਿਛੋਂ ਅਮਰ ਸਿੰਘ ਨਹੀਂ ਸੁੱਤਾ।

ਅਮਰ ਸਿੰਘ ਡੰਗਰਾਂ ਨੂੰ ਪੱਠੇ ਪਾਉਣ ਲੱਗਾ ਵੀ ਸੁਫਨੇ ਬਾਰੇ ਸੋਚ ਰਿਹਾ ਸੀ। ਉਸ ਦਾ ਮਨ ਬੜਾ ਬੇਚੈਨ ਸੀ। ਉਹ ਆਪਣਾ ਧਿਆਨ ਦੂਜੇ ਪਾਸੇ ਲਾਉਣ ਲਈ ਰਸੋਈ ਵਿਚ ਚਲਾ ਗਿਆ। ਉਸ ਦੀ ਪਤਨੀ ਚਾਹ ਬਣਾ ਰਹੀ ਸੀ। ਆਪਣੀ ਪਤਨੀ ਨਾਲ ਦੀਪੀ ਦੇ ਵਿਆਹ ਦੀ ਗੱਲ ਛੇੜਦਿਆਂ ਆਖਿਆ, "ਚੰਗਾ ਫੇਰ ਅੱਜ ਮੈਂ ਆੜ੍ਹਤੀਏ ਨਾਲ ਗੱਲ ਕਰਦਾਂ, ਕਿੰਨੇ ਕੁ ਪੈਸੇ ਦੇ ਦਊ ਆਪਾਂ ਨੂੰ?"

"ਪਰ ਦੀਪੀ ਦੇ ਬਾਪੂ ਕਰਜ਼ਾ ਦੇਖ ਕੇ ਚੱਕਿਓ, ਫਸਲ ਨਾਲ ਤਾਂ ਰੇਹ ਤੇਲ ਵੀ ਪੂਰੇ ਨ੍ਹੀਂ ਹੁੰਦੇ।"

"ਓਹ ਤਾਂ ਪੁੱਛ ਕੇ ਪਤਾ ਲੱਗੂ ਕਿੰਨੇ ਕੁ ਦਿੰਦੈ।"

"ਮੇਰੀ ਸਾਰੀ ਰਾਤ ਇਹੀ ਸੋਚਦੀ ਦੀ ਲੰਘ'ਗੀ। ਜੇ ਵੱਡਿਆਂ ਨਾਲ ਮੱਥਾ ਲਾਵਾਂਗੇ ਤਾਂ ਉਨ੍ਹਾਂ ਦੇ ਬੈਠਣ ਲਈ ਵੀ ਚੱਜ ਦੀ ਬੈਠਕ (ਕਮਰਾ) ਚਾਹੀਦੀ ਐ।"

"ਐਂ ਤਾਂ ਫੇਰ ਖਾਸੇ ਪੈਸੇ ਚੱਕਣੇ ਪੈਣਗੇ ਆਪਾਂ ਨੂੰ।" ਅਮਰ ਸਿੰਘ ਨੇ ਫਿਕਰਮੰਦ ਹੁੰਦਿਆਂ ਕਿਹਾ।

"ਵੱਡੇ ਘਰ ਇਹ ਆਖ ਦਿੰਦੇ ਹੁੰਦੇ ਨੇ, ਲੈਣਾ ਤਾਂ ਅਸੀਂ ਕੱਖ ਨ੍ਹੀਂ, ਵਿਆਹ ਪੈਲੇਸ 'ਚ ਹੋਵੇ ਤੇ ਬਰਾਤ ਦੀ ਸੇਵਾ ਵਧੀਆ ਹੋਵੇ।"

"ਹਾਂ ਬਰਾਤ ਦੀ ਸੇਵਾ ਤਾਂ ਅਗਲਾ ਕਹੂ ਈ।"

"ਬਰਾਤ ਦੀ ਸੇਵਾ ਕਰਦਿਆਂ ਈ ਬੰਦਾ ਲੱਖਾਂ ਵਿਚ ਠੁਕ ਜਾਂਦੈ। ਐਵੇਂ ਕਿਤੇ ਧੀ ਨੂੰ ਸੌਖੇ ਕਰਦੇ ਕਰਦੇ ਪੁੱਤ ਦੀ ਜਾਨ ਨੂੰ ਰੱਸੇ ਵੱਟ ਦਈਏ।"

"ਰੱਸਾ?" ਅਮਰ ਸਿੰਘ ਨੂੰ ਕੰਬਣੀ ਜਿਹੀ ਛਿੜ ਗਈ, ਉਸ ਦੇ ਚਿਹਰੇ 'ਤੇ ਡਰ ਦੇ ਭਾਵ ਸਨ।

"ਕੀ ਹੋਇਆ?" ਪਤਨੀ ਨੇ ਪੁੱਛਿਆ।

"ਕੁਸ਼ ਨ੍ਹੀਂ, ਤੂੰ ਜਾਹ ਛਿੰਦੇ ਨੂੰ ਜਗਾ ਜਾ ਕੇ। ਫੇਰ ਸੋਚਦੇ ਆਂ ਕੁਸ਼।" ਉਹ ਥੋੜ੍ਹਾ ਖਿਝ ਕੇ ਬੋਲਿਆ।

ਅਮਰ ਸਿੰਘ ਕੰਧ ਨਾਲ ਢੋਅ ਲਾ ਕੇ ਖਲੋ ਗਿਆ। ਕੁਝ ਸਕਿੰਟਾਂ ਵਿਚ ਹੀ ਰਾਤ ਵਾਲਾ ਸੁਫਨਾ ਉਸ ਦੀਆਂ ਅੱਖਾਂ ਅੱਗੇ ਘੁੰਮ ਗਿਆ। ਅੱਖਾਂ ਬੰਦ ਕਰਕੇ ਉਪਰ ਵੱਲ ਨੂੰ ਮੂੰਹ ਚੁੱਕ ਕੇ ਪਤਾ ਨਹੀਂ ਕੀ ਸੋਚਦਾ ਰਿਹਾ। ਉਸ ਦੇ ਚਿਹਰੇ 'ਤੇ ਹੁਣ ਸਕੂਨ ਸੀ ਤੇ ਸਰੀਰ ਹੌਲਾ ਫੁੱਲ। ਉਸ ਨੇ ਅਸਮਾਨ ਵੱਲ ਦੇਖ ਕੇ ਦੋਵੇਂ ਹੱਥ ਜੋੜੇ ਤੇ ਸਿਰ ਝੁਕਾਇਆ। ਅੰਦਰ ਜਾ ਕੇ ਆਪਣੀ ਪਤਨੀ ਨੂੰ ਕਹਿਣ ਲੱਗਾ, "ਆਪਾਂ ਦੀਪੀ ਦਾ ਵਿਆਹ ਪੰਜ ਚਾਰ ਸਾਲ ਠਹਿਰ ਕੇ ਕਰਾਂਗੇ। ਨਿਆਣੀ ਐ ਅਜੇ, ਹੋਰ ਪੜ੍ਹ ਲੂ ਨਾਲੇ।"

ਪਤਨੀ ਨੇ ਕੁਝ ਬੋਲਣਾ ਚਾਹਿਆ, ਪਰ ਉਸ ਨੇ ਹੱਥ ਦੇ ਇਸ਼ਾਰੇ ਨਾਲ ਚੁੱਪ ਕਰਵਾ ਦਿੱਤਾ।

ਪਤਨੀ ਨੇ ਮੱਥੇ 'ਤੇ ਤਿਓੜੀ ਪਾਈ, ਅਮਰ ਸਿੰਘ ਨੇ ਕਿਹਾ, "ਇਹ ਭੇਤ ਦੀ ਗੱਲ ਐ, ਕਦੇ ਫੇਰ ਦੱਸੂੰ।"


# ਮੌਤ ਦੀ ਉਡੀਕ ਕਰਦਿਆਂ: ਹਵਾ ਸਾਨੂੰ ਵਹਾ ਲੈ ਜਾਏਗੀ

## ਵਿਰਾਸਤ-ਏ-ਸਿਨੇਮਾ



**ਡਾ. ਕੁਲਦੀਪ ਕੌਰ**
ਫੋਨ: +91-98554-04330

***ਸਿਨੇਮਾ ਯਾਦਾਂ, ਚੇਤਿਆਂ ਅਤੇ ਸੁਪਨਿਆਂ ਨੂੰ ਪੁਨਰ-ਸੁਰਜੀਤ ਕਰਨ ਦੀ ਕਲਾ ਹੈ। ਸਾਰੀਆਂ ਕਲਾਵਾਂ ਵਿਚੋਂ ਸਿਨੇਮਾ ਇਸ ਲਈ ਵੀ ਖਾਸ ਹੈ ਕਿ ਇਸ ਦੀ ਆਪਣੀ ਜ਼ੁਬਾਨ ਹੈ। ਡਾ. ਕੁਲਦੀਪ ਕੌਰ ਇਸ ਕਾਲਮ ਰਾਹੀਂ ਸੰਸਾਰ ਸਿਨੇਮਾ ਦੇ ਉਨ੍ਹਾਂ ਫਿਲਮਸਾਜ਼ਾਂ ਦੀ ਸਿਰਜਣਾ ਬਾਰੇ ਸੰਵਾਦ ਰਚਾਉਣਗੇ, ਜਿਨ੍ਹਾਂ ਲਈ ਫਿਲਮਾਂ ਬਣਾਉਣਾ ਸਾਹ ਲੈਣ ਵਾਂਗ ਹੈ। ਇਸ ਵਾਰ ਇਰਾਨ ਦੇ ਫਿਲਮਸਾਜ਼ ਅੱਬਾਸ ਕਇਰੋਸਤਮੀ ਦੀ ਫਿਲਮ 'ਦਿ ਵਿੰਡ ਵਿਲ ਕੈਰੀ ਅੱਸ' ਬਾਰੇ ਗੱਲ ਕੀਤੀ ਗਈ ਹੈ। -ਸੰਪਾਦਕ***






*ਫਿਲਮ 'ਦਿ ਵਿੰਡ ਵਿਲ ਕੈਰੀ ਅੱਸ' ਦਾ ਪੋਸਟਰ ਅਤੇ (ਸੱਜੇ) ਫਰੋਗ ਫਾਰੁਖਜ਼ਾਦ ਜਿਸ ਦੀ ਕਵਿਤਾ 'ਤੇ ਇਹ ਫਿਲਮ ਬਣੀ।*

ਫਿਲਮਸਾਜ਼ ਅੱਬਾਸ ਕਇਰੋਸਤਮੀ ਦੀ ਫਿਲਮ 'ਦਿ ਵਿੰਡ ਵਿਲ ਕੈਰੀ ਅੱਸ' (ਹਵਾ ਸਾਨੂੰ ਵਹਾ ਲੈ ਜਾਏਗੀ) ਨੂੰ 'ਕਵਿਤਾ ਦੀ ਫਿਲਮ' ਜਾਂ 'ਫਿਲਮ 'ਚ ਕਵਿਤਾ' ਕਹਿਣਾ ਗਲਤ ਨਹੀਂ ਹੋਵੇਗਾ। ਹੋ ਸਕਦਾ ਹੈ, ਇਸ ਨੂੰ ਹਾਲੀਵੁੱਡ ਜਾਂ ਬਾਲੀਵੁੱਡ ਦਾ ਆਮ ਦਰਸ਼ਕ ਇਹ ਕਹਿ ਕੇ ਰੱਦ ਕਰ ਦੇਵੇ ਕਿ 'ਇਸ ਵਿਚ ਕੁਝ ਵਾਪਰਦਾ ਤਾਂ ਹੈ ਨਹੀਂ'। ਇਸ ਸਵਾਲ ਦਾ ਜਵਾਬ ਇਸ ਟਿੱਪਣੀ ਤੋਂ ਵੀ ਜ਼ਿਆਦਾ ਦਿਲਚਸਪ ਹੈ ਕਿ ਇਸ ਫਿਲਮ ਵਿਚ ਚਾਰ ਪੱਤਰਕਾਰ ਮਿਲ ਕੇ ਜਿਸ ਮੌਤ ਦਾ ਇੰਤਜ਼ਾਰ ਕਰ ਰਹੇ ਹਨ, ਉਸ ਦੇ ਨਾ ਵਾਪਰਨ ਵਿਚ ਹੀ ਜ਼ਿੰਦਗੀ ਦੀ ਜਿੱਤ ਹੈ, ਫਿਲਮ ਦੀ ਜਿੱਤ ਹੈ ਅਤੇ ਕਵਿਤਾ ਦੀ ਜਿੱਤ ਹੈ। ਇਹ ਫਿਲਮ ਦੇਖਣ ਤੋਂ ਪਹਿਲਾਂ ਇਸ ਕਵਿਤਾ 'ਦਿ ਵਿੰਡ ਵਿਲ ਕੈਰੀ ਅੱਸ' (ਹਵਾ ਸਾਨੂੰ ਵਹਾ ਲੈ ਜਾਏਗੀ) ਅਤੇ ਇਸ ਨੂੰ ਲਿਖਣ ਵਾਲੀ ਇਰਾਨ ਦੀ ਕਵਿੱਤਰੀ ਅਤੇ ਫਿਲਮਸਾਜ਼ ਫਰੋਗ ਫਾਰੁਖਜ਼ਾਦ ਦਾ ਜ਼ਿਕਰ ਜ਼ਰੂਰੀ ਹੈ। ਫਰੋਗ ਦੀ ਕਵਿਤਾ 'ਦਿ ਵਿੰਡ ਵਿੱਲ ਕੈਰੀ ਅੱਸ' (ਹਵਾ ਸਾਨੂੰ ਵਹਾ ਲੈ ਜਾਏਗੀ) ਦੀ ਪਹਿਲੀਆਂ ਸਤਰਾਂ ਅਨੁਸਾਰ:

ਹਵਾ ਵਹਾ ਲੈ ਜਾਏਗੀ ਸਾਨੂੰ
ਮੇਰੀ ਇਸ ਨਿੱਕੀ ਜਿਹੀ ਰਾਤ ਵਿਚ
ਅਫਸੋਸ, ਹਵਾ ਮਿਲਣ ਆਈ ਹੈ ਪੱਤਿਆਂ ਨੂੰ
ਮੇਰੀ ਇਹ ਨਿੱਕੀ ਜਿਹੀ ਰਾਤ
ਜਿਸ ਵਿਚ ਰੰਜ਼ ਹੈ, ਰੋਸਾ ਹੈ, ਝੋਰਾ ਹੈ
ਕੀ ਤੁਸੀਂ ਸੁਣੀ ਹੈ ਇਨ੍ਹਾਂ ਪਰਛਾਵਿਆਂ ਦੀ ਖੁਸਰ-ਫੁਸਰ?
ਇਹ ਖੁਸ਼ੀ ਮੈਨੂੰ ਕਿੰਨੀ ਓਪਰੀ ਲੱਗਦੀ ਹੈ?
ਜਦਕਿ ਮੈਨੂੰ ਆਦਤ ਹੈ ਗਹਿਰੀਆਂ ਉਦਾਸੀਆਂ ਦੀ।

ਫਰੋਗ ਫਾਰੁਖਜ਼ਾਦ ਦੀ ਇਸ ਕਵਿਤਾ ਵਾਂਗ ਫਿਲਮ 'ਹੋਣ-ਨਾ ਹੋਣ', 'ਹਾਜ਼ਿਰ-ਗੈਰਹਾਜ਼ਿਰ', 'ਮਿਲਣ-ਵਿਛੜਨ' ਅਤੇ 'ਵਾਪਰਬ-ਨਾ ਵਾਪਰਨ' ਦੀਆਂ ਚਾਰਦੀਵਾਰੀਆਂ ਅਤੇ ਘੇਰਿਆਂ ਦਰਮਿਆਨ ਘੁੰਮਦੀ ਰਹਿੰਦੀ ਹੈ। ਅੱਬਾਸ ਹੁਨਰਮੰਦ ਘਾੜੇ ਵਾਂਗ ਇਸ ਕਵਿਤਾ ਲਈ ਅਜਿਹੇ ਬਿਰਤਾਂਤ ਅਤੇ ਆਲੇ-ਦੁਆਲੇ ਦੀ ਚੋਣ ਕਰਦਾ ਹੈ ਜਿਥੇ ਕੋਈ ਵੀ ਚੀਜ਼ ਜਾਂ ਬੰਦਾ ਕਿਸੇ ਵੀ ਦੂਜੇ ਬੰਦੇ ਜਾਂ ਚੀਜ਼ ਨਾਲ ਦੁਜੈਲਾ, ਓਪਰਾ ਤੇ ਸੁੰਨਾ ਵਿਹਾਰ ਨਹੀ ਕਰ ਸਕਦਾ। ਇਰਾਨ ਦੇ ਇਸ ਨਿੱਕੇ ਜਿਹੇ ਪਿੰਡ ਵਿਚ ਜੰਮਣ ਅਤੇ ਮਰਨ ਦਾ ਇਹੀ ਸੱਚ ਹੈ ਜਿਸ ਦੀ ਪੈੜ ਫਰੋਗ ਫਾਰੁਖਜ਼ਾਦ ਆਪਣੀ ਕਵਿਤਾ ਵਿਚ ਅਤੇ ਅੱਬਾਸ ਕਇਰੋਸਤਮੀ ਆਪਣੀ ਫਿਲਮ ਵਿਚ ਨੱਪਦੇ ਹਨ।

ਅੱਬਾਸ ਕਇਰੋਸਤਮੀ ਦੀ ਇਸ ਫਿਲਮ ਦੀ ਕਹਾਣੀ ਸ਼ਹਿਰ ਤੋਂ ਇਕ ਨਿੱਕੇ ਜਿਹੇ ਪਿੰਡ ਵਿਚ ਵਾਪਰ ਸਕਣ ਵਾਲੀ ਘਟਨਾ ਦੇ ਚਸ਼ਮਦੀਦ ਗਵਾਹ ਬਣਨ ਦੀ ਝਾਕ ਵਿਚ ਪਹੁੰਚੇ ਚਾਰ ਪੱਤਰਕਾਰਾਂ ਦੇ ਇਰਦ-ਗਿਰਦ ਘੁੰਮਦੀ ਹੈ ਜਦਕਿ ਫਿਲਮ ਵਿਚ ਮੁੱਖ ਕਿਰਦਾਰ 'ਮੌਤ' ਹੈ। ਫਿਲਮ ਵਿਚ ਤਹਿਰਾਨ ਵਿਚ ਕੰਮ ਕਰਦੇ ਪੱਤਰਕਾਰ ਵਹਿਜ਼ਾਦ ਨੂੰ ਪਤਾ ਲੱਗਦਾ ਹੈ ਕਿ ਪਿੰਡ ਵਿਚ ਸੌ ਸਾਲਾਂ ਦੀ ਇੱਕ ਬਜ਼ੁਰਗ ਔਰਤ ਹੈ ਜਿਸ ਦੀ ਮੌਤ ਹੋਣ ਦੀ ਸੰਭਾਵਨਾ ਹੈ। ਵਹਿਜ਼ਾਦ ਨੂੰ ਪਤਾ ਹੈ ਕਿ ਇਸ ਔਰਤ ਦੀ ਮੌਤ ਨੂੰ 'ਵੱਡਿਆਂ' ਜਾਵੇਗਾ ਜਿਸ ਦਾ ਅਰਥ ਇਹ ਹੈ: ਇਹ ਔਰਤ ਇੰਨੀ ਲੰਮੀ ਤੇ ਅਰਥ-ਭਰਪੂਰ ਜ਼ਿੰਦਗੀ ਮਾਣ ਕੇ ਫੌਤ ਹੋਈ ਹੈ, ਇਸ ਦੀ ਮੌਤ ਦਾ ਮਾਤਮ ਸਾਧਾਰਨ ਨਹੀਂ ਸਗੋਂ ਸ਼ਾਨਦਾਰ ਜਸ਼ਨ ਦੇ ਰੂਪ ਵਿਚ ਮਨਾਇਆ ਜਾਵੇਗਾ। ਇਸ ਮੌਕੇ ਨਾ ਸਿਰਫ ਪਿੰਡ ਦੇ ਵੱਡੇ-ਵਡੇਰਿਆਂ ਨੂੰ ਯਾਦ ਕੀਤਾ ਜਾਵੇਗਾ ਬਲਕਿ ਸਾਰਾ ਪਿੰਡ ਰਸਮਾਂ-ਰਿਵਾਜ਼ਾਂ ਰਾਹੀਂ ਇਸ ਔਰਤ ਦੀ ਪਿੰਡ ਨੂੰ ਦੇਣ ਲਈ ਉਸ ਦਾ ਸ਼ੁਕਰ ਕਰੇਗਾ।

ਵਹਿਜ਼ਾਦ ਅਤੇ ਉਸ ਦੇ ਸ਼ਹਿਰੀ ਦੋਸਤਾਂ ਲਈ ਇਹ ਨਾ ਸਿਰਫ ਇਸ ਵੱਖਰੀ ਕਿਸਮ ਦੀ ਕਹਾਣੀ ਨੂੰ ਸ਼ਹਿਰਾਂ ਦੀ ਸੁੰਗੜ ਰਹੀ ਸੰਵੇਦਨਸ਼ੀਲਤਾ ਅਤੇ ਮੌਤ ਦੀਆਂ ਰਸਮੀ ਕਾਰਵਾਈਆਂ ਦੇ ਰੂ-ਬ-ਰੂ ਕਰਵਾਉਣ ਦਾ ਮੌਕਾ ਹੈ ਸਗੋਂ ਪੀੜ੍ਹੀ-ਦਰ-ਪੀੜ੍ਹੀ ਚਲੀ ਆ ਰਹੀ ਉਸ ਦਾਰਸ਼ਿਨਕਤਾ ਅਤੇ ਬੌਧਿਕਤਾ ਨੂੰ ਸਮਝਣ ਦਾ ਮੌਕਾ ਵੀ ਹੈ ਜਿਹੜੀ ਕਿਸੇ ਖਿੱਤੇ ਦੀ ਰੂਹ ਨੂੰ ਜ਼ਿੰਦਾ ਤੇ ਜ਼ਰਖੇਜ਼ ਰੱਖਦੀ ਹੈ। ਵਹਿਜ਼ਾਦ ਇਸ ਪਿੰਡ ਵਿਚ ਰੁਕਣ ਅਤੇ 'ਮੌਤ' ਦਾ ਇੰਤਜ਼ਾਰ ਕਰਨ ਲਈ ਕਿਸੇ ਛੁਪੇ ਖਜ਼ਾਨੇ ਦੀ ਝੂਠੀ ਕਹਾਣੀ ਘੜ ਲੈਂਦਾ ਹੈ। ਉਹ ਪਿੰਡ ਵਿਚ ਘੁੰਮਣ ਅਤੇ ਇਸ ਨੂੰ ਜਾਣਨ ਲਈ ਉਸ ਬਜ਼ੁਰਗ ਔਰਤ ਬੀਬੀ ਮਲਿਕ ਦੇ ਪੜਪੋਤੇ ਫਰਜ਼ਾਦ ਨਾਲ ਦੋਸਤੀ ਗੰਢ ਲੈਂਦਾ ਹੈ।

ਵਹਿਜ਼ਾਦ ਕੋਲ ਮੋਬਾਇਲ ਫੋਨ ਹੈ ਜਿਹੜਾ ਪਿੰਡ ਵਿਚ ਨੈਟਵਰਕ ਨਹੀਂ ਫੜਦਾ। ਇਸੇ ਕਾਰਨ ਉਸ ਨੂੰ ਵਾਰ-ਵਾਰ ਉਨ੍ਹਾਂ ਦੋਵਾਂ ਪਹਾੜੀਆਂ ਦੀਆਂ ਚੋਟੀਆਂ 'ਤੇ ਚੜ੍ਹਨਾ-ਉਤਰਨਾ ਪੈਂਦਾ ਹੈ ਜਿਨ੍ਹਾਂ ਪਹਾੜੀਆਂ ਨਾਲ ਇਹ ਪਿੰਡ ਘਿਰਿਆ ਹੋਇਆ ਹੈ। ਉਸ ਨੂੰ ਪਹਿਲਾ ਫੋਨ ਉਸ ਦੇ ਘਰੋਂ ਆਉਂਦਾ ਹੈ ਜਿਸ ਤੋਂ ਉਸ ਨੂੰ ਪਤਾ ਲੱਗਦਾ ਹੈ ਕਿ ਉਸ ਦੇ ਇਕ ਰਿਸ਼ਤੇਦਾਰ ਦੀ ਮੌਤ ਹੋ ਗਈ ਹੈ ਤੇ ਉਸ ਦੇ ਨਾ ਆਉਣ ਕਾਰਨ ਸਾਰੇ ਉਦਾਸ ਹਨ ਪਰ ਉਹ ਤਾਂ ਖੁਦ ਕਿਸੇ ਦੀ ਮੌਤ ਉਡੀਕ ਰਿਹਾ ਹੈ। ਇਉਂ ਫਿਲਮਸਾਜ਼ ਅੱਬਾਸ, ਮੌਤ ਦੇ ਨਾਲ 'ਨਜ਼ਦੀਕੀ ਅਤੇ ਦੂਰੀ' ਮਾਪਣ ਦੇ ਨਵੇਂ ਸਭਿਅਕ ਤਰੀਕਿਆਂ 'ਤੇ ਵਿਅੰਗ ਕਰਦਾ ਹੈ। ਇਥੇ ਹੀ ਉਸ ਦੀ ਮੁਲਾਕਾਤ ਯੂਸਫ ਨਾਲ ਹੁੰਦੀ ਹੈ। ਯੂਸਫ ਕਿਸੇ ਟੈਲੀ ਕਮਿਊਨੀਕੇਸ਼ਨ ਕੰਪਨੀ ਦੇ ਨਵੇਂ ਪ੍ਰੋਜੈਕਟ ਲਈ ਖੰਭੇ ਗੱਡਣ ਲਈ ਟੋਏ ਪੁੱਟਣ ਦਾ ਕੰਮ ਕਰ ਰਿਹਾ ਹੈ। ਉਸ ਨਾਲ ਪਿੰਡ ਬਾਰੇ ਨਿੱਕੀਆਂ-ਨਿੱਕੀਆਂ ਗੱਲਾਂ ਕਰਨ ਦੌਰਾਨ ਹੀ ਵਹਿਜ਼ਾਦ ਦੀ ਨਿਰਮਾਤਾ ਦਾ ਫੋਨ ਲਗਾਤਾਰ ਆਉਂਦਾ ਰਹਿੰਦਾ ਹੈ ਜਿਸ ਤੋਂ ਅੱਕਿਆ ਉਹ ਯੂਸਫ ਨੂੰ ਵਾਰ-ਵਾਰ ਕਹਿੰਦਾ ਹੈ ਕਿ ਕਿੰਨਾ ਚੰਗਾ ਹੈ ਕਿ ਯੂਸਫ ਨੂੰ ਕਿਸੇ 'ਬੌਸ' ਦੇ ਅਧੀਨ ਕੰਮ ਨਹੀਂ ਕਰਨਾ ਪੈ ਰਿਹਾ। ਉਥੇ ਹੀ ਉਸ ਦੀ ਮੁਲਾਕਾਤ ਯੂਸਫ ਦੀ ਮੰਗੇਤਰ ਨਾਲ ਹੁੰਦੀ ਹੈ ਜਿਸ ਨੂੰ ਉਹ ਫਰੋਗ ਫਾਰੁਖਜ਼ਾਦ ਦੀ ਕਵਿਤਾ 'ਦਿ ਵਿੰਡ ਵਿੱਲ ਕੈਰੀ ਅੱਸ' (ਹਵਾ ਸਾਨੂੰ ਵਹਾ ਲੈ ਜਾਏਗੀ) ਸੁਣਾ ਕੇ ਆਪਣੇ ਵੱਲ ਆਕਰਸ਼ਿਤ ਕਰਨ ਦੀ ਕੋਸ਼ਿਸ਼ ਕਰਦਾ ਹੈ ਜਿਸ ਦਾ ਉਹ ਕੋਈ ਜਵਾਬ ਨਹੀਂ ਦਿੰਦੀ।

ਅੱਬਾਸ ਇਥੇ ਸ਼ਹਿਰੀ ਅਤੇ ਪੇਂਡੂ ਨੈਤਕਿਤਾ ਵਿਚ ਸਿੱਧੀ ਲਾਈਨ ਖਿੱਚਦਾ ਹੈ। ਵਹਿਜ਼ਾਦ ਦਾ ਕਿਰਦਾਰ ਫਿਲਮ ਵਿਚ 'ਕਿਸੇ ਬਾਹਰੀ ਜਣੇ' ਦਾ ਕਿਰਦਾਰ ਹੈ ਜਿਸ ਦਾ ਕੈਮਰਾ, ਫੋਨ ਅਤੇ ਹੋਰ ਤਾਮ-ਝਾਮ ਪਿੰਡ ਵਾਲਿਆਂ ਅਤੇ ਉਸ ਵਿਚ ਇਕ ਬੇਹੱਦ ਸੂਖਮ ਪਰ ਬਹੁਤ ਤਿੱਖੀ ਵਿਥ ਖਿੱਚ ਦਿੰਦੇ ਹਨ। ਅੱਬਾਸ ਇਸ ਵਿਥ ਦੀਆਂ ਸਾਰੀਆਂ ਉਲਝਣਾਂ ਤੋਂ ਜਾਣੂ ਹੈ। ਫਿਲਮ ਦੇ ਇਕ ਦ੍ਰਿਸ਼ ਵਿਚ ਵਹਿਜ਼ਾਦ ਅਤੇ ਫਰਜ਼ਾਦ (ਬਜ਼ੁਰਗ ਔਰਤ ਦਾ ਪੜਪੋਤਾ) ਦੇ ਸੰਵਾਦਾਂ 'ਤੇ ਗੌਰ ਕਰੋ:

ਵਹਿਜ਼ਾਦ: ਤੂੰ ਮੈਨੂੰ ਸਭ ਸਹੀ-ਸਹੀ ਦੱਸ ਰਿਹੈਂ?

ਫਰਜ਼ਾਦ: ਆਹੋ

ਵਹਿਜ਼ਾਦ:ਤੈਨੂੰ ਲੱਗਦੈ, ਮੈਂ ਵਧੀਆ ਬੰਦਾ ਨਹੀਂ?

ਫਰਜ਼ਾਦ: (ਮੁਸਕਰਾਉਂਦੇ ਹੋਏ) ਨਹੀਂ।

ਵਹਿਜ਼ਾਦ: ਪੂਰਾ ਭਰੋਸਾ ਤੈਨੂੰ?

ਫਰਜ਼ਾਦ: (ਥੋੜ੍ਹਾ ਜ਼ੋਰ ਨਾਲ) ਹਾਂ।

ਵਹਿਜ਼ਾਦ: ਇੰਨਾ ਭਰੋਸਾ ਕਿਵੇਂ ਹੋ ਸਕਦਾ ਤੈਨੂੰ?

ਫਰਜ਼ਾਦ: (ਪੂਰੀ ਮੁਸਕਰਾਹਟ ਨਾਲ) ਮੈਨੂੰ ਪਤੈ... ਤੁਸੀਂ ਚੰਗੇ ਹੋ।

ਵਹਿਜ਼ਾਦ: ਅੱਛਾ; ਜੇ ਮੈਂ ਚੰਗਾ ਤਾਂ ਇੰਦਾਂ ਕਰ, ਦੁੱਧ ਪਾਉਣ ਲਈ ਭਾਂਡਾ ਲੈ ਕੇ ਆ।

ਇਨ੍ਹਾਂ ਸੰਵਾਦਾਂ ਬਾਰੇ ਇਕ ਪੱਤਰਕਾਰ ਨੇ ਜਦੋਂ ਫਿਲਮਸਾਜ਼ ਅੱਬਾਸ ਕਇਰੋਸਤਮੀ ਤੋਂ ਪੁੱਛਿਆ ਕਿ ਕਿਤੇ ਤੁਸੀਂ ਹੀ ਤਾਂ ਨਹੀਂ ਇਹ ਸਾਰੇ ਸਵਾਲ ਪੁੱਛੇ ਤਾਂ ਅੱਬਾਸ ਨੇ ਹੱਸਦਿਆਂ ਕਿਹਾ, "ਹਾਂ ਯਾਰ, ਮੈਨੂੰ ਫਿਲਮ ਬਣਾਉਂਦਿਆਂ ਲੱਗ ਰਿਹਾ ਸੀ ਕਿ ਫਰਜ਼ਾਦ ਇਸ ਅਦਾਕਾਰ ਵਹਿਜ਼ਾਦ ਨੂੰ ਪਸੰਦ ਕਰਦਾ ਹੈ, ਮੈਨੂੰ ਕੁਝ ਖਾਸ ਨਹੀਂ ਸਮਝਦਾ।" ਇਉਂ ਅੱਬਾਸ ਫਿਲਮ ਬਣਾਉਂਦਿਆਂ ਵੀ ਫਿਲਮਸਾਜ਼ ਦੀ ਆਲੇ-ਦੁਆਲੇ ਦੀ ਅਤੇ ਆਲੇ-ਦੁਆਲੇ ਬਾਰੇ ਸਮਝ 'ਤੇ ਸਵਾਲ ਕਰਦਾ ਹੈ। ਉਹ ਇਕ ਤਰ੍ਹਾਂ ਨਾਲ ਫਿਲਮ ਦੀ ਕਥਾ ਦੇ ਤੌਰ 'ਤੇ ਕਲਪਨਾ ਅਤੇ ਕੈਮਰੇ ਦੀ ਅੱਖ ਵਿਚ ਚਲਦੀ ਕਸ਼ਮਕਸ਼ ਨੂੰ ਜ਼ਿੰਦਗੀ ਨੂੰ ਹੋਰ ਨੇੜਿਓਂ ਜਾਣਨ ਲਈ ਵਰਤਦਾ ਹੈ।

ਅੱਬਾਸ ਦੀਆਂ ਬਾਕੀ ਫਿਲਮਾਂ ਵਾਂਗ ਇਸ ਫਿਲਮ ਦੇ ਵਾਪਰਨ ਦੀ ਜਗ੍ਹਾ ਵੀ ਬਹੁਤ ਸਾਰੇ ਰਸਤਿਆਂ, ਕੱਚੇ-ਪੱਕੇ ਘਰਾਂ, ਪਹਾੜਾਂ ਅਤੇ ਪੱਕੀਆਂ ਫਸਲਾਂ ਵਾਲੇ ਖੇਤਾਂ ਨਾਲ ਭਰੀ ਹੋਈ ਹੈ। ਰਸਤੇ ਵਲੇਵੇਂਦਾਰ ਹਨ, ਘਰ ਕਿਥੋਂ ਸ਼ੁਰੂ ਤੇ ਕਿਥੇ ਖਤਮ ਹੁੰਦੇ ਹਨ, ਇਸ ਦਾ ਅੰਦਾਜ਼ਾ ਲਗਾਉਣਾ ਮੁਸ਼ਕਿਲ ਹੈ। ਪਿੰਡ ਉਪਰ ਪਹਾੜਾਂ ਦੀ ਆਪਣੀ ਕਿਸਮ ਦੀ ਅਣਦਿਸਦੀ ਸੱਤਾ ਹੈ ਅਤੇ ਫਸਲਾਂ ਦੇ ਸੁਨਹਿਰੀ ਰੰਗਾਂ ਨੇ ਸਾਰੀ ਕਾਇਨਾਤ ਨੂੰ ਆਪਣੀ ਖੁਸ਼ਬੂ ਵਿਚ ਲਪੇਟਿਆ ਹੋਇਆ ਹੈ। ਇਸ ਦਾ ਅਹਿਸਾਸ ਇਸ ਫਿਲਮ ਨੂੰ ਦੇਖਦਿਆਂ ਵਾਰ-ਵਾਰ ਕੀਤਾ ਜਾ ਸਕਦਾ ਹੈ। ਇਸ ਫਿਲਮ ਦਾ ਸੰਗੀਤ ਆਪਣੇ-ਆਪ ਵਿਚ ਕੀਮਤੀ ਖਜ਼ਾਨੇ ਵਾਂਗ ਹੈ ਜਿਸ ਦਾ ਰਾਜ਼ ਅੱਬਾਸ ਅਨੁਸਾਰ, 'ਰਾਬਰਟ ਬਰੈਸਨ ਦੀਆਂ ਫਿਲਮਾਂ ਨੂੰ ਵਾਰ-ਵਾਰ ਦੇਖਣਾ ਹੈ।'

ਇਹ ਫਿਲਮ ਸ਼ੁਰੂ ਤੋਂ ਅਖੀਰ ਤੱਕ ਲੰਮੇ ਇੰਤਜ਼ਾਰ ਵਾਲੀ ਫਿਲਮ ਹੈ ਜਿਸ ਦੌਰਾਨ 'ਮੌਤ' ਸੈਮੂਅਲ ਬੈਕਟ ਦੇ ਡਰਾਮੇ ਦੇ ਕਿਰਦਾਰ 'ਗੋਦੋ' ਵਾਂਗ ਅੰਤ ਤੱਕ ਨਹੀਂ ਬਹੁੜਨੀ। ਇਸ ਇੰਤਜ਼ਾਰ ਵਿਚ 'ਹਾਜ਼ਿਰੀ ਤੇ ਗੈਰ-ਹਾਜ਼ਿਰੀ' ਦਾ ਨੁਕਤਾ ਪੂਰੀ ਫਿਲਮ ਵਿਚ ਲਗਾਤਾਰ ਘੁੰਮਦਾ ਰਹਿੰਦਾ ਹੈ। ਅੱਬਾਸ ਦੀ ਇਸ ਫਿਲਮ ਵਿਚ ਵਹਿਜ਼ਾਦ 'ਹਾਜ਼ਿਰ' ਹੈ ਪਰ ਉਸ ਦੀ ਟੀਮ ਦੇ ਤਿੰਨੇ ਮੈਂਬਰਾਂ ਨੂੰ ਦਰਸ਼ਕ ਕਿਤੇ ਨਹੀਂ ਦੇਖਦਾ। ਇਸੇ ਤਰ੍ਹਾਂ ਯੂਸਫ ਫਿਲਮ ਵਿਚ 'ਹਾਜ਼ਿਰ' ਹੈ ਪਰ ਉਹ ਸਿਰਫ ਉਸ ਟੋਏ ਵਿਚੋਂ ਆਉਂਦੀ ਆਵਾਜ਼ ਹੈ। ਦਰਸ਼ਕ ਉਸ ਦਾ ਚਿਹਰਾ ਜਾਂ ਸਰੀਰ ਨਹੀਂ ਦੇਖ ਸਕਦਾ। ਸਭ ਤੋਂ ਵੱਡਾ ਭੇਤ ਇਹ ਹੈ ਕਿ ਜਿਸ ਸੌ ਸਾਲਾ ਔਰਤ ਦੀ 'ਮੌਤ ਦੀ ਘਟਨਾ' ਦੇ ਇਰਦ-ਗਿਰਦ ਇਹ ਸਾਰੀ ਕਹਾਣੀ ਬੁਣੀ ਗਈ ਹੈ, ਉਹ ਪੂਰੀ ਫਿਲਮ ਵਿਚ ਕਿਤੇ ਵੀ ਨਜ਼ਰੀ ਨਹੀਂ ਪੈਂਦੀ।

ਫਰੋਗ ਫਾਰੁਖਜ਼ਾਦ ਆਪਣੀ ਕਵਿਤਾ ਵਿਚ ਲਿਖਦੀ ਹੈ ਕਿ ਰਾਤ ਦੌਰਾਨ ਚੰਦ ਦਾ ਵਾਪਰ ਜਾਣਾ ਕਿੰਨਾ ਆਮ ਹੈ। ਇਸੇ ਤਰ੍ਹਾਂ ਕਇਰੋਸਤਮੀ ਅੱਬਾਸ ਦੀਆਂ ਫਿਲਮਾਂ ਵਿਚ ਕਹਾਣੀ ਦਾ ਘਟ ਜਾਣਾ ਹਵਾ ਵਗਣ ਵਾਂਗ ਇਕੋ ਸਮੇਂ ਸਾਧਾਰਨ ਵੀ ਹੈ ਅਤੇ ਖਾਸ ਵੀ।

# ਮਹਾਨਾਇਕ ਕੌਣ?

**ਗੁਰਮੀਤ ਕੜਿਆਲਵੀ**


ਉਸ ਵਲੋਂ ਨਿਭਾਏ ਐਂਗਰੀ ਯੰਗਮੈਨ ਵਾਲੇ ਕਿਰਦਾਰਾਂ ਨੇ ਉਸ ਨੂੰ ਦੇਸ਼ ਦੇ ਕਰੋੜਾਂ ਗਰੀਬਾਂ ਦਾ ਹਰਮਨ ਪਿਆਰਾ ਬਣਾ ਦਿੱਤਾ। ਉਹ ਫਿਲਮ ਵਿਚ ਗਰੀਬ ਬੇਸਹਾਰਾ ਨੌਜਵਾਨ ਦਾ ਕਿਰਦਾਰ ਨਿਭਾਉਂਦਾ ਅਤੇ ਗਰੀਬਾਂ ਨੂੰ ਤੰਗ ਕਰਨ ਵਾਲਿਆਂ ਦੀ ਕੁਟਾਈ ਖੱਬੇ ਹੱਥ ਨਾਲ ਕਰਦਾ।

ਗੰਗਾ ਕਿਨਾਰੇ ਵਾਲਾ ਛੋਹਰਾ ਗਰੀਬਾਂ ਦਾ ਨਾਇਕ ਬਣ ਕੇ ਉਭਰਿਆ। 'ਖਾਈ ਕੇ ਪਾਨ ਬਨਾਰਸ ਵਾਲਾ'' ਦੀ ਝਲਕ ਸਕਰੀਨ 'ਤੇ ਦੇਖਣ ਲਈ ਬਿਹਾਰ ਯੂ.ਪੀ. ਦੇ ਮਜ਼ਦੂਰ ਸਿਨਮਿਆਂ ਦੀਆਂ ਬਾਰੀਆਂ ਨਾਲ ਝੂਟਣ ਲੱਗਦੇ। ਉਹ ਰਾਜ ਸੱਤਾ ਦੀਆਂ ਅੱਖਾਂ ਵਿਚ ਵੀ ਨਿਆਰਾ ਬਣਿਆ ਰਹਿੰਦਾ। ਚੈਨਲਾਂ, ਸਰਕਾਰਾਂ ਅਤੇ ਅਖਬਾਰਾਂ ਨੇ ਉਸ ਨੂੰ ਸਦੀ ਦਾ ਮਹਾਨਾਇਕ ਐਲਾਨ ਦਿਤਾ।

ਜਿਨ੍ਹਾਂ ਲੋਕਾਂ ਨੇ ਉਸ ਨੂੰ ਅਸਮਾਨ 'ਤੇ ਚੜ੍ਹਾਇਆ, ਉਨ੍ਹਾਂ 'ਤੇ ਮੁਸੀਬਤ ਆਉਂਦੀ ਤਾਂ ਇਹ ਨਾਇਕ ਕਿਸੇ ਡੂੰਘੇ ਭੋਰੇ 'ਚ ਉਤਰ ਜਾਂਦਾ। ਗਰੀਬ ਲੋਕ ਹੜ੍ਹਾਂ 'ਚ ਰੁੜ੍ਹੇ ਜਾਂਦੇ ਹੁੰਦੇ ਤਾਂ ਇਹ ਬੰਦਾ ਆਪਣੇ ਬਾਪ ਦੀ ਰਚਨਾ 'ਮਧੂਸ਼ਾਲਾ' ਗਾ ਰਿਹਾ ਹੁੰਦਾ। ਦੇਸ਼ 'ਚ ਗਰੀਬ ਲੋਕ ਸੁਨਾਮੀ ਨਾਲ ਤਬਾਹ ਹੋ ਜਾਂਦੇ ਤਾਂ ਆਪਣਾ ਸਾਰਾ ਕੁਨਬਾ ਕਬੀਲਾ ਲੈ ਕੇ ਕਿਸੇ ਮੰਦਰ 'ਚ ਕਰੋੜਾਂ ਦਾ ਸੋਨਾ ਚੜ੍ਹਾ ਰਿਹਾ ਹੁੰਦਾ ਜੋ ਮੰਦਰ 'ਚ ਪਏ ਹਜ਼ਾਰਾਂ ਟਨ ਸੋਨੇ 'ਚ ਰੀਣ ਬਣ ਕੇ ਗੁਆਚ ਜਾਂਦਾ।

ਦੇਸ਼ 'ਚ ਮਹਾਮਾਰੀ ਆਉਂਦੀ, ਕਰੋੜਾਂ ਗਰੀਬ ਮਜ਼ਦੂਰ ਸੜਕਾਂ 'ਤੇ ਭੁੱਖੇ ਮਰ ਰਹੇ ਹੁੰਦੇ, ਇਹ ਟੱਬਰ ਨੂੰ ਨਾਲ ਲੈ ਕੇ ਤਾਲੀਆਂ ਤੇ ਥਾਲੀਆਂ ਵਜਾ ਕੇ ਰਾਜ ਭਗਤੀ ਕਰਦਾ। ਭੁੱਖ ਪਿਆਸ ਨਾਲ ਬਿਹਬਲ ਹੋਏ ਮਜ਼ਦੂਰ ਸੁੱਜੇ ਅਤੇ ਲਹੂ ਚੋਂਦੇ ਪੈਰਾਂ ਨਾਲ ਸੜਕਾਂ 'ਤੇ ਤੁਰੇ ਜਾਂਦੇ, ਗਰੀਬਾਂ ਦੇ ਇਸ ਮਹਾਨਾਇਕ ਦੀ ਅੱਖ ਹੰਝੂ ਨਹੀਂ ਕੇਰਦੀ, ਮੂੰਹੋਂ ਆਹ ਨਹੀਂ ਨਿਕਲਦੀ।

ਦੇਸ਼ ਵਿਚ ਚੁਰਾਸੀ ਵਰਤਦੀ ਹੈ, ਉਹ ਬੰਸਰੀ ਵਜਾਉਣ 'ਚ ਮਸਤ ਰਹਿੰਦਾ ਸਗੋਂ ਚੁਰਾਸੀ ਦੇ ਘੋੜੇ 'ਤੇ ਚੜ੍ਹ ਕੇ ਅਲਾਹਾਬਾਦ ਤੋਂ ਪਾਰਲੀਮੈਂਟ ਜਾ ਪਹੁੰਚਦਾ ਹੈ। ਚੁਰਾਸੀ ਦੀਆਂ ਆਹਾਂ ਵਿਚ ਉਸ ਦਾ ਨਾਂ ਬੋਲਣ ਲੱਗਦਾ ਜਿਸ ਦੀ ਸਫਾਈ ਦੇਣੀ ਵੀ ਉਹ ਜ਼ਰੂਰੀ ਨਹੀਂ ਸਮਝਦਾ। ਦੋ ਹਜ਼ਾਰ ਦੋ ਵਿਚ ਦੇਸ਼ ਦੀ ਇਕ ਹੋਰ ਘੱਟ ਗਿਣਤੀ ਦਾ ਘਾਣ ਹੁੰਦਾ ਹੈ, ਗੰਗਾ ਕਿਨਾਰੇ ਵਾਲਾ ਛੋਹਰਾ ਫੇਰ ਵੀ ਕੁਝ ਨਾ ਬੋਲਦਾ। ਉਹ ਨਾ ਸਿੱਖਾਂ, ਨਾ ਮੁਸਲਮਾਨਾਂ ਅਤੇ ਨਾਂ ਹੀ ਥਾਂ-ਥਾਂ ਦਲਿਤਾਂ ਦੇ ਕਤਲੇਆਮ 'ਤੇ ਹਾਅ ਦਾ ਨਾਅਰਾ ਮਾਰਦਾ ਹੈ। ਉਲਟਾ ਘਾਣ ਕਰਨ ਵਾਲੇ



ਰਾਜ 'ਚ ਕੁਝ ਦਿਨ ਗੁਜ਼ਾਰਨ ਲਈ ਆਖਦਾ ਹੈ। 'ਖਾਈ ਕੇ ਪਾਨ ਬਨਾਰਸ ਵਾਲਾ, ਖੁੱਲ੍ਹ ਜਾਏ ਬੰਦ ਅਕਲ ਕਾ ਤਾਲਾ' ਕਹਿਣ ਵਾਲੇ ਦੇ ਦਿਮਾਗ ਦਾ ਤਾਲਾ ਇਸ ਮਾਮਲੇ 'ਚ ਕਦੇ ਨਹੀਂ ਖੁੱਲ੍ਹਦਾ।

ਸੱਤਾ ਨਾਲ ਅੱਖ-ਮਟੱਕੇ ਕਰਦੇ ਰਹਿਣ ਵਾਲਾ ਨਾ ਤਾਂ ਸੱਚਾ ਲੇਖਕ ਹੁੰਦਾ ਹੈ ਤੇ ਨਾ ਸੱਚਾ ਕਲਾਕਾਰ। ਉਹ ਮਹਾਨਾਇਕ ਤਾਂ ਕੀ, ਨਾਇਕ ਵੀ ਨਹੀਂ ਹੁੰਦਾ। ਨਾਇਕ ਬਣਨ ਲਈ ਜ਼ਰੂਰੀ ਨਹੀਂ ਹੁੰਦਾ ਕਿ ਫਿਲਮਾਂ ਵਿਚ 'ਹੀਰੋ' ਦਾ ਕਿਰਦਾਰ ਹੀ ਨਿਭਾਇਆ ਜਾਵੇ। ਪਹਿਲਾਂ ਪ੍ਰਕਾਸ਼ ਰਾਜ ਅਤੇ ਹੁਣ ਸੋਨੂੰ ਸੂਦ ਨੇ ਦੱਸ ਦਿੱਤਾ ਹੈ ਕਿ ਫਿਲਮਾਂ ਦੇ ਖਲਨਾਇਕ ਵੀ ਅਸਲ ਜ਼ਿੰਦਗੀ ਦੇ ਨਾਇਕ ਹੋ ਸਕਦੇ ਹਨ।

ਬਿਨਾ ਸ਼ੱਕ, ਸੋਨੂੰ ਸੂਦ ਮੌਜੂਦਾ ਦੌਰ ਦਾ ਸਭ ਤੋਂ ਚਰਚਿਤ ਅਦਾਕਾਰ ਹੈ। ਭਲੇ ਹੀ ਉਹ ਫਿਲਮਾਂ ਦਾ ਖਲਨਾਇਕ ਹੋਵੇ, ਅੱਜ ਉਹ ਦੇਸ਼ ਦੇ ਲੱਖਾਂ ਕਰੋੜਾਂ ਲੋਕਾਂ ਦੇ ਮਸੀਹੇ ਵਜੋਂ ਲੋਕਾਂ ਦੇ ਦਿਲਾਂ ਵਿਚ ਰਹਿਣ ਲੱਗਾ ਹੈ। ਉਸ ਨੇ ਸੰਨੀ ਦਿਓਲਾਂ ਅਤੇ ਪਰੇਸ਼ ਰਾਵਲਾਂ 'ਤੇ ਵੱਡਾ ਪ੍ਰਸ਼ਨ ਚਿੰਨ੍ਹ ਵੀ ਲਾ ਦਿੱਤਾ ਹੈ ਜੋ 'ਢਾਈ ਕਿੱਲੋ ਦਾ ਹਾਥ' ਦਿਖਾ ਕੇ ਲੋਕਾਂ ਦੇ ਪੰਜ ਸਾਲ ਲੁੱਟ ਲੈਂਦੇ ਹਨ। ਲੋਕ ਇਨ੍ਹਾਂ 'ਹਸਤੀਆਂ' ਤੋਂ ਜਵਾਬ ਮੰਗਣਗੇ ਕਿ ਜਦੋਂ ਅਸੀਂ ਵਿਲਕ ਰਹੇ ਸਾਂ, ਤੁਸੀਂ ਕਿਹੜੀ ਦੇਵੀ ਦੀ ਪੂਜਾ 'ਚ ਰੁਝੇ ਹੋਏ ਸੀ?

ਸੋਨੂੰ ਸੂਦ ਨੇ ਬਿਨਾ ਕਿਸੇ ਦੀ ਜਾਤ, ਧਰਮ, ਰੰਗ, ਭਾਸ਼ਾ ਤੇ ਇਲਾਕਾ ਦੇਖਿਆਂ, ਮਜ਼ਦੂਰਾਂ ਨੂੰ ਉਨ੍ਹਾਂ ਦੇ ਘਰੋ-ਘਰੀ ਪਹੁੰਚਾਉਣ ਦਾ ਕਾਰਜ ਕਰਕੇ ਇਹ ਵੀ ਸਿਧ ਕਰ ਦਿੱਤਾ ਹੈ ਕਿ ਦੇਸ਼ ਅਜੇ ਤੱਕ ਕਿਉਂ ਚੱਲੀ ਜਾਂਦਾ ਹੈ! ਲੋਕ ਸੋਚਣ ਲੱਗੇ ਹਨ ਕੇ ਜਦੋਂ ਦੇਸ਼ ਨੂੰ ਚਾਰ-ਚੁਫੇਰਿਓਂ ਚਿਟੀਆਂ ਮੱਖੀਆਂ, ਮਿਲੀਬੱਗਾਂ ਅਤੇ ਟਿੱਡੀ ਦਲ ਖਾਣ ਨੂੰ ਲੱਗਾ ਹੋਇਆ ਹੈ, ਕਿਤੇ ਕਿਤੇ ਸੋਨੂੰ ਸੂਦ ਵਰਗਾ ਤਾਰਾ ਵੀ ਚਮਕਦਾ ਹੈ। ਦੇਸ਼ ਸੋਨੂੰ ਸੂਦ ਵਰਗਿਆਂ ਆਸਰੇ ਖੜ੍ਹਾ, ਨਹੀਂ ਤਾਂ ਹੁਣ ਨੂੰ ਨਿੱਘਰ ਜਾਂਦਾ। ਸੋਨੂੰ ਨੇ 'ਹਿੰਦੂ ਮੁਸਲਮਾਨ, ਹਿੰਦੂ ਮੁਸਲਮਾਨ' ਕਰਦੀ ਰਹਿਣ ਵਾਲੀ ਸੋਚ ਦੇ ਮੂੰਹ 'ਤੇ ਵੀ ਵੱਟ ਕੇ ਥੱਪੜ ਮਾਰਿਆ ਹੈ।

ਉਸ ਨੇ ਦੱਸ ਦਿਤਾ ਹੈ ਕਿ ਸਦੀ ਦਾ ਮਹਾਨਾਇਕ ਬਨਣ ਲਈ ਮੰਦਰਾਂ ਵਿਚ ਸੋਨਾ ਚੜ੍ਹਾਉਣਾ ਜ਼ਰੂਰੀ ਨਹੀਂ ਹੁੰਦਾ ਤੇ ਨਾ ਹੀ ਤਾਲੀਆਂ ਥਾਲੀਆਂ ਵਜਾ ਕੇ 'ਦੇਸ਼ ਭਗਤ' ਬਣਿਆ ਜਾਂਦਾ ਹੈ। ਬੰਦੇ ਮਹਾਨਾਇਕ ਤਾਂ ਵਕਤ ਬਣਾਉਂਦਾ ਹੈ। ਦੇਸ਼ ਭਗਤੀ ਦੇਸ਼ ਦੇ ਲੋਕਾਂ ਨੂੰ ਪਿਆਰ ਕਰਨ ਦਾ ਨਾਂ ਹੈ। ਮੋਗੇ ਦੇ ਇਸ ਗਭਰੂ ਨੇ ਗੁਰੂਆਂ ਦੀ ਵਿਚਾਰਧਾਰਾ 'ਤੇ ਚੱਲਦਿਆਂ ਦੇਸ਼ ਦੇ ਲੋਕਾਂ ਨੂੰ ਦਾਨ ਦੇ ਸਹੀ ਅਰਥ ਵੀ ਸਮਝਾ ਦਿੱਤੇ ਹਨ। ਉਸ ਨੇ ਗਰੀਬ ਦੇ ਮੂੰਹ ਨੂੰ ਹੀ ਗੁਰੂ ਕੀ ਗੋਲਕ ਆਖਦਿਆਂ ਸੱਚੇ ਪੰਜਾਬੀ ਹੋਣ ਦਾ ਪ੍ਰਮਾਣ ਦਿੱਤਾ ਹੈ।


Tel.: 317-426-5410
Ext 311 or 340
XPressCargo
Cell : 317-701-4230
Fax : 317-308-6424
Pay Every Week
Single upto 42 Cent + Team Upto 50 Cent
100%
OWNER OPERATOR COMPANY
IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)
ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।
• ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
• ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
• ਟਰੱਕ ਦੀ ਲਾਇਸੈਂਸ ਪਲੇਟ
• ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
• ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
• ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ
ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ
CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ
ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ
Hiring Owner Operators and Drivers
ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।
2330 Enterprise Park Dr., Indianapolis, IN 46218
Online Application @ www.xpresscargoinc.com